**Tanya's Beauty Salon**
- THREADING / WAXING
- FACIAL (MEN & WOMEN)
- ANTI-AGING FACIAL - BLEACH
- HAIR CUT - COLOR AND STYLE

WE SPECIALIZE IN BRIDAL & HENNA
85-03 ROOSEVELT AVE. JACKSON HEIGHTS, NY 11373
Tel: 718-205-7832

**Ad Space Available**
**Call 847-359-0746**

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਬੌਬੀ ਸਿੰਘ
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

Nineteenth Year of Publication ਨਿਊ ਯਾਰਕ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 19, Issue 08, February 24, 2018 20451 N. Plum Grove Rd., Palatine, IL 60074 Ph:847-359-0746, Fax:847-705-9388

## ਜਸਟਿਨ 'ਸਿੰਘ' ਟਰੂਡੋ ਲਈ ਭਾਰਤ ਨੇ ਬਾਹਾਂ ਨਾ ਫੈਲਾਈਆਂ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਪਹਿਲੀ ਭਾਰਤ ਫੇਰੀ ਮੌਕੇ ਨਰੇਂਦਰ ਮੋਦੀ ਸਰਕਾਰ ਵੱਲੋਂ ਅਪਣਾਏ ਰਵੱਈਆ 'ਤੇ ਵੱਡੇ ਸਵਾਲ ਉਠ ਰਹੇ ਹਨ। ਸਵਾਲ ਕੀਤਾ ਜਾ ਰਿਹਾ ਹੈ ਕਿ ਜੇ ਨਰੇਂਦਰ ਮੋਦੀ ਪ੍ਰੋਟੋਕੋਲ ਤੋੜ ਕੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ, ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ, ਆਬੂਧਾਬੀ ਦੇ ਪ੍ਰਿੰਸ ਸ਼ੇਖ ਮੁਹੰਮਦ ਬਿਨ ਜ਼ਾਇਦ ਤੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਹਵਾਈ ਅੱਡੇ ਉਤੇ 'ਜੀ ਆਇਆਂ' ਆਖ ਸਕਦੇ ਹਨ ਤਾਂ ਦੁਨੀਆਂ ਦੇ ਅੱਠ ਵਿਕਸਤ ਦੇਸ਼ਾਂ ਵਿਚ ਸ਼ੁਮਾਰ ਕੈਨੇਡਾ ਦੇ ਪ੍ਰਧਾਨ ਮੰਤਰੀ ਨੂੰ ਇਹ ਮਾਣ ਕਿਉਂ ਨਾ ਮਿਲਿਆ?

ਟਰੂਡੋ ਦੇ ਸਵਾਗਤ ਲਈ ਦਿੱਲੀ ਹਵਾਈ ਅੱਡੇ 'ਤੇ ਮੋਦੀ ਸਰਕਾਰ ਦੇ ਜੂਨੀਅਰ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਹੀ ਪਹੁੰਚੇ। ਦਿੱਲੀ ਤੋਂ ਇਲਾਵਾ ਆਗਰਾ, ਅਹਿਮਦਾਬਾਦ ਤੇ ਮੁੰਬਈ ਵਿਚ ਕੇਂਦਰ ਜਾਂ ਸੂਬਾ ਸਰਕਾਰ ਦਾ ਕੋਈ ਵੱਡਾ ਨੁਮਾਇੰਦਾ ਟਰੂਡੋ ਨਾਲ ਨਜ਼ਰ ਨਾ ਆਇਆ। ਉਹ ਜਦੋਂ ਆਗਰਾ ਗਏ ਤਾਂ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਵੀ ਦੂਰ ਹੀ ਰਹੇ। ਜਸਟਿਨ ਟਰੂਡੋ, ਮੋਦੀ ਦੇ ਸੂਬੇ ਗੁਜਰਾਤ ਪਹੁੰਚੇ ਅਤੇ ਮਹਾਤਮਾ ਗਾਂਧੀ ਦੇ ਸਾਬਰਮਤੀ ਆਸ਼ਰਮ ਵਿਚ ਪਰਿਵਾਰ ਸਮੇਤ ਚਰਖਾ ਕੱਤਿਆ, ਪਰ ਸਰਕਾਰ ਦਾ ਕੋਈ ਸੀਨੀਅਰ ਮੰਤਰੀ ਇਥੇ ਵੀ ਨਜ਼ਰ ਨਾ ਆਇਆ। ਟਰੂਡੋ ਨੂੰ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤ ਦਾ ਸਿਰਫ 20 ਮਿੰਟ ਦਾ ਸਮਾਂ ਮਿਲਿਆ। ਕੈਨੇਡਾ ਦੀ 3.6 ਕਰੋੜ ਆਬਾਦੀ ਵਿਚ 14 ਲੱਖ ਭਾਰਤੀ ਹਨ। ਦੋਵਾਂ ਦੇਸ਼ਾਂ ਵਿਚ ਸਾਲਾਨਾ 43.140 ਕਰੋੜ ਰੁਪਏ ਦਾ ਵਪਾਰ ਹੁੰਦਾ ਹੈ। ਇਕ ਸਾਲ ਵਿਚ ਕੈਨੇਡਾ ਨੇ ਭਾਰਤ ਵਿਚ ਤਕਰੀਬਨ 96 ਹਜ਼ਾਰ ਕਰੋੜ ਰੁਪਏ ਦਾ ਨਿਵੇਸ਼ ਕੀਤਾ ਹੈ। ਉਪਰੋਕਤ ਅੰਕੜੇ ਇਹ ਸਾਬਤ ਕਰਨ ਲਈ ਕਾਫੀ ਹਨ ਕਿ ਕੈਨੇਡਾ ਭਾਰਤ ਲਈ ਆਰਥਿਕ ਪੱਖੋਂ ਕੀ ਅਹਿਮੀਅਤ ਰੱਖਦਾ ਹੈ। ਇਹੀ ਨਹੀਂ, ਕੈਨੇਡਾ ਦੀ ਸੰਸਦ ਵਿਚ 2 ਸਾਲ ਪਹਿਲਾਂ ਪ੍ਰਧਾਨ ਮੰਤਰੀ ਟਰੂਡੋ ਵੱਲੋਂ

### ਵੱਖਰੇ ਸਿੱਖ ਰਾਜ ਵਾਲੇ ਮੁੱਦੇ ਕਾਰਨ ਬਣੀਆਂ ਦੂਰੀਆਂ

ਕਾਮਾਗਾਟਾਮਾਰੂ ਦੀ 1914 ਵਿਚ ਵਾਪਰੀ ਘਟਨਾ ਲਈ ਮੁਆਫੀ ਮੰਗਣਾ ਹਿੰਦੁਸਤਾਨ ਨਾਲ ਸਦਭਾਵਨਾ ਵਧਾਉਣ ਦਾ ਵੱਡਾ ਕਦਮ ਸੀ। ਹੁਣ ਸਵਾਲ ਇਹ ਉਠ ਰਹੇ ਹਨ ਕਿ ਭਾਰਤ ਸਰਕਾਰ ਦੀ ਅਜਿਹੀ ਕਿਹੜੀ ਮਜਬੂਰੀ ਸੀ ਕਿ ਉਸ ਨੂੰ ਆਰਥਿਕ ਪੱਖੋਂ ਲਾਹੇਵੰਦ ਮੁਲਕ ਦੇ ਮੁਖੀ ਨੂੰ ਅਣਗੌਲਿਆ ਕਰਨਾ ਪਿਆ।

ਅਸਲ ਵਿਚ, ਭਗਵਾ ਧਿਰ ਹੁਣ ਤੱਕ ਆਪਣੇ ਆਪ ਨੂੰ 'ਸੱਚੀ ਰਾਸ਼ਟਰਵਾਦੀ' ਧਿਰ ਵਜੋਂ ਪ੍ਰਚਾਰਦੀ ਰਹੀ ਹੈ। ਲੋਕ ਸਭਾ ਚੋਣਾਂ ਵਿਚ ਜਿੱਤ ਪਿੱਛੋਂ ਇਸ ਨੇ ਹਰ ਸੂਬੇ ਦੀਆਂ ਚੋਣਾਂ ਵਿਚ ਆਪਣੇ 'ਦੇਸ਼ ਭਗਤੀ ਵਾਲੇ ਜਜ਼ਬੇ' ਨੂੰ ਅੱਗੇ ਰੱਖਿਆ। ਇਹੀ ਕਾਰਨ ਹੈ ਕਿ ਗੁਜਰਾਤ ਚੋਣਾਂ ਵਿਚ ਐਨ ਮੌਕੇ ਉਤੇ ਭਾਜਪਾ ਨੇ ਆਪਣੇ 'ਵਿਕਾਸ ਮਾਡਲ' ਨੂੰ ਲਾਂਭੇ ਕਰ ਕੇ ਕਾਂਗਰਸ ਨੂੰ ਪਾਕਿਸਤਾਨ ਦੀ ਹਮਾਇਤੀ ਸਾਬਤ ਕਰਨ 'ਤੇ ਸਾਰਾ ਟਿੱਲ ਲਾ ਦਿੱਤਾ। ਮਸਲਾ ਹੁਣ ਵੀ ਇਹੋ ਹੈ। ਅਗਲੇ ਵਰ੍ਹੇ ਭਾਰਤ ਵਿਚ ਲੋਕ ਸਭਾ ਚੋਣਾਂ ਹਨ। ਮੋਦੀ ਸਰਕਾਰ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਵਿਚ ਹੈ ਕਿ ਭਾਰਤ ਦੀ ਏਕਤਾ ਵੱਲ ਅੱਖ ਚੁੱਕਣ ਵਾਲੇ ਮੁਲਕ ਨਾਲ ਕਿਸੇ ਤਰ੍ਹਾਂ ਦੇ ਸਬੰਧ ਰੱਖਣ ਦੇ ਪੱਖ ਵਿਚ ਨਹੀਂ ਹੈ। ਭਾਰਤ ਵਿਚ ਜਸਟਿਨ ਟਰੂਡੋ ਸਰਕਾਰ ਨੂੰ ਖਾਲਿਸਤਾਨੀ ਪੱਖੀ ਹੋਣ ਵਜੋਂ ਪ੍ਰਚਾਰਿਆ ਜਾਂਦਾ ਰਿਹਾ ਹੈ। 2017 ਦੀ ਟੋਰਾਂਟੋ ਵਿਚ ਖਾਲਸਾ ਡੇਅ ਪਰੇਡ ਵਿਚ ਜਸਟਿਨ ਟਰੂਡੋ ਸ਼ਾਮਲ ਹੋਏ ਸਨ। ਇਸ ਪਰੇਡ ਵਿਚ ਉਸ ਆਗੂ ਦਾ ਸਨਮਾਨ ਵੀ ਹੋਇਆ ਸੀ, ਜਿਸ ਨੇ 1984 ਸਿੱਖ ਕਤਲੇਆਮ ਵਿਚ ਭਾਰਤ ਨੂੰ ਦੋਸ਼ੀ ਦੱਸਣ ਦਾ ਮਤਾ ਉਥੋਂ ਦੀ ਵਿਧਾਨ ਸਭਾ ਵਿਚ ਰੱਖਿਆ ਸੀ, ਜਿਸ 'ਤੇ ਭਾਰਤ ਸਰਕਾਰ ਨੇ ਇਤਰਾਜ਼ ਵੀ ਜਤਾਇਆ ਸੀ। ਕੈਨੇਡਾ ਦੇ ਗੁਰਦੁਆਰਿਆਂ ਵਿਚ ਭਾਰਤੀ ਸਿਆਸਤਦਾਨਾਂ ਦੇ ਸਟੇਜ ਸਾਂਝੀ ਕਰਨ ਉਤੇ ਲਾਈ ਰੋਕ ਵੀ ਮੋਦੀ ਸਰਕਾਰ ਨੂੰ ਚੁਭ ਰਹੀ ਹੈ। ਕੈਨੇਡਾ ਸਰਕਾਰ ਦੇ ਦੋ ਸਿੱਖ ਮੰਤਰੀਆਂ ਨੇ ਟਰੂਡੋ ਦੇ ਦੌਰੇ ਤੋਂ ਪਹਿਲਾਂ ਸਾਂਝੇ ਬਿਆਨ ਵਿਚ ਸਫਾਈ ਦੇ ਦਿੱਤੀ ਸੀ ਕਿ ਉਨ੍ਹਾਂ ਦੀ ਸਰਕਾਰ ਗਰਮਖਿਆਲੀਆਂ ਦੀ ਹਮਾਇਤੀ ਨਹੀਂ ਹੈ। ਇਥੋਂ ਤੱਕ ਕਿ ਟਰੂਡੋ ਨੇ ਮੁੰਬਈ ਵਿਚ ਪੱਤਰਕਾਰ ਮਿਲਣੀ ਵਿਚ ਆਖ ਦਿੱਤਾ ਕਿ ਕੈਨੇਡਾ ਅਖੰਡ ਭਾਰਤ ਦੀ ਹਮਾਇਤ ਕਰਦਾ ਹੈ ਤੇ ਅਤਿਵਾਦ ਅਤੇ ਨਫਰਤ ਫੈਲਾਉਣ ਵਾਲੀਆਂ ਤਾਕਤਾਂ ਬਾਰੇ ਉਨ੍ਹਾਂ ਦੀ ਸਰਕਾਰ ਸੁਚੇਤ ਹੈ, ਪਰ ਇਸ ਦੇ ਬਾਵਜੂਦ ਭਾਰਤ ਸਰਕਾਰ ਨੇ ਆਪਣਾ ਰਵੱਈਆ ਨਹੀਂ ਬਦਲਿਆ।

ਕੈਨੇਡਾ ਦੇ ਪ੍ਰਧਾਨ ਮੰਤਰੀ ਦੇ ਭਾਰਤ ਦੌਰੇ

*(ਬਾਕੀ ਸਫਾ 6 ਉਤੇ)*

## ਬੰਦੂਕ ਸਭਿਆਚਾਰ ਖਿਲਾਫ ਅਮਰੀਕਾ 'ਚ ਲਾਮਬੰਦੀ

**ਵਾਸ਼ਿੰਗਟਨ:** ਫਲੋਰਿਡਾ ਦੇ ਹਾਈ ਸਕੂਲ ਵਿਚ ਵਾਪਰੀ ਗੋਲੀਬਾਰੀ ਦੀ ਘਟਨਾ ਪਿੱਛੋਂ ਦੇਸ਼ ਭਰ ਦੇ ਸਕੂਲਾਂ ਦੇ ਬਾਹਰ ਧਰਨੇ-ਮੁਜ਼ਾਹਰਿਆਂ ਦੀ ਮੁਹਿੰਮ ਸ਼ੁਰੂ ਹੋ ਗਈ ਹੈ। ਅਮਰੀਕੀ ਸੰਸਦ ਵਿਚ ਵੀ ਗੰਨ ਕੰਟਰੋਲ ਗਿਆ ਹੈ। ਹਥਿਆਰ ਸਭਿਆਚਾਰ ਖਿਲਾਫ ਇੰਨੇ ਵੱਡੇ ਪੱਧਰ 'ਤੇ ਲਾਮਬੰਦੀ ਨੂੰ ਡੋਨਲਡ ਸਰਕਾਰ ਲਈ ਵੱਡੀ ਚੁਣੌਤੀ ਮੰਨਿਆ ਜਾ ਰਿਹਾ ਹੈ। ਵਿਰੋਧ ਕਰ ਰਹੀਆਂ ਜਥੇਬੰਦੀਆਂ ਨੇ ਹਥਿਆਰਾਂ ਦੀ ਨੁਮਾਇਸ਼ ਲਈ ਟਰੰਪ ਸਰਕਾਰ ਨੂੰ ਸਿੱਧਾ




ਕਾਨੂੰਨਾਂ ਨੂੰ ਸਖਤ ਬਣਾਉਣ ਦੀ ਮੰਗ ਜ਼ੋਰ ਫੜ ਗਈ ਹੈ। ਔਰਤਾਂ ਦੇ ਹੱਕਾਂ ਲਈ ਕਾਰਜਸ਼ੀਲ ਗਰੁੱਪਾਂ ਵੱਲੋਂ 14 ਮਾਰਚ ਨੂੰ ਗੰਨ ਕੰਟਰੋਲ ਦੇ ਮੁੱਦੇ 'ਤੇ ਅਮਰੀਕੀ ਸੰਸਦ ਦੀ ਢਿੱਲ ਮੱਠ ਖਿਲਾਫ਼ ਰੋਸ ਦਰਜ ਕਰਾਉਣ ਲਈ ਮਹਿਲਾ ਮਾਰਚ ਉਲੀਕਿਆ ਗਿਆ ਹੈ।

ਨੈੱਟਵਰਕ ਫਾਰ ਪਬਲਿਕ ਐਜੂਕੇਸ਼ਨ ਨਾਂ ਦੇ ਇਕ ਗਰੁੱਪ ਵੱਲੋਂ 20 ਅਪਰੈਲ ਨੂੰ 'ਨੈਸ਼ਨਲ ਐਕਸ਼ਨ ਡੇਅ' ਮਨਾਉਣ ਦਾ ਐਲਾਨ ਕੀਤਾ ਦੋਸ਼ੀ ਮੰਨਿਆ ਹੈ।

ਦੱਸ ਦਈਏ ਕਿ ਫਲੋਰਿਡਾ ਹਾਈ ਸਕੂਲ ਵਿਚੋਂ ਕੱਢੇ ਗਏ ਵਿਦਿਆਰਥੀ ਨੇ ਸਕੂਲ 'ਚ ਅਸਾਲਟ ਰਾਈਫਲ ਨਾਲ ਅੰਨ੍ਹੇਵਾਹ ਗੋਲੀਬਾਰੀ ਕਰ ਕੇ 17 ਵਿਅਕਤੀਆਂ ਦੀ ਜਾਨ ਲੈ ਲਈ। ਇਸੇ ਸਾਲ ਸਕੂਲਾਂ ਵਿਚ ਗੋਲੀਬਾਰੀ ਦੀਆਂ 18 ਵਾਰਦਾਤਾਂ ਵਾਪਰ ਚੁੱਕੀਆਂ ਹਨ ਅਤੇ ਬਹੁਤ ਸਾਰੇ ਲੋਕਾਂ ਵੱਲੋਂ ਬੰਦੂਕਾਂ ਦੀ ਖਰੀਦ ਉਤੇ ਪਾਬੰਦੀ ਲਾਉਣ ਦੀ ਮੁਹਿੰਮ ਵਿੱਢੀ ਹੈ।

ਜੁਲਾਈ - ਅਗਸਤ 2018
High Season Sale
ਦਿੱਲੀ $855
ਟੈਕਸ ਸਮੇਤ
Harpreet Singh
WorldWide Travel
www.fly2world.com
866 66 INDIA
4 6 3 4 2
734 838 9998
24 ਘੰਟੇ ਐਮਰਜੈਂਸੀ
Fares shown are for July 10th to Dec 7th 2018 departure from Detroit and may change without notice. please call for more details. Other conditions apply.

ATLANTIC TAX SOLUTIONS INC.
**Income Tax Preparation**
By Certified Public Accountant
ਰਿਚਮੰਡ ਹਿੱਲ ਵਿੱਖੇ ਪੰਜਾਬੀ ਭਰਾਵਾਂ ਦੀ ਸੇਵਾ ਲਈ ਇੰਕਮ ਟੈਕਸ ਤੇ ਇੰਸ਼ੋਰੈਂਸ ਦਾ ਦਫ਼ਤਰ ਖੁੱਲ ਗਿਆ ਹੈ। ਅੱਜ ਹੀ ਰਾਹੁਲ ਸਿੰਘ ਨੂੰ ਕਾਲ ਕਰੋ।
Free Consultancy ❖ Best Services ❖ Best Prices
Rahul Singh, CPA

| Experience and Specialty | | Insurance |
|---|---|---|
| Corporate Tax | Accounting | Auto |
| Personal Income Tax | Bookkeeping | Home |
| Financial Statement Audit | Payroll Services | Life |
| New Business Setup | Immigration Forms | Business |
| Year Round Service | | Worker Comp. |

Get the most from your tax return!
AUTHORIZED e-file PROVIDER
ਪਰਸਨਲ ਟੈਕਸ, ਕਾਰਪੋਰੇਟ ਟੈਕਸ, ਆਡਿਟ, ਬੁੱਕ ਕੀਪਿੰਗ ਤੇ ਟੈਕਸ ਦੀਆਂ ਹੋਰ ਸੇਵਾਵਾਂ ਲਈ ਸੰਪਰਕ ਕਰੋ
718-850-0040 Cell: 917-622-1354 (Rahul) Cell: 917-650-7989 (Rehan)
11805 Atlantic Ave, Richmond Hill NY 11418 Email: sendtocpa@gmail.com


PUNJABI MEGA PACK
$14.99 PER MONTH
FOR 24 MONTHS
Save $240 over 2 years
PTC PUNJABI
PTC PUNJABI
jus punjabi
WILLOW HD
PTC NEWS
JUS one
+5 CHANNELS
CALL OR VISIT YOUR LOCAL RETAILER - WE SPEAK PUNJABI!
GO SATELLITE CITY
530-777-0290
1528 COLUSA HWY STE B, YUBA CITY,CA 95993
SUN WIRELESS
888-350-8005
114-11 101 AVE,SOUTH RICHMOND HILL,NY 11419
dish
AUTHORIZED RETAILER
All offers require credit qualification, 24-month commitment with early termination fee and eAutoPay. $240 Savings Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Receive a monthly credit of $10 for the first 24 months. Important Terms and Conditions: Promotional Offers: International programming requires America's Top 120 or higher. Upfront activation and/or receiver upgrade fees may apply based on credit qualification. After 24-month promotional period, then-current monthly price applies and is subject to change. Offer ends 4/16/18. 2 Year Commitment: Early termination fee of $20/mo. remaining applies if you cancel early. Hopper: Monthly fees: Hopper, $15; Joey, $7; Super Joey, $10. With PrimeTime Anytime record ABC, CBS, FOX and NBC plus two channels. With addition of Super Joey record two additional channels. Watching live and recorded TV anywhere requires an Internet-connected, Sling-enabled DVR and compatible mobile device. Premium Channels: Subject to credit qualification. After 3 mos., you will be billed $60/mo. for HBO, Cinemax, Showtime, Starz and DISH Movie Pack unless you call to cancel. Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Other: All prices, fees, charges, packages, programming, features, functionality and offers subject to change without notice. After 6 mos., you will be billed $8/mo for Protection Plan unless you call to cancel. Free standard professional installation only. Taxes or reimbursement charges for state gross earnings taxes may apply. Additional restrictions and taxes may apply. © 2017 DISH Network L.L.C. All rights reserved. HBO®, Cinemax® and related channels and service marks are the property of Home Box Office, Inc. SHOWTIME is a registered trademark of Showtime Networks Inc., a CBS Company. STARZ and related channels and service marks are property of Starz Entertainment, LLC.

# ਜੱਸੀ ਗਿੱਲ ਲੋਕ ਇਨਸਾਫ ਪਾਰਟੀ ਦੀ ਅਮਰੀਕਾ ਇਕਾਈ ਦੇ ਜਨਰਲ ਸਕੱਤਰ ਨਿਯੁਕਤ

**ਲੁਧਿਆਣਾ (ਬਿਊਰੋ):** ਕੈਲੀਫੋਰਨੀਆ ਤੋਂ ਉਘੇ ਬਿਜਨਸਮੈਨ ਸ. ਜਸਵਿੰਦਰ ਸਿੰਘ (ਜੱਸੀ) ਗਿੱਲ ਨੂੰ ਲੋਕ ਇਨਸਾਫ ਪਾਰਟੀ ਦੀ ਅਮਰੀਕਾ ਇਕਾਈ ਦਾ ਜਨਰਲ ਸਕੱਤਰ ਅਤੇ ਸ. ਅਜੀਤਪਾਲ ਸਿੰਘ ਬੁੱਟਰ ਨੂੰ ਕੈਲੀਫੋਰਨੀਆ ਸੈਂਟਰਲ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਹ ਨਿਯੁਕਤੀਆਂ ਕਰਦਿਆਂ ਲੋਕ ਇਨਸਾਫ ਪਾਰਟੀ ਦੇ ਪ੍ਰਮੁੱਖ ਅਤੇ ਵਿਧਾਇਕ ਸ. ਸਿਮਰਜੀਤ ਸਿੰਘ ਬੈਂਸ ਨੇ ਕਿਹਾ ਹੈ ਕਿ ਜਿੱਥੇ ਲੁਧਿਆਣਾ ਨਗਰ ਨਿਗਮ ਚੋਣਾਂ ਦੌਰਾਨ ਸ਼ਹਿਰ ਦੇ ਨੌਜਵਾਨਾਂ ਅਤੇ ਖਾਸ ਕਰਕੇ ਔਰਤਾਂ ਦਾ ਵਿਸ਼ੇਸ਼ ਰੋਲ ਹੈ, ਉਥੇ ਬਾਹਰਲੇ ਮੁਲਕਾਂ ਵਿਚ ਬੈਠੇ ਪੰਜਾਬੀ ਭਰਾਵਾਂ ਦਾ ਵੀ ਅਹਿਮ ਰੋਲ ਹੈ। ਉਨ੍ਹਾਂ ਕਿਹਾ ਕਿ ਵੱਡੀ ਗਿਣਤੀ ਵਿਚ ਐਨ. ਆਰ. ਆਈ. ਲੁਧਿਆਣਾ ਪੁੱਜਣੇ ਸ਼ੁਰੂ ਹੋ ਗਏ ਹਨ ਅਤੇ ਨਿਗਮ ਚੋਣਾਂ ਦੌਰਾਨ ਉਨ੍ਹਾਂ ਚੋਣ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ।

ਪਾਰਟੀ ਦੀ ਅਮਰੀਕਾ ਇਕਾਈ ਦੇ ਪ੍ਰਧਾਨ ਜੱਸ ਔਲਖ ਦੀ ਅਗਵਾਈ ਵਿਚ ਹੋਈ ਮੀਟਿੰਗ ਦੌਰਾਨ ਵੀਡੀਓ ਕਾਨਫਰੰਸ ਉਪਰੰਤ ਸ. ਬੈਂਸ ਨੇ ਲੁਧਿਆਣਾ ਵਿਖੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਦੱਸਿਆ ਕਿ ਪਰਵਾਸੀ ਪੰਜਾਬੀਆਂ ਨਾਲ ਵੀਡੀਓ ਕਾਨਫਰੰਸ ਦੌਰਾਨ ਹੋਈ ਗੱਲਬਾਤ ਤੋਂ ਇਹ ਸਾਫ ਹੋ ਗਿਆ ਹੈ ਕਿ ਵਿਦੇਸ਼ਾਂ ਵਿਚ ਬੈਠੇ ਪੰਜਾਬੀ ਭਰਾ ਜਿਥੇ ਲੁਧਿਆਣਾ ਨਗਰ ਨਿਗਮ ਚੋਣਾਂ ਦੌਰਾਨ ਚੋਣ ਪ੍ਰਚਾਰ ਕਰਨ ਲਈ ਲੁਧਿਆਣਾ ਪੁੱਜ ਰਹੇ ਹਨ, ਉਥੇ ਬਾਹਰ ਬੈਠ ਕੇ ਵੀ ਉਹ ਆਪਣੇ ਰਿਸ਼ਤੇਦਾਰਾਂ ਅਤੇ ਦੋਸਤਾਂ-ਮਿੱਤਰਾਂ ਸਮੇਤ ਸਮੂਹ ਲੁਧਿਆਣਾ ਵਾਸੀਆਂ ਨੂੰ ਅਪੀਲ ਕਰ ਰਹੇ ਹਨ ਕਿ ਉਹ ਲੋਕ ਇਨਸਾਫ ਪਾਰਟੀ ਅਤੇ ਆਮ ਆਦਮੀ ਪਾਰਟੀ ਦੇ ਸਾਂਝੇ ਉਮੀਦਵਾਰ ਨੂੰ ਜਿਤਾਉਣ।

ਮੀਟਿੰਗ ਦੌਰਾਨ ਜੱਸ ਔਲਖ ਨੇ ਨਵ-ਨਿਯੁਕਤ ਅਹੁਦੇਦਾਰਾਂ ਨੂੰ ਵਿਸ਼ੇਸ਼ ਤੌਰ 'ਤੇ ਵਧਾਈ ਦਿੱਤੀ। ਇਸ ਤੋਂ ਇਲਾਵਾ ਅਮਰੀਕਾ, ਕੈਨੇਡਾ, ਫਰਾਂਸ ਸਮੂਹ ਬਾਹਰਲੇ ਮੁਲਕਾਂ ਦੀ ਪੂਰੀ ਟੀਮ ਦੇ ਨਾਲ ਨਾਲ ਕੁਲਦੀਪ ਸਿੰਘ ਪੱਡਾ,



*ਜਸਵਿੰਦਰ ਸਿੰਘ (ਜੱਸੀ) ਗਿੱਲ*

ਗੁਰਦੇਵ ਸਿੰਘ (ਹਾਲੈਂਡ), ਰੁਪਿੰਦਰ ਸਿੰਘ ਢਿੱਲੋਂ (ਪ੍ਰਧਾਨ ਨਾਰਵੇ), ਗੁਰਪ੍ਰੀਤ ਸਿੰਘ ਭੁੱਲਰ (ਪ੍ਰਧਾਨ ਆਸਟਰੀਆ), ਚਰਨਜੀਤ ਸਿੰਘ (ਪ੍ਰਧਾਨ ਪੁਰਤਗਾਲ), ਨਰਿੰਦਰਪਾਲ ਸਿੰਘ (ਪ੍ਰਧਾਨ ਡੈਨਮਾਰਕ), ਹਰਦੀਪ ਸਿੰਘ ਸੰਧੂ (ਪ੍ਰਧਾਨ ਸਪੇਨ), ਮਨਜੀਤ ਸਿੰਘ ਮਨੀ (ਮੀਤ ਪ੍ਰਧਾਨ ਸਪੇਨ), ਜਸਵਿੰਦਰਪਾਲ ਸਿੰਘ ਰਾਠ (ਮੀਡੀਆ ਇੰਚਾਰਜ ਜਰਮਨੀ), ਕੁਲਵਿੰਦਰ ਸਿੰਘ ਨਾਹਲ (ਜਨਰਲ ਸਕੱਤਰ ਜਰਮਨੀ) ਦੇ ਨਾਲ ਨਾਲ ਇਟਲੀ ਤੋਂ ਜਸਵਿੰਦਰ ਸਿੰਘ ਲਾਟੀ ਅਤੇ ਕੁਲਵਿੰਦਰ ਸਿੰਘ (ਪ੍ਰਧਾਨ ਫਰਾਂਸ) ਸਮੇਤ ਹੋਰਨਾਂ ਨੇ ਨਵੇ ਅਹੁਦੇਦਾਰਾਂ ਨੂੰ ਵਧਾਈ ਦਿੱਤੀ।

## ਸੰਤ ਭਿੰਡਰਾਂਵਾਲਿਆਂ ਦਾ ਜਨਮ ਦਿਨ ਮਨਾਇਆ

**ਨਿਊ ਯਾਰਕ (ਬਿਊਰੋ):** ਦਮਦਮੀ ਟਕਸਾਲ ਦੇ 14ਵੇਂ ਮੁਖੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਅਤੇ ਸੰਤ ਬਾਬਾ ਗੁਰਬਚਨ ਸਿੰਘ ਭਿੰਡਰਾਂਵਾਲਿਆਂ ਦਾ ਜਨਮ ਦਿਨ ਬੀਤੇ ਦਿਨੀਂ ਇਥੇ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿਲ ਵਿਖੇ ਸਿੱਖ ਯੂਥ ਆਫ ਅਮਰੀਕਾ ਤੇ ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ ਦੇ ਸਹਿਯੋਗ ਨਾਲ ਮਨਾਇਆ ਗਿਆ।

ਐਤਵਾਰ, 18 ਫਰਵਰੀ ਨੂੰ ਅਖੰਡ ਪਾਠ ਦੇ ਭੋਗ ਉਪਰੰਤ ਦਿਨ ਭਰ ਇਨ੍ਹਾਂ ਮਹਾਨ ਸ਼ਹੀਦਾਂ ਨੂੰ ਸਮਰਪਿਤ ਦੀਵਾਨ ਸਜੇ। ਭਾਈ ਅਮਰਦੀਪ ਸਿੰਘ ਬੋਦਲਾਂ ਅਤੇ ਭਾਈ ਤ੍ਰਿਲੋਕ ਸਿੰਘ ਪਾਉਂਟਾ ਸਾਹਿਬ ਦੇ ਰਾਗੀ ਜਥੇ ਨੇ ਸ਼ਬਦ ਕੀਰਤਨ ਕੀਤਾ। ਕਥਾਵਾਚਕ ਗਿਆਨੀ ਤਰਸੇਮ ਸਿੰਘ ਹਰਖੋਵਾਲ, ਗਿਆਨੀ ਹਰਦੇਵ ਸਿੰਘ ਤੇ ਗੁਰੂ ਘਰ ਦੇ ਹੈਡ ਗ੍ਰੰਥੀ ਗਿਆਨੀ ਭੁਪਿੰਦਰ ਸਿੰਘ ਨੇ ਕਥਾ ਵਿਆਖਿਆ ਅਤੇ ਬੀਬੀ ਜਸਵਿੰਦਰ ਕੌਰ ਰਾਮਾ ਮੰਡੀ ਦੇ ਢਾਡੀ ਜਥੇ ਨੇ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਸਿੱਖ ਇਤਿਹਾਸ ਸਰਵਣ ਕਰਵਾਇਆ। ਗੁਰੂ ਘਰ ਦੇ ਮੁੱਖ ਸੇਵਾਦਾਰ ਸ. ਕੁਲਦੀਪ ਸਿੰਘ ਢਿੱਲੋਂ ਅਤੇ ਚੇਅਰਮੈਨ ਅ. ਸੁਰਜੀਤ ਸਿੰਘ ਮੂਧਲ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

## ਸਿੱਖ ਡਰਾਈਵਰ ਖਿਲਾਫ ਨਸਲੀ ਟਿੱਪਣੀ

**ਸਿਲਵਿਸ, ਇਲੀਨਾਏ (ਬਿਊਰੋ):** ਸਥਾਨਕ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਗੁਰਜੀਤ ਸਿੰਘ ਜੋ ਊਬਰ ਟੈਕਸੀ ਚਲਾਉਂਦਾ ਹੈ, ਨੇ ਦੋਸ਼ ਲਾਇਆ ਹੈ ਕਿ ਉਸ ਉਤੇ ਇਕ ਗੋਰੇ ਨੇ ਉਸ ਸਮੇਂ ਨਸਲੀ ਹਮਲਾ ਕੀਤਾ ਜਦੋਂ ਉਹ ਗੋਰੇ ਤੇ ਇਕ ਔਰਤ ਨੂੰ ਛੱਡਣ ਜਾ ਰਿਹਾ ਸੀ।



ਰਾਸਤੇ ਵਿਚ ਗੋਰੇ ਨੇ ਉਸ ਨਾਲ ਨਸਲੀ ਸਵਾਲ-ਜਵਾਬ ਸ਼ੁਰੂ ਕੀਤੇ, ਜਿਸ ਪਿਛੋਂ ਉਸ 'ਤੇ ਪਿਸਤੌਲ ਤਾਣ ਲਈ ਤੇ ਕਹਿਣ ਲੱਗਾ ਕਿ ਉਹ ਦਸਤਾਰ ਤੇ ਦਾੜ੍ਹੀ ਵਾਲਿਆਂ ਨੂੰ ਨਫਰਤ ਕਰਦਾ ਹੈ। ਇਸ ਪਿਛੋਂ ਉਸ ਨੇ ਗੱਡੀ ਰੋਕੀ ਤੇ ਗੱਡੀ 'ਚ ਬੈਠੀ ਔਰਤ ਨੇ ਗੋਰੇ ਨੂੰ ਧੱਕੇ ਨਾਲ ਗੱਡੀ ਵਿਚੋਂ ਬਾਹਰ ਕੱਢ ਦਿੱਤਾ। ਗੁਰਜੀਤ ਸਿੰਘ ਨੇ ਕਿਹਾ ਕਿ ਘਟਨਾ ਪਿੱਛੋਂ ਪੁਲਿਸ ਨੂੰ ਜਾਣਕਾਰੀ ਦਿੱਤੀ ਹੈ।


**ਗੈਸ ਸਟੇਸ਼ਨ ਲਈ ਵਰਕਰਾਂ ਦੀ ਲੋੜ ਹੈ**

ਕਲੀਵਲੈਂਡ, ਓਹਾਇਓ ਵਿਚ ਗੈਸ ਸਟੇਸ਼ਨ ਲਈ ਵਰਕਰਾਂ ਦੀ ਲੋੜ ਹੈ।

ਫਰੀ ਰਿਹਾਇਸ਼, ਚੰਗੀ ਤਨਖਾਹ

ਸੰਪਰਕ ਕਰੋ

ਫੋਨ: 440-650-6022

8-9


## Matrimonials

### ਲੜਕੀ ਦੀ ਲੋੜ ਹੈ

Looking for a suitable beautiful educated US citizen/green card holder girl, at least 5'-6" or more, for Sikh clean shaven handsome boy 40 yrs, 6', US born MBA. Owns family established business. Cast no bar. Contact: 513-546-7246 8-11

Wanted US citizen or GC holder life partner for Saini Sikh clean shaven Canadian PR 30, 5'-9" boy. M. Tech from University of Windsor, ON. Working in Automotive Company in Toronto. Family well settled in USA (Midwest). Contact, 765-570-0149 7-10

Saini Sikh clean shave boy, 28, 6', M.Sc. Bio Technology doing BDS in Chandigarh, seeks suitable well educated Saini/Jatt Sikh girl. Family well settled in the USA. Pl contact, Ph: 516-503-9541 or email: mohan1w34@gmail.com 4-11

### ਵਰ ਦੀ ਲੋੜ

Wanted well settled Canadian/US citizen/green card holder boy for Jatt Sikh Kang Canadian PR girl 24 yrs, 5'-6", diploma electrical control systems, currently working as technical support in Toronto, only child. The boy should be a balance of modern and traditional values. Contact: WhatsApp 1-437-779-2765 8-11

Wanted suitable U.S. citizen boy for U.S. citizen Jatt Sikh girl 27 yrs, 5'-2", Software Engineer from California. Down-to-earth traditional Punjabi family seeking similar family background. Contact: bsinghs408@gmail.com 5-8


**Punjab Times**
*Ph: 847-359-0746*
*punjabtimesusa.com*



**House for Sale in Chandigarh**

HIG Independent duplex house around 9 marla in Sector 28 West, Chandigarh for sale.

**Please contact:**
**Sunny 618-513-7645**



Punjab Times E-mail: Punjabtimes1@gmail.com
www.punjabtimesusa.com



**ਤੰਦੂਰੀਏ, ਡਿਸ਼ ਵਾਸ਼ਰ ਅਤੇ ਹੈਲਪਰ ਦੀ ਲੋੜ ਹੈ**

*ਮੈਡੀਸਨ, ਵਿਸਕਾਨਸਿਨ ਵਿਚ ਟੇਸਟ ਆਫ ਇੰਡੀਆ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ, ਡਿਸ਼ ਵਾਸ਼ਰ ਅਤੇ ਹੈਲਪਰ ਦੀ ਲੋੜ ਹੈ*

ਸੰਪਰਕ ਕਰੋ: 262-391-7666

2-

**ਇੰਡੀਅਨ ਰੈਸਟੋਰੈਂਟ ਲਈ ਸਟਾਫ ਦੀ ਲੋੜ ਹੈ**

ਗਰਿਲ ਆਫ ਇੰਡੀਆ ਰੈਸਟੋਰੈਂਟ ਦੀਆਂ ਸਿਨਸਿਨੈਟੀ, ਓਹਾਇਓ ਅਤੇ ਕੋਵਿੰਗਟਨ, ਕੈਨਟੱਕੀ ਲੋਕੇਸ਼ਨਾਂ ਲਈ ਤੰਦਰੂੀਏ, ਕਰੀ ਸ਼ੈਫ, ਹੈਲਪਰ ਤੇ ਵੇਟਰਾਂ ਦੀ ਲੋੜ ਹੈ
ਚੰਗੀ ਤਨਖਾਹ ਤੇ ਹੋਰ ਸਹੂਲਤਾਂ

*ਸੰਪਰਕ ਕਰੋ : ਬਰਜਿੰਦਰ ਸਿੰਘ*

ਫੋਨ: 513-888-1878

4/3

*ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ*

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email:
Homeomedicine@yahoo.com

# ਭਾਰਤੀ ਬੈਂਕਾਂ ਨੂੰ ਟੱਕਰਿਆ ਇਕ ਹੋਰ ਵਿਜੇ ਮਾਲਿਆ

## ਹੁਣ ਨੀਰਵ ਮੋਦੀ 11400 ਕਰੋੜ ਦਾ ਚੂਨਾ ਲਾ ਕੇ ਫਰਾਰ




**ਨਵੀਂ ਦਿੱਲੀ:** ਭਾਰਤੀ ਬੈਂਕਾਂ ਦੇ 9 ਹਜ਼ਾਰ ਕਰੋੜ ਰੁਪਏ ਮਾਰ ਕੇ ਇੰਗਲੈਂਡ ਭੱਜੇ ਕਾਰੋਬਾਰੀ ਵਿਜੇ ਮਾਲਿਆ ਦੀ ਹਵਾਲਗੀ 'ਚ ਜੁਟੀ ਨਰੇਂਦਰ ਮੋਦੀ ਸਰਕਾਰ ਪੱਲੇ ਉਸ ਸਮੇਂ ਨਮੋਸ਼ੀ ਪਈ ਜਦੋਂ ਅਜਿਹਾ ਹੀ ਕਾਰਾ ਕਰ ਕੇ ਹੀਰਿਆਂ ਦਾ ਕਾਰੋਬਾਰੀ ਨੀਰਵ ਮੋਦੀ ਤੇ ਮੇਹੁਲ ਚੋਕਸੀ ਵੀ ਵਿਦੇਸ਼ ਜਾ ਬੈਠੇ। ਇਨ੍ਹਾਂ ਨੇ ਪੰਜਾਬ ਨੈਸ਼ਨਲ ਬੈਂਕ ਨੂੰ ਕੁਝ ਬੈਂਕ ਅਧਿਕਾਰੀਆਂ ਨਾਲ ਮਿਲ ਕੇ 11400 ਕਰੋੜ ਰੁਪਏ ਦਾ ਚੂਨਾ ਲਾਇਆ। ਹਾਲਾਂਕਿ ਇਸ ਦੀ ਜਾਂਚ ਕਰ ਰਹੇ ਈ.ਡੀ. ਵਿਭਾਗ ਦਾ ਕਹਿਣਾ ਹੈ ਕਿ ਇਸ ਦੀ ਰਕਮ 14,400 ਕਰੋੜ ਤੋਂ ਵੀ ਜ਼ਿਆਦਾ ਹੈ। ਸੋਸ਼ਲ ਮੀਡੀਆ 'ਤੇ ਦੱਸਿਆ ਜਾ ਰਿਹਾ ਹੈ ਕਿ ਘੁਟਾਲੇ ਕਾਰਨ ਨੁਕਸਾਨ ਦੀ ਰਕਮ 36 ਹਜ਼ਾਰ ਕਰੋੜ ਰੁਪਏ ਤੱਕ ਵੀ ਜਾ ਸਕਦੀ ਹੈ। ਪੰਜਾਬ ਨੈਸ਼ਨਲ ਬੈਂਕ ਨੂੰ ਅੰਦਰੂਨੀ ਆਡਿਟ ਦੌਰਾਨ ਉਪਰੋਕਤ ਘਪਲੇ ਦਾ ਪਤਾ 15 ਜਨਵਰੀ ਨੂੰ ਲੱਗਿਆ। ਦੋਵਾਂ ਕਾਰੋਬਾਰੀਆਂ ਦੇ ਵਿਦੇਸ਼ ਭੱਜਣ ਪਿੱਛੋਂ ਘਪਲੇ ਦਾ ਰੌਲਾ ਪਾਉਣ ਕਾਰਨ ਵੀ ਸਰਕਾਰ ਦੀ ਨੀਅਤ 'ਤੇ ਸਵਾਲ ਉਠ ਰਹੇ ਹਨ। ਇਸ ਤੋਂ ਪਹਿਲਾਂ ਵਿਜੇ ਮਾਲਿਆ ਤੇ ਉਸ ਤੋਂ ਪਹਿਲਾਂ ਲਲਿਤ ਮੋਦੀ ਨੇ ਇਹੋ ਕੁਝ ਕੀਤਾ ਸੀ।

ਪਤਾ ਲੱਗਾ ਹੈ ਕਿ ਨੀਰਵ ਮੋਦੀ ਮੁੰਬਈ ਵਿਚ ਇਸ ਬੈਂਕ ਦੀ ਇਕ ਸ਼ਾਖਾ ਤੋਂ ਫਰਜ਼ੀ ਗਾਰੰਟੀ ਲੈ ਕੇ ਦੂਸਰੇ ਬੈਂਕਾਂ ਦੀਆਂ ਵਿਦੇਸ਼ਾਂ ਵਿਚਲੀਆਂ ਸ਼ਾਖਾਵਾਂ ਤੋਂ ਕਰਜ਼ਾ ਲੈਂਦਾ ਰਿਹਾ। ਉਸ ਨੇ ਸਵਿੱਫਟ ਮੈਸੇਜਿੰਗ ਪ੍ਰਬੰਧ ਦੇ ਜ਼ਰੀਏ ਆਪਣੀਆਂ ਗਹਿਣਿਆਂ ਦੀਆਂ ਕੰਪਨੀਆਂ ਲਈ ਵਿਦੇਸ਼ਾਂ ਵਿਚ ਕਰਜ਼ੇ ਲਏ। ਇਸ ਘੁਟਾਲੇ ਦੇ ਸਾਹਮਣੇ ਆਉਣ 'ਤੇ ਨੀਰਵ ਮੋਦੀ ਦੇ ਦਿੱਲੀ, ਮੁੰਬਈ ਤੇ ਸੂਰਤ ਆਦਿ ਵਿਚ ਦਰਜਨਾਂ ਹੀ ਟਿਕਾਣਿਆਂ 'ਤੇ ਛਾਪੇ ਮਾਰੇ ਗਏ। ਉਸ ਦੀ 5,100 ਕਰੋੜ ਦੇ ਲਗਭਗ ਮੁੱਲ ਦੀ ਸੰਪਤੀ ਵੀ ਜ਼ਬਤ ਕਰ ਲਈ ਗਈ ਹੈ।

ਬੈਂਕ ਵੱਲੋਂ ਘੁਟਾਲਾ ਸਾਹਮਣੇ ਆਉਣ 'ਤੇ 31 ਜਨਵਰੀ ਨੂੰ ਉਸ ਖਿਲਾਫ਼ ਐਫ.ਆਈ.ਆਰ. ਦਰਜ ਕਰਵਾਈ ਗਈ ਸੀ ਪਰ ਇਹ ਕਾਰਵਾਈ ਹੋਣ ਤੋਂ ਪਹਿਲਾਂ ਹੀ ਉਹ ਦੇਸ਼ 'ਚੋਂ ਭੱਜ ਗਿਆ ਸੀ।

## ਸੱਤ ਸਾਲਾਂ 'ਚ 22700 ਕਰੋੜ ਤੋਂ ਵੱਧ ਲੈ ਕੇ ਦੌੜੇ ਅਰਬਪਤੀ

ਪੀ.ਐਨ.ਪੀ. 'ਚ ਹੋਏ ਮਹਾਘੁਟਾਲੇ ਨਾਲ ਬੈਂਕਿੰਗ ਸਿਸਟਮ ਹਿੱਲ ਚੁੱਕਾ ਹੈ। ਸਰਕਾਰ ਭਾਵੇਂ ਬੈਂਕਿੰਗ ਸਿਸਟਮ ਮਜ਼ਬੂਤ ਬਣਾਉਣ ਦਾ ਦਾਅਵਾ ਕਰੇ ਪਰ ਪਿਛਲੇ 7 ਸਾਲ 'ਚ ਦੇਸ਼ ਦੇ ਕਈ ਅਰਬਪਤੀ ਬੈਂਕਾਂ ਦਾ 22743 ਕਰੋੜ ਰੁਪਏ ਲੈ ਕੇ ਫਰਾਰ ਹੋ ਚੁੱਕੇ ਹਨ। ਬੈਂਕਾਂ 'ਚ ਹੋਏ ਘੁਟਾਲੇ ਸਬੰਧੀ ਆਈ.ਆਈ.ਐਮ. ਬੈਂਗਲੂਰੁ 'ਚ ਕੀਤੀ ਖੋਜ ਦੌਰਾਨ ਸਾਹਮਣੇ ਆਇਆ ਕਿ 2012 ਤੋਂ 2016 ਦੇ ਦਰਮਿਆਨ ਸਰਕਾਰੀ ਬੈਂਕਾਂ ਦੇ ਕੁੱਲ 227.43 ਅਰਬ ਰੁਪਏ ਡੁੱਬ ਚੁੱਕੇ ਹਨ। ਸਿਰਫ ਸਾਲ 2017 'ਚ ਬੈਂਕਾਂ ਦਾ 179 ਕਰੋੜ ਦਾ ਨੁਕਸਾਨ ਹੋਇਆ।

ਸੀ.ਬੀ.ਆਈ. ਵੱਲੋਂ ਨੀਰਵ ਮੋਦੀ ਦੀ ਕੰਪਨੀ ਫਾਇਰ ਸਟਾਰ ਡਾਇਮੰਡ ਦੇ ਮੁੱਖ ਵਿੱਤ ਅਧਿਕਾਰੀ ਅਤੇ ਸਵਰਗੀ ਧੀਰੂਭਾਈ ਅੰਬਾਨੀ ਦੇ ਰਿਸ਼ਤੇਦਾਰ ਸਮਝੇ ਜਾਂਦੇ ਵਿਪੁਲ ਅੰਬਾਨੀ ਤੋਂ ਪੁੱਛ-ਗਿੱਛ ਕੀਤੀ ਜਾ ਰਹੀ ਹੈ। ਸੀ.ਬੀ.ਆਈ. ਮੁਤਾਬਕ ਵਿਪੁਲ ਅੰਬਾਨੀ ਪਿਛਲੇ ਤਿੰਨ ਸਾਲਾਂ ਤੋਂ ਮੁੱਖ ਵਿੱਤ ਅਧਿਕਾਰੀ ਦੇ ਅਹੁਦੇ 'ਤੇ ਤਾਇਨਾਤ ਹੈ ਅਤੇ ਮੰਨਿਆ ਜਾ ਰਿਹਾ ਹੈ ਕਿ ਉਹ ਕੰਪਨੀ ਦੇ ਵਿੱਤੀ ਲੈਣ-ਦੇਣ ਤੋਂ ਵਾਕਿਫ ਸੀ। ਸੀ.ਬੀ.ਆਈ. ਵੱਲੋਂ ਨੀਰਵ ਦੇ ਮਾਮੇ ਦੀ ਗੀਤਾਂਜਲੀ ਗਰੁੱਪ ਦੀਆਂ 18 ਕੰਪਨੀਆਂ ਦੇ ਵਿੱਤੀ ਲੈਣ-ਦੇਣ ਦੀ ਵੀ ਪੜਤਾਲ ਕੀਤੀ ਜਾ ਰਹੀ ਹੈ।

ਈ.ਡੀ. ਕਾਲੇ ਧਨ ਨੂੰ ਸਫੈਦ ਬਣਾਉਣ ਤੋਂ ਰੋਕਣ ਵਾਲੇ ਐਕਟ ਤਹਿਤ ਮੋਦੀ, ਚੋਕਸੀ ਅਤੇ ਹੋਰਾਂ ਦੀਆਂ ਕਰੀਬ ਦੋ ਦਰਜਨ ਅਚੱਲ ਜਾਇਦਾਦਾਂ ਜ਼ਬਤ ਕਰਨ ਜਾ ਰਹੀ ਹੈ। ਈਡੀ ਅਤੇ ਆਮਦਨ ਕਰ ਵਿਭਾਗ ਵੱਲੋਂ ਭਾਰਤ ਅਤੇ ਵਿਦੇਸ਼ 'ਚ ਕਰੀਬ 200 ਫਰਜ਼ੀ ਕੰਪਨੀਆਂ ਨੂੰ ਜਾਂਚ ਦੇ ਘੇਰੇ ਵਿਚ ਲਿਆ ਹੈ ਜਿਨ੍ਹਾਂ ਦੀ ਵਰਤੋਂ ਫੰਡ ਹਾਸਲ ਕਰਨ ਜਾਂ ਫੰਡਾਂ 'ਚ ਹੇਰ-ਫੇਰ ਲਈ ਕੀਤੀ ਗਈ ਸੀ।

## ਰੋਟੋਮੈਕ ਦਾ ਮਾਲਕ ਵੀ 800 ਕਰੋੜ ਲੈ ਕੇ ਭੱਜਿਆ

**ਨਵੀਂ ਦਿੱਲੀ:** ਰੋਟੋਮੈਕ ਪੈੱਨ ਕੰਪਨੀ ਦਾ ਮਾਲਕ ਵਿਕਰਮ ਕੋਠਾਰੀ ਵੀ ਅਲਾਹਾਬਾਦ ਬੈਂਕ, ਬੈਂਕ ਆਫ ਇੰਡੀਆ ਤੇ ਯੂਨੀਅਨ ਬੈਂਕ ਆਫ ਇੰਡੀਆ ਸਮੇਤ ਹੋਰਨਾਂ ਸਰਕਾਰੀ ਬੈਂਕਾਂ ਨਾਲ 800 ਕਰੋੜ ਰੁਪਏ ਦੀ ਠੱਗੀ ਮਾਰ ਕੇ ਵਿਦੇਸ਼ ਨੱਠ ਗਿਆ ਹੈ। ਕਾਨਪੁਰ ਅਧਾਰਤ ਇਸ ਕੰਪਨੀ ਦੇ ਮਾਲਕ ਨੇ ਪੰਜ ਤੋਂ ਵੱਧ ਸਰਕਾਰੀ ਬੈਂਕਾਂ ਤੋਂ ਅੱਠ ਸੌ ਕਰੋੜ ਰੁਪਏ ਤੋਂ ਜ਼ਿਆਦਾ ਦਾ ਕਰਜ਼ਾ ਲਿਆ ਸੀ।

## ਸ਼ਿਵ ਸੈਨਾ ਵੱਲੋਂ ਨੀਰਵ ਨੂੰ ਰਿਜ਼ਰਵ ਬੈਂਕ ਦਾ ਗਵਰਨਰ ਬਣਾਉਣ ਦੀ ਸਲਾਹ

**ਮੁੰਬਈ:** ਭਾਜਪਾ ਦੀ ਸਹਿਯੋਗੀ ਸ਼ਿਵ ਸੈਨਾ ਨੇ ਸਰਕਾਰ 'ਤੇ ਤਨਜ਼ ਕਸਦੇ ਹੋਏ ਕਿਹਾ ਕਿ ਨੀਰਵ ਮੋਦੀ ਨੂੰ ਭਾਰਤੀ ਰਿਜ਼ਰਵ ਬੈਂਕ ਦਾ ਗਵਰਨਰ ਬਣਾ ਦੇਣਾ ਚਾਹੀਦਾ ਹੈ, ਤਾਂ ਕਿ ਉਹ ਦੇਸ਼ ਨੂੰ ਬਰਬਾਦ ਕਰ ਸਕੇ। ਸ਼ਿਵ ਸੈਨਾ ਨੇ ਕਿਹਾ ਕਿ ਇਹ ਬਿਲਕੁਲ ਸਪਸ਼ਟ ਹੈ ਕਿ ਨੀਰਵ ਮੋਦੀ ਆਪਣੇ ਪਰਿਵਾਰ ਦੇ ਨਾਲ ਪਿਛਲੇ ਮਹੀਨੇ ਦੇਸ਼ ਤੋਂ ਫਰਾਰ ਹੋ ਚੁੱਕਾ ਹੈ।

## ਭਾਜਪਾ ਸਰਕਾਰ ਨੇ ਭਜਾਇਆ ਨੀਰਵ ਮੋਦੀ: ਕੇਜਰੀਵਾਲ

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਨੀਰਵ ਮੋਦੀ ਦੇ ਵਿਦੇਸ਼ ਫਰਾਰ ਹੋਣ 'ਚ ਸਰਕਾਰ ਦੀ ਮਿਲੀਭੁਗਤ ਹੋਣ ਦਾ ਦੋਸ਼ ਲਾਉਂਦੇ ਹੋਏ ਕਿਹਾ ਕਿ ਕੀ ਇਸ 'ਤੇ ਵਿਸ਼ਵਾਸ ਕਰਨਾ ਸੰਭਵ ਹੈ ਕਿ ਉਹ (ਨੀਰਵ ਮੋਦੀ) ਜਾਂ ਵਿਜੇ ਮਾਲਿਆ ਭਾਜਪਾ ਦੀ ਮਦਦ ਤੋਂ ਬਿਨਾਂ ਦੇਸ਼ ਛੱਡ ਕੇ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦੀ ਮਦਦ ਨਾਲ ਨੀਰਵ ਮੋਦੀ ਦੇਸ਼ ਵਿਚੋਂ ਫਰਾਰ ਹੋਇਆ।

## ਮਲਾਲਾ ਲਈ ਹੋਵੇਗਾ 'ਪੈਡ ਮੈਨ' ਦਾ ਵਿਸ਼ੇਸ਼ ਸ਼ੋਅ

**ਮੁੰਬਈ:** ਨੋਬੇਲ ਅਮਨ ਇਨਾਮ ਜੇਤੂ ਪਾਕਿਸਤਾਨੀ ਮੂਲ ਦੀ ਮਲਾਲਾ ਯੂਸਫਜ਼ਈ ਨੇ ਮਾਹਵਾਰੀ ਦੌਰਾਨ ਔਰਤਾਂ ਦੀ ਸੁਰੱਖਿਆ ਤੇ ਬਿਹਤਰ ਸਾਂਭ-ਸੰਭਾਲ ਦੀ ਲੋੜ ਸਬੰਧੀ ਡਾਇਰੈਕਟਰ ਆਰ. ਬਾਲਕੀ ਦੀ ਤਾਜ਼ਾ ਫਿਲਮ 'ਪੈਡ ਮੈਨ' ਵਿਚ ਦਿੱਤੇ ਗਏ ਸੁਨੇਹੇ ਨਾਲ ਆਪਣੀ



ਇਕਮੁਠਤਾ ਦਾ ਇਜ਼ਹਾਰ ਕੀਤਾ ਹੈ।

ਸ੍ਰੀ ਬਾਲਕੀ ਨੇ ਕਿਹਾ ਕਿ ਉਹ ਮਲਾਲਾ ਲਈ ਫਿਲਮ ਦਾ ਵਿਸ਼ੇਸ਼ ਸ਼ੋਅ ਦਿਖਾਉਣ ਦੀ ਯੋਜਨਾ ਬਣਾ ਰਹੇ ਹਨ। ਉਨ੍ਹਾਂ ਕਿਹਾ, "ਮਲਾਲਾ ਵੱਲੋਂ ਸਾਡੀ ਫਿਲਮ ਦੀ ਹਮਾਇਤ ਕੀਤੇ ਜਾਣ ਤੋਂ ਅਸੀਂ ਮਾਣ ਮਹਿਸੂਸ ਕਰ ਰਹੇ ਹਾਂ। ਅਜਿਹੇ ਲੋਕ ਹੀ 'ਪੈਡ ਮੈਨ' ਵਿਚ ਸਾਡੇ ਵੱਲੋਂ ਇਸ ਵਿਸ਼ੇ ਉਤੇ ਦਿੱਤੇ ਗਏ ਸੁਨੇਹੇ ਨੂੰ ਅਗਾਂਹ ਲਿਜਾਣਗੇ। ਹੁਣ ਮਾਹਵਾਰੀ ਦੀ ਹਕੀਕਤ ਉਤੇ ਹੋਰ ਪਰਦਾ ਨਹੀਂ ਪਾਇਆ ਜਾ ਸਕਦਾ। ਅਸੀਂ ਚਾਹੁੰਦੇ ਹਾਂ ਕਿ ਮਲਾਲਾ ਵਰਗੀਆਂ ਤਾਕਤਵਰ ਆਵਾਜ਼ਾਂ ਇਸ ਸੁਨੇਹੇ ਨੂੰ ਅੱਗੇ ਲੈ ਕੇ ਜਾਣ।" ਉਨ੍ਹਾਂ ਮਲਾਲਾ ਨੂੰ ਇਹ ਫਿਲਮ ਦਿਖਾਏ ਜਾਣ ਦੀ ਯੋਜਨਾ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਜਿੰਨਾ ਛੇਤੀ ਸੰਭਵ ਹੋ ਸਕਿਆ ਅਸੀਂ ਉਸ ਨੂੰ ਫਿਲਮ ਦਿਖਾਵਾਂਗੇ।

## ਲਵਲੀ ਨੇ ਮੁੜ ਫੜਿਆ ਕਾਂਗਰਸ ਦਾ ਹੱਥ

**ਨਵੀਂ ਦਿੱਲੀ:** ਦਿੱਲੀ ਪ੍ਰਦੇਸ਼ ਕਾਂਗਰਸ ਦੇ ਸਾਬਕਾ ਪ੍ਰਧਾਨ ਅਰਵਿੰਦਰ ਸਿੰਘ ਲਵਲੀ ਨੇ ਭਾਜਪਾ ਦਾ ਸਾਥ ਛੱਡ ਕੇ ਕਾਂਗਰਸ ਦਾ ਹੱਥ ਮੁੜ ਫੜ ਲਿਆ। ਦਿੱਲੀ ਪ੍ਰਦੇਸ਼ ਦੇ ਪ੍ਰਧਾਨ ਅਜੈ ਮਾਕਨ ਵੱਲੋਂ ਦਰਕਿਨਾਰ ਕੀਤੇ ਜਾਣ ਤੋਂ ਖਫਾ ਹੋ ਕੇ ਸ੍ਰੀ ਲਵਲੀ ਨਿਗਮ ਚੋਣਾਂ ਤੋਂ ਪਹਿਲਾਂ ਭਾਜਪਾ ਵਿਚ ਸ਼ਾਮਲ ਹੋਏ ਸਨ।

# ਕੇਂਦਰੀ ਖੁਰਾਕ ਮੰਤਰਾਲੇ ਨੇ ਨਾ ਗੌਲੀ ਪੰਜਾਬ ਦੀ ਗੱਲ

**ਚੰਡੀਗੜ੍ਹ:** ਅਨਾਜ ਖਰੀਦਣ ਬਦਲੇ ਕੀਤੀਆਂ ਜਾਣ ਵਾਲੀਆਂ ਅਦਾਇਗੀਆਂ ਦੇ ਮਾਮਲੇ ਵਿਚ ਪੰਜਾਬ ਵੱਲੋਂ ਐਫ.ਸੀ.ਆਈ. ਵਾਂਗ ਸਮਾਨ ਵਿਆਜ ਦਰਾਂ ਵਸੂਲਣ ਦੀ ਕੀਤੀ ਬੇਨਤੀ ਕੇਂਦਰ ਨੇ ਮਨਜ਼ੂਰ ਨਹੀਂ ਕੀਤੀ। ਪੰਜਾਬ ਸਰਕਾਰ ਦੇ ਆਲ੍ਹਾ ਅਧਿਕਾਰੀਆਂ ਦਾ ਵਫਦ ਪਿਛਲੇ ਹਫਤੇ ਕੇਂਦਰ ਸਰਕਾਰ ਦੇ ਖੁਰਾਕ ਮੰਤਰਾਲੇ ਦੇ ਅਫਸਰਾਂ ਤੇ ਖਰਚਿਆਂ ਬਾਰੇ ਕੇਂਦਰੀ ਸਕੱਤਰ ਨੂੰ ਮਿਲਿਆ ਸੀ ਪਰ ਉਸ ਨੂੰ ਕੇਂਦਰ ਦੀ ਤਰਫੋਂ ਕੋਈ ਭਰੋਸਾ ਨਾ ਮਿਲਿਆ।

ਪੰਜਾਬ ਸਰਕਾਰ ਚਾਹੁੰਦੀ ਸੀ ਕਿ ਕੇਂਦਰ ਅਨਾਜ ਦੀ ਸਰਕਾਰੀ ਖਰੀਦ ਲਈ ਕੈਸ਼ ਕ੍ਰੈਡਿਟ ਲਿਮਿਟ (ਸੀ.ਸੀ.ਐਲ.) ਉਪਰ ਉਸ ਤੋਂ ਉਹੀ ਵਿਆਜ ਦਰ ਵਸੂਲ ਕਰੇ ਜੋ ਉਹ ਐਫ.ਸੀ.ਆਈ. ਤੋਂ ਲੈਂਦਾ ਹੈ। ਐਫ.ਸੀ.ਆਈ. ਸੀ.ਸੀ.ਐਲ. ਉਤੇ 9.05 ਫੀਸਦੀ ਵਿਆਜ ਦਰ ਅਦਾ ਕਰਦੀ ਹੈ ਜਦਕਿ ਪੰਜਾਬ ਤੋਂ 10.05 ਫੀਸਦੀ ਵਿਆਜ ਦਰ ਵਸੂਲੀ ਜਾਂਦੀ ਹੈ। ਇਕ ਫੀਸਦੀ ਵਿਆਜ ਦਰ ਨਾਲ ਹੀ ਪੰਜਾਬ ਦੀ ਦੇਣਦਾਰੀ ਵਿਚ ਸਾਲਾਨਾ 1000 ਕਰੋੜ ਰੁਪਏ ਦਾ ਫਰਕ ਪੈਂਦਾ ਹੈ। ਜੇ 1993 ਤੋਂ ਸੀ.ਸੀ.ਐਲ. ਉਤੇ ਕੀਤੀ ਜਾਂਦੀ ਵੱਧ ਵਿਆਜ ਦਰ ਦਰੁਸਤ ਕਰਨ ਦੀ ਪੰਜਾਬ ਦੀ ਮੰਗ ਪ੍ਰਵਾਨ ਕਰ ਲਈ ਜਾਂਦੀ ਹੈ ਤਾਂ ਇਸ ਨਾਲ ਪੰਜਾਬ ਨੂੰ 31000 ਕਰੋੜ ਰੁਪਏ ਦੇ ਕਰਜ਼ ਉਤੇ 2500 ਕਰੋੜ ਰੁਪਏ ਦੀ ਰਾਹਤ ਮਿਲ ਸਕਦੀ ਸੀ। ਬਹਰਹਾਲ, ਕੇਂਦਰ ਨੇ ਵਿੱਤੀ ਤੰਗੀ ਦਾ ਸਾਹਮਣਾ ਕਰ ਰਹੇ ਪੰਜਾਬ ਦੀ ਬਾਂਹ ਫੜਨ ਤੋਂ ਨਾਂਹ ਕਰ ਦਿੱਤੀ ਹੈ।

ਸਰਕਾਰੀ ਸੂਤਰਾਂ ਨੇ ਦੱਸਿਆ ਕਿ ਕੇਂਦਰ ਵਾਂਗ ਹੀ ਪੰਜਾਬ ਵੀ ਸੀ.ਸੀ.ਐਲ. ਉਤੇ ਜ਼ਾਮਨੀ ਦਿੰਦਾ ਹੈ ਜਿਸ ਕਰ ਕੇ ਸਾਡੀ ਇਹ ਦਲੀਲ ਹੈ ਕਿ ਬੈਂਕ ਦੋਵਾਂ ਕਰਜ਼ਦਾਰਾਂ ਉਤੇ ਇਕੋ ਜਿਹੀ ਦਰ ਲਾਵੇ। ਪੰਜਾਬ ਕੇਂਦਰੀ ਪੂਲ ਵਿਚ ਅਨਾਜ ਭੇਜਣ ਲਈ ਆਪਣੇ ਖਜ਼ਾਨੇ ਵਿਚੋਂ ਸਾਲਾਨਾ 5100 ਕਰੋੜ ਰੁਪਏ ਖਰਚ ਕਰਦਾ ਹੈ ਜਿਸ ਵਿਚ 3200 ਕਰੋੜ ਰੁਪਏ ਵੀ ਸ਼ਾਮਲ ਹਨ ਜੋ ਇਸ ਵੱਲੋਂ 31000 ਕਰੋੜ ਰੁਪਏ ਦੇ ਕਰਜ਼ ਉਤੇ ਵਿਆਜ ਵਜੋਂ ਅਦਾ ਕੀਤੇ ਜਾਂਦੇ ਹਨ।

## ਭਾਰਤ ਦੇ 91 ਜਲ ਸੋਮਿਆਂ ਦਾ ਪੱਧਰ ਦੋ ਫੀਸਦੀ ਡਿੱਗਿਆ

**ਨਵੀਂ ਦਿੱਲੀ:** ਭਾਰਤ ਦੇ 91 ਵੱਡੇ ਜਲ ਸੋਮਿਆਂ ਦੇ ਪਾਣੀ ਦਾ ਪੱਧਰ ਪਿਛਲੇ ਹਫਤੇ ਆਪਣੀ ਕੁੱਲ ਸਮਰੱਥਾ 41 ਫੀਸਦੀ ਤੋਂ ਘਟ ਕੇ 39 ਫੀਸਦੀ ਰਹਿ ਗਿਆ ਹੈ। ਜਲ ਸੋਮਿਆਂ ਬਾਰੇ ਕੇਂਦਰੀ ਮੰਤਰੀ ਨੇ ਦੱਸਿਆ ਕਿ 15 ਫਰਵਰੀ ਤੱਕ ਇਨ੍ਹਾਂ ਜਲ ਸੋਮਿਆਂ 'ਚ 63.597 ਅਰਬ ਕਿਊਬਿਕ ਮੀਟਰ (ਬੀ.ਸੀ.ਐਮ.) ਪਾਣੀ ਸੀ। ਜਲ ਸੋਮਿਆਂ ਦਾ ਮੌਜੂਦਾ ਪੱਧਰ ਪਿਛਲੇ ਸਾਲ ਇਸੇ ਸਮੇਂ ਦੇ ਪੱਧਰ ਨਾਲੋਂ 88 ਫੀਸਦੀ ਰਹਿ ਗਿਆ ਹੈ। ਇਹ ਪਿਛਲੇ ਇਕ ਦਹਾਕੇ ਦੌਰਾਨ ਪਾਣੀ ਦੇ ਪੱਧਰ ਦਾ ਔਸਤਨ 91 ਫੀਸਦੀ ਵੀ ਹੈ।

ਪਿਛਲੇ ਸਾਲ ਮੁਕਾਬਲੇ ਪੰਜਾਬ, ਰਾਜਸਥਾਨ, ਝਾਰਖੰਡ, ਉੜੀਸਾ, ਗੁਜਰਾਤ, ਉਤਰ ਪ੍ਰਦੇਸ਼, ਮੱਧ ਪ੍ਰਦੇਸ਼, ਛੱਤੀਸਗੜ੍ਹ ਤੇ ਤਿਲੰਗਾਨਾ ਦੇ ਜਲ ਸੋਮਿਆਂ ਦਾ ਪੱਧਰ ਹੇਠਾਂ ਗਿਆ ਹੈ। ਆਂਧਰਾ ਪ੍ਰਦੇਸ਼ 'ਚ ਧਰਤੀ ਹੇਠਲੇ ਪਾਣੀ ਦਾ ਪੱਧਰ ਪਿਛਲੇ ਸਾਲ ਵਰਗਾ ਹੀ ਦਰਜ ਕੀਤਾ ਗਿਆ ਹੈ। ਹਿਮਾਚਲ ਪ੍ਰਦੇਸ਼, ਪੱਛਮੀ ਬੰਗਾਲ, ਤ੍ਰਿਪੁਰਾ, ਮਹਾਰਾਸ਼ਟਰ, ਉਤਰਾਖੰਡ, ਕਰਨਾਟਕ, ਕੇਰਲ ਤੇ ਤਾਮਿਲਨਾਡੂ ਦੇ ਵੱਡੇ ਡੈਮਾਂ 'ਚ ਪਾਣੀ ਦੇ ਪੱਧਰ ਵਿਚ ਪਿਛਲੇ ਸਾਲ ਮੁਕਾਬਲੇ ਚੰਗਾ ਵਾਧਾ ਦਰਜ ਕੀਤਾ ਗਿਆ ਹੈ।

# ਮੋਦੀ ਸਰਕਾਰ ਦੀਆਂ ਬੈਂਕ ਨੀਤੀਆਂ ਨੇ ਡਰਾਏ ਪਰਵਾਸੀ ਪੰਜਾਬੀ

## ਬੈਂਕਾਂ ਵਿਚੋਂ ਧੜਾ ਧੜ ਪੈਸੇ ਕਢਵਾਉਣ ਦਾ ਸਿਲਸਿਲਾ ਜਾਰੀ

**ਚੰਡੀਗੜ੍ਹ:** ਮੋਦੀ ਸਰਕਾਰ ਦੀ ਬੈਂਕ ਨੀਤੀ ਤੋਂ ਪਰਵਾਸੀ ਪੰਜਾਬੀ ਡਾਢੇ ਪਰੇਸ਼ਾਨ ਹਨ। ਨੋਟਬੰਦੀ ਪਿੱਛੋਂ 31 ਮਾਰਚ, 2018 ਤੱਕ ਸਾਰੇ ਬੈਂਕ ਖਾਤੇ ਆਧਾਰ ਕਾਰਡ ਨਾਲ ਜੋੜਨਾ ਲਾਜ਼ਮੀ ਕਰਨ ਅਤੇ ਬੈਂਕਾਂ 'ਚ ਜਮ੍ਹਾਂ ਪੂੰਜੀ ਦੀ ਕੋਈ ਗਰੰਟੀ ਨਾ ਹੋਣ ਬਾਰੇ ਲਿਆਂਦੇ ਜਾ ਰਹੇ ਚਰਚਿਤ ਇਨਸੋਲਵੈਂਸੀ ਐਂਡ ਬੈਂਕਰਪਸੀ ਐਕਟ ਦੀ ਚਰਚਾ ਨੇ ਪਰਵਾਸੀ ਪੰਜਾਬੀਆਂ ਅੰਦਰ ਇੰਨੀ ਦਹਿਸ਼ਤ ਵਾਲਾ ਮਾਹੌਲ ਪੈਦਾ ਕਰ ਦਿੱਤਾ ਹੈ ਕਿ ਉਨ੍ਹਾਂ ਨੂੰ ਲੱਗਣ ਲੱਗ ਪਿਆ ਕਿ ਜੇਕਰ 31 ਮਾਰਚ ਤੋਂ ਪਹਿਲਾਂ ਬੈਂਕਾਂ ਜਾਂ ਹੋਰ ਵਿੱਤੀ ਸੰਸਥਾਵਾਂ ਕੋਲ ਜਮ੍ਹਾਂ ਪਈ ਆਪਣੀ ਰਕਮ ਨਾ ਕਢਵਾਈ ਤਾਂ ਹੋ ਸਕਦਾ ਹੈ ਕਿ ਇਹ ਰਕਮ ਮਿੱਟੀ ਹੀ ਹੋ ਜਾਵੇ।




ਇਸੇ ਦਹਿਸ਼ਤ ਵਿਚ ਪਰਵਾਸੀ ਪੰਜਾਬੀਆਂ ਨੇ ਕਿਸੇ ਵੀ ਤਰ੍ਹਾਂ ਦੇ ਵਿੱਤੀ ਨੁਕਸਾਨ ਦੀ ਪ੍ਰਵਾਹ ਨਾ ਕਰਦਿਆਂ ਆਪਣੀਆਂ ਐਫ.ਡੀਜ਼. ਨੂੰ ਤੁੜਵਾਉਣ ਤੇ ਜਮ੍ਹਾਂ ਪੂੰਜੀ ਨੂੰ ਕਢਵਾਉਣ ਲਈ ਧੜਾਧੜ ਯਤਨ ਸ਼ੁਰੂ ਕਰ ਦਿੱਤੇ ਹਨ। ਬੈਂਕ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਹਿਮੇ ਹੋਏ ਪਰਵਾਸੀ ਪੰਜਾਬੀ ਨਿਵੇਸ਼ਕਾਰਾਂ ਦੇ ਹਰ ਰੋਜ਼ ਉਨ੍ਹਾਂ ਨੂੰ ਵੱਡੀ ਗਿਣਤੀ ਵਿਚ ਫੋਨ ਜਾਂ ਈ.ਮੇਲਜ਼ ਆ ਰਹੀਆਂ ਹਨ ਤੇ ਉਹ ਜਮ੍ਹਾਂ ਪੂੰਜੀ ਹਰ ਹਾਲ 'ਚ ਕਢਵਾਏ ਜਾਣ ਲਈ ਕਾਹਲੇ ਪਏ ਹੋਏ ਹਨ। ਪਰਵਾਸੀ ਪੰਜਾਬੀਆਂ ਨੇ ਬੈਂਕਾਂ ਤੋਂ ਇਲਾਵਾ ਫਾਇਨਾਂਸ ਕੰਪਨੀਆਂ ਵਿਚ ਵੀ ਵੱਡੇ ਪੱਧਰ ਉਤੇ ਪੈਸਾ ਜਮ੍ਹਾਂ ਕਰਵਾਇਆ ਹੋਇਆ ਹੈ। ਪਰਵਾਸੀ ਪੰਜਾਬੀ ਆਪਣੇ ਰਿਸ਼ਤੇਦਾਰਾਂ ਤੱਕ ਪਹੁੰਚ ਕਰ ਕੇ ਜਾਂ ਉਨ੍ਹਾਂ ਨੂੰ ਮੁਖਤਿਆਰਨਾਮੇ ਭੇਜ ਕੇ ਜਮ੍ਹਾਂ ਪੂੰਜੀ ਕਢਵਾਏ ਜਾਣ ਲਈ ਆਖ ਰਹੇ ਹਨ। ਬੈਂਕ ਅਧਿਕਾਰੀਆਂ ਦਾ ਕਹਿਣਾ ਹੈ ਕਿ ਨਵੰਬਰ ਤੋਂ ਫਰਵਰੀ ਤੱਕ ਆਮ ਕਰ ਕੇ ਪਰਵਾਸੀ ਪੰਜਾਬੀਆਂ ਵੱਲੋਂ ਬੈਂਕਾਂ ਵਿਚ ਧੜਾਧੜ ਪੂੰਜੀ ਜਮ੍ਹਾਂ ਕਰਵਾਉਣ ਦੇ ਮਹੀਨਿਆਂ ਵਜੋਂ ਗਿਣੇ ਜਾਂਦੇ ਸਨ ਤੇ ਬੈਂਕ ਅਧਿਕਾਰੀ 31 ਮਾਰਚ ਤੱਕ ਵਾਲੇ ਮਿਲੇ ਜਮ੍ਹਾਂ ਪੂੰਜੀ ਦੇ ਟੀਚੇ ਪਰਵਾਸੀ ਪੰਜਾਬੀਆਂ ਦੇ ਸਹਾਰੇ ਇਨ੍ਹਾਂ ਮਹੀਨਿਆਂ ਵਿਚ ਹੀ ਪੂਰੇ ਕਰ ਜਾਂਦੇ ਸਨ, ਪਰ ਹੁਣ ਹਾਲਾਤ ਬਦਲ ਗਏ ਹਨ। ਹੁਣ ਪੂੰਜੀ ਜਮ੍ਹਾਂ ਕਰਵਾਉਣ ਵਾਲਾ ਤਾਂ ਕੋਈ ਟਾਂਵਾਂ-ਟੱਲਾ ਹੀ ਆਉਂਦਾ ਹੈ ਤੇ ਕਢਵਾਉਣ ਵਾਲਿਆਂ ਦਾ ਤਾਂਤਾ ਲੱਗ ਰਿਹਾ ਹੈ।


ਪੂੰਜੀ ਜਮ੍ਹਾਂ ਕਰਵਾਉਣ ਵਾਲਾ ਰੁਝਾਨ ਤਾਂ ਪਿਛਲੇ 3-4 ਸਾਲ ਤੋਂ ਬੇਹੱਦ ਘਟ ਰਿਹਾ ਸੀ, ਪਰ ਇਸ ਵਰ੍ਹੇ ਇਸ ਨੂੰ ਬਰੇਕਾਂ ਹੀ ਲੱਗ ਗਈਆਂ ਹਨ। ਜਲੰਧਰ ਜ਼ਿਲ੍ਹੇ ਵਿਚ 44 ਬੈਂਕਾਂ ਦੀਆਂ 817 ਬ੍ਰਾਂਚਾਂ ਵਿਚ 31 ਦਸੰਬਰ, 2017 ਤੱਕ ਪਰਵਾਸੀ ਪੰਜਾਬੀਆਂ ਦੀ 13,300 ਕਰੋੜ ਰੁਪਏ ਪੂੰਜੀ ਜਮ੍ਹਾਂ ਸੀ। ਲੀਡ ਬੈਂਕ ਦੇ ਮੈਨੇਜਰ ਵਤਨ ਸਿੰਘ ਅਨੁਸਾਰ 31 ਦਸੰਬਰ, 2017 ਤੱਕ ਪਰਵਾਸੀ ਪੰਜਾਬੀਆਂ ਨੇ ਤਕਰੀਬਨ 450 ਕਰੋੜ ਰੁਪਏ ਕਢਵਾ ਲਏ ਸਨ। ਬੈਂਕ ਸੂਤਰਾਂ ਮੁਤਾਬਕ ਜਨਵਰੀ ਮਹੀਨੇ ਪਰਵਾਸੀ ਪੰਜਾਬੀਆਂ ਵੱਲੋਂ ਜਮ੍ਹਾਂ ਪੂੰਜੀ ਕਢਵਾਉਣ 'ਚ ਇਕਦਮ ਤੇਜ਼ੀ ਆਈ ਹੈ। ਪੰਜਾਬ ਨੈਸ਼ਨਲ ਬੈਂਕ ਦੇ ਰਿਜਨਲ ਦਫਤਰ ਦੀ ਸੂਚਨਾ ਮੁਤਾਬਕ 350 ਕਰੋੜ ਰੁਪਏ ਸਿਰਫ ਇਸ ਬੈਂਕ ਤੋਂ ਹੀ ਕਢਵਾਏ ਗਏ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਰਕਮ ਕੁੱਲ ਜਮ੍ਹਾਂ ਪੂੰਜੀ ਦਾ 10 ਫੀਸਦੀ ਤੋਂ ਵਧੇਰੇ ਬਣਦਾ ਹੈ। 10 ਫੀਸਦੀ ਨੂੰ ਆਧਾਰ ਮੰਨ ਕੇ ਮੋਟੇ ਅੰਦਾਜ਼ੇ ਮੁਤਾਬਕ ਸਾਰੀਆਂ ਬੈਂਕਾਂ ਤੋਂ ਕਢਵਾਈ ਪੂੰਜੀ 1300 ਕਰੋੜ ਰੁਪਏ ਤੋਂ ਵੱਧ ਬਣਦੀ ਹੈ।

ਨੋਟਬੰਦੀ ਤੇ ਜੀ.ਐਸ.ਟੀ. ਕਾਰਨ ਪਹਿਲਾਂ ਹੀ ਮੰਦੇ ਦਾ ਸ਼ਿਕਾਰ ਹੋਏ ਬੈਂਕਾਂ ਦੇ ਅਧਿਕਾਰੀ ਪਰਵਾਸੀ ਪੰਜਾਬੀਆਂ ਵੱਲੋਂ ਇਕਦਮ ਪੈਸਾ ਕਢਵਾਏ ਜਾਣ ਦੇ ਰੁਝਾਨ ਤੋਂ ਬੇਹੱਦ ਚਿੰਤਤ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪਰਵਾਸੀ ਪੰਜਾਬੀਆਂ ਦੇ ਮੂੰਹ ਫੇਰਨ ਨਾਲ ਪੰਜਾਬ ਦੀ ਆਰਥਿਕਤਾ ਨੂੰ ਵੱਡਾ ਨੁਕਸਾਨ ਹੋ ਸਕਦਾ ਹੈ ਤੇ ਖਾਸ ਕਰ ਕੇ ਸਾਰਾ ਪੈਸਾ ਕਢਵਾ ਕੇ ਵਿਦੇਸ਼ਾਂ 'ਚ ਲਿਜਾਣਾ ਪੰਜਾਬ ਲਈ ਵੱਡਾ ਝਟਕਾ ਹੋਵੇਗਾ।

# ਫਲੋਰਿਡਾ ਦੇ ਸਕੂਲ 'ਚ ਵਿਦਿਆਰਥੀ ਵੱਲੋਂ ਫਾਇਰਿੰਗ, 17 ਹਲਾਕ

**ਵਾਸ਼ਿੰਗਟਨ:** ਫਲੋਰਿਡਾ ਹਾਈ ਸਕੂਲ ਵਿਚੋਂ ਕੱਢੇ ਵਿਦਿਆਰਥੀ ਨੇ ਸਕੂਲ ਵਿਚ ਅਸਾਲਟ ਰਾਈਫਲ ਨਾਲ ਅੰਨ੍ਹੇਵਾਹ ਗੋਲੀਬਾਰੀ ਕਰ ਕੇ 17 ਵਿਅਕਤੀਆਂ ਦੀ ਜਾਨ ਲੈ ਲਈ। ਅਮਰੀਕਾ ਵਿਚ ਘਾਤਕ ਗੋਲੀਬਾਰੀ ਵਿਚੋਂ ਇਕ ਮੰਨੀ ਜਾਂਦੀ ਇਸ ਫਾਇਰਿੰਗ 'ਚ ਇਕ ਭਾਰਤ-ਅਮਰੀਕੀ ਵਿਦਿਆਰਥੀ ਸਮੇਤ 17 ਹੋਰ ਜਖ਼ਮੀ ਹੋਏ ਹਨ।

ਪਾਰਕਲੈਂਡ ਦੇ ਮਰਜੌਰੀ ਸਟੋਨਮੈਨ ਡਗਲਸ



ਹਾਈ ਸਕੂਲ ਦੇ ਸਾਬਕਾ ਵਿਦਿਆਰਥੀ ਨਿਕੋਲਸ ਕਰੂਜ਼ (19) ਨੂੰ ਗੋਲੀਬਾਰੀ ਮਗਰੋਂ ਛੇਤੀ ਹੀ ਗ੍ਰਿਫਤਾਰ ਕਰ ਲਿਆ ਗਿਆ। ਉਸ ਨੂੰ ਅਨੁਸ਼ਾਸਨ ਵਿਚ ਕੋਤਾਹੀ ਲਈ ਸਕੂਲ ਵਿਚੋਂ ਕੱਢਿਆ ਗਿਆ ਸੀ। ਸਕੂਲ ਵਿਚ ਵੱਡੀ ਗਿਣਤੀ ਭਾਰਤ-ਅਮਰੀਕਨ ਵਿਦਿਆਰਥੀ ਪੜ੍ਹਦੇ ਹਨ। ਅਧਿਕਾਰੀਆਂ ਮੁਤਾਬਕ ਹਮੇਸ਼ਾ ਗੜਬੜ ਕਰਨ ਵਾਲੇ ਕਰੂਜ਼ ਨੇ ਗੋਲੀਬਾਰੀ ਤੋਂ ਪਹਿਲਾਂ ਸੋਸ਼ਲ ਮੀਡੀਆ 'ਤੇ ਕੁਝ ਇਤਰਾਜ਼ਯੋਗ ਸਮੱਗਰੀ ਪਾਈ ਸੀ। ਕਰੂਜ਼ ਕੋਲ ਕਈ ਮੈਗਜ਼ੀਨਾਂ ਸਨ ਅਤੇ ਇਕ ਏਆਰ-15 ਰਾਈਫਲ ਵੀ ਸੀ। ਰਿਪੋਰਟਾਂ ਮੁਤਾਬਕ ਉਸ ਕੋਲ ਗੈਸ ਮਾਸਕ ਅਤੇ ਧੂੰਆਂ ਫੈਲਾਉਣ ਵਾਲੇ ਗਰਨੇਡ ਵੀ ਸਨ। ਜਾਂਚਕਾਰਾਂ ਮੁਤਾਬਕ ਕਰੂਜ਼ ਨੇ ਪਹਿਲਾਂ ਅੱਗ ਲੱਗਣ ਵਾਲਾ ਅਲਾਰਮ ਵਜਾਇਆ ਤਾਂ ਜੋ ਸਾਰਿਆਂ ਨੂੰ ਜਮਾਤਾਂ ਵਿਚੋਂ ਕੱਢਿਆ ਜਾ ਸਕੇ ਅਤੇ ਉਹ ਜ਼ਿਆਦਾ ਲੋਕਾਂ ਨੂੰ ਨਿਸ਼ਾਨਾ ਬਣਾ ਸਕੇ। ਸਕੂਲ 'ਚ ਪਹਿਲਾਂ ਹੀ ਇਸ ਦਾ ਅਭਿਆਸ ਹੋ ਚੁੱਕਾ ਹੋਣ ਕਰ ਕੇ ਜ਼ਿਆਦਾਤਰ ਨੇ ਸਮਝਿਆ ਕਿ ਇਹ ਝੂਠਾ ਅਲਾਰਮ ਹੈ।

ਇਸ ਵਿਦਿਆਰਥੀ ਨੇ ਸੈਮੀ ਆਟੋਮੈਟਿਕ ਰਾਇਫਲ ਨਾਲ ਗੋਲੀਬਾਰੀ ਸ਼ੁਰੂ ਕਰ ਦਿੱਤੀ। ਕਰੂਜ਼ ਨੇ ਮੰਨਿਆ ਕਿ ਉਹ ਸਕੂਲ 'ਚ ਵਾਧੂ ਮੈਗਜ਼ੀਨ ਲੈ ਕੇ ਗਿਆ ਸੀ ਅਤੇ ਕੰਪਲੈਕਸ 'ਚ ਪੁੱਜਣ ਮਗਰੋਂ ਉਸ ਨੇ ਉਨ੍ਹਾਂ ਨੂੰ ਬੈਗ ਵਿਚ ਰੱਖਿਆ। ਬੰਦੂਕਧਾਰੀ ਨੇ 5 ਕਲਾਸਾਂ 'ਚ ਗੋਲੀਬਾਰੀ ਕੀਤੀ। ਇਨ੍ਹਾਂ ਵਿਚੋਂ 4 ਕਲਾਸਾਂ ਪਹਿਲੀ ਮੰਜ਼ਲ ਅਤੇ ਇਕ ਕਲਾਸ ਦੂਜੀ ਮੰਜ਼ਲ ਉਤੇ ਹੈ। ਗੋਲੀਬਾਰੀ ਕਰਨ ਮਗਰੋਂ ਉਹ ਤੀਸਰੀ ਮੰਜ਼ਲ 'ਤੇ ਗਿਆ ਅਤੇ ਉਸ ਨੇ ਆਪਣੀ ਏ.ਆਰ.15 ਰਾਇਫਲ ਅਤੇ ਗੋਲਾ ਬਾਰੂਦ ਨਾਲ ਭਰਿਆ ਪਿੱਠੂ ਬੈਗ ਸੁੱਟ ਦਿੱਤਾ। ਇਸ ਮਗਰੋਂ ਉਹ ਇਮਾਰਤ ਵਿਚੋਂ ਭੱਜਿਆ ਅਤੇ ਦੌੜ ਰਹੇ ਵਿਦਿਆਰਥੀਆਂ 'ਚ ਸ਼ਾਮਲ ਹੋ ਕੇ ਦੌੜਨ ਦੀ ਕੋਸ਼ਿਸ਼ ਕੀਤੀ। 19 ਸਾਲਾ ਕਰੂਜ਼ ਅਨਾਥ ਹੈ ਅਤੇ ਪਿਛਲੇ ਸਾਲ ਉਸ ਦੀ ਮਾਂ ਦੀ ਮੌਤ ਹੋ ਗਈ ਸੀ।

ਪਿਛਲੇ ਸਾਲ ਕਰਵਾਏ ਇਕ ਸਰਵੇਖਣ 'ਚ ਪਾਰਕਲੈਂਡ, ਜਿਸ ਦੀ 2016 ਵਿਚ ਆਬਾਦੀ 31000 ਸੀ, ਨੂੰ ਫਲੋਰੀਡਾ ਦਾ ਸਭ ਤੋਂ ਸੁਰੱਖਿਅਤ ਸ਼ਹਿਰ ਐਲਾਨਿਆ ਗਿਆ ਸੀ। 2012 'ਚ ਕਨੈਕਟੀਕਟ ਸਕੂਲ ਸੈਂਡੀ ਹੂਕ ਵਿਚ ਵਾਪਰੀ ਗੋਲੀਬਾਰੀ ਦੀ ਘਟਨਾ, ਜਿਸ ਵਿਚ 26 ਲੋਕ ਮਾਰੇ ਗਏ ਸਨ, ਤੋਂ ਬਾਅਦ ਦੂਜੀ ਭਿਆਨਕ ਘਟਨਾ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀ ਟਵੀਟ ਕਰ ਕੇ ਆਪਣੀ ਹਮਦਰਦੀ ਪ੍ਰਗਟ ਕੀਤੀ ਹੈ। ਉਧਰ, ਗੋਲੀਬਾਰੀ ਦੀ ਘਟਨਾ 'ਚ ਆਪਣੀ ਧੀ ਗੁਆਉਣ ਵਾਲੀ ਲੋਰੀ ਅਲਹਾਦੇਫ ਨੇ ਹੰਝੂ ਕੇਰਦਿਆਂ ਰਾਸ਼ਟਰਪਤੀ ਡੋਨਲਡ ਟਰੰਪ ਤੋਂ ਮੰਗ ਕੀਤੀ ਹੈ ਕਿ ਉਹ ਬੰਦੂਕ ਸਭਿਆਚਾਰ ਬਾਰੇ ਕੋਈ ਕਦਮ ਚੁੱਕੇ। ਲੋਰੀ ਨੇ ਚੀਕ ਕੇ ਮਾਈਕ 'ਚ ਰਾਸ਼ਟਰਪਤੀ ਨੂੰ ਕਿਹਾ ਕਿ ਉਹ ਮੁਲਕ ਵਿਚੋਂ ਘਾਤਕ ਬੰਦੂਕ ਦੀ ਫੈਲੀ ਮਹਾਂਮਾਰੀ ਦਾ ਕੋਈ ਹੱਲ ਕੱਢਣ ਜਿਸ ਨੇ ਉਸ ਦੀ ਧੀ ਦੀ ਜ਼ਿੰਦਗੀ ਲੈ ਲਈ ਹੈ। ਸਕੂਲ 'ਚ ਮਾਰੇ ਗਏ 17 ਵਿਅਕਤੀਆਂ 'ਚ ਲੋਰੀ ਦੀ ਧੀ ਅਲੀਸਾ (14) ਵੀ ਸ਼ਾਮਲ ਸੀ। ਉਸ ਨੇ ਸਵਾਲ ਦਾਗੇ ਕਿ ਬੰਦੂਕਧਾਰੀ ਨੂੰ ਬੱਚਿਆਂ ਦੇ ਸਕੂਲ 'ਚ ਕਿਵੇਂ ਆਉਣ ਦਿੱਤਾ ਗਿਆ? ਪਾਗਲ ਬੰਦੂਕਧਾਰੀ ਸਕੂਲ 'ਚ ਦਾਖਲ ਹੋਇਆ ਅਤੇ ਉਸ ਦੀ ਧੀ ਦੇ ਦਰਵਾਜ਼ੇ ਦੇ ਸ਼ੀਸ਼ੇ ਨੂੰ ਤੋੜ ਕੇ ਗੋਲੀਬਾਰੀ ਸ਼ੁਰੂ ਕਰ ਦਿੱਤੀ ਅਤੇ ਉਸ ਨੂੰ ਥਾਂ 'ਤੇ ਹੀ ਮਾਰ ਦਿੱਤਾ।

## ਸੂਹ ਮਿਲਣ ਦੇ ਬਾਵਜੂਦ ਨਾਕਾਮ ਰਹੀ ਐਫ.ਬੀ.ਆਈ.

**ਪਾਰਕਲੈਂਡ:** ਐਫ.ਬੀ.ਆਈ. ਨੇ ਮੰਨਿਆ ਹੈ ਕਿ ਉਨ੍ਹਾਂ ਨੂੰ 19 ਵਰ੍ਹਿਆਂ ਦੇ ਬੰਦੂਕਧਾਰੀ ਬਾਰੇ ਸੂਹ ਮਿਲ ਗਈ ਸੀ ਪਰ ਉਹ ਉਸ ਨੂੰ ਰੋਕਣ 'ਚ ਨਾਕਾਮ ਰਹੇ। ਰਾਸ਼ਟਰਪਤੀ ਡੋਨਲਡ ਟਰੰਪ ਨੇ ਆਖਿਆ ਕਿ ਐਫ.ਬੀ.ਆਈ. ਰੂਸੀ ਦਖਲ ਦੇ ਮਾਮਲੇ ਦੀ ਜਾਂਚ ਵਿਚ ਇਸ ਕਦਰ ਫਸੀ ਹੋਈ ਹੈ ਕਿ ਉਹ ਉਨ੍ਹਾਂ ਸੰਕੇਤਾਂ ਵੱਲ ਧਿਆਨ ਹੀ ਨਹੀਂ ਦੇ ਸਕੀ ਜਿਸ ਨਾਲ ਪਾਰਕਲੈਂਡ ਸਕੂਲ ਵਿਚ ਹੋਈ ਗੋਲੀਬਾਰੀ ਦੀ ਘਟਨਾ ਟਾਲੀ ਜਾ ਸਕਦੀ ਸੀ।

ਟਰੰਪ ਦੀਆਂ ਇਹ ਸਖਤ ਟਿੱਪਣੀਆਂ ਉਦੋਂ ਸਾਹਮਣੇ ਆਈਆਂ ਜਦੋਂ ਗੋਲੀਬਾਰੀ ਵਿਚੋਂ ਬਚ ਨਿਕਲੇ ਵਿਦਿਆਰਥੀਆਂ ਨੇ ਫਲੋਰਿਡਾ ਤੇ ਹੋਰਨੀਂ ਥਾਈਂ ਹੋਈਆਂ ਬਹੁਤ ਸਾਰੀਆਂ ਰੈਲੀਆਂ ਵਿਚ ਦੋਸ਼ ਲਾਇਆ ਸੀ ਕਿ ਡੋਨਾਲਡ ਟਰੰਪ ਨੇ ਚੋਣਾਂ ਵਿਚ ਨੈਸ਼ਨਲ ਰਾਈਫਲ ਐਸੋਸੀਏਸ਼ਨ ਤੋਂ ਚੰਦਾ ਲਿਆ ਸੀ ਜਿਸ ਕਰ ਕੇ ਉਹ ਹਥਿਆਰ ਰੱਖਣ 'ਤੇ ਪਾਬੰਦੀ ਦੀਆਂ ਮੰਗਾਂ ਨੂੰ ਦਰਕਿਨਾਰ ਕਰਦੇ ਆ ਰਹੇ ਹਨ।



## ਭਾਰਤੀ ਮੂਲ ਦੀ ਅਧਿਆਪਕਾ ਦੀ ਸਿਆਣਪ ਕਾਰਨ ਹੋਇਆ ਬਚਾਅ

**ਚੰਡੀਗੜ੍ਹ:** ਫਲੋਰਿਡਾ ਗੋਲੀਬਾਰੀ ਵਿਚ ਹੋਰ ਵਿਦਿਆਰਥੀਆਂ ਦੀ ਮੌਤ ਵੀ ਹੋ ਸਕਦੀ ਸੀ, ਜੇਕਰ ਭਾਰਤੀ ਮੂਲ ਦੀ ਅਮਰੀਕੀ ਅਧਿਆਪਕਾ ਸਹੀ ਸਮੇਂ ਬੱਚਿਆਂ ਦਾ ਬਚਾਅ ਨਾ ਕਰਦੀ। ਭਾਰਤੀ ਮੂਲ ਦੀ ਹਿਸਾਬ ਦੀ ਅਧਿਆਪਕਾ ਸ਼ਾਂਤੀ ਵਿਸ਼ਵਨਾਥਨ ਨੂੰ ਜਦੋਂ ਸਕੂਲ ਵਿਚ ਗੋਲੀਆਂ ਦੀ ਆਵਾਜ਼ ਸੁਣਾਈ ਦਿੱਤੀ ਤਾਂ ਉਸ ਨੇ ਤੁਰਤ ਆਪਣੀ ਜਮਾਤ ਦੇ ਬੱਚਿਆਂ ਨੂੰ ਕਮਰੇ ਅੰਦਰ ਰੁਕਣ ਲਈ ਕਿਹਾ ਤੇ ਹਮਲਾਵਰ ਦੀ ਨਿਗ੍ਹਾ ਤੋਂ ਬਚਾਉਣ ਲਈ ਦਰਵਾਜ਼ਾ ਬੰਦ ਕਰ ਦਿੱਤਾ। ਅਮਰੀਕੀ ਮੀਡੀਆ ਮੁਤਾਬਕ ਸ਼ਾਂਤੀ ਦੇ ਇਕ ਵਿਦਿਆਰਥੀ ਬ੍ਰਾਇਨ ਦੇ ਮਾਤਾ ਡਾਅਨ ਜਾਰਬੋਇ ਨੇ ਕਿਹਾ ਕਿ ਉਸ ਨੇ ਬੱਚਿਆਂ ਖਾਤਰ ਸਵੈਟ ਟੀਮ 'ਤੇ ਵੀ ਵਿਸ਼ਵਾਸ ਨਾ ਕੀਤਾ।

# ਸੈਨੇਟ ਨੂੰ ਨਾ ਜਚਿਆ ਟਰੰਪ ਦਾ ਆਵਾਸ ਬਿੱਲ

**ਵਾਸ਼ਿੰਗਟਨ:** ਸੈਨੇਟ ਨੇ ਰਾਸ਼ਟਰਪਤੀ ਡੋਨਲਡ ਟਰੰਪ ਦੀ ਹਮਾਇਤ ਵਾਲੀ ਤਜਵੀਜ਼ ਸਮੇਤ ਆਵਾਸ ਵਿਚ ਸੁਧਾਰਾਂ ਨਾਲ ਸਬੰਧਤ ਤਜਵੀਜ਼ਾਂ ਨੂੰ ਰੱਦ ਕਰ ਦਿੱਤਾ। ਸੈਨੇਟ ਦਾ ਇਹ ਫੈਸਲਾ ਹਜ਼ਾਰਾਂ ਡਰੀਮਰਜ਼ ਲਈ ਵੱਡਾ ਝਟਕਾ ਹੈ, ਜਿਨ੍ਹਾਂ ਨੂੰ ਬੱਚਿਆਂ ਦੇ ਰੂਪ ਵਿਚ ਗੈਰਕਾਨੂੰਨੀ ਤਰੀਕੇ ਨਾਲ ਮੁਲਕ ਵਿਚ ਲਿਆਂਦਾ ਗਿਆ ਸੀ।

ਇਸ ਦੇ ਨਾਲ ਹੀ ਸੈਨੇਟ ਨੇ ਟਰੰਪ ਪ੍ਰਸ਼ਾਸਨ ਵੱਲੋਂ ਆਵਾਸ ਦੀ ਪੇਸ਼ਕਸ਼ ਨਾਲ ਸਬੰਧਤ ਦੁਵੱਲੇ ਕਰਾਰ ਨੂੰ ਵੀ ਰੱਦ ਕਰ ਦਿੱਤਾ ਜਿਸ ਤਹਿਤ 18 ਲੱਖ ਅਮਰੀਕੀਆਂ, ਜਿਨ੍ਹਾਂ ਨੂੰ ਡਰੀਮਰਜ਼ ਵੀ ਕਿਹਾ ਜਾਂਦਾ ਹੈ, ਨੂੰ ਮੈਕਸੀਕੋ ਸਰਹੱਦ 'ਤੇ ਕੰਧ ਦੀ ਉਸਾਰੀ ਤੇ ਹੋਰ ਸੁਰੱਖਿਆ ਪ੍ਰਬੰਧਾਂ ਲਈ ਮਿਲਣ ਵਾਲੇ 25 ਅਰਬ ਅਮਰੀਕੀ ਡਾਲਰ ਦੇ ਵੱਟੇ ਨਾਗਰਿਕਤਾ ਦੇਣ ਦੀ ਪੇਸ਼ਕਸ਼ ਕੀਤੀ ਗਈ ਸੀ। ਇਸ ਦੌਰਾਨ ਵ੍ਹਾਈਟ ਹਾਊਸ ਨੇ ਦੁਵੱਲੇ ਕਰਾਰ ਵਾਲੇ ਬਿੱਲ ਨੂੰ ਵੀਟੋ ਕਰਨ ਦੀ ਧਮਕੀ ਦਿੱਤੀ ਹੈ।

ਸੈਨੇਟਰ, ਲੜੀਵਾਰ ਵੋਟਿੰਗ ਦੌਰਾਨ ਆਵਾਸ ਨਾਲ ਸਬੰਧਤ ਯੋਜਨਾ ਨੂੰ ਅੱਗੇ ਤੋਰਨ ਲਈ ਲੋੜੀਂਦੀਆਂ ਵੋਟਾਂ ਹਾਸਲ ਨਾ ਕਰ ਸਕੇ। ਟਰੰਪ ਦੀ ਹਮਾਇਤ ਵਾਲਾ ਬਿੱਲ 39 ਦੇ ਮੁਕਾਬਲੇ 60 ਵੋਟਾਂ ਨਾਲ ਫੇਲ੍ਹ ਹੋ ਗਿਆ। ਸੈਨੇਟ ਦੀ ਆਵਾਸ ਸੁਧਾਰ ਬਿੱਲ ਉਤੇ ਮੋਹਰ ਨਾਲ 18 ਲੱਖ ਕਾਨੂੰਨੀ ਤੇ ਜਾਇਜ਼ ਆਵਾਸੀਆਂ ਨੂੰ ਮੁਲਕ ਦੀ ਸਥਾਈ ਨਾਗਰਿਕਤਾ ਹੀ ਨਹੀਂ ਮਿਲਦੀ ਬਲਕਿ ਮੈਕਸਿਕੋ ਸਰਹੱਦ ਉਤੇ ਕੰਧ ਦੀ ਉਸਾਰੀ ਲਈ 25 ਅਰਬ ਅਮਰੀਕੀ ਡਾਲਰ ਵੀ ਮਿਲ ਜਾਂਦੇ।

ਵ੍ਹਾਈਟ ਹਾਊਸ ਦੀ ਹਮਾਇਤ ਵਾਲੇ ਬਿੱਲ 'ਚ ਪਰਿਵਾਰ ਅਧਾਰਤ ਆਵਾਸ ਨੂੰ ਨੱਥ ਪਾਉਣ ਤੇ ਲਾਟਰੀ ਵੀਜ਼ਾ ਵਿਚਲੀ ਵੰਨ ਸੁਵੰਨਤਾ ਨੂੰ ਖਤਮ ਕਰਨ ਦੀ ਤਜਵੀਜ਼ ਰੱਖੀ ਗਈ ਸੀ। ਸੈਨੇਟ ਨੇ ਦੁਵੱਲੇ ਕਰਾਰ ਵਾਲਾ ਉਕਤ ਬਿੱਲ 54-45 ਨਾਲ ਰੱਦ ਕਰ ਦਿੱਤਾ। ਬਿੱਲ ਨੂੰ ਫਿਲੀਬਸਟਰ ਦੇ ਅੜਿੱਕੇ ਨੂੰ ਪਾਰ ਪਾਉਣ ਲਈ 60 ਵੋਟਾਂ ਦੀ ਦਰਕਾਰ ਸੀ। ਟਰੰਪ ਨੇ ਸਕਮਰ-ਰਾਊਂਡਜ਼-ਕੌਲਿਨਜ਼ ਆਵਾਸ ਬਿੱਲ ਨੂੰ 'ਪੂਰੀ ਤਰ੍ਹਾਂ ਨਾਲ ਤਬਾਹ' ਕਰਨ ਵਾਲਾ ਦੱਸਿਆ ਹੈ। ਵ੍ਹਾਈਟ ਹਾਊਸ ਨੇ ਬਿੱਲ ਨੂੰ ਵੀਟੋ ਕਰਨ ਦੀ ਧਮਕੀ ਦਿੱਤੀ ਹੈ।


## ਤੰਦੂਰੀਏ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ ਦੇ ਲੋੜ ਹੈ ਜੋ ਤੰਦੂਰ ਦਾ ਸਾਰਾ ਕੰਮ ਜਾਣਦਾ ਹੋਵੇ। ਚੰਗੀ ਤਨਖਾਹ; ਖਾਣਾ ਤੇ ਰਿਹਾਇਸ਼ ਮੁਫਤ
ਪਤੀ-ਪਤਨੀ ਨੂੰ ਪਹਿਲ
*ਸੰਪਰਕ ਕਰੋ: ਮਿ. ਸਿੰਘ*
ਫੋਨ: 515-291-1961
8-9



## ਹਲਵਾਈ ਤੇ ਹੈਲਪਰਾਂ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ ਅਤੇ ਹੈਲਪਰ ਚਾਹੀਦੇ ਹਨ
ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ
ਸੰਪਰਕ ਕਰੋ
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635
8-



## ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

1816 Main Ave., Secramento CA, 95838

ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
*ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ*



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ

Call For Special Price

Kashmir S. Thandi
Office: (866) 933-3038
Balhar S. Ranu Cell:916-502-7733

**Punjab Times**
Established in 2000
19th Year in Publication

Published every Saturday
by A B Publication Inc.
20451 N Plum Grove Rd.
Palatine, IL 60074-2018
Ph:847-359-0746
Fax:847-705-9388
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
Kamaljit Singh Virdi
Ph. 847-502-2703

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਿੱਖ ਕਤਲੇਆਮ: ਸੀ.ਬੀ.ਆਈ. ਵੱਲੋਂ ਪੁਲਿਸ ਦੀ ਕਾਰਗੁਜ਼ਾਰੀ ਵੱਲ ਉਂਗਲ

**ਨਵੀਂ ਦਿੱਲੀ:** ਸੀ.ਬੀ.ਆਈ. ਨੇ ਦਿੱਲੀ ਦੀ ਇਕ ਅਦਾਲਤ ਵਿਚ ਦਾਅਵਾ ਕੀਤਾ ਹੈ ਕਿ ਦਿੱਲੀ ਪੁਲਿਸ ਨੇ 1984 ਦੇ ਸਿੱਖ ਕਤਲੇਆਮ ਵਿਚ ਕਾਂਗਰਸ ਆਗੂ ਸੱਜਣ ਕੁਮਾਰ ਦੀ ਸ਼ਮੂਲੀਅਤ ਬਾਰੇ ਗਵਾਹ ਦੇ ਬਿਆਨ ਸਹੀ ਢੰਗ ਨਾਲ ਦਰਜ ਹੀ ਨਹੀਂ ਕੀਤੇ। ਸੀ.ਬੀ.ਆਈ. ਨੇ ਇਹ ਵੀ ਦਾਅਵਾ ਕੀਤਾ ਹੈ ਕਿ ਪੜਤਾਲ ਦੌਰਾਨ ਉਸ ਨੂੰ ਪਤਾ ਲੱਗਿਆ ਕਿ ਸਰਕਾਰੀ ਪੱਖ ਦੀ ਮੁੱਖ ਗਵਾਹ ਸ਼ੀਲਾ ਕੌਰ ਦਾ 1985 ਵਿਚ ਦਰਜ ਕੀਤਾ ਗਿਆ ਬਿਆਨ ਫਰਜ਼ੀ ਸੀ ਤੇ ਪੁਲਿਸ ਨੇ ਖੁਦ ਹੀ ਤਿਆਰ ਕੀਤਾ ਸੀ।

ਸੀ.ਬੀ.ਆਈ. ਨੇ ਇਹ ਪ੍ਰਗਟਾਵਾ ਪੱਛਮੀ ਦਿੱਲੀ ਦੇ ਸੁਲਤਾਨਪੁਰੀ ਇਲਾਕੇ ਵਿਚ ਹੋਏ ਦੰਗਿਆਂ ਸਬੰਧੀ ਕੀਤਾ ਹੈ, ਜਿਥੇ ਸੱਜਣ ਕੁਮਾਰ ਦੋ ਹੋਰਾਂ ਨਾਲ ਮੁਲਜ਼ਮ ਹੈ। ਅਦਾਲਤ ਨੇ ਕੇਸ ਦੀ ਸੁਣਵਾਈ 6 ਮਾਰਚ ਤੱਕ ਮੁਲਤਵੀ ਕਰ ਦਿੱਤੀ ਹੈ। ਪੀੜਤ ਧਿਰ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਐਚ.ਐਸ. ਫੂਲਕਾ ਨੇ ਕਿਹਾ ਕਿ ਸੀ.ਬੀ.ਆਈ. ਦਾ ਬਿਆਨ ਉਦੋਂ ਆਇਆ ਹੈ ਜਦੋਂ ਸੱਜਣ ਕੁਮਾਰ ਦਾ ਵਕੀਲ, ਗਵਾਹ ਸ਼ੀਲਾ ਕੌਰ ਦੇ ਨਾਲ ਜਿਰ੍ਹਾ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਸੀ.ਬੀ.ਆਈ. ਵਿਵਾਦ ਪੈਦਾ ਕਰਨਾ ਚਾਹੁੰਦੀ ਹੈ ਜਦੋਂ ਕਿ ਇਹ ਬਿਆਨ ਸੀ.ਆਰ.ਪੀ.ਸੀ. ਦੀ ਧਾਰਾ 161 ਤਹਿਤ ਦਰਜ ਕੀਤੇ ਗਏ ਹਨ।

## ਇਮਰਾਨ ਖਾਨ ਨੇ ਕਰਵਾਇਆ ਤੀਜਾ ਨਿਕਾਹ

**ਲਾਹੌਰ:** ਕ੍ਰਿਕਟਰ ਤੋਂ ਸਿਆਸਤਦਾਨ ਬਣੇ ਪਾਕਿਸਤਾਨ ਤਹਿਰੀਕ-ਏ-ਇਨਸਾਫ ਪਾਰਟੀ ਦੇ ਮੁਖੀ 65 ਸਾਲਾ ਇਮਰਾਨ ਖਾਨ ਨੇ ਤੀਜੀ ਵਾਰ ਵਿਆਹ ਕਰਵਾ ਲਿਆ ਹੈ। ਇਸ ਨਾਲ ਉਨ੍ਹਾਂ ਦੇ ਵਿਆਹੁਤਾ ਰੁਤਬੇ ਬਾਰੇ ਹਫਤਿਆਂ ਜਾਰੀ ਕਿਆਸ ਖਤਮ ਹੋ ਗਏ ਹਨ। ਇਸ ਵਾਰ ਉਨ੍ਹਾਂ ਆਪਣੀ 'ਰੂਹਾਨੀ ਰਹਿਨੁਮਾ' (ਅਧਿਆਤਮਕ ਆਗੂ) ਬੁਸ਼ਰਾ ਮਾਨੇਕਾ ਨੂੰ ਆਪਣੀ ਹਮਸਫਰ ਬਣਾਇਆ ਹੈ। ਨਿਕਾਹ ਸਮਾਗਮ ਬੁਸ਼ਰਾ ਦੇ ਭਰਾ ਦੀ ਪਾਕਪਟਨ ਸਥਿਤ ਰਿਹਾਇਸ਼ ਉਤੇ ਹੋਇਆ।

## ਅਣਖ ਖਾਤਰ ਧੀ ਤੇ ਪ੍ਰੇਮੀ ਦੀ ਹੱਤਿਆ

**ਲੁਧਿਆਣਾ:** ਪਿੰਡ ਦੁਆਬਾ ਭੈਣੀ 'ਚ ਇਕ ਸ਼ਖਸ ਨੇ ਕੁਹਾੜੀ ਨਾਲ ਆਪਣੀ ਧੀ ਤੇ ਉਸ ਦੇ ਪ੍ਰੇਮੀ ਦਾ ਕਤਲ ਕਰ ਦਿੱਤਾ। ਕਤਲ ਤੋਂ ਬਾਅਦ ਉਹ ਲਾਸ਼ਾਂ ਨੂੰ ਸਬਜ਼ੀ ਵਾਲੀ ਰੇਹੜੀ ਉਤੇ ਰੱਖ ਕੇ ਚੌਕ ਵਿਚ ਲੈ ਗਿਆ ਤੇ ਉਥੇ ਛੱਡ ਕੇ ਫਰਾਰ ਹੋ ਗਿਆ। ਤੜਕੇ ਪਿੰਡ ਵਾਲਿਆਂ ਨੇ ਲਾਸ਼ਾਂ ਦੇਖੀਆਂ ਤੇ ਪੁਲਿਸ ਨੂੰ ਸੂਚਨਾ ਦਿੱਤੀ। ਮ੍ਰਿਤਕਾਂ ਦੀ ਪਛਾਣ ਬਲਵਿੰਦਰ ਕੌਰ (34) ਤੇ ਕੁਲਦੀਪ ਕੁਮਾਰ ਛਾਬੜਾ (45) ਵਜੋਂ ਹੋਈ ਹੈ। ਪੁਲਿਸ ਨੇ ਚੰਦਰ ਨਗਰ ਦੇ ਰਹਿਣ ਵਾਲੇ ਮ੍ਰਿਤਕ ਕੁਲਦੀਪ ਦੇ ਭਰਾ ਸੁਨੀਲ ਦੇ ਬਿਆਨਾਂ 'ਤੇ ਬਲਵਿੰਦਰ ਕੌਰ ਦੇ ਪਿਤਾ ਗੁਰਮੇਲ ਸਿੰਘ ਖਿਲਾਫ਼ ਕਤਲ ਦਾ ਕੇਸ ਦਰਜ ਕਰ ਲਿਆ ਹੈ।

# ਬੇਅਦਬੀ ਕਾਂਡ ਸਬੰਧੀ ਜਸਟਿਸ ਰਣਜੀਤ ਕਮਿਸ਼ਨ ਦੀ ਰਿਪੋਰਟ ਤਿਆਰ

**ਚੰਡੀਗੜ੍ਹ:** ਪੰਜਾਬ ਵਿਚ ਬੇਅਦਬੀ ਦੀਆਂ ਘਟਨਾਵਾਂ ਸਬੰਧੀ ਬਣੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਜ਼ਿਲ੍ਹਾ ਫਰੀਦਕੋਟ ਦੀਆਂ ਘਟਨਾਵਾਂ ਸਬੰਧੀ ਰਿਪੋਰਟ ਤਿਆਰ ਕਰ ਲਈ ਹੈ। ਸੂਬੇ ਦੀ ਡੀ.ਜੀ.ਪੀ. ਨੂੰ ਲਿਖੇ ਪੱਤਰ ਵਿਚ ਜਸਟਿਸ ਰਣਜੀਤ ਸਿੰਘ ਨੇ ਕਿਹਾ ਹੈ ਕਿ ਕਮਿਸ਼ਨ ਨੇ ਫਰੀਦਕੋਟ ਵਿਚ ਅਕਤੂਬਰ 2015 ਵਿਚ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਦੇ ਦੋ ਕੇਸਾਂ ਸਬੰਧੀ ਰਿਪੋਰਟ ਤਿਆਰ ਕੀਤੀ ਹੈ।

ਕਮਿਸ਼ਨ ਨੇ ਕੁਝ ਸਬੂਤ ਅਤੇ ਸਿਫਾਰਸ਼ਾਂ ਰਿਕਾਰਡ ਵਿਚ ਲਈਆਂ ਅਤੇ ਇਨ੍ਹਾਂ ਦੀ ਜਾਂਚ ਕੀਤੀ ਗਈ ਜਿਸ ਨੂੰ ਆਧਾਰ ਬਣਾ ਕੇ ਜਾਂਚ ਏਜੰਸੀ ਨੇ ਕੋਟਕਪੂਰਾ ਅਤੇ ਪਿੰਡ ਬਹਿਬਲ ਕਲਾਂ ਵਿਚ ਗੋਲੀ ਚੱਲਣ ਦੀ ਘਟਨਾ ਸਬੰਧੀ ਕੇਸ ਦਰਜ ਕੀਤਾ ਸੀ।

ਇਸ ਕਮਿਸ਼ਨ ਦਾ ਗਠਨ ਉਸ ਵੇਲੇ ਕੀਤਾ ਗਿਆ ਜਦੋਂ ਇਕ ਅਖਬਾਰ ਦੀ ਰਿਪੋਰਟ ਵਿਚ 14 ਅਤੇ 15 ਅਕਤੂਬਰ 2015 ਨੂੰ ਦਰਜ ਹੋਏ ਕੇਸ ਦੀ ਜਾਂਚ ਐਸ.ਆਈ.ਟੀ. ਤੋਂ ਕਰਾਉਣ ਦੀ ਮੰਗ ਕੀਤੀ ਗਈ। ਇਸ ਤੋਂ ਇਕ ਮਹੀਨੇ ਬਾਅਦ ਕਮਿਸ਼ਨ ਨੇ ਕੋਟਕਪੂਰਾ ਅਤੇ ਬਹਿਬਲ ਕਲਾਂ ਪਿੰਡ 'ਚ ਗੋਲੀਆਂ ਚੱਲਣ ਦੀ ਘਟਨਾਵਾਂ ਸਬੰਧੀ ਕੇਸਾਂ ਦੀ ਜਾਂਚ ਇਕ ਆਜ਼ਾਦ ਏਜੰਸੀ ਤੋਂ ਕਰਾਉਣ ਦੀ ਸਿਫਾਰਸ਼ ਕੀਤੀ ਜਿਸ ਦੀ ਅਗਵਾਈ ਡੀ.ਆਈ.ਜੀ. ਆਰ.ਐਸ. ਖੱਟੜਾ ਨੂੰ ਸੌਂਪੀ ਗਈ।

ਪੱਤਰ ਵਿਚ ਜਸਟਿਸ ਰਣਜੀਤ ਸਿੰਘ ਨੇ ਦਾਅਵਾ ਕੀਤਾ ਕਿ ਫਰੀਦਕੋਟ ਪੁਲਿਸ ਵੱਲੋਂ ਉਚਿਤ, ਅਰਥਪੂਰਨ ਅਤੇ ਜਾਇਜ਼ ਜਾਂਚ ਨਹੀਂ ਕੀਤੀ ਜਾ ਸਕਦੀ। ਇਸ ਤੋਂ ਚਾਰ ਮਹੀਨੇ ਬਾਅਦ ਕਮਿਸ਼ਨ ਨੇ ਪੰਜਾਬ ਸਰਕਾਰ ਨੂੰ ਗੋਲੀਆਂ ਨਾਲ ਛੇੜਛਾੜ ਸਬੰਧੀ ਲਿਖਿਆ।

## ਸਰਦਾਰ ਹੱਥ ਮੁੜ ਆਈ ਹਾਕੀ ਦੀ ਕਮਾਨ

**ਚੰਡੀਗੜ੍ਹ:** ਭਾਰਤੀ ਹਾਕੀ ਦੇ ਸਟਾਰ ਖਿਡਾਰੀ ਸਰਦਾਰ ਸਿੰਘ ਨੂੰ ਮੁੜ ਕੌਮਾਂਤਰੀ ਟੀਮ ਦਾ ਕਪਤਾਨ ਚੁਣ ਲਿਆ ਗਿਆ ਹੈ। ਸਰਦਾਰ ਨੂੰ ਤਿੰਨ ਮਾਰਚ ਤੋਂ ਸੁਲਤਾਨ ਅਜ਼ਲਾਨ ਸ਼ਾਹ ਹਾਕੀ ਕੱਪ ਲਈ ਟੀਮ ਦੀ ਕਮਾਨ ਸੌਂਪੀ ਗਈ ਹੈ। ਅਜ਼ਲਾਨ ਸ਼ਾਹ ਟੂਰਨਾਮੈਂਟ ਹਾਕੀ ਦਾ ਦੂਜਾ ਸਭ ਤੋਂ ਵੱਡਾ ਮੁਕਾਬਲਾ ਹੈ ਜੋ ਤਿੰਨ ਮਾਰਚ ਤੋਂ ਮਲੇਸ਼ੀਆ ਵਿਚ ਖੇਡਿਆ ਜਾਣਾ ਹੈ।

ਸਰਦਾਰ ਸਿੰਘ ਆਖਰੀ ਵਾਰ ਏਸ਼ੀਆ ਏਸ਼ੀਆ ਕੱਪ 'ਚ ਖੇਡਿਆ ਸੀ। ਹਾਕੀ ਵਿਸ਼ਵ ਲੀਗ ਫਾਈਨਲ ਤੇ ਨਿਊਜ਼ੀਲੈਂਡ ਦੌਰੇ ਲਈ ਉਨ੍ਹਾਂ ਨੂੰ ਟੀਮ 'ਚ ਨਹੀਂ ਚੁਣਿਆ ਗਿਆ ਸੀ। ਟੀਮ ਦੇ ਮੌਜੂਦਾ ਕਪਤਾਨ ਮਨਪ੍ਰੀਤ ਸਿੰਘ ਨੂੰ ਸੁਲਤਾਨ ਅਜਲਾਨ ਸ਼ਾਹ ਟੂਰਨਾਮੈਂਟ ਲਈ ਆਰਾਮ ਦਿੱਤਾ ਗਿਆ ਹੈ। ਇਕੱਤੀ ਸਾਲਾ ਸਰਦਾਰ ਸਿੰਘ ਨੂੰ ਹਾਕੀ ਵਿਚ ਆਪਣੇ ਪ੍ਰਦਰਸ਼ਨ ਸਦਕਾ ਪਦਮਸ਼੍ਰੀ, ਅਰਜੁਨ ਐਵਾਰਡ ਤੇ ਰਾਜੀਵ ਗਾਂਧੀ ਖੇਲ ਰਤਨ ਵਰਗੇ ਵੱਕਾਰੀ ਸਨਮਾਨਾਂ ਨਾਲ ਨਿਵਾਜਿਆ ਜਾ ਚੁਕਾ ਹੈ।

# ਜਸਟਿਨ 'ਸਿੰਘ' ਟਰੂਡੋ ਲਈ ਭਾਰਤ ਨੇ ਬਾਹਾਂ ਨਾ ਫੈਲਾਈਆਂ

*(ਸਫਾ ਇਕ ਦੀ ਬਾਕੀ)*

ਬਾਰੇ ਮੋਦੀ ਸਰਕਾਰ ਦਾ ਰਵੱਈਆ ਪਹਿਲਾਂ ਹੀ ਤੈਅ ਸੀ। ਜਸਟਿਨ ਟਰੂਡੋ ਦੀ ਕੈਬਨਿਟ ਵਿਚ ਚਾਰ ਸਿੱਖ ਮੰਤਰੀ ਹਨ ਜਿਹੜੇ ਉਨ੍ਹਾਂ ਦੇ ਨਾਲ ਵੀ ਆਏ ਹਨ। ਜਸਟਿਨ ਟਰੂਡੋ ਨੇ ਪ੍ਰਧਾਨ ਮੰਤਰੀ ਬਣਨ ਵੇਲੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਦੀ ਕੈਬਨਿਟ ਵਿਚ ਮੋਦੀ ਨਾਲੋਂ ਵੱਧ ਸਿੱਖ ਸ਼ਾਮਲ ਹਨ। ਇਸ ਦੇ ਬਾਵਜੂਦ ਪੰਜਾਬ ਦੀ ਕਾਂਗਰਸ ਸਰਕਾਰ ਨੇ ਵੀ ਉਨ੍ਹਾਂ ਦੇ ਦੌਰੇ ਬਾਰੇ ਬਾਹਲੀ ਉਤਸੁਕਤਾ ਨਹੀਂ ਵਿਖਾਈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਆਖਰ ਤੱਕ ਟਰੂਡੋ ਨਾਲ ਮੁਲਾਕਾਤ ਨਾ ਕਰਨ 'ਤੇ ਅੜੇ ਰਹੇ। ਕੈਨੇਡਾ ਸਰਕਾਰ ਦੇ ਭਾਵੇਂ ਖਾਲਿਸਤਾਨ ਪੱਖੀ ਨਾ ਹੋਣ ਦੇ ਭਰੋਸੇ ਪਿਛੋਂ ਪੰਜਾਬ ਸਰਕਾਰ ਉਨ੍ਹਾਂ ਦੇ ਸਵਾਗਤ ਲਈ ਤਿਆਰ ਹੋ ਗਈ, ਪਰ ਉਨ੍ਹਾਂ ਦੀ ਕੈਪਟਨ ਨਾਲ ਮਿਲਣੀ ਬਾਰੇ ਆਖਰ ਤੱਕ ਭੰਬਲਭੂਸਾ ਬਣਿਆ ਰਿਹਾ ਤੇ ਅੰਤ ਵਿਚ ਸਿਰਫ 20 ਮਿੰਟ ਦੀ ਮੁਲਾਕਾਤ ਦੀ ਇਜਾਜ਼ਤ ਮਿਲੀ। ਭਾਰਤ ਦੇ ਇਸ ਰਵੱਈਏ ਉਤੇ ਜਿਥੇ ਸਿੱਖ ਜਥੇਬੰਦੀਆਂ ਵੱਲੋਂ ਵੱਡੇ ਪੱਧਰ 'ਤੇ ਇਤਰਾਜ਼ ਜਤਾਇਆ ਜਾ ਰਿਹਾ ਹੈ, ਉਥੇ ਕੈਨੇਡਾ ਮੀਡੀਆ ਵੱਲੋਂ ਵੀ ਮੋਦੀ ਸਰਕਾਰ ਦੀ ਨੁਕਤਾਚੀਨੀ ਕੀਤੀ ਜਾ ਰਹੀ ਹੈ।



*ਜਸਟਿਨ ਟਰੂਡੋ ਭਾਰਤ ਫੇਰੀ ਦੌਰਾਨ ਆਪਣੇ ਪਰਿਵਾਰ ਨਾਲ*

## ਮੁੱਖ ਸਕੱਤਰ ਨੂੰ ਕੁੱਟਣ ਦੇ ਦੋਸ਼ ਵਿਚ ਘਿਰੀ 'ਆਪ' ਸਰਕਾਰ

**ਨਵੀਂ ਦਿੱਲੀ:** ਦਿੱਲੀ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਮੁੱਖ ਸਕੱਤਰ ਅੰਸ਼ੂ ਪ੍ਰਕਾਸ਼ ਦਰਮਿਆਨ ਭਿਆਨਕ ਵਿਵਾਦ ਖੜ੍ਹਾ ਹੋ ਗਿਆ। ਸ੍ਰੀ ਪ੍ਰਕਾਸ਼ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਰਿਹਾਇਸ਼ ਉਤੇ 'ਆਪ' ਵਿਧਾਇਕਾਂ ਨੇ ਕੇਜਰੀਵਾਲ ਤੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦੀ ਹਾਜ਼ਰੀ ਵਿਚ ਉਨ੍ਹਾਂ ਦੀ ਕੁੱਟਮਾਰ ਕੀਤੀ। ਸ੍ਰੀ ਪ੍ਰਕਾਸ਼ ਨੇ ਇਸ ਮਾਮਲੇ 'ਤੇ ਉਪ ਰਾਜਪਾਲ ਅਨਿਲ ਬੈਜਲ ਤੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨਾਲ ਮੁਲਾਕਾਤ ਕੀਤੀ। ਦਿੱਲੀ ਪੁਲਿਸ ਨੇ ਉਨ੍ਹਾਂ ਦੀ ਸ਼ਿਕਾਇਤ ਉਤੇ ਕੇਸ ਦਰਜ ਕਰ ਲਿਆ ਹੈ ਪਰ ਇਸ ਵਿਚ ਕਿਸੇ ਨੂੰ ਨਾਮਜ਼ਦ ਨਹੀਂ ਕੀਤਾ। ਗ੍ਰਹਿ ਮੰਤਰਾਲੇ ਨੇ ਇਸ ਸਬੰਧੀ ਰਾਜਪਾਲ ਤੋਂ ਰਿਪੋਰਟ ਮੰਗੀ ਹੈ। ਦੂਜੇ ਪਾਸੇ ਦਿੱਲੀ ਪ੍ਰਸ਼ਾਸਕੀ ਅਧੀਨ ਸੇਵਾਵਾਂ ਦੇ ਅਧਿਕਾਰੀਆਂ ਨੇ ਮੁਲਜ਼ਮਾਂ ਦੀ ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ ਹੜਤਾਲ ਦਾ ਐਲਾਨ ਕਰ ਦਿੱਤਾ।

### -ਹੋਲਾ ਮਹੱਲਾ-

## ਹਰ ਸ਼ਰਧਾਲੂ ਦਾ ਲੱਖ ਰੁਪਏ ਦਾ ਹੋਵੇਗਾ ਬੀਮਾ

**ਸ੍ਰੀ ਆਨੰਦਪੁਰ ਸਾਹਿਬ:** ਹੁਣ ਹੋਲੇ ਮਹੱਲੇ ਮੌਕੇ ਆਉਣ ਵਾਲੇ ਲੱਖਾਂ ਸ਼ਰਧਾਲੂਆਂ ਲਈ ਬੀਮੇ ਦੀ ਸਹੂਲਤ 15 ਕਿਲੋਮੀਟਰ ਦੀ ਬਜਾਏ 20 ਕਿਲੋਮੀਟਰ ਤੱਕ ਦੇ ਘੇਰੇ ਵਿਚ ਲਾਗੂ ਹੋਵੇਗੀ ਜਦਕਿ ਬੀਮਾ ਦੀ ਪ੍ਰਤੀ ਸ਼ਰਧਾਲੂ ਇਕ ਲੱਖ ਰੁਪਏ ਦਾ ਹੋਵੇਗਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ਰਧਾਲੂਆਂ ਲਈ ਕਰਵਾਇਆ ਜਾਣ ਵਾਲਾ ਬੀਮਾ 26 ਫਰਵਰੀ ਤੋਂ 4 ਮਾਰਚ ਤੱਕ ਪੂਰੇ 7 ਦਿਨਾਂ ਲਈ ਲਾਗੂ ਹੋਵੇਗਾ। ਇਸ ਤਹਿਤ ਪ੍ਰਤੀ ਵਿਅਕਤੀ ਇਕ ਲੱਖ ਰੁਪਏ ਬੀਮਾ ਹੋਵੇਗਾ ਜਦਕਿ ਹਾਦਸੇ ਦੌਰਾਨ 50 ਫੀਸਦੀ ਤੋਂ ਘੱਟ ਸੱਟਾਂ ਲੱਗਣ ਉਤੇ 10 ਹਜ਼ਾਰ ਰੁਪਏ ਅਤੇ 50 ਫੀਸਦੀ ਤੋਂ ਵੱਧ ਸੱਟਾਂ ਲੱਗਣ 'ਤੇ 20 ਹਜ਼ਾਰ ਰੁਪਏ ਪ੍ਰਤੀ ਵਿਅਕਤੀ ਬੀਮਾ ਹੋਵੇਗਾ। ਜੇਕਰ ਹਾਦਸੇ ਦੌਰਾਨ ਕਿਸੇ ਸ਼ਰਧਾਲੂ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਵਾਸਤੇ ਇਕ ਲੱਖ ਰੁਪਏ ਦਾ ਬੀਮਾ ਹੋਵੇਗਾ। ਇਹ ਬੀਮਾ ਤਖਤ ਕੇਸਗੜ੍ਹ ਸਾਹਿਬ, ਸ੍ਰੀ ਆਨੰਦਪੁਰ ਸਾਹਿਬ, ਗੁਰਦੁਆਰਾ ਬਿਭੌਰ ਸਾਹਿਬ, ਗੁਰਦੁਆਰਾ ਪਰਿਵਾਰ ਵਿਛੋੜਾ, ਰੂਪਨਗਰ, ਗੁਰਦੁਆਰਾ ਗੁਰੂ ਕਾ ਲਾਹੌਰ, ਜ਼ਿਲ੍ਹਾ ਬਿਲਾਸਪੁਰ (ਹਿਮਾਚਲ ਪ੍ਰਦੇਸ਼) ਅਤੇ ਗੁਰਦੁਆਰਾ ਪਤਾਲਪੁਰੀ ਸਾਹਿਬ, ਕੀਰਤਪੁਰ ਸਾਹਿਬ ਦੇ ਅਧੀਨ ਆਉਂਦੇ 20 ਕਿਲੋਮੀਟਰ ਦੇ ਘੇਰੇ ਵਿਚ ਲਾਗੂ ਰਹੇਗਾ।

## ਫੈਕਟਰੀ 'ਚ ਸਿਲੰਡਰ ਫਟਿਆ, ਤਿੰਨ ਕਾਮੇ ਹਲਾਕ

**ਪਟਿਆਲਾ:** ਪਟਿਆਲਾ ਜ਼ਿਲ੍ਹੇ ਵਿਚ ਸ਼ੰਭੂ-ਘਨੌਰ ਰੋਡ 'ਤੇ ਸਥਿਤ ਪਿੰਡ ਸੰਧਾਰਸੀ ਵਿਚਲੀ ਹਿਮਾਲਿਆ ਫ੍ਰੈਸ਼ ਪ੍ਰੋਟੀਨ ਫੈਕਟਰੀ ਵਿਚ ਧਮਾਕੇ ਪਿਛੋਂ ਅਮੋਨੀਆ ਗੈਸ ਲੀਕ ਹੋਣ ਨਾਲ 3 ਕਾਮਿਆਂ ਦੀ ਮੌਤ ਹੋ ਗਈ ਜਦਕਿ 11 ਜ਼ਖ਼ਮੀ ਹੋ ਗਏ। ਗੈਸ ਦਾ ਇਕ ਵੱਡਾ ਸਿਲੰਡਰ ਫਟਣ ਨਾਲ ਹੋਏ ਧਮਾਕੇ ਦੀ ਆਵਾਜ਼ ਨੇੜਲੇ ਕਈ ਪਿੰਡਾਂ ਵਿਚ ਸੁਣਾਈ ਦਿੱਤੀ। ਧਮਾਕੇ ਕਾਰਨ ਫੈਕਟਰੀ ਦਾ ਕੁਝ ਹਿੱਸਾ ਵੀ ਨੁਕਸਾਨਿਆ ਗਿਆ। ਇਸ ਦੌਰਾਨ ਤਿੰਨ ਵਰਕਰਾਂ ਸੁਰਿੰਦਰ ਕੁਮਾਰ, ਗੁਰਚਰਨ ਸਿੰਘ ਅਤੇ ਗੁਰਜਿੰਦਰ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ।

## ਸੁਰੇਸ਼ ਕੁਮਾਰ ਨੇ ਮੁੜ ਸੰਭਾਲੀ ਕੁਰਸੀ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਪ੍ਰਮੁੱਖ ਸਕੱਤਰ ਸੁਰੇਸ਼ ਕੁਮਾਰ ਨੇ ਕੁਝ ਦਿਨਾਂ ਦੀ ਜਕੋਤਕੀ ਪਿਛੋਂ ਆਪਣੇ ਅਹੁਦੇ ਦਾ ਕੰਮ ਕਾਜ ਸੰਭਾਲ ਲਿਆ। ਮੁੱਖ ਮੰਤਰੀ ਅਤੇ ਉਨ੍ਹਾਂ ਦੇ ਕੁਝ ਵਜ਼ਾਰਤੀ ਸਾਥੀਆਂ ਨੇ ਮੁੱਖ ਪ੍ਰਮੁੱਖ ਸਕੱਤਰ ਉਤੇ ਛੇਤੀ ਡਿਊਟੀ ਉਤੇ ਹਾਜ਼ਰ ਹੋਣ ਲਈ ਦਬਾਅ ਬਣਾਇਆ ਸੀ। ਹਾਈ ਕੋਰਟ ਨੇ 14 ਫਰਵਰੀ ਨੂੰ ਉਨ੍ਹਾਂ ਦੀ ਨਿਯੁਕਤੀ ਵਿਰੁਧ ਫੈਸਲੇ 'ਤੇ ਸਟੇਅ ਦੇ ਦਿੱਤੀ ਸੀ ਤੇ ਕਿਹਾ ਸੀ ਕਿ ਇਕਹਿਰੇ ਬੈਂਚ ਨੂੰ ਮੁੱਖ ਪ੍ਰਮੁੱਖ ਸਕੱਤਰ ਖਿਲਾਫ ਫੈਸਲਾ ਕਰਨ ਦਾ ਅਖਤਿਆਰ ਨਹੀਂ ਸੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ

ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ

ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ

ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਕੈਪਟਨ ਵੱਲੋਂ ਬਾਦਲਾਂ ਦੀਆਂ ਬੱਸਾਂ ਨੂੰ ਖੂੰਜੇ ਲਾਉਣ ਤੋਂ ਹੱਥ ਖੜ੍ਹੇ

**ਚੰਡੀਗੜ੍ਹ:** ਕੈਪਟਨ ਸਰਕਾਰ ਵੱਡੇ ਘਰਾਂ ਦੀਆਂ ਬੱਸਾਂ ਨੂੰ ਰਾਹ ਛੱਡਣ ਲੱਗੀ ਹੈ। ਕਾਂਗਰਸ ਹਕੂਮਤ ਦੇ ਇਕ ਵਰ੍ਹੇ ਮਗਰੋਂ ਵੀ ਵੱਡੇ ਘਰਾਣੇ ਦੀ ਬੱਸ ਸੇਵਾ ਦੀ ਸਰਦਾਰੀ ਹੈ। ਇਸੇ ਲਈ ਵੱਡੇ ਘਰ ਦੀਆਂ ਬੱਸਾਂ ਦਾ ਕੋਈ ਟਾਈਮ ਟੇਬਲ ਛੇੜਿਆ ਨਹੀਂ ਗਿਆ ਹੈ। ਗੱਠਜੋੜ ਸਰਕਾਰ ਸਮੇਂ ਵੱਡੇ ਘਰਾਣੇ ਦੀ ਹਰ ਬੱਸ ਨੂੰ ਬੱਸ ਅੱਡੇ ਉਤੇ ਸਵਾਰੀ ਚੁੱਕਣ ਲਈ ਦਸ ਦਸ ਜਾਂ ਫਿਰ 12-12 ਮਿੰਟ ਮਿਲਦੇ ਸਨ ਜੋ ਹੁਣ ਵੀ ਜਾਰੀ ਹਨ। ਕਾਂਗਰਸ ਨੇ ਚੋਣਾਂ ਸਮੇਂ ਵਾਅਦਾ ਤੇ ਐਲਾਨ ਕੀਤਾ ਸੀ ਕਿ ਸਭ ਬੱਸਾਂ ਦੇ ਟਾਈਮ ਟੇਬਲ ਇਕਸਾਰ ਹੋਣਗੇ। ਪ੍ਰਮੁੱਖ ਸਕੱਤਰ (ਟਰਾਂਸਪੋਰਟ) ਨੇ ਜਨਵਰੀ ਦੇ ਅੱਧ ਤੋਂ ਪਹਿਲਾਂ ਟਾਈਮ ਟੇਬਲ ਬਾਰੇ ਸਟੇਟ ਟਰਾਂਸਪੋਰਟ ਕਮਿਸ਼ਨਰ ਅਤੇ ਸਮੂਹ ਰਿਜਨਲ ਟਰਾਂਸਪੋਰਟ ਅਥਾਰਟੀਆਂ ਨੂੰ ਇਕ ਪੱਤਰ ਜਾਰੀ ਕੀਤਾ ਸੀ ਕਿ 30 ਦਿਨਾਂ ਵਿਚ ਸਰਕਾਰੀ ਅਤੇ ਪ੍ਰਾਈਵੇਟ ਬੱਸਾਂ ਦਾ ਟਾਈਮ ਟੇਬਲ ਇਕਸਾਰ ਕੀਤਾ ਜਾਵੇ। ਸਰਕਾਰੀ ਬੱਸਾਂ ਤੇ ਪ੍ਰਾਈਵੇਟ ਬੱਸਾਂ ਦੀ ਗਰੁਪਿੰਗ ਕਰ ਦਿੱਤੀ ਜਾਵੇ। ਸੂਤਰਾਂ ਅਨੁਸਾਰ ਵੱਡੇ ਘਰਾਣੇ ਦੀਆਂ ਬੱਸਾਂ ਵਾਲਾ ਟਾਈਮ ਟੇਬਲ ਹਾਲੇ ਤੱਕ ਕਿਸੇ ਅਫਸਰ ਨੇ ਛੇੜਿਆ ਤੱਕ ਨਹੀਂ ਹੈ।

ਆਰ.ਟੀ.ਏ. ਸੰਗਰੂਰ ਨੇ ਦੋ ਦਫਾ ਮੀਟਿੰਗ ਰੱਖੀ ਤੇ ਮੁਲਤਵੀ ਕਰ ਦਿੱਤੀ। ਬਠਿੰਡਾ ਅੰਮ੍ਰਿਤਸਰ ਰੂਟ ਦੇ ਟਾਈਮ ਟੇਬਲ ਬਾਰੇ ਗੇਂਦ ਫਰੀਦਕੋਟ ਦੇ ਆਰ.ਟੀ.ਏ. ਦੇ ਪਾਲੇ ਵਿਚ ਸੁੱਟ ਦਿੱਤੀ ਗਈ। ਆਰ.ਟੀ.ਏ. ਫਰੀਦਕੋਟ ਨੇ ਜੋ ਕੋਟਕਪੂਰਾ ਮੋਗਾ ਰੂਟ ਦਾ ਨਵਾਂ ਟਾਈਮ ਟੇਬਲ ਬਣਾਇਆ ਹੈ, ਉਸ 'ਚ ਵੱਡੇ ਘਰਾਣੇ ਨੂੰ ਮੁੜ ਗੱਫਾ ਮਿਲਿਆ ਹੈ। ਔਰਬਿਟ ਅਤੇ ਡੱਬਵਾਲੀ




ਬੱਸ ਕੰਪਨੀ ਦੇ ਲੁਧਿਆਣਾ, ਜਲੰਧਰ ਅਤੇ ਸੰਗਰੂਰ ਲਈ ਤਕਰੀਬਨ 34 ਰੂਟ ਬਠਿੰਡਾ ਤੋਂ ਹੀ ਚੱਲਦੇ ਹਨ, ਪਟਿਆਲਾ ਚੰਡੀਗੜ੍ਹ ਵੱਖਰੇ ਹਨ। ਟਾਈਮ ਟੇਬਲ ਅਨੁਸਾਰ ਬਠਿੰਡਾ ਬਰਨਾਲਾ ਰੂਟ ਉਤੇ ਬਠਿੰਡਾ ਬੱਸ ਅੱਡੇ ਵਿਚੋਂ ਤਕਰੀਬਨ 193 ਰੂਟ (ਆਮ ਬੱਸਾਂ ਦੇ) ਚੱਲਦੇ ਹਨ ਜਿਨ੍ਹਾਂ ਵਿਚੋਂ ਦਰਜਨ ਆਮ ਬੱਸਾਂ ਨੂੰ ਤਾਂ ਸਿਰਫ ਦੋ-ਦੋ ਮਿੰਟ ਦਾ ਸਮਾਂ ਅਤੇ 62 ਬੱਸਾਂ ਨੂੰ ਸਿਰਫ ਤਿੰਨ-ਤਿੰਨ ਮਿੰਟ ਹੀ ਅੱਡੇ ਵਿਚ ਸਵਾਰੀ ਚੁੱਕਣ ਲਈ ਮਿਲਦੇ ਹਨ। ਵੱਡੇ ਘਰਾਣੇ ਨੂੰ ਦਸ ਦਸ ਮਿੰਟ ਵੀ ਮਿਲ ਰਹੇ ਹਨ।

ਪ੍ਰਾਈਵੇਟ ਬੱਸ ਉਪਰੇਟਰ ਐਸੋਸੀਏਸ਼ਨ (ਬਠਿੰਡਾ ਜ਼ੋਨ) ਦੇ ਕਨਵੀਨਰ ਬਲਤੇਜ ਸਿੰਘ ਦਾ ਕਹਿਣਾ ਸੀ ਕਿ ਟਰਾਂਸਪੋਰਟ ਅਫਸਰ ਟਾਈਮ ਟੇਬਲ ਇਕਸਾਰ ਕਰਨ ਲਈ ਵੱਡੇ ਘਰਾਂ ਤੋਂ ਡਰ ਰਹੇ ਹਨ। ਵੇਰਵਿਆਂ ਅਨੁਸਾਰ ਬੁਢਲਾਡਾ ਡਿਪੂ ਦੀ ਵੱਡੇ ਘਰ ਦੀ ਮਰਸਿਡੀਜ਼ ਬੱਸ ਦੇ ਅੱਗੇ ਮਾਨਸਾ ਤੋਂ ਚੰਡੀਗੜ੍ਹ ਰੂਟ ਤੇ ਸਰਕਾਰੀ ਬੱਸ ਦੀ ਯੋਜਨਾ ਮੁੱਖ ਮੰਤਰੀ ਦੇ ਇਕ ਸਲਾਹਕਾਰ ਨੇ ਹੀ ਫੇਲ੍ਹ ਕਰ ਦਿੱਤੀ। ਮਾਨਸਾ ਤੋਂ ਸਵੇਰੇ 5.05 ਵਜੇ ਮਰਸਿਡੀਜ਼ ਬੱਸ ਚੱਲਦੀ ਹੈ ਅਤੇ ਬੁਢਲਾਡਾ ਡਿਪੂ ਉਸ ਤੋਂ ਪਹਿਲਾਂ 4.50 ਵਜੇ ਚੰਡੀਗੜ੍ਹ ਬੱਸ ਚਲਾਉਣੀ ਚਾਹੁੰਦਾ ਸੀ ਪਰ ਇਕ ਸਲਾਹਕਾਰ ਨੇ ਪੀ.ਆਰ.ਟੀ.ਸੀ. ਨੂੰ 'ਹੱਦਾਂ' ਵਿਚ ਰਹਿਣ ਦੀ ਘੁਰਕੀ ਦੇ ਦਿੱਤੀ। ਅਖੀਰ ਮਰਸਿਡੀਜ਼ ਤੋਂ ਮਗਰੋਂ ਸਰਕਾਰੀ ਬੱਸ ਨੂੰ ਸਮਾਂ ਦਿੱਤਾ ਗਿਆ।

ਪੰਜਾਬ ਰੋਡਵੇਜ਼ ਐਂਪਲਾਈਜ਼ ਯੂਨੀਅਨ (ਆਜ਼ਾਦ) ਦੇ ਜਨਰਲ ਸਕੱਤਰ ਨਛੱਤਰ ਸਿੰਘ ਦਾ ਕਹਿਣਾ ਸੀ ਕਿ ਵੱਡੇ ਘਰਾਣੇ ਤੋਂ ਡਰਦੇ ਟਰਾਂਸਪੋਰਟ ਅਫਸਰ ਕਿਸੇ ਵੀ ਟਾਈਮ ਟੇਬਲ ਨੂੰ ਛੇੜ ਨਹੀਂ ਰਹੇ ਹਨ ਅਤੇ ਹਾਲੇ ਵੀ ਵੱਡੇ ਘਰਾਂ ਦੀਆਂ ਬੱਸਾਂ ਦੇ ਕਾਰੋਬਾਰ ਵਿਚ ਉਵੇਂ ਹੀ ਤੂਤੀ ਬੋਲਦੀ ਹੈ। ਪ੍ਰਮੁੱਖ ਸਕੱਤਰ ਦੇ ਹੁਕਮਾਂ ਨੂੰ ਲਾਗੂ ਕਰਨ ਲਈ ਕੋਈ ਅਫਸਰ ਸੰਜੀਦਗੀ ਨਹੀਂ ਦਿਖਾ ਰਿਹਾ ਹੈ।

## ਬਾਦਲਾਂ ਵੱਲੋਂ ਛੋਟੇ ਟ੍ਰਾਂਸਪੋਟਰਾਂ ਨੂੰ ਨੱਪਣ ਦੀ ਮੁਹਿੰਮ ਜਾਰੀ

ਮਾਨਸਾ: ਬਾਦਲ ਪਰਿਵਾਰ ਨੂੰ ਸੱਤਾ ਤੋਂ ਲਾਂਭੇ ਹੋਇਆਂ ਭਾਵੇਂ ਸਾਲ ਦੇ ਕਰੀਬ ਹੋਣ ਲੱਗਾ ਹੈ, ਪਰ ਇਸ ਪਰਿਵਾਰ ਵੱਲੋਂ ਨਿੱਜੀ ਬੱਸ ਕੰਪਨੀਆਂ ਨੂੰ ਖਰੀਦਣ ਦਾ ਸਿਲਸਿਲਾ ਬਾਦਸਤੂਰ ਜਾਰੀ ਹੈ। ਸੂਬੇ ਵਿਚ ਕਾਂਗਰਸ ਸਰਕਾਰ ਆਉਣ ਮਗਰੋਂ ਛੋਟੇ ਟਰਾਂਸਪੋਰਟਰਾਂ ਨੂੰ ਕਾਰੋਬਾਰ ਵਧਣ ਫੁੱਲਣ ਦੀ ਆਸ ਬੱਝੀ ਸੀ, ਪਰ ਆਸ ਦੇ ਉਲਟ ਆਰ.ਟੀ.ਏ. ਦਫਤਰਾਂ ਵਿਚ ਵੱਡੇ ਟਰਾਂਸਪੋਰਟਰਾਂ ਦਾ ਹੀ ਬੋਲਬਾਲਾ ਹੈ। ਪਿਛਲੇ ਹਫਤੇ ਮਾਨਸਾ ਖੇਤਰ ਦੀਆਂ ਤਿੰਨ ਤੋਂ ਵੱਧ ਵੱਡੀਆਂ ਅਤੇ ਨਾਮੀ ਕੰਪਨੀਆਂ ਨੂੰ ਬਾਦਲਾਂ ਵੱਲੋਂ ਖਰੀਦਿਆ ਗਿਆ ਹੈ।

ਮਾਨਸਾ ਦੀ ਚਾਰ ਦਹਾਕਿਆਂ ਪੁਰਾਣੀ ਪੰਜਾਬ ਟਰਾਂਸਪੋਰਟ ਕੰਪਨੀ ਦਾ ਹੁਣ ਬਾਦਲਾਂ ਦੀ ਕੰਪਨੀ ਵਿਚ ਰਲੇਵਾਂ ਹੋ ਗਿਆ ਹੈ। ਕੰਪਨੀ ਦੇ ਮਾਲਕ ਤੇਜਾ ਸਿੰਘ ਪੱਖੋਂ, ਜੋ ਪਿਛਲੇ 11 ਸਾਲਾਂ ਤੋਂ ਜ਼ਿਲ੍ਹਾ ਮਾਨਸਾ ਪ੍ਰਾਈਵੇਟ ਬੱਸ ਉਪਰੇਟਰ ਐਸੋਸੀਏਸ਼ਨ ਦੇ ਪ੍ਰਧਾਨ ਵੀ ਹਨ, ਨੇ ਬੱਸ ਕੰਪਨੀ ਵੇਚਣ ਦੀ ਪੁਸ਼ਟੀ ਕਰਦਿਆਂ ਪ੍ਰਧਾਨਗੀ ਕਿਸੇ ਹੋਰ ਟਰਾਂਸਪੋਰਟਰ ਦੇ ਹੱਥਾਂ ਵਿਚ ਦੇਣ ਦੀ ਗੁਜ਼ਾਰਿਸ਼ ਕੀਤੀ ਹੈ। ਇਸ ਕੰਪਨੀ ਦੇ ਹਿੱਸੇ ਤਕਰੀਬਨ 3 ਹਜ਼ਾਰ ਕਿਲੋਮੀਟਰ ਆਉਂਦੇ ਹਨ। ਇਸ ਦੀਆਂ ਅੱਠ ਤੋਂ ਵੱਧ ਵੱਡੀਆਂ ਬੱਸਾਂ ਦੀ ਇਲਾਕੇ ਵਿਚ ਧੁੰਮ ਸੀ। ਇਸੇ ਤਰ੍ਹਾਂ ਚਾਰ ਦਹਾਕੇ ਪੁਰਾਣੀ ਲਾਡੀ ਟਰਾਂਸਪੋਰਟ ਕੰਪਨੀ ਨੂੰ ਵੀ ਵੱਡੇ ਘਰਾਂ ਨੇ ਹੱਥ ਪਾਇਆ ਹੈ। ਇਸੇ ਤਰ੍ਹਾਂ ਸ਼ਹਿਰ ਨਾਲ ਸਬੰਧਤ ਦੋ ਹੋਰ ਕੰਪਨੀਆਂ ਵੀ ਬਾਦਲਾਂ ਵੱਲੋਂ ਲਈਆਂ ਗਈਆਂ ਹੋਣ ਦਾ ਪ੍ਰਚਾਰ ਜ਼ੋਰਾਂ ਉਤੇ ਹੈ। ਛੋਟੇ ਟਰਾਂਸਪੋਰਟਰ ਦਾ ਕਹਿਣਾ ਹੈ ਕਿ ਆਰਟੀਏ ਦਫਤਰਾਂ ਵਿਚ ਹੁਣ ਵੀ ਔਰਬਿਟ ਅਤੇ ਡੱਬਵਾਲੀ ਟਰਾਂਸਪੋਰਟ ਕੰਪਨੀ ਦੀ ਪਹਿਲਾਂ ਜਿੰਨੀ ਚੜ੍ਹਤ ਹੈ।

# ਗੁਰੂ ਘਰਾਂ 'ਚ ਦਾਖਲੇ ਬਾਰੇ ਦਖਲ ਨਹੀਂ ਦੇਵੇਗਾ ਆਸਟਰੇਲੀਆ

**ਅੰਮ੍ਰਿਤਸਰ:** ਆਸਟਰੇਲੀਆ ਦੀ ਭਾਰਤ ਵਿਚ ਹਾਈ ਕਮਿਸ਼ਨਰ ਹਰਿੰਦਰ ਸਿੱਧੂ ਨੇ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਵੱਲੋਂ ਭਾਰਤੀ ਅਧਿਕਾਰੀਆਂ ਦੇ ਦਾਖਲੇ ਉਤੇ ਲਾਈ ਰੋਕ ਦੇ ਮਾਮਲੇ ਵਿਚ ਉਨ੍ਹਾਂ ਦੇ ਦੇਸ਼ ਦੀ ਸਰਕਾਰ ਵੱਲੋਂ ਕੋਈ ਕਾਰਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਉਨ੍ਹਾਂ ਆਖਿਆ ਕਿ ਇਹ ਗੁਰਦੁਆਰਿਆਂ ਦੀ ਪ੍ਰਬੰਧਕ ਕਮੇਟੀ ਦਾ ਨਿੱਜੀ ਮਾਮਲਾ ਹੈ। ਉਹ ਇਥੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਲਈ ਪੁੱਜੇ।

ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਆਖਿਆ ਕਿ ਆਸਟਰੇਲੀਆ ਵਿਚ ਗੁਰਦੁਆਰਿਆਂ ਦੀ ਪ੍ਰਬੰਧਕ ਕਮੇਟੀ ਵੱਲੋਂ ਕੀਤੇ ਗਏ ਫੈਸਲੇ ਬਾਰੇ ਉਹ ਕੋਈ ਟਿੱਪਣੀ ਨਹੀਂ ਕਰਨਾ ਚਾਹੁੰਦੇ ਕਿਉਂਕਿ ਇਹ ਉਨ੍ਹਾਂ ਦਾ ਨਿੱਜੀ ਫੈਸਲਾ ਹੈ ਅਤੇ ਇਸ ਵਿਚ ਸਰਕਾਰ ਕੋਈ ਦਖਲ ਨਹੀਂ ਦੇ ਸਕਦੀ। ਉਨ੍ਹਾਂ ਆਖਿਆ ਕਿ ਉਂਜ ਵੀ ਆਸਟਰੇਲੀਆ ਦੇ ਸਿਰਫ ਇਕ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਵੱਲੋਂ ਅਜਿਹਾ ਕੋਈ ਫੈਸਲਾ ਕੀਤਾ ਗਿਆ ਹੈ।

ਆਸਟਰੇਲੀਆ ਦੀ ਹਾਈ ਕਮਿਸ਼ਨਰ ਸ੍ਰੀ ਦਰਬਾਰ ਸਾਹਿਬ ਨਤਮਸਤਕ



ਆਸਟਰੇਲੀਆ ਵਿਚ ਪੰਜਾਬੀਆਂ ਦੀ ਨਿਰੰਤਰ ਵਧ ਰਹੀ ਆਮਦ ਤੇ ਵਸੋਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਆਖਿਆ ਕਿ ਪੰਜਾਬੀਆਂ ਦੀ ਆਮਦ ਵਿਚ ਨਿਰੰਤਰ ਵਾਧਾ ਹੋਣ ਨਾਲ ਗੁਰਦੁਆਰਿਆਂ ਦੀ ਗਿਣਤੀ ਵਿਚ ਵੀ ਵਾਧਾ ਹੋਇਆ ਹੈ। ਪੰਜਾਬ ਅਤੇ ਆਸਟਰੇਲੀਆ ਵਿਚਾਲੇ ਆਪਸੀ ਰਿਸ਼ਤੇ ਹੋਰ ਮਜ਼ਬੂਤ ਕਰਨ ਸਬੰਧੀ ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਆਖਿਆ ਕਿ ਆਸਟਰੇਲੀਆ, ਪੰਜਾਬ ਕੋਲੋਂ ਖੇਤੀਬਾੜੀ, ਡੇਅਰੀ ਕਾਰੋਬਾਰ, ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਣ, ਜਾਨਵਰਾਂ ਦੀ ਆਬਾਦੀ ਵਧਾਉਣ ਅਤੇ ਪਾਣੀ ਪ੍ਰਬੰਧ ਮਾਮਲੇ ਵਿਚ ਸਹਿਯੋਗ ਚਾਹੁੰਦਾ ਹੈ। ਇਸ ਸਬੰਧੀ ਉਹ ਆਪਣੇ ਇਸ ਦੌਰੇ ਦੌਰਾਨ ਲੁਧਿਆਣਾ ਵਿਚ ਖੇਤੀਬਾੜੀ ਯੂਨੀਵਰਸਿਟੀ ਅਤੇ ਇਸ ਕਿੱਤੇ ਨਾਲ ਜੁੜੇ ਮਾਹਿਰਾਂ ਨਾਲ ਮੁਲਾਕਾਤ ਕਰਨਗੇ।

ਸਿੱਖਾਂ 'ਤੇ ਹੋ ਰਹੇ ਨਸਲੀ ਹਮਲਿਆਂ ਸਬੰਧੀ ਉਨ੍ਹਾਂ ਆਖਿਆ ਕਿ ਆਸਟਰੇਲੀਆ ਵਿਚ ਅਜਿਹੇ ਮਾਮਲਿਆਂ 'ਤੇ ਸਰਕਾਰ ਨੇ ਸਖਤ ਕਾਰਵਾਈ ਕੀਤੀ ਸੀ, ਜਿਸ ਪਿਛੋਂ ਨਸਲੀ ਹਮਲੇ ਮੁੜ ਨਹੀਂ ਹੋਏ। ਉਹ ਕਿਹਾ ਕਿ ਉਥੋਂ ਦੀ ਸਰਕਾਰ ਅਜਿਹੇ ਮਾਮਲਿਆਂ ਪ੍ਰਤੀ ਵਧੇਰੇ ਸਖਤ ਤੇ ਚੌਕਸ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਤੋਂ ਬਾਅਦ ਉਨ੍ਹਾਂ ਆਖਿਆ ਕਿ ਇਥੇ ਆ ਕੇ ਮਨ ਨੂੰ ਸਕੂਨ ਮਿਲਿਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ ਹੈ।

## ਟਾਈਟਲਰ ਮਾਮਲੇ ਵਿਚ ਸੀ.ਬੀ.ਆਈ. ਨੂੰ ਝਾੜ

**ਨਵੀਂ ਦਿੱਲੀ:** ਸਿੱਖ ਕਤਲੇਆਮ ਦੇ ਮਾਮਲੇ ਵਿਚ ਕਾਂਗਰਸ ਆਗੂ ਜਗਦੀਸ਼ ਟਾਈਟਲਰ ਖਿਲਾਫ਼ ਚੱਲ ਰਹੇ ਕੇਸ ਦੀ ਸੁਣਵਾਈ ਦੌਰਾਨ ਅਦਾਲਤ ਨੇ ਸੀ.ਬੀ.ਆਈ. ਨੂੰ ਦਿੱਲੀ ਕਮੇਟੀ ਵੱਲੋਂ ਪੇਸ਼ ਦੋ ਸੀਡੀਜ਼ ਦੇ ਆਧਾਰ 'ਤੇ ਜਾਂਚ ਕਰਨ ਦੇ ਹੁਕਮ ਦਿੱਤੇ ਹਨ।

ਟਾਈਟਲਰ ਨਾਲ ਜੁੜੇ ਇਸ ਮੁਕੱਦਮੇ ਵਿਚ ਢਿੱਲੀ ਕਾਰਗੁਜ਼ਾਰੀ ਉਤੇ ਦੋ ਸਾਲ ਦੀ ਜਾਂਚ ਮਗਰੋਂ ਵੀ ਸਟੇਟਸ ਰਿਪੋਰਟ ਨਾ ਪੇਸ਼ ਕਰਨ ਲਈ ਜੱਜ ਨੇ ਸੀ.ਬੀ.ਆਈ. ਦੀ ਝਾੜ-ਝੰਬ ਕੀਤੀ। ਅਦਾਲਤ ਨੇ ਸੀ.ਬੀ.ਆਈ. ਨੂੰ ਟਾਈਟਲਰ ਦੇ ਪੋਲੀਗ੍ਰਾਫ ਟੈਸਟ ਲਈ ਫੌਜ ਦੀ ਮਸ਼ੀਨ ਇਸਤੇਮਾਲ ਕਰਨ ਦੀਆਂ ਸੰਭਾਵਨਾਵਾਂ ਤਲਾਸ਼ਣ ਲਈ ਕਿਹਾ।

# ਮੌੜ ਧਮਾਕਾ: ਜੱਸੀ ਤੇ ਭੁਪਿੰਦਰ ਗੋਰਾ ਵੱਲੋਂ ਇਕ ਦੂਜੇ ਵੱਲ ਉਂਗਲ

**ਬਠਿੰਡਾ:** ਸਾਬਕਾ ਮੰਤਰੀ ਹਰਮਿੰਦਰ ਜੱਸੀ ਨੇ ਮੌੜ ਬੰਬ ਧਮਾਕੇ ਦੇ ਮਾਮਲੇ ਵਿਚ ਭੁਪਿੰਦਰ ਗੋਰਾ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਹੈ। ਉਨ੍ਹਾਂ ਆਖਿਆ ਕਿ ਜਦੋਂ 31 ਜਨਵਰੀ ਨੂੰ ਮੌੜ ਵਿਚ ਬੰਬ ਧਮਾਕਾ ਹੋਇਆ ਤਾਂ ਉਦੋਂ ਭੁਪਿੰਦਰ ਗੋਰਾ ਦਾ ਗੰਨਮੈਨ ਮੌਕੇ ਉਤੇ ਮੌਜੂਦ ਸੀ ਅਤੇ ਧਮਾਕਾ ਹੋਣ ਮਗਰੋਂ ਗੋਰਾ ਵੀ ਉਸੇ ਥਾਂ 'ਤੇ ਦੇਖਿਆ ਗਿਆ। ਸ੍ਰੀ ਜੱਸੀ ਨੇ ਭੁਪਿੰਦਰ ਗੋਰਾ ਨੂੰ ਸਵਾਲ ਕੀਤਾ ਕਿ ਉਹ ਕਿਸੇ ਹੈਸੀਅਤ ਵਿਚ ਉਥੇ ਗਿਆ ਸੀ ਜਦਕਿ ਗੋਰਾ ਮੌੜ ਹਲਕੇ ਤੋਂ ਉਮੀਦਵਾਰ ਵੀ ਨਹੀਂ ਸੀ। ਉਨ੍ਹਾਂ ਆਖਿਆ ਕਿ ਗੋਰਾ ਦੀ ਧਮਾਕੇ ਮੌਕੇ ਮੌਜੂਦਗੀ ਕਈ ਸ਼ੱਕ ਜ਼ਾਹਰ ਕਰਦੀ ਹੈ, ਜਿਸ ਕਰ ਕੇ ਮਾਮਲੇ ਦੀ ਉਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ।

ਦੱਸਣਯੋਗ ਹੈ ਕਿ ਕਾਂਗਰਸੀ ਨੇਤਾ ਰਹੇ ਭੁਪਿੰਦਰ ਗੋਰਾ ਵੱਲੋਂ ਪਿਛਲੇ ਸਮੇਂ ਦੌਰਾਨ ਹਰਮਿੰਦਰ ਜੱਸੀ ਨੂੰ ਨਿਸ਼ਾਨਾ ਬਣਾਇਆ ਗਿਆ ਹੈ ਅਤੇ ਡੇਰਾ ਸਿਰਸਾ ਮਾਮਲੇ ਵਿਚ ਉਂਗਲ ਉਠਾਈ ਗਈ ਹੈ। ਗੋਰਾ ਨੇ ਬੰਬ ਧਮਾਕੇ ਨੂੰ ਇਕ ਸਿਆਸੀ ਚਾਲ ਵੀ ਦੱਸਿਆ ਸੀ। ਚੋਣਾਂ ਦੌਰਾਨ ਗੋਰਾ 'ਆਪ' ਵਿਚ ਸ਼ਾਮਲ ਹੋ ਗਏ ਸਨ। ਉਨ੍ਹਾਂ ਆਖਿਆ ਕਿ ਮੌੜ ਧਮਾਕੇ ਬਾਰੇ ਗੋਰਾ ਵੱਲੋਂ ਕੀਤੀ ਜਾ ਰਹੀ ਬਿਆਨਬਾਜ਼ੀ ਉਸ ਦੀ ਮਾੜੀ ਸੋਚ ਦੀ ਉਪਜ ਹੈ। ਅਜਿਹਾ ਕਰ ਕੇ ਗੋਰਾ ਉਸ ਦੀ ਛਵੀ ਨੂੰ ਖਰਾਬ ਕਰਨਾ ਚਾਹੁੰਦਾ ਹੈ ਅਤੇ ਪੁਲਿਸ ਜਾਂਚ ਨੂੰ ਭੜਕਾਉਣਾ ਚਾਹੁੰਦਾ ਹੈ। ਸ੍ਰੀ ਜੱਸੀ ਨੇ ਆਖਿਆ ਕਿ ਜਦੋਂ ਵਿਧਾਨ ਸਭਾ ਵਿਚ ਗੋਰਾ ਨੂੰ ਟਿਕਟ ਨਾ ਮਿਲੀ ਤਾਂ ਉਸ ਨੇ ਉਸ ਦੇ ਘਰ ਅੱਗੇ ਧਰਨਾ ਦੇ ਕੇ ਹੰਗਾਮਾ ਕੀਤਾ।



ਉਸ ਦੇ ਚੋਣ ਪ੍ਰਚਾਰ ਵਿਚ ਵੀ ਗੋਰੇ ਨੇ ਵਿਘਨ ਪਾਇਆ ਅਤੇ ਉਸ ਨੂੰ ਨਿਸ਼ਾਨਾ ਬਣਾ ਕੇ ਬੰਬ ਧਮਾਕਾ ਕੀਤਾ ਗਿਆ, ਜਿਸ ਵਿਚ ਉਸ ਦੇ ਚੋਣ ਇੰਚਾਰਜ ਹਰਪਾਲ ਪਾਲੀ ਸਮੇਤ ਸੱਤ ਜਾਨਾਂ ਚਲੀਆਂ ਗਈਆਂ।

ਉਧਰ, ਭੁਪਿੰਦਰ ਗੋਰਾ ਦਾ ਕਹਿਣਾ ਹੈ ਕਿ ਜੱਸੀ ਇਕ ਸਾਲ ਮਗਰੋਂ ਕਿਉਂ ਬੋਲੇ ਹਨ ਤੇ ਉਹ ਪਹਿਲਾਂ ਚੁੱਪ ਕਿਉਂ ਰਹੇ। ਧਮਾਕੇ ਸਮੇਂ 'ਆਪ' ਦੀ ਮੌੜ ਵਿਚ ਰੈਲੀ ਸੀ, ਜਿਥੋਂ ਉਹ ਪਤਾ ਲੱਗਣ ਮਗਰੋਂ ਸਾਰੇ ਹੀ ਕਾਫਲੇ ਦੇ ਰੂਪ ਵਿਚ ਧਮਾਕੇ ਵਾਲੀ ਥਾਂ 'ਤੇ ਗਏ ਸਨ।

# ਸਿੱਧੂ ਦੇ ਸਿਆਸੀ ਹੱਲਿਆਂ ਨੇ ਚਿੱਤ ਕੀਤਾ ਸੁਖਬੀਰ

**ਸੰਗਰੂਰ:** ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਕਿਸੇ ਵੀ ਮੁੱਦੇ 'ਤੇ ਬਹਿਸ ਦੀ ਚੁਣੌਤੀ ਦਿੱਤੀ ਹੈ। ਸਿੱਧੂ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਚੁਣੌਤੀ ਕਬੂਲ ਕਰੇ ਤਾਂ ਉਹ ਪਿੰਡ ਬਾਦਲ ਦੇ ਚੁਰਾਹੇ ਵਿਚ ਆ ਕੇ ਵੀ ਬਹਿਸ ਕਰਨ ਨੂੰ ਤਿਆਰ ਹਨ। ਜੇਕਰ ਬਹਿਸ ਦੌਰਾਨ ਸੁਖਬੀਰ ਸਿੰਘ ਬਾਦਲ ਜਿੱਤ ਗਿਆ ਤਾਂ ਉਹ ਰਾਜਨੀਤੀ ਛੱਡ ਦੇਣਗੇ। ਸ੍ਰੀ ਸਿੱਧੂ ਸ਼ਹਿਰ ਲਈ 90.88 ਕਰੋੜ ਰੁਪਏ ਦੀ ਲਾਗਤ ਵਾਲੇ ਸੀਵਰੇਜ ਪ੍ਰੋਜੈਕਟ ਦੀ ਰਸਮੀ ਸ਼ੁਰੂਆਤ ਮੌਕੇ ਫੇਰੂਮਾਨ ਚੌਂਕ ਵਿਚ ਰੱਖੇ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ।

ਸ਼੍ਰੋਮਣੀ ਅਕਾਲੀ ਦਲ ਉਤੇ ਵਿਅੰਗਮਈ ਅੰਦਾਜ਼ ਵਿਚ ਤਾਬੜਤੋੜ ਸਿਆਸੀ ਹਮਲੇ ਕਰਦਿਆਂ ਸ੍ਰੀ ਸਿੱਧੂ ਨੇ ਕਿਹਾ ਕਿ ਇਹ ਪਿਛਲੇ ਦਸ ਮਹੀਨਿਆਂ ਦੌਰਾਨ ਤਿੰਨ ਚੋਣਾਂ ਹਾਰ ਗਏ ਹਨ। ਜਿਹੜੇ ਖੁਦ ਖਿੱਦੋ ਵਾਂਗ ਖਿਲ੍ਹਰੇ ਪਏ ਹਨ, ਉਹ ਹੁਣ ਕਿਹੜੀ ਪੋਲ ਖੋਲ੍ਹ ਰਹੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਹੁਣ ਤੱਕ ਦੇ ਇਤਿਹਾਸ ਵਿਚ ਜਿੰਨੇ ਵੀ ਪ੍ਰਧਾਨ ਬਣੇ ਹਨ, ਉਨ੍ਹਾਂ ਸਾਰੇ ਪ੍ਰਧਾਨਾਂ ਦੀ ਜਾਇਦਾਦ ਇਕੱਲੇ ਮੌਜੂਦਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਜਾਇਦਾਦ ਜਿੰਨੀ ਵੀ ਸਾਬਤ ਹੋਵੇ ਤਾਂ ਉਹ ਰਾਜਨੀਤੀ ਵਿਚੋਂ ਸੰਨਿਆਸ ਲੈ ਲੈਣਗੇ। ਉਨ੍ਹਾਂ ਦੋਸ਼ ਲਾਇਆ ਕਿ ਬਾਦਲ ਪਰਿਵਾਰ ਨੇ ਇਕ ਬੱਸ ਤੋਂ 800 ਬੱਸਾਂ ਅਤੇ ਦੋ ਟਰਾਂਸਪੋਰਟ ਕੰਪਨੀਆਂ ਤੋਂ ਅੱਠ ਕੰਪਨੀਆਂ ਬਣਾ ਲਈਆਂ ਹਨ। ਇਨ੍ਹਾਂ ਦੀ ਟਰਾਂਸਪੋਰਟ ਮੁਨਾਫੇ ਵਿਚ ਹੁੰਦੀ ਗਈ ਜਦੋਂ ਕਿ ਪੀ.ਆਰ.ਟੀ.ਸੀ. 500 ਕਰੋੜ ਦੇ ਘਾਟੇ ਵਿਚ ਚਲੀ ਗਈ।

ਸਿੱਧੂ ਨੇ ਦੱਸਿਆ ਕਿ ਪੀ.ਆਈ.ਡੀ.ਬੀ. ਨੇ ਲੋਕ ਹਿੱਤ ਵਿਚ ਵਿਕਾਸ ਕਾਰਜਾਂ ਲਈ ਹੁਡਕੋ ਤੋਂ 1540 ਕਰੋੜ ਦਾ ਕਰਜ਼ਾ 7 ਫੀਸਦੀ ਵਿਆਜ ਉਤੇ ਲਿਆ ਹੈ। ਜਿਸ ਵਿਚੋਂ ਸੰਗਰੂਰ ਸ਼ਹਿਰ ਦੇ ਸੀਵਰੇਜ, ਜਲ ਸਪਲਾਈ, ਸਟਰੀਟ ਲਾਈਟਾਂ, ਸੜਕਾਂ ਦੇ ਕਾਰਜਾਂ ਲਈ 206 ਕਰੋੜ ਰੁਪਏ ਦੀ ਰਾਸ਼ੀ ਪ੍ਰਵਾਨ ਕੀਤੀ ਗਈ ਹੈ ਜਿਸ ਵਿਚੋਂ ਸੌ ਫੀਸਦੀ ਸੀਵਰੇਜ ਪ੍ਰੋਜੈਕਟ ਲਈ 90.88 ਕਰੋੜ ਦੀ ਰਾਸ਼ੀ ਇਕ ਹਫਤੇ ਦੇ ਅੰਦਰ ਜਾਰੀ ਕਰ ਦਿੱਤੀ ਜਾਵੇਗੀ।

## ਕਾਲੇ ਕਾਨੂੰਨਾਂ ਖਿਲਾਫ਼ ਸਾਂਝੇ ਸੰਘਰਸ਼ ਦਾ ਹੋਕਾ

**ਜਲੰਧਰ:** ਜਨਤਕ ਜਥੇਬੰਦੀਆਂ ਵੱਲੋਂ ਕਾਲੇ ਕਾਨੂੰਨਾਂ ਦਾ ਵਿਰੋਧ ਕਰਨ ਲਈ ਸੱਦੀ ਗਈ ਸਾਂਝੀ ਮਹਾਂ ਰੈਲੀ ਵਿਚ ਲੋਕਾਂ ਦੇ ਇਕੱਠ ਨੇ ਪੰਜਾਬ ਦੀ ਕੈਪਟਨ ਸਰਕਾਰ ਨੂੰ ਵੰਗਾਰਦਿਆਂ ਕਿਹਾ ਕਿ ਕਾਲੇ ਕਾਨੂੰਨ ਰੱਦ ਕਰਵਾਉਣ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ। ਪੰਜਾਬ ਪੁਲਿਸ ਵੱਲੋਂ ਲਾਈਆਂ ਰੋਕਾਂ ਦੇ ਬਾਵਜੂਦ ਲੋਕ ਇਸ ਮਹਾਂ ਰੈਲੀ ਵਿਚ ਵੱਡੀ ਗਿਣਤੀ ਵਿਚ ਪਹੁੰਚੇ ਸਨ। ਪੁੱਡਾ ਗਰਾਊਂਡ ਵਿਚ ਜਨਤਕ ਜਥੇਬੰਦੀਆਂ ਦੇ ਤਾਲਮੇਲ ਫਰੰਟ ਪੰਜਾਬ ਦੇ ਸੱਦੇ ਉਤੇ ਹੋਏ ਇਸ ਵੱਡੇ ਇਕੱਠ ਵਿਚ ਪੰਜ ਦਰਜਨ ਤੋਂ ਵੱਧ ਜਨਤਕ ਜਥੇਬੰਦੀਆਂ ਦੇ ਕਾਰਕੁਨ ਪਹੁੰਚੇ ਸਨ।

ਇਸ ਮੌਕੇ ਬੁਲਾਰਿਆਂ ਨੇ ਕਿਹਾ ਕਿ ਪਿਛਲੀ ਅਕਾਲੀ-ਭਾਜਪਾ ਸਰਕਾਰ ਨੇ 'ਪੰਜਾਬ ਜਨਤਕ ਤੇ ਨਿੱਜੀ ਜਾਇਦਾਦ ਦਾ ਨੁਕਸਾਨ ਰੋਕੂ ਕਾਨੂੰਨ' ਲੋਕਾਂ ਦੇ ਸਖਤ ਵਿਰੋਧ ਕਰ ਕੇ ਲਾਗੂ ਨਹੀਂ ਕੀਤਾ ਸੀ। ਉਸ ਵੇਲੇ ਹੁਣ ਵਾਲੀ ਸਰਕਾਰ ਦੇ ਆਗੂ ਉਸ ਕਾਨੂੰਨ ਦਾ ਵਿਰੋਧ ਕਰਨ ਦਾ ਵਿਖਾਵਾ ਵੀ ਕਰਦੇ ਰਹੇ ਹਨ ਪਰ ਆਪਣੀ ਸਰਕਾਰ ਬਣਦੇ ਸਾਰ ਹੀ ਇਹ ਕਾਨੂੰਨ ਲਾਗੂ ਕਰ ਕੇ ਉਨ੍ਹਾਂ ਆਪਣੇ ਹਕੀਕੀ ਲੋਕ ਵਿਰੋਧੀ ਚਿਹਰੇ ਤੋਂ ਪਰਦਾ ਹਟਾ ਦਿੱਤਾ ਹੈ।

ਬੁਲਾਰਿਆਂ ਨੇ ਕਿਹਾ ਕਿ ਪੰਜਾਬ ਵਿਚ ਗੈਂਗਸਟਰਾਂ ਵਿਰੁੱਧ ਕਾਰਵਾਈ ਕਰਨ ਦੀ ਆੜ ਹੇਠ ਲਿਆਂਦੇ ਜਾ ਰਹੇ 'ਪਕੋਕਾ' ਨੂੰ ਅਸਲ ਵਿਚ ਸੰਘਰਸ਼ਸ਼ੀਲ ਲੋਕਾਂ ਵਿਰੁੱਧ ਵਰਤਿਆ ਜਾ ਰਿਹਾ ਹੈ। ਸੰਘਰਸ਼ਸ਼ੀਲ ਲੋਕਾਂ ਨੂੰ ਸਾਂਝੇ ਸੰਘਰਸ਼ ਦੇ ਮੈਦਾਨ ਵਿਚ ਨਿੱਤਰ ਕੇ 'ਪੰਜਾਬ ਜਨਤਕ ਤੇ ਨਿੱਜੀ ਜਾਇਦਾਦ ਦਾ ਨੁਕਸਾਨ ਰੋਕੂ ਕਾਨੂੰਨ', ਪਕੋਕਾ, ਸੀ.ਆਰ.ਪੀ.ਸੀ. ਦੀ ਧਾਰਾ 295-ਏ ਵਿਚ ਕੀਤੀ ਹਾਲੀਆ ਸੋਧ ਰੱਦ ਕਰਵਾਉਣ ਅਤੇ ਧਾਰਾ 144, 107/51 ਅਤੇ ਧਾਰਾ 307 ਦੀ ਕੀਤੀ ਜਾ ਰਹੀ ਦੁਰਵਰਤੋਂ ਬੰਦ ਕਰਾਉਣ ਲਈ ਜ਼ੋਰਦਾਰ ਹੰਭਲਾ ਮਾਰਨ ਲਈ ਕਿਹਾ।

# ਵਿਧਾਇਕ ਬੈਂਸ ਅਤੇ ਕਾਂਗਰਸੀਆਂ ਵਿਚਾਲੇ ਝੜਪ

**ਲੁਧਿਆਣਾ:** ਨਗਰ ਨਿਗਮ ਲੁਧਿਆਣਾ ਦੀਆਂ ਚੋਣਾਂ ਨੂੰ ਵਕਾਰ ਦਾ ਸਵਾਲ ਬਣਾ ਕੇ ਚੋਣ ਪ੍ਰਚਾਰ ਕਰ ਰਹੇ ਲੋਕ ਇਨਸਾਫ ਪਾਰਟੀ ਦੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਅਤੇ ਕਾਂਗਰਸੀ ਆਗੂ ਕਮਲਜੀਤ ਸਿੰਘ ਕੜਵਲ ਦੇ ਹਮਾਇਤੀਆਂ ਵਿਚਾਲੇ ਮਾਡਲ ਟਾਊਨ ਇਲਾਕੇ ਵਿਚ ਝੜਪ ਹੋ ਗਈ। ਬੈਂਸ ਨੇ ਕਮਲਜੀਤ ਸਿੰਘ ਕੜਵਲ ਦੇ ਸਾਥੀਆਂ ਉਤੇ ਕਾਤਲਾਨਾ ਹਮਲਾ ਕਰਨ ਦੇ ਦੋਸ਼ ਲਗਾਏ।

ਇਸ ਦੌਰਾਨ ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਪੁਲਿਸ ਨੇ ਜੇ ਕਾਂਗਰਸੀ ਆਗੂ ਤੇ ਉਸ ਦੇ ਸਾਥੀਆਂ ਖਿਲਾਫ ਐਫ.ਆਈ.ਆਰ. ਦਰਜ ਨਾ ਕੀਤੀ ਤਾਂ ਉਹ ਪਾਰਟੀ ਵਰਕਰਾਂ ਨਾਲ ਮਿਲ ਕੇ ਧਰਨਾ ਦੇਣਗੇ। ਬੈਂਸ ਨੇ ਦੱਸਿਆ ਕਿ ਉਹ ਵਾਰਡ ਨੰ. 49 ਅਧੀਨ ਆਉਂਦੇ ਇਲਾਕੇ ਮਾਡਲ ਟਾਊਨ ਐਕਸਟੈਨਸ਼ਨ 'ਚ ਪਾਰਟੀ ਉਮੀਦਵਾਰ ਅਨੀਤਾ ਗਰਗ ਦੀ ਹਮਾਇਤ 'ਚ ਅਸ਼ੋਕ ਸਿੰਗਲਾ ਦੀ ਕੋਠੀ ਵਿਚ ਮੀਟਿੰਗ ਕਰ ਰਹੇ ਸਨ। ਇਸੇ ਦੌਰਾਨ ਕਾਂਗਰਸੀ ਉਮੀਦਵਾਰ ਬੀਬੀ ਰਜਿੰਦਰ ਕੌਰ ਦਾ ਲੜਕਾ ਅਸ਼ੋਕ ਸਿੰਗਲਾ ਨੇ ਹਾਲਾਂਕਿ ਕਾਂਗਰਸੀ ਆਗੂ ਕੜਵਲ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ,




ਗੁਰਪ੍ਰੀਤ ਗੋਪੀ ਤੇ ਕਮਲਜੀਤ ਸਿੰਘ ਕੜਵਲ ਉਥੇ ਆਏ ਤੇ ਉਨ੍ਹਾਂ ਨੂੰ ਉਥੋਂ ਜਾਣ ਲਈ ਕਿਹਾ। ਪਰ ਉਹ ਹਥਿਆਰਾਂ ਨਾਲ ਲੈਸ ਆਪਣੇ ਵੱਡੀ ਗਿਣਤੀ ਸਮਰਥਕਾਂ ਨਾਲ ਕੋਠੀ ਅੰਦਰ ਦਾਖਲ ਹੋ ਗਿਆ ਤੇ ਤੋੜ ਫੋੜ ਸ਼ੁਰੂ ਕਰ ਦਿੱਤੀ। ਬੈਂਸ ਤੇ ਕੜਵਲ ਦੇ ਹਮਾਇਤੀਆਂ 'ਚ ਝੜਪ ਦੀ ਖਬਰ ਪੂਰੇ ਸ਼ਹਿਰ ਵਿਚ ਫੈਲਦਿਆਂ ਹੀ ਕਾਂਗਰਸ ਤੇ ਲੋਕ ਇਨਸਾਫ ਪਾਰਟੀ ਸਮੇਤ ਆਮ ਆਦਮੀ ਪਾਰਟੀ ਦੇ ਵੱਡੀ ਗਿਣਤੀ ਸਮਰਥਕ ਇਕੱਠੇ ਹੋ ਗਏ ਤੇ ਪੂਰਾ ਇਲਾਕਾ ਛਾਉਣੀ 'ਚ ਤਬਦੀਲ ਹੋ ਗਿਆ। ਬੈਂਸ ਨੇ ਦਾਅਵਾ ਕੀਤਾ ਕਿ ਹਮਲੇ 'ਚ ਉਨ੍ਹਾਂ ਦੇ ਵੀ ਹਲਕੀ ਸੱਟ ਲੱਗੀ, ਜਦੋਂ ਕਿ ਉਨ੍ਹਾਂ ਦਾ ਪੀਏ ਧਰਮਿੰਦਰ ਗੰਭੀਰ ਜ਼ਖਮੀ ਹੋ ਗਿਆ। ਉਧਰ, ਆਤਮ ਨਗਰ ਤੋਂ ਕਾਂਗਰਸ ਦੇ ਹਲਕਾ ਇੰਚਾਰਜ ਕਮਲਜੀਤ ਸਿੰਘ ਕੜਵਲ ਨੇ ਦੱਸਿਆ ਕਿ ਮਾਡਲ ਟਾਊਨ ਐਕਸਟੈਨਸ਼ਨ 'ਚ ਉਪਰੋਕਤ ਸਥਾਨ 'ਤੇ ਕਾਂਗਰਸ ਪਾਰਟੀ ਦੀ ਉਮੀਦਵਾਰ ਰਜਿੰਦਰ ਕੌਰ ਦੀ ਮੀਟਿੰਗ ਚੱਲ ਰਹੀ ਸੀ। ਇਸੇ ਦੌਰਾਨ ਵਿਧਾਇਕ ਬੈਂਸ ਆਪਣੇ ਹਮਾਇਤੀਆਂ ਸਮੇਤ ਮੌਕੇ 'ਤੇ ਪੁੱਜਿਆ, ਪਰ ਉਥੇ ਕੋਈ ਲੜਾਈ ਨਹੀਂ ਹੋਈ। ਉਨ੍ਹਾਂ ਕਿਹਾ ਕਿ ਬੈਂਸ ਭਰਾ ਨਿਗਮ ਚੋਣਾਂ ਹਾਰ ਰਹੇ ਹਨ, ਜਿਸ ਕਾਰਨ ਉਹ ਅਜਿਹੇ ਦੋਸ਼ ਲਾ ਰਹੇ ਹਨ।

## ਰਾਸ਼ਟਰਪਤੀ ਜੈਕਬ ਜ਼ੂਮਾ ਵੱਲੋਂ ਅਸਤੀਫਾ

**ਨਵੀਂ ਦਿੱਲੀ:** ਭਾਰਤੀ ਮੂਲ ਦੇ ਕਾਰੋਬਾਰੀ ਗੁਪਤਾ ਭਰਾਵਾਂ ਨਾਲ ਸਬੰਧਾਂ ਕਰ ਕੇ ਘੁਟਾਲੇ/ਵਿਵਾਦਾਂ 'ਚ ਘਿਰੇ ਰਾਸ਼ਟਰਪਤੀ ਜੈਕਬ ਜ਼ੂਮਾ ਨੇ ਸੱਤਾਧਾਰੀ ਅਫਰੀਕਨ ਨੈਸ਼ਨਲ ਕਾਂਗਰਸ (ਏ.ਐਨ.ਸੀ.) ਪਾਰਟੀ ਨਾਲ ਬਣੇ ਜਮੂਦ ਨੂੰ ਤੋੜਦਿਆਂ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ।



ਨਵੇਂ ਰਾਸ਼ਟਰਪਤੀ ਦੀ ਚੋਣ ਤੱਕ ਉਪ ਰਾਸ਼ਟਰਪਤੀ ਤੇ ਸਾਬਕਾ ਕਾਰੋਬਾਰੀ ਰਾਮਾਫੋਸਾ ਅੰਤਰਿਮ ਰਾਸ਼ਟਰਪਤੀ ਹੋਣਗੇ। ਜ਼ੂਮਾ (75) ਨੇ ਅਸਤੀਫੇ ਦਾ ਐਲਾਨ ਕੌਮੀ ਟੈਲੀਵਿਜ਼ਨ 'ਤੇ ਆਪਣੇ ਸੰਬੋਧਨ ਦੌਰਾਨ ਕੀਤਾ।

ਅਸਤੀਫੇ ਨਾਲ ਜ਼ੂਮਾ ਦਾ ਨੌਂ ਸਾਲ ਦਾ ਕਾਰਜਕਾਲ ਖਤਮ ਹੋ ਗਿਆ ਹੈ। ਉਂਜ ਰਾਸ਼ਟਰਪਤੀ ਵਜੋਂ ਜ਼ੂਮਾ ਦੇ ਦੂਜੇ ਕਾਰਜਕਾਲ ਦੀ ਮਿਆਦ ਅਗਲੇ ਸਾਲ ਕੌਮੀ ਚੋਣਾਂ ਤੱਕ ਸੀ। ਚੇਤੇ ਰਹੇ ਕਿ ਏ.ਐਨ.ਸੀ. ਨੇ ਦੋ ਮਹੀਨੇ ਪਹਿਲਾਂ ਜ਼ੂਮਾ ਦੀ ਥਾਂ ਸਿਰਿਲ ਰਾਮਾਫੋਸਾ ਦੀ ਨਵੇਂ ਪਾਰਟੀ ਪ੍ਰਧਾਨ ਵਜੋਂ ਚੋਣ ਕੀਤੀ ਸੀ। ਇਸ ਚੋਣ ਨੂੰ ਲੈ ਕੇ ਉਨ੍ਹਾਂ ਦੇ ਪਾਰਟੀ ਨਾਲ ਮਤਭੇਦ ਚੱਲ ਰਹੇ ਸਨ। ਏ.ਐਨ.ਸੀ. ਵਿਰੋਧੀ ਪਾਰਟੀਆਂ ਦੀ ਹਮਾਇਤ ਨਾਲ ਸੰਸਦ 'ਚ ਰਾਸ਼ਟਰਪਤੀ ਖਿਲਾਫ ਬੇਭਰੋਸਗੀ ਮਤਾ ਲਿਆ ਕੇ ਜ਼ੂਮਾ ਨੂੰ ਅਹੁਦੇ ਤੋਂ ਲਾਂਭੇ ਕੀਤੇ ਜਾਣ ਦੀ ਤਿਆਰੀ ਵਿਚ ਸੀ।

## ਸ਼੍ਰੋਮਣੀ ਕਮੇਟੀ ਦੀ 'ਇਕ ਪਿੰਡ ਇਕ ਗੁਰਦੁਆਰਾ' ਮੁਹਿੰਮ

**ਸੰਗਰੂਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਹੈ ਕਿ ਪੰਜਾਬ ਦੇ ਤਕਰੀਬਨ ਹਰੇਕ ਪਿੰਡ 'ਚ ਇਕ ਤੋਂ ਵੱਧ ਗੁਰਦੁਆਰੇ ਹਨ। ਚਾਹੀਦਾ ਇਹ ਹੈ ਕਿ ਇਕ ਪਿੰਡ ਵਿਚ ਇਕ ਗੁਰੂ ਘਰ ਹੋਵੇ। ਉਨ੍ਹਾਂ ਕਿਹਾ ਕਿ ਪਿੰਡਾਂ ਦੀ ਧੜੇਬਾਜ਼ੀ ਅਤੇ ਚੌਧਰ ਦੀ ਭੁੱਖ ਕਾਰਨ ਇਕ-ਇਕ ਪਿੰਡ 'ਚ ਕਈ-ਕਈ ਗੁਰੂ ਘਰ ਬਣ ਚੁੱਕੇ ਹਨ, ਇਸ ਲਈ ਕਮੇਟੀ ਵਲੋਂ ਇਕ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ, ਜਿਸ ਤਹਿਤ 'ਇਕ ਪਿੰਡ ਇਕ ਗੁਰਦੁਆਰਾ' ਲਈ ਸੰਗਤ ਨੂੰ ਪ੍ਰੇਰਿਤ ਕੀਤਾ ਜਾਵੇਗਾ।

ਇਸ ਮੁਹਿੰਮ 'ਚ ਜੁੜਨ ਵਾਲੀਆਂ ਪਿੰਡਾਂ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਸਨਮਾਨਤ ਕਰਨ ਲਈ ਸ੍ਰੀ ਅਕਾਲ ਤਖਤ ਸਾਹਿਬ ਨੂੰ ਬੇਨਤੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਕ ਪਿੰਡ ਵਿਚ ਇਕ ਗੁਰੂ ਘਰ ਹੋਣ ਨਾਲ ਬਾਕੀ ਖਾਲੀ ਹੋਣ ਵਾਲੀਆਂ ਗੁਰੂ ਘਰਾਂ ਦੀਆਂ ਇਮਾਰਤਾਂ 'ਚ ਸਕੂਲ, ਕੀਰਤਨ ਸਿਖਲਾਈ ਕੇਂਦਰ, ਗੁਰਮਤਿ ਸਿਖਲਾਈ ਕੇਂਦਰ ਅਤੇ ਲਾਇਬ੍ਰੇਰੀਆਂ ਵਗੈਰਾ ਦੀ ਸਥਾਪਨਾ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਸਿੱਖੀ ਵਿਚ ਜਾਤ-ਪਾਤ ਨਹੀਂ ਹੁੰਦੀ, ਇਸ ਲਈ ਜਾਤ ਅਧਾਰਤ ਗੁਰੂ ਘਰ ਵੱਖਰੇ ਬਣਾਉਣਾ ਮੰਦਭਾਗੀ ਗੱਲ ਹੈ।

# ਭਾਜਪਾ ਨੇ ਜੀਂਦ ਰੈਲੀ ਰਾਹੀਂ ਵਜਾਇਆ ਚੋਣ ਬਿਗਲ

**ਜੀਂਦ:** ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਨੇ ਜੀਂਦ ਵਿਚ ਯੁਵਾ ਹੁੰਕਾਰ ਰੈਲੀ ਨਾਲ ਲੋਕ ਸਭਾ ਚੋਣਾਂ ਦਾ ਬਿਗਲ ਵਜਾ ਦਿੱਤਾ। ਸ਼ਾਹ ਨੇ ਤਿੰਨ ਸਾਲਾਂ ਦੇ ਕਾਰਜਕਾਲ ਦੌਰਾਨ ਇਹ ਪਹਿਲੀ ਵੱਡੀ ਸਿਆਸੀ ਰੈਲੀ ਸੀ। ਭਾਜਪਾ ਆਗੂਆਂ ਨੇ ਰੈਲੀ ਤੋਂ ਪਹਿਲਾਂ ਇਕ ਲੱਖ ਮੋਟਰਸਾਈਕਲ ਜੀਂਦ




ਕਿਹਾ ਅਗਲੇ ਸਾਲ ਹੋਣ ਵਾਲੀਆਂ ਆਮ ਚੋਣਾਂ ਵਿਚ ਭਾਜਪਾ ਹਰਿਆਣਾ ਦੀਆਂ ਦਸ ਦੀਆਂ 10 ਲੋਕ ਸਭਾ ਸੀਟਾਂ ਉਤੇ ਜਿੱਤ ਦਰਜ ਕਰਦਿਆਂ ਸੂਬੇ 'ਚ ਭਗਵਾ ਝੰਡਾ ਲਹਿਰਾਏਗੀ। ਵਿਰੋਧੀ ਧਿਰਾਂ ਉਤੇ ਹਮਲਾ ਕਰਦਿਆਂ ਪਾਰਟੀ ਪ੍ਰਧਾਨ ਨੇ ਕਿਹਾ ਕਿ ਉਨ੍ਹਾਂ ਤੋਂ ਪਲ-ਪਲ ਤੇ ਪਾਈ-ਪਾਈ ਦਾ ਹਿਸਾਬ ਲਿਆ ਜਾਵੇਗਾ।

ਹਰਿਆਣਾ ਦੀ ਖੱਟਰ ਸਰਕਾਰ ਦੇ ਸਾਢੇ ਪੁੱਜਣ ਦਾ ਦਾਅਵਾ ਕੀਤਾ ਸੀ, ਪਰ ਅਮਿਤ ਸ਼ਾਹ ਦੇ ਭਾਸ਼ਣ ਦੌਰਾਨ ਰੈਲੀ ਵਾਲੀ ਥਾਂ ਲੱਗੀਆਂ ਕੁਰਸੀਆਂ ਖਾਲੀ ਪਈਆਂ ਸਨ। ਸ੍ਰੀ ਸ਼ਾਹ ਨੇ ਕਿਹਾ ਕਿ ਯੂ.ਪੀ.ਏ. ਸਰਕਾਰ ਦੇ ਕਾਰਜਕਾਲ ਦੌਰਾਨ 13ਵੇਂ ਵਿੱਤ ਕਮਿਸ਼ਨ ਵਿਚ ਹਰਿਆਣਾ ਨੂੰ 14900 ਕਰੋੜ ਰੁਪਏ ਦੀ ਰਾਸ਼ੀ ਮਿਲੀ ਸੀ, ਪਰ ਜਦੋਂ 14ਵਾਂ ਵਿੱਤ ਕਮਿਸ਼ਨ ਆਇਆ ਤਾਂ ਉਸ ਸਮੇਂ ਸੂਬੇ ਵਿਚ ਭਾਜਪਾ ਦੀ ਸਰਕਾਰ ਸੀ ਅਤੇ ਇਸ ਦੌਰਾਨ ਹਰਿਆਣਾ ਨੂੰ 42 ਹਜ਼ਾਰ ਕਰੋੜ ਰੁਪਏ ਵੰਡਣ ਦਾ ਕੰਮ ਕੀਤਾ ਗਿਆ। ਇਸ ਤੋਂ ਇਲਾਵਾ ਕੇਂਦਰ ਨੇ ਹਰਿਆਣਾ ਨੂੰ ਅਨੁਦਾਨ, ਲੋਕਲ ਬਾਡੀ ਤਹਿਤ 34,400 ਕਰੋੜ ਰੁਪਏ ਦੀ ਰਾਸ਼ੀ ਦੇਣ ਦਾ ਕੰਮ ਕੀਤਾ ਹੈ। ਸ਼ਾਹ ਨੇ ਦਾਅਵਾ ਕੀਤਾ ਕਿ ਅਜੇ ਤੱਕ ਦੇਸ਼ ਦੇ 19 ਰਾਜਾਂ ਵਿਚ ਭਾਜਪਾ ਦੀ ਸਰਕਾਰ ਹੈ ਤੇ ਜਲਦੀ ਹੀ 21 ਰਾਜਾਂ ਵਿਚ ਭਗਵਾ ਰਾਜ ਹੋਵੇਗਾ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ 2022 ਤੱਕ ਨਵ ਭਾਰਤ ਨਿਰਮਾਣ 'ਚ ਨੌਜਵਾਨਾਂ ਦੇ ਅਹਿਮ ਰੋਲ ਦੇ ਬਿਆਨ ਬਾਰੇ ਸ਼ਾਹ ਨੇ ਕਿਹਾ ਕਿ ਮੋਦੀ ਨੇ 2014 ਦੇ ਲੋਕ ਸਭਾ ਚੋਣਾਂ ਦੀ ਸ਼ੁਰੂਆਤ ਹਰਿਆਣਾ ਦੇ ਰੇਵਾੜੀ ਵਿਚ ਸਾਬਕਾ ਫੌਜੀਆਂ ਦੀ ਰੈਲੀ ਨਾਲ ਕੀਤੀ ਸੀ। ਉਦੋਂ ਹਰਿਆਣਾ ਦੇ ਲੋਕਾਂ ਨੇ ਯੂ.ਪੀ.ਏ. ਤੇ ਕਾਂਗਰਸ ਸਰਕਾਰ ਦੇ ਭ੍ਰਿਸ਼ਟਾਚਾਰ ਖਿਲਾਫ ਜਨਮਤ ਦਿੱਤਾ ਸੀ।

## ਅੰਬਾਨੀ ਨੇ ਸੰਜੇ ਸਿੰਘ 'ਤੇ ਠੋਕਿਆ ਮਾਣਹਾਨੀ ਕੇਸ

**ਨਵੀਂ ਦਿੱਲੀ:** ਅਨਿਲ ਅੰਬਾਨੀ ਨੇ ਆਮ ਆਦਮੀ ਪਾਰਟੀ ਦੇ ਆਗੂ ਸੰਜੇ ਸਿੰਘ ਉਤੇ 5000 ਕਰੋੜ ਦਾ ਮਾਣਹਾਨੀ ਕੇਸ ਠੋਕਿਆ ਹੈ। ਸੰਜੇ ਸਿੰਘ ਦੇ ਅਨਿਲ ਅੰਬਾਨੀ ਉਤੇ ਰਾਫੇਲ ਘੋਟਾਲੇ ਦਾ ਇਲਜ਼ਾਮ ਲਾਇਆ ਸੀ। ਸੰਜੇ ਸਿੰਘ ਨੇ ਕਿਹਾ ਸੀ ਕਿ ਅੰਬਾਨੀ ਦੀ ਕੰਪਨੀ ਰਿਲਾਇੰਸ ਨੂੰ 22000 ਕਰੋੜ ਡਿਫੈਂਸ ਦਾ ਠੇਕਾ ਦਿੱਤਾ ਗਿਆ ਸੀ ਜਦਕਿ ਕੰਪਨੀ ਨੂੰ ਡਿਫੈਂਸ ਵਿਚ ਇਕ ਸਾਲ ਤੋਂ ਵੀ ਘੱਟ ਦਾ ਤਜਰਬਾ ਹੈ।

# ਧੋਖੇਬਾਜ਼ ਵਿਦੇਸ਼ੀ ਲਾੜਿਆਂ ਨੂੰ ਘੇਰਨ ਦੀ ਤਿਆਰੀ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਪੰਜਾਬ ਸਣੇ ਦੇਸ਼ ਦੇ ਕਈ ਸੂਬਿਆਂ ਵਿਚ ਪਰਵਾਸੀ ਲਾੜਿਆਂ ਵੱਲੋਂ ਭਾਰਤ ਵਿਚ ਆ ਕੇ ਵਿਆਹ ਕਰਵਾਉਣ ਤੇ ਫਿਰ ਪਤਨੀਆਂ ਨੂੰ ਛੱਡ ਜਾਣ ਦੇ ਮਾਮਲੇ ਰੋਕਣ ਦੀ ਤਿਆਰੀ ਕਰ ਲਈ ਹੈ। ਕੇਂਦਰ ਸਰਕਾਰ ਛੇਤੀ ਹੀ ਅਜਿਹੇ ਲਾੜਿਆਂ ਖਿਲਾਫ ਸਖਤ ਕਾਰਵਾਈ ਕਰੇਗੀ।

ਸੂਤਰਾਂ ਮੁਤਾਬਕ ਅਜਿਹੇ ਮਾਮਲੇ ਸਾਹਮਣੇ ਆਉਣ ਉਤੇ ਸਰਕਾਰ ਵੱਲੋਂ ਲਾੜਿਆਂ ਦੀ ਭਾਰਤ ਵਿਚਲੀ ਜਾਇਦਾਦ ਜ਼ਬਤ ਕਰ ਲਈ ਜਾਵੇਗੀ। ਕੇਂਦਰੀ ਮਹਿਲਾ ਤੇ ਬਾਲ ਵਿਕਾਸ ਮੰਤਰਾਲੇ ਵੱਲੋਂ ਇਹ ਕਾਨੂੰਨ ਬਣਾਉਣ ਦੀ ਕਵਾਇਦ ਜਾਰੀ ਹੈ। ਲਾੜੇ ਤੇ ਪਰਿਵਾਰ ਦੀ ਜਾਇਦਾਦ ਪਤਨੀ ਨੂੰ ਦਿਵਾਉਣ ਦਾ ਮਤਾ ਤਿਆਰ ਹੈ ਤੇ ਛੇਤੀ ਹੀ ਇਹ ਕਾਨੂੰਨੀ ਰੂਪ ਅਖਤਿਆਰ ਕਰੇਗਾ। ਪਰਵਾਸੀ ਲਾੜਿਆਂ ਦੀ ਧੋਖੇਸ਼ਾਹੀ ਰੋਕਣ ਲਈ ਉਨ੍ਹਾਂ ਖਿਲਾਫ ਗੰਭੀਰ ਸ਼ਿਕਾਇਤਾਂ ਮਿਲਣ ਉਤੇ ਉਸ ਦਾ ਪਾਸਪੋਰਟ ਤੱਕ ਰੱਦ ਕੀਤਾ ਜਾ ਸਕਦਾ ਹੈ।

ਜ਼ਿਕਰਯੋਗ ਹੈ ਕਿ ਪਹਿਲੀ ਜਨਵਰੀ 2015 ਤੋਂ 30 ਨਵੰਬਰ 2017 ਦਰਮਿਆਨ ਵਿਦੇਸ਼ ਮੰਤਰਾਲੇ ਨੂੰ ਪਰਵਾਸੀ ਪਤਨੀਆਂ ਦੀਆਂ 3328 ਸ਼ਿਕਾਇਤਾਂ ਮਿਲੀਆਂ ਹਨ ਜਿਨ੍ਹਾਂ ਵਿਚ ਤੰਗ ਕਰਨ, ਦਾਜ ਦੀ ਮੰਗ, ਸਰੀਰਕ ਸ਼ੋਸ਼ਣ ਦੇ ਮਾਮਲੇ ਸ਼ਾਮਲ ਹਨ। ਵਿਆਹ ਰਜਿਸਟਰੇਸ਼ਨ ਲਾਜ਼ਮੀ ਕਰਨ ਦਾ ਮਕਸਦ ਵੀ ਲੜਕੀਆਂ ਦਾ ਸ਼ੋਸ਼ਣ ਰੋਕਣਾ ਸੀ।

ਪਰਵਾਸੀ ਲਾੜਿਆਂ ਵੱਲੋਂ ਭਾਰਤ ਆ ਕੇ ਮਹਿੰਗੇ ਵਿਆਹ ਕਰਵਾਉਣੇ ਤੇ ਫਿਰ ਮੁੜ ਪਤਨੀ ਦੀ ਬਾਤ ਨਾ ਪੁੱਛਣ ਦੇ ਬਹੁਤੇ ਮਾਮਲੇ ਪੰਜਾਬ ਵਿਚ ਪਿਛਲੇ ਸਾਲਾਂ ਦੌਰਾਨ ਦੇਖਣ ਨੂੰ ਮਿਲੇ ਹਨ ਤੇ ਕਈ ਪੰਜਾਬੀ ਪਰਿਵਾਰ ਪਰਵਾਸੀ ਠੱਗ ਲਾੜਿਆਂ ਹੱਥੋਂ ਬਰਬਾਦ ਹੋਏ ਹਨ।

# ਕਰਜ਼ਾ ਮੁਆਫੀ ਮੁਹਿੰਮ ਨੂੰ ਸਿਆਸੀ ਪਾਣ ਚਾੜ੍ਹਨ ਦੀ ਤਿਆਰੀ

**ਜਲੰਧਰ:** ਕੈਪਟਨ ਸਰਕਾਰ ਨੇ ਕਿਸਾਨਾਂ ਦੀ ਕਰਜ਼ਾ ਮੁਆਫੀ ਯੋਜਨਾ ਨੂੰ ਹੁਣ ਵਿਧਾਇਕਾਂ ਹੇਠ ਲਿਆ ਕੇ ਸਿਆਸੀ ਰੰਗ ਚਾੜ੍ਹਨ ਦਾ ਫੈਸਲਾ ਕੀਤਾ ਹੈ। ਵਿਧਾਇਕਾਂ ਦੇ ਦਬਾਅ ਹੇਠ ਕੈਪਟਨ ਸਰਕਾਰ ਨੇ ਵੀ ਅਕਾਲੀ-ਭਾਜਪਾ ਸਰਕਾਰ ਦੀ ਤਰਜ਼ ਉਤੇ ਵਿਧਾਇਕਾਂ ਜਾਂ ਥਾਪੇ ਹਲਕਾ ਇੰਚਾਰਜਾਂ ਰਾਹੀਂ ਕਰਜ਼ਾ ਯੋਜਨਾ ਨੇਪਰੇ ਚਾੜ੍ਹਨ ਦਾ ਫੈਸਲਾ ਕੀਤਾ ਹੈ। ਭਾਵੇਂ ਅਧਿਕਾਰਤ ਤੌਰ ਉਤੇ ਐਸ.ਡੀ.ਐਮ. ਜਾਂ ਹੋਰ ਅਧਿਕਾਰੀ ਹੀ ਕਰਜ਼ਿਆਂ ਦੇ ਕੇਸਾਂ ਦਾ ਨਿਪਟਾਰਾ ਕਰਨਗੇ, ਪਰ ਸਰਕਾਰ ਨੇ ਅਣ-ਐਲਾਨੇ ਤੌਰ ਉਤੇ ਇਹ ਫੈਸਲਾ ਕੀਤਾ ਹੈ ਕਿ ਕਰਜ਼ਾ ਮੁਆਫੀ ਬਾਰੇ ਫੈਸਲੇ 'ਚ ਹਲਕਾ ਵਿਧਾਇਕ ਦੀ ਸਿਫਾਰਸ਼ ਹੀ ਅੰਤਿਮ ਮੰਨੀ ਜਾਵੇਗੀ।

ਪੰਜ ਜ਼ਿਲ੍ਹਿਆਂ (ਮਾਨਸਾ, ਬਠਿੰਡਾ, ਫਰੀਦਕੋਟ, ਮੋਗਾ ਤੇ ਮੁਕਤਸਰ) ਦੇ 47 ਹਜ਼ਾਰ ਕਿਸਾਨਾਂ ਦਾ 170 ਕਰੋੜ ਰੁਪਏ ਦਾ ਕਰਜ਼ਾ ਉਨ੍ਹਾਂ ਸਹਿਕਾਰੀ ਸਭਾਵਾਂ ਨੂੰ ਤਾਰ ਦਿੱਤਾ ਗਿਆ ਸੀ ਜਿਨ੍ਹਾਂ ਤੋਂ ਇਹ ਫਸਲੀ ਕਰਜ਼ਾ ਲਿਆ ਗਿਆ ਸੀ। ਮਾਨਸਾ ਵਿਚ ਸਮਾਗਮ ਰਾਹੀਂ ਸ਼ੁਰੂ ਕੀਤੀ ਇਸ ਕਰਜ਼ਾ ਮੁਆਫੀ ਵਿਚ ਪਾਰਟੀ ਵਿਧਾਇਕਾਂ ਦੀ ਕੋਈ ਭੂਮਿਕਾ ਨਹੀਂ ਸੀ ਤੇ ਇਸੇ ਕਾਰਨ ਵਿਧਾਇਕਾਂ ਵੱਲੋਂ ਵੱਡੇ ਪੱਧਰ ਉਤੇ ਇਤਰਾਜ਼ ਉਠਾਇਆ ਸੀ ਕਿ ਅਫਸਰਸ਼ਾਹੀ ਵੱਲੋਂ ਬਣਾਈ ਯੋਜਨਾ 'ਚ ਬਹੁਤ ਸਾਰੇ ਲੋੜਵੰਦ ਕਿਸਾਨ ਕਰਜ਼ਾ ਮੁਆਫੀ ਤੋਂ ਵਾਂਝੇ ਰਹਿ ਗਏ ਹਨ, ਜਦਕਿ ਕਈ ਵੱਡੇ ਕਿਸਾਨ ਕਰਜ਼ਾ ਮੁਆਫੀ ਲੈ ਗਏ। ਇਸ ਤੋਂ ਬਾਅਦ ਹੀ ਪਹਿਲਾਂ ਮੁੱਖ ਮੰਤਰੀ ਨੇ ਤੇ ਫਿਰ ਪੰਚਾਇਤ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਵਿਧਾਇਕਾਂ ਨਾਲ ਮੀਟਿੰਗਾਂ ਕੀਤੀਆਂ ਤੇ ਉਸ ਤੋਂ ਬਾਅਦ ਹੀ ਫੈਸਲਾ ਕੀਤਾ ਕਿ ਕਰਜ਼ਾ ਮੁਆਫੀ ਵਿਚ ਵਿਧਾਇਕਾਂ ਦੀ ਭੂਮਿਕਾ ਪ੍ਰਮੁੱਖਤਾ ਦਿੱਤੀ ਜਾਵੇਗੀ।

# ਪੰਜਾਬੀ ਲੜਕੀ ਨਾਲ ਚਲਦੀ ਰੇਲ ਗੱਡੀ 'ਚ ਸਮੂਹਿਕ ਜਬਰ ਜਨਾਹ

**ਪਟਨਾ:** ਪੰਜਾਬ ਦੇ ਫਾਜ਼ਿਲਕਾ ਜ਼ਿਲ੍ਹੇ ਨਾਲ ਸਬੰਧਤ ਦਿੱਲੀ ਤੋਂ ਰਾਂਚੀ ਜਾ ਰਹੀ 19 ਸਾਲਾ ਪੰਜਾਬੀ ਲੜਕੀ ਨਾਲ ਚੱਲਦੀ ਰੇਲ ਗੱਡੀ ਵਿਚ 2 ਲੜਕਿਆਂ ਵੱਲੋਂ ਜਬਰ ਜਨਾਹ ਕੀਤਾ ਗਿਆ। ਪੁਲਿਸ ਵੱਲੋਂ ਇਸ ਮਾਮਲੇ ਦੀ ਜਾਂਚ ਲਈ ਐਸ.ਆਈ.ਟੀ. ਦਾ ਗਠਨ ਕੀਤਾ ਗਿਆ ਹੈ। ਇਸ ਘਟਨਾ ਤੋਂ ਡਰੀ ਲੜਕੀ ਵੱਲੋਂ ਜ਼ਹਿਰੀਲਾ ਪਦਾਰਥ ਖਾ ਕੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਗਈ ਤੇ ਉਸ ਨੂੰ ਗੰਭੀਰ ਹਾਲਤ 'ਚ ਹਸਪਤਾਲ ਦਾਖਲ ਕਰਵਾਇਆ ਗਿਆ ਸੀ।

ਲੜਕੀ ਨੇ ਠੀਕ ਹੋਣ ਪਿੱਛੋਂ ਪੁਲਿਸ ਨੂੰ ਦਿੱਤੇ ਬਿਆਨ 'ਚ ਦੱਸਿਆ ਕਿ ਉਹ ਰਾਂਚੀ ਸਵਰਨ ਜੈਅੰਤੀ ਐਕਸਪ੍ਰੈਸ ਦੀ ਐਸ-6 ਕੋਚ 'ਚ ਸਫਰ ਕਰ ਰਹੀ ਸੀ। ਰਾਤ ਕਰੀਬ 12 ਕੁ ਵਜੇ ਮੂਰੀ ਤੇ ਰਾਂਚੀ ਸਟੇਸ਼ਨਾਂ ਵਿਚਾਲੇ 2 ਲੜਕਿਆਂ ਨੇ ਉਸ ਨਾਲ ਮਾਰਕੁਟ ਕਰਦਿਆਂ ਜ਼ਬਰਦਸਤੀ ਕੀਤੀ। ਇਸ ਸਮੇਂ ਡੱਬੇ 'ਚ ਬਹੁਤ ਘੱਟ ਯਾਤਰੀ ਸਨ ਤੇ ਲਾਈਟਾਂ ਵੀ ਬੰਦ ਸਨ। ਇਸ ਘਟਨਾ ਦੇ 2 ਦਿਨ ਬਾਅਦ ਉਸ ਵੱਲੋਂ ਜ਼ਹਿਰ ਖਾ ਕੇ ਖੁਦਕਸ਼ੀ ਕਰਨ ਦੀ ਕੋਸ਼ਿਸ਼ ਕਰਨ 'ਤੇ ਉਸ ਦੇ ਦੋਸਤਾਂ ਨੂੰ ਸਮੂਹਿਕ ਜਬਰ ਜਨਾਹ ਦਾ ਪਤਾ ਲੱਗਾ। ਇਸ ਸਬੰਧੀ ਰਾਂਚੀ ਦੇ ਪੁਲਿਸ ਨੇ ਡੂਬਿਆ ਥਾਣੇ 'ਚ ਸ਼ਿਕਾਇਤ ਦਰਜ ਕਰਨ ਉਪਰੰਤ ਇਸ ਮਾਮਲੇ ਦੀ ਜਾਂਚ ਜੀ.ਆਰ.ਪੀ. ਪੁਲਿਸ ਨੂੰ ਸੌਂਪ ਦਿੱਤੀ।

# ਕੈਪਟਨ ਵੱਲੋਂ ਪ੍ਰਕਾਸ਼ ਪੁਰਬ ਲਈ ਵਿਸ਼ੇਸ਼ ਸਹਾਇਤਾ ਵਾਸਤੇ ਮੋਦੀ ਨੂੰ ਪੱਤਰ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਪੱਤਰ ਲਿਖ ਕੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਕਰਵਾਏ ਜਾਣ ਵਾਲੇ ਯਾਦਗਾਰੀ ਸਮਾਗਮਾਂ ਲਈ ਵਿਸ਼ੇਸ਼ ਮਦਦ ਦੀ ਮੰਗ ਕਰਦਿਆਂ ਤਿਆਰੀਆਂ ਲਈ ਇੰਤਜ਼ਾਮੀਆ ਕਮੇਟੀ ਦਾ ਗਠਨ ਕਰਨ ਦੀ ਅਪੀਲ ਕੀਤੀ ਹੈ।

ਪੱਤਰ ਵਿਚ ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਨੂੰ ਨਿੱਜੀ ਤੌਰ 'ਤੇ ਕਮੇਟੀ ਦੀ ਅਗਵਾਈ ਕਰਨ ਲਈ ਆਖਿਆ ਜੋ ਸਭਿਆਚਾਰਕ ਮਾਮਲਿਆਂ ਬਾਰੇ ਕੇਂਦਰੀ ਮੰਤਰਾਲੇ ਦੀ ਸਰਪ੍ਰਸਤੀ ਹੇਠ ਕਾਇਮ ਕੀਤੀ ਜਾਣੀ ਚਾਹੀਦੀ ਹੈ ਤਾਂ ਕਿ ਇਸ ਇਤਿਹਾਸਕ ਦਿਹਾੜੇ ਨੂੰ ਵਿਸ਼ਵ ਪੱਧਰ 'ਤੇ ਮਨਾਉਣ ਲਈ ਕੀਤੀਆਂ ਜਾ ਰਹੀਆਂ ਤਿਆਰੀਆਂ ਨੂੰ ਮਿਥੇ ਗਏ ਉਦੇਸ਼ ਉਤੇ ਪਹੁੰਚਾਇਆ ਜਾ ਸਕੇ।

ਮੁੱਖ ਮੰਤਰੀ ਨੇ ਆਖਿਆ ਕਿ ਸੂਬਾ ਸਰਕਾਰ ਵੱਲੋਂ ਇਕ ਵਿਸਥਾਰਤ ਰਿਪੋਰਟ ਤਿਆਰ ਕੀਤੀ ਜਾ ਰਹੀ ਹੈ ਜਿਸ ਨੂੰ ਛੇਤੀ ਹੀ ਪ੍ਰਧਾਨ ਮੰਤਰੀ ਨੂੰ ਸੌਂਪ ਦਿੱਤਾ ਜਾਵੇਗਾ। ਮੁੱਖ ਮੰਤਰੀ ਨੇ ਇਸ ਯਾਦਗਾਰੀ ਸਮਾਰੋਹ ਲਈ ਯੋਜਨਾ ਤੇ ਕਾਰਜ ਉਲੀਕਣ ਤੇ ਇਸ ਪਵਿੱਤਰ ਦਿਹਾੜੇ ਖਾਸ ਕਰ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸਬੰਧਤ ਸਥਾਨਾਂ ਲਈ ਲੋੜੀਂਦੇ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਲਈ ਭਾਰਤ ਸਰਕਾਰ ਪਾਸੋਂ ਸੂਬਾ ਸਰਕਾਰ ਦੀ ਮਦਦ ਲਈ ਵਿਸ਼ੇਸ਼ ਸਹਾਇਤਾ ਦੀ ਮੰਗ ਕੀਤੀ ਹੈ।

## ਝੂਲੇ 'ਚ ਵਾਲ ਫਸਣ ਕਾਰਨ ਔਰਤ ਦੀ ਮੌਤ

**ਪੰਚਕੂਲਾ:** ਪਿੰਜੌਰ ਗਾਰਡਨ ਵਿਚ ਗੋ ਕਾਰਟ ਸਕੇਟਿੰਗ ਕਾਰ ਝੂਲੇ ਵਿਚ ਇਕ ਔਰਤ ਦੇ ਵਾਲ ਫਸਣ ਕਾਰਨ ਉਸ ਦੀ ਮੌਤ ਹੋ ਗਈ। ਇਹ ਔਰਤ ਬਠਿੰਡਾ ਦੇ ਪਿੰਡ ਰਾਮਪੁਰਾ ਤੋਂ ਪਿੰਜੌਰ ਘੁੰਮਣ ਆਈ ਸੀ। ਪੁਨੀਤ ਕੌਰ ਆਪਣੇ ਪਤੀ ਅਤੇ ਰਿਸ਼ਤੇਦਾਰਾਂ ਨਾਲ ਆਈ ਸੀ ਅਤੇ ਗੋ ਕਾਰਟ ਵਿਚ ਵਾਲ ਫਸਣ ਕਾਰਨ ਹਾਦਸਾ ਵਾਪਰ ਗਿਆ।

# ਕੇਜਰੀਵਾਲ ਸਰਕਾਰ ਦੇ ਤਿੰਨ ਵਰ੍ਹੇ ਮੁਕੰਮਲ ਹੋਣ 'ਤੇ ਵੀ ਸਿਆਸਤ

**ਨਵੀਂ ਦਿੱਲੀ:** ਦਿੱਲੀ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਿਆਂ ਤਿੰਨ ਸਾਲ ਹੋ ਗਏ ਹਨ। ਕੇਜਰੀਵਾਲ ਸਰਕਾਰ ਜਿਥੇ ਤਿੰਨ ਸਾਲਾ ਸ਼ਾਸਨ ਦੀਆਂ ਪ੍ਰਾਪਤੀਆਂ ਗਿਣਵਾ ਰਹੀ ਹੈ, ਉਥੇ ਵਿਰੋਧੀ ਧਿਰਾਂ ਸਰਕਾਰ ਦੀਆਂ ਨਕਾਮੀਆਂ ਫਰੋਲਣ ਵਿਚ ਜੁਟੀਆਂ ਹੋਈਆਂ ਹਨ। ਕੇਜਰੀਵਾਲ ਦੀ ਅਗਵਾਈ ਵਿਚ ਆਮ ਆਦਮੀ ਪਾਰਟੀ ਦੀ ਦੂਜੀ ਵਾਰ ਸਰਕਾਰ ਬਣਨ ਉਤੇ ਦਿੱਲੀ ਵਾਸੀਆਂ ਨੇ ਵੱਡੀਆਂ ਉਮੀਦਾਂ ਲਾਈਆਂ ਸਨ। ਇਹ ਸਰਕਾਰ 14 ਫਰਵਰੀ, 2014 ਨੂੰ ਸੱਤਾ ਵਿਚ ਆਈ ਸੀ ਅਤੇ ਆਪਣੇ ਚੋਣ ਮਨੋਰਥ ਪੱਤਰ ਵਿਚ ਵੀ ਇਸ ਨੇ ਜਿਥੇ ਸਿੱਖਿਆ ਵਿਚ ਇਨਕਲਾਬੀ ਤਬਦੀਲੀਆਂ ਲਿਆਉਣ ਦੇ ਵਾਅਦੇ ਕੀਤੇ ਸਨ, ਉਥੇ ਸਿਹਤ ਦੇ ਖੇਤਰ ਨੂੰ ਚੁਸਤ ਦਰੁਸਤ ਕਰਨ ਦੀ ਗੱਲ ਵੀ ਕੀਤੀ ਸੀ।

ਲੋਕਾਂ ਨੂੰ ਘੱਟ ਦਰਾਂ ਉਤੇ ਬਿਜਲੀ ਅਤੇ ਪਾਣੀ ਦੇਣ ਦਾ ਵੀ ਵਾਅਦਾ ਕੀਤਾ ਸੀ। ਇਸ ਲਈ ਆਪਣਾ ਪਾਵਰ ਪਲਾਂਟ ਲਾਉਣ ਅਤੇ ਰਾਜਧਾਨੀ ਦੇ ਖੇਤਰ ਨੂੰ ਸੂਰਜੀ ਊਰਜਾ ਨਾਲ ਚਮਕਾਉਣ ਦੀ ਗੱਲ ਵੀ ਕੀਤੀ ਗਈ ਸੀ। ਅਣਅਧਿਕਾਰਤ ਕਾਲੋਨੀਆਂ ਸ਼ਹਿਰ ਦੀ ਸਭ ਤੋਂ ਵੱਡੀ ਸਮੱਸਿਆ ਹੈ। ਹੁਣ ਵੀ ਇਸ ਸ਼ਹਿਰ ਵਿਚ 1650 ਗੈਰਕਾਨੂੰਨੀ ਕਾਲੋਨੀਆਂ ਹਨ, ਜਿਨ੍ਹਾਂ ਵਿਚ 50 ਲੱਖ ਤੋਂ ਵਧੇਰੇ ਲੋਕ ਰਹਿੰਦੇ ਹਨ। ਇਸ ਨਵੀਂ ਪਾਰਟੀ ਨੇ ਇਹ ਵੀ ਵਾਅਦਾ ਕੀਤਾ ਸੀ ਕਿ ਉਹ ਇਸ ਮਹਾਂਨਗਰ ਵਿਚ ਅਜਿਹੇ ਯਤਨ ਕਰੇਗੀ ਕਿ ਇਥੇ ਸ਼ਰਾਬ ਦੀ ਵਿਕਰੀ ਨੂੰ ਸੀਮਤ ਕੀਤਾ ਜਾ ਸਕੇ ਪਰ ਸਰਕਾਰ ਦੀ ਨੀਤੀ ਨਾਲ ਸ਼ਰਾਬ ਦੀ ਵਿਕਰੀ ਵਿਚ ਵਾਧਾ ਹੀ ਹੋਇਆ ਹੈ। ਜੇਕਰ ਇਨ੍ਹਾਂ ਸਾਰੇ ਮੁੱਦਿਆਂ ਨੂੰ ਘੋਖਿਆ ਜਾਵੇ ਤਾਂ ਕੇਜਰੀਵਾਲ ਸਰਕਾਰ ਦੀਆਂ ਇਨ੍ਹਾਂ ਤਿੰਨਾਂ ਸਾਲਾਂ ਦੀਆਂ ਪ੍ਰਾਪਤੀਆਂ ਨਿਗੂਣੀਆਂ ਹੀ ਜਾਪਦੀਆਂ ਹਨ। ਸਾਲ 2010-11 ਵਿਚ ਇਥੇ ਲੋਕਲ ਬੱਸਾਂ ਦੀ ਗਿਣਤੀ 6000 ਤੋਂ ਉਪਰ ਸੀ, ਜੋ ਹੁਣ ਘਟ ਕੇ 4000 ਤੱਕ ਸੀਮਤ ਹੋ ਗਈ ਹੈ।

ਸਰਕਾਰ ਨੇ ਸਿੱਖਿਆ ਦੇ ਖੇਤਰ ਵਿਚ ਜ਼ਰੂਰ ਕੁਝ ਗਿਣਨਯੋਗ ਪ੍ਰਾਪਤੀਆਂ ਕੀਤੀਆਂ ਹਨ। ਇਸ ਲਈ 'ਮਿਸ਼ਨ ਚੁਣੌਤੀ' ਦੀ ਸਕੀਮ ਵੀ ਸ਼ੁਰੂ ਕੀਤੀ ਗਈ ਸੀ ਤਾਂ ਜੋ ਵਿਦਿਆਰਥੀਆਂ ਨੂੰ ਬਿਹਤਰ ਸਿੱਖਿਆ ਦਿੱਤੀ ਜਾ ਸਕੇ। ਗੈਰ-ਸਰਕਾਰੀ ਸਕੂਲਾਂ ਦੇ ਫੀਸਾਂ ਵਿਚ ਵਾਧੇ ਨੂੰ ਰੋਕਿਆ ਜਾ ਸਕੇ ਅਤੇ ਨਰਸਰੀ ਦੇ ਦਾਖਲੇ ਨੂੰ ਪਾਰਦਰਸ਼ੀ ਬਣਾਇਆ ਜਾਵੇ, ਪਰ ਸਰਕਾਰ ਦੇ 500 ਨਵੇਂ ਸਕੂਲ ਅਤੇ 20 ਡਿਗਰੀ ਕਾਲਜ ਬਣਾਉਣ ਦੇ ਵਾਅਦੇ ਹੁਣ ਤੱਕ ਹਵਾ ਵਿਚ ਹੀ ਲਟਕ ਰਹੇ ਹਨ। 17000 ਦੇ ਕਰੀਬ ਠੇਕੇ ਉਤੇ ਰੱਖੇ ਅਧਿਆਪਕਾਂ ਨਾਲ ਚੋਣਾਂ ਤੋਂ ਪਹਿਲਾਂ ਇਹ ਵਾਅਦਾ ਕੀਤਾ ਗਿਆ ਸੀ ਕਿ ਉਨ੍ਹਾਂ ਨੂੰ ਪੱਕਾ ਕਰ ਦਿੱਤਾ ਜਾਏਗਾ ਪਰ ਇਹ ਵਾਅਦਾ ਵੀ ਅਧੂਰਾ ਹੀ ਰਿਹਾ ਹੈ। ਸਰਕਾਰ ਇਸ ਸਮੇਂ ਵਿਚ 8000 ਨਵੇਂ ਸਕੂਲੀ ਕਮਰੇ ਬਣਾਉਣ ਦਾ ਦਾਅਵਾ ਜ਼ਰੂਰ ਕਰ ਰਹੀ ਹੈ।

ਲੋੜਵੰਦਾਂ ਤੱਕ ਪਾਣੀ ਪਹੁੰਚਾਉਣ ਲਈ ਵਧੇਰੇ ਨਵੀਆਂ ਲਾਈਨਾਂ ਨਹੀਂ ਪਾਈਆਂ ਜਾ ਸਕੀਆਂ। ਹਾਲਾਂਕਿ ਕੇਜਰੀਵਾਲ ਦਾ ਕਹਿਣਾ ਹੈ ਕਿ 3 ਸਾਲ ਪਹਿਲਾਂ ਦਿੱਲੀ ਦੇ ਲੋਕਾਂ ਨੇ ਇਕ ਇਮਾਨਦਾਰ ਸਰਕਾਰ ਬਣਾਈ ਸੀ ਅਤੇ ਹੁਣ ਇਕ-ਇਕ ਪੈਸਾ ਜਨਤਾ ਦੇ ਵਿਕਾਸ-ਬਿਜਲੀ, ਪਾਣੀ, ਸਕੂਲ, ਮੁਹੱਲਾ ਕਲੀਨਿਕ, ਸੜਕਾਂ ਤੇ ਫਲਾਈ ਓਵਰਾਂ ਆਦਿ ਉਤੇ ਖਰਚ ਹੋ ਰਿਹਾ ਹੈ। ਸਰਕਾਰ ਵੱਲੋਂ ਸਿੱਖਿਆ ਖੇਤਰ 'ਚ ਬਹੁਤ ਕੰਮ ਕੀਤਾ ਗਿਆ ਹੈ, ਦਿੱਲੀ ਸਰਕਾਰ ਨੇ ਕੁੱਲ ਬਜਟ ਦਾ 25 ਫੀਸਦੀ ਸਿੱਖਿਆ ਉਤੇ ਖਰਚ ਕੀਤਾ।



### ਸਰਕਾਰ ਨੇ ਮਿਸਾਲੀ ਕੰਮ ਕੀਤੇ: ਕੇਜਰੀਵਾਲ

**ਨਵੀਂ ਦਿੱਲੀ:** ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸਰਕਾਰ ਦੀਆਂ ਉਪਲਬਧੀਆਂ ਗਿਣਵਾਈਆਂ।

ਕੇਜਰੀਵਾਲ ਨੇ ਦਾਅਵਾ ਕੀਤਾ ਕਿ ਪਿਛਲੇ ਤਿੰਨ ਸਾਲਾਂ 'ਚ ਦਿੱਲੀ ਸਰਕਾਰ ਨੇ ਸਿੱਖਿਆ ਤੇ ਸਿਹਤ ਖੇਤਰ 'ਚ ਅਜਿਹੇ ਮਿਸਾਲੀ ਕੰਮ ਕੀਤੇ ਹਨ ਜੋ ਪਿਛਲੇ 70 ਸਾਲਾਂ ਵਿਚ ਨਹੀਂ ਹੋਏ। ਤਿੰਨ ਸਾਲਾਂ ਵਿਚ ਦਿੱਲੀ ਵਿਚ ਭ੍ਰਿਸ਼ਟਾਚਾਰ ਘੱਟ ਹੋਇਆ ਅਤੇ ਜਨਤਾ ਦਾ ਪੈਸਾ ਸਹੀ ਕੰਮਾਂ ਉਤੇ ਖਰਚਿਆ ਗਿਆ ਹੈ।

### ਕਾਂਗਰਸ ਵੱਲੋਂ ਦਿੱਲੀ ਸਰਕਾਰ ਹਰ ਮੋਰਚੇ 'ਤੇ ਨਾਕਾਮ ਕਰਾਰ

**ਨਵੀਂ ਦਿੱਲੀ:** ਕਾਂਗਰਸ ਨੇ ਦਿੱਲੀ ਸਰਕਾਰ ਦੇ 3 ਸਾਲਾਂ ਦੇ ਕੰਮਕਾਜ ਖਿਲਾਫ 40 ਪੰਨਿਆਂ ਦੀ 'ਚਾਰਜਸ਼ੀਟ' ਭਾਵ ਦੋਸ਼-ਪੱਤਰ ਜਾਰੀ ਕੀਤਾ। ਦਿੱਲੀ ਕਾਂਗਰਸ ਦੇ ਪ੍ਰਧਾਨ ਅਜੇ ਮਾਕਨ ਅਤੇ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਸਮੇਤ ਹੋਰਨਾ ਆਗੂਆਂ ਨੇ ਇਕਜੁਟਤਾ ਨਾਲ 'ਆਪ' ਦੇ ਪੋਤੜੇ ਫੋਲੇ। ਦਿੱਲੀ ਕਾਂਗਰਸ ਨੇ ਕੇਜਰੀਵਾਲ ਸਰਕਾਰ ਨੂੰ ਹਰ ਮੋਰਚੇ 'ਤੇ ਨਾਕਾਮ ਕਰਾਰ ਦਿੱਤਾ।

### ਮੋਦੀ ਸਰਕਾਰ ਨੇ ਵੀ ਨਾ ਚੱਲਣ ਦਿੱਤੀ ਵਾਹ

ਕੇਜਰੀਵਾਲ ਸਰਕਾਰ ਉਤੇ ਭਾਵੇਂ ਚੋਣ ਵਾਅਦਿਆਂ ਤੋਂ ਭੱਜਣ ਦੇ ਦੋਸ਼ ਲੱਗ ਰਹੇ ਹਨ, ਪਰ ਸਚਾਈ ਇਹ ਵੀ ਹੈ ਕਿ ਕੇਂਦਰ ਦੀ ਨਰੇਂਦਰ ਮੋਦੀ ਸਰਕਾਰ ਨੇ ਇਸ ਨਵੀਂ ਧਿਰ ਦੀ ਕੋਈ ਵਾਹ ਹੀ ਨਹੀਂ ਚੱਲਣ ਦਿੱਤੀ। ਦਿੱਲੀ ਇਕ ਕੇਂਦਰ ਸ਼ਾਸਿਤ ਪ੍ਰਦੇਸ਼ ਹੈ ਜਿਸ ਦੀਆਂ ਜ਼ਿਆਦਾਤਰ ਸ਼ਕਤੀਆਂ ਕੇਂਦਰ ਸਰਕਾਰ ਹੱਥ ਹਨ। ਪਿਛਲੇ ਤਿੰਨ ਸਾਲਾਂ ਵਿਚ ਆਮ ਆਦਮੀ ਪਾਰਟੀ ਦੇ ਦਰਜਨਾਂ ਵਿਧਾਇਕਾਂ ਉਤੇ ਕੇਸ ਦਰਜ ਹੁੰਦੇ ਰਹੇ ਹਨ। ਵੱਖ-ਵੱਖ ਕੇਸਾਂ ਵਿਚ ਹੁਣ ਤੱਕ 15 ਦੇ ਕਰੀਬ ਵਿਧਾਇਕਾਂ ਨੂੰ ਹਿਰਾਸਤ ਵਿਚ ਵੀ ਲਿਆ ਗਿਆ।



ਸਰਕਾਰ ਬਣਾਉਣ ਸਮੇਂ ਤੋਂ ਹੀ ਇਸ ਦਾ ਉਪ ਰਾਜਪਾਲ ਨਾਲ ਟਕਰਾਅ ਚਲਦਾ ਰਿਹਾ ਹੈ। ਇਸੇ ਕਰ ਕੇ ਸਰਕਾਰ ਨੂੰ ਸਰਬਉਚ ਅਦਾਲਤ ਦਾ ਦਰਵਾਜ਼ਾ ਵੀ ਖੜਕਾਉਣਾ ਪਿਆ। ਪਾਰਲੀਮੈਂਟਰੀ ਸਕੱਤਰਾਂ ਦੇ ਮੁੱਦੇ 'ਤੇ ਇਸ ਦੇ 20 ਵਿਧਾਇਕਾਂ ਨੂੰ ਚੋਣ ਕਮਿਸ਼ਨ ਦੀ ਸਿਫਾਰਸ਼ 'ਤੇ ਰਾਸ਼ਟਰਪਤੀ ਵੱਲੋਂ ਅਯੋਗ ਕਰਾਰ ਦਿੱਤਾ ਗਿਆ ਹੈ। ਦਿੱਲੀ ਦੀ 'ਆਪ' ਸਰਕਾਰ ਨੇ ਜਿਹੜਾ ਜਿਹੜਾ ਨੀਤੀਗਤ ਕਦਮ ਚੁੱਕਿਆ, ਉਸ ਨੂੰ ਕੌਮੀ ਰਾਜਧਾਨੀ ਖੇਤਰ ਦਾ ਉਪ ਰਾਜਪਾਲ ਜਾਂ ਗੈਰ-ਕਾਨੂੰਨੀ ਕਰਾਰ ਦਿੰਦਾ ਰਿਹਾ ਜਾਂ ਦਿੱਲੀ ਸਰਕਾਰ ਨੂੰ ਵਾਪਸ ਮੋੜਦਾ ਰਿਹਾ। ਇਸ ਦੇ ਨਾਲ ਹੀ ਕੇਂਦਰ ਦੀਆਂ ਵੱਖ-ਵੱਖ ਏਜੰਸੀਆਂ ਨੇ 'ਆਪ' ਖਿਲਾਫ਼ ਵੱਖ-ਵੱਖ ਮਾਮਲਿਆਂ ਦੀ ਤਫਤੀਸ਼ ਆਰੰਭ ਕਰ ਦਿੱਤੀ।

# ਚੋਣ ਲੜ ਰਹੇ ਉਮੀਦਵਾਰਾਂ ਲਈ ਆਮਦਨ ਦਾ ਸਰੋਤ ਦੱਸਣਾ ਲਾਜ਼ਮੀ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਇਕ ਮਿਸਾਲੀ ਫੈਸਲੇ ਵਿਚ ਚੋਣ ਲੜਨ ਵਾਲੇ ਉਮੀਦਵਾਰਾਂ ਲਈ ਆਮਦਨ ਦੇ ਸਰੋਤਾਂ ਦਾ ਖੁਲਾਸਾ ਕਰਨਾ ਲਾਜ਼ਮੀ ਕਰ ਦਿੱਤਾ ਹੈ। ਸਿਖਰਲੀ ਅਦਾਲਤ ਨੇ ਸਾਫ ਕਰ ਦਿੱਤਾ ਹੈ ਕਿ ਸਬੰਧਤ ਉਮੀਦਵਾਰ ਚੋਣਾਂ ਲਈ ਨਾਮਜ਼ਦਗੀ ਦਾਖਲ ਕਰਨ ਮੌਕੇ ਆਪਣੇ ਹੀ ਨਹੀਂ ਬਲਕਿ ਪਤਨੀ ਤੇ ਬੱਚਿਆਂ ਦੇ ਆਮਦਨੀ ਸਰੋਤਾਂ ਬਾਰੇ ਵੀ ਦੱਸੇਗਾ। ਜਸਟਿਸ ਜੇ.ਚੇਲਾਮੇਸ਼ਵਰ ਦੀ ਅਗਵਾਈ ਵਾਲੇ ਬੈਂਚ ਨੇ ਇਹ ਫੈਸਲਾ ਐਨ.ਜੀ.ਓ. ਲੋਕ ਪ੍ਰਹਿਰੀ ਦੀ ਪਟੀਸ਼ਨ 'ਤੇ ਸੁਣਾਇਆ ਹੈ, ਜਿਸ ਵਿਚ ਨਾਮਜ਼ਦਗੀ ਫਾਰਮ 'ਚ ਆਮਦਨ ਦੇ ਸਰੋਤਾਂ ਦਾ ਵੇਰਵਾ ਦਰਜ ਕਰਨ ਲਈ ਇਕ ਵੱਖਰਾ ਕਾਲਮ ਰੱਖੇ ਜਾਣ ਦੀ ਮੰਗ ਕੀਤੀ ਗਈ ਸੀ।

ਕੇਸ ਦੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਲੰਮੇ ਹੱਥੀ ਲੈਂਦਿਆਂ ਕਿਹਾ ਕਿ ਸਿਆਸਤਦਾਨਾਂ ਵੱਲੋਂ ਚੋਣ ਨਾਮਜ਼ਦਗੀ ਭਰਨ ਮੌਕੇ ਦਰਜ ਅਸਾਸਿਆਂ 'ਚ ਪੰਜ ਸੌ ਫੀਸਦੀ ਤੱਕ ਦਾ ਵਾਧਾ ਹੋਇਆ ਹੈ, ਪਰ ਸਰਕਾਰ ਨੇ ਕਦੇ ਇਨ੍ਹਾਂ ਦੀ ਜਾਂਚ ਕਰਨੀ ਮੁਨਾਸਿਬ ਨਹੀਂ ਸਮਝੀ।

ਐਨ.ਜੀ.ਓ. ਨੇ ਪਟੀਸ਼ਨ 'ਚ ਦਾਅਵਾ ਕੀਤਾ ਸੀ ਕਿ ਚੋਣ ਲੜਨ ਵਾਲਾ ਉਮੀਦਵਾਰ ਆਪਣੇ ਨਾਮਜ਼ਦਗੀ ਕਾਗਜ਼ ਦਾਖਲ ਕਰਨ ਮੌਕੇ ਆਪਣੀ ਪਤਨੀ, ਬੱਚਿਆਂ ਤੇ ਹੋਰਨਾਂ ਆਸ਼ਰਿਤਾਂ ਸਮੇਤ ਖੁਦ ਦੇ ਅਸਾਸਿਆਂ ਦਾ ਤਾਂ ਖੁਲਾਸਾ ਕਰਦਾ ਹੈ, ਪਰ ਇਨ੍ਹਾਂ ਦੇ ਆਮਦਨ ਦੇ ਸਰੋਤਾਂ ਦਾ ਕਦੇ ਜ਼ਿਕਰ ਨਹੀਂ ਕੀਤਾ ਜਾਂਦਾ। ਮੌਜੂਦਾ ਸਮੇਂ ਕਾਨੂੰਨ ਮੁਤਾਬਕ ਇਕ ਉਮੀਦਵਾਰ ਲਈ ਨਾਮਜ਼ਦਗੀ ਦਾਖਲ ਕਰਨ ਲੱਗਿਆਂ ਆਪਣੇ ਨਾਲ ਪਤਨੀ ਤੇ ਤਿੰਨ ਹੋਰ ਆਸ਼ਰਿਤਾਂ ਦੇ ਅਸਾਸਿਆਂ ਤੇ ਦੇਣਦਾਰੀਆਂ ਦਾ ਖੁਲਾਸਾ ਕਰਨਾ ਤਾਂ ਲਾਜ਼ਮੀ ਹੈ, ਪਰ ਆਮਦਨ ਦੇ ਸਰੋਤਾਂ ਬਾਰੇ ਅਜਿਹੀ ਕੋਈ ਸ਼ਰਤ ਨਹੀਂ।

# ਦੋਹਰੀ ਵੋਟ: 'ਆਪ' ਵਿਧਾਇਕਾ ਦੀਆਂ ਵਧੀਆਂ ਮੁਸ਼ਕਿਲਾਂ

**ਬਠਿੰਡਾ:** ਤਲਵੰਡੀ ਸਾਬੋ ਤੋਂ ਆਮ ਆਦਮੀ ਪਾਰਟੀ ਦੀ ਵਿਧਾਇਕਾ ਬਲਜਿੰਦਰ ਕੌਰ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ। ਤਲਵੰਡੀ ਸਾਬੋ ਦੇ ਐਸ.ਡੀ.ਐਮ. ਨੇ ਜ਼ਿਲ੍ਹਾ ਚੋਣ ਅਧਿਕਾਰੀ ਨੂੰ ਭੇਜੀ ਰਿਪੋਰਟ ਵਿਚ ਬਲਜਿੰਦਰ ਕੌਰ ਨੂੰ ਦੋਹਰੀ ਵੋਟ ਬਣਾਉਣ ਤੇ ਚੋਣ ਕਮਿਸ਼ਨ ਨੂੰ ਗਲਤ ਜਾਣਕਾਰੀ ਦੇਣ ਦਾ ਦੋਸ਼ੀ ਬਣਾਇਆ ਹੈ। ਇਹ ਰਿਪੋਰਟ 8 ਫਰਵਰੀ, 2018 ਨੂੰ ਸੌਂਪੀ ਗਈ ਹੈ। ਦੂਜੇ ਪਾਸੇ ਆਪ ਵਿਧਾਇਕਾ ਬਲਜਿੰਦਰ ਕੌਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੂੰ ਪੰਜਾਬ ਵਿਚ ਬਦਨਾਮ ਕਰਨ ਲਈ ਇਹ ਸਾਜ਼ਿਸ਼ ਰਚੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਨੂੰ ਇਸ ਦੀ ਮੁੜ ਤੋਂ ਜਾਂਚ ਕਰਨੀ ਚਾਹੀਦੀ ਹੈ।

ਦਰਅਸਲ, ਆਰ.ਟੀ.ਆਈ. ਕਾਰਕੁਨ ਤੇ ਆਮ ਆਦਮੀ ਪਾਰਟੀ ਦਾ ਹਿੱਸਾ ਰਹੇ ਹਰਮਿਲਾਪ ਗਰੇਵਾਲ ਵੱਲੋਂ ਪਾਈ ਸ਼ਿਕਾਇਤ ਉਤੇ ਕਾਰਵਾਈ ਕਰਦਿਆਂ ਚੋਣ ਕਮਿਸ਼ਨ ਨੇ ਜ਼ਿਲ੍ਹਾ ਚੋਣ ਅਫਸਰ ਨੂੰ ਜਾਂਚ ਦੇ ਹੁਕਮ ਦਿੱਤੇ ਸੀ। ਇਸ ਦੀ ਜਾਂਚ ਤਲਵੰਡੀ ਸਾਬੋ ਦੇ ਐਸ.ਡੀ.ਐਮ. ਵੱਲੋਂ ਕੀਤੀ ਜਾ ਰਹੀ ਸੀ। ਹਰਮਿਲਾਪ ਗਰੇਵਾਲ ਦਾ ਦੋਸ਼ ਸੀ ਕਿ ਬਲਜਿੰਦਰ ਕੌਰ ਨੂੰ ਉਨ੍ਹਾਂ ਦੇ ਹੀ ਪਿੰਡ ਜੱਗਾ



ਰਾਮ ਤੀਰਥ ਦੇ ਅਮਰਜੀਤ ਸਿੰਘ ਨੇ 1997 ਵਿਚ ਗੋਦ ਲਿਆ ਸੀ। ਉਸ ਤੋਂ ਤਿੰਨ ਸਾਲ ਬਾਅਦ 2002 ਵਿਚ ਅਮਰਜੀਤ ਸਿੰਘ ਦੀ ਮੌਤ ਹੋ ਗਈ ਸੀ। ਉਸ ਦੀ ਮੌਤ ਤੋਂ ਤਕਰੀਬਨ ਤਿੰਨ ਸਾਲ ਬਾਅਦ 18 ਨਵੰਬਰ, 2005 ਨੂੰ ਬਲਜਿੰਦਰ ਕੌਰ ਨੇ ਆਪਣੀ ਪਹਿਲੀ ਵੋਟ ਬਣਾਈ ਸੀ। ਇਸ ਵਿਚ ਉਨ੍ਹਾਂ ਆਪਣੇ ਅਸਲੀ ਪਿਤਾ ਦਰਸ਼ਨ ਸਿੰਘ ਦੀ ਬਜਾਏ ਅਮਰਜੀਤ ਸਿੰਘ ਨਾਮ ਲਿਖਿਆ ਸੀ ਜਿਨ੍ਹਾਂ ਨੇ ਉਨ੍ਹਾਂ ਨੂੰ ਗੋਦ ਲਿਆ ਸੀ।

ਇਸ ਤੋਂ ਬਾਅਦ 2007 ਵਿਚ ਅਮਰਜੀਤ ਸਿੰਘ ਦੀ ਜ਼ਮੀਨ ਤੇ ਦਾਅਵੇਦਾਰੀ ਪੇਸ਼ ਕਰਦਿਆਂ ਬਲਜਿੰਦਰ ਕੌਰ ਨੇ ਅਦਾਲਤ ਵਿਚ ਗੋਦਨਾਮਾ ਤੇ ਹਲਫਨਾਮਾ ਦਾਖਲ ਕੀਤਾ ਸੀ। ਇਸ ਵਿਚ ਵੀ ਉਨ੍ਹਾਂ ਨੇ ਆਪਣੇ ਆਪ ਨੂੰ ਅਮਰਜੀਤ ਕੌਰ ਦੀ ਗੋਦ ਲਈ ਪੁੱਤਰੀ ਹੀ ਦੱਸਿਆ ਸੀ। 22 ਜੂਨ, 2011 ਵਿਚ ਬਲਜਿੰਦਰ ਕੌਰ ਨੇ ਬਿਨਾਂ ਪਹਿਲੀ ਵੋਟ ਕਟਵਾਏ ਦੂਸਰੀ ਵੋਟ ਆਪਣੇ ਅਸਲੀ ਪਿਤਾ ਦਰਸ਼ਨ ਸਿੰਘ ਦੇ ਨਾਮ ਬਣਵਾਈ। ਇਸੇ ਵੋਟ 'ਤੇ ਹੀ ਉਸ ਨੇ 2014 ਦੀ ਜ਼ਿਮਨੀ ਚੋਣ ਲੜੀ ਸੀ।

# ਕਾਵੇਰੀ ਵਿਵਾਦ ਨਿਬੜਿਆ, ਕਰਨਾਟਕ ਨੂੰ ਮਿਲੇਗਾ ਵੱਧ ਪਾਣੀ

**ਨਵੀਂ ਦਿੱਲੀ:** ਦੱਖਣੀ ਭਾਰਤ ਦੇ ਅਹਿਮ ਦਰਿਆ ਕਾਵੇਰੀ ਦੇ ਪਾਣੀ ਲਈ ਤਾਮਿਲਨਾਡੂ ਤੇ ਕਰਨਾਟਕ ਦਰਮਿਆਨ ਜਾਰੀ ਲੜਾਈ ਦਾ ਨਿਬੇੜਾ



ਕਰਦਿਆਂ ਸੁਪਰੀਮ ਕੋਰਟ ਨੇ ਦਰਿਆ ਦੇ ਪਾਣੀ ਵਿਚ ਕਰਨਾਟਕ ਦਾ ਹਿੱਸਾ 14.75 ਟੀ.ਐਮ.ਸੀ. ਫੁੱਟ ਵਧਾ ਦਿੱਤਾ।

ਦੂਜੇ ਪਾਸੇ ਤਾਮਿਲਨਾਡੂ ਦੇ ਹਿੱਸੇ ਵਿਚ ਕਟੌਤੀ ਕਰ ਦਿੱਤੀ ਹੈ। ਤਾਮਿਲਨਾਡੂ ਨੂੰ ਇਸ ਕਮੀ ਦੀ ਪੂਰਤੀ ਲਈ ਦਰਿਆ ਦੇ ਇਲਾਕੇ (ਬੇਸਿਨ) ਵਿਚੋਂ ਜ਼ਮੀਨ ਹੇਠਲਾ 10 ਟੀ.ਐਮ.ਸੀ. ਫੁੱਟ ਪਾਣੀ ਕੱਢਣ ਦੀ ਇਜਾਜ਼ਤ ਦਿੱਤੀ ਗਈ। ਦੇਸ਼ ਦੀ ਸਿਖਰਲੀ ਅਦਾਲਤ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਪੀਣ ਵਾਲੇ ਪਾਣੀ ਦੇ ਮੁੱਦੇ ਨੂੰ 'ਵੱਧ ਅਹਿਮੀਅਤ' ਦਿੱਤੇ ਜਾਣ ਦੀ ਲੋੜ ਹੈ।

ਸੁਪਰੀਮ ਕੋਰਟ ਦੇ ਇਸ ਫੈਸਲੇ ਨਾਲ ਹੁਣ ਤਾਮਿਲਨਾਡੂ ਨੂੰ ਕਾਵੇਰੀ ਦਾ 404.25 ਟੀ.ਐਮ.ਸੀ. ਫੁੱਟ ਪਾਣੀ ਮਿਲੇਗਾ। ਇਸੇ ਤਰ੍ਹਾਂ ਕਰਨਾਟਕ ਨੂੰ 284.75 ਟੀ.ਐਮ.ਸੀ. ਫੁੱਟ, ਕੇਰਲ ਨੂੰ 30 ਤੇ ਕੇਂਦਰੀ ਪ੍ਰਦੇਸ਼ ਪੁਡੂਚੇਰੀ ਨੂੰ 7 ਟੀ.ਐਮ.ਸੀ. ਫੁੱਟ ਪਾਣੀ ਮਿਲੇਗਾ। ਦਸ ਟੀ.ਐਮ.ਸੀ. ਫੁੱਟ ਪਾਣੀ ਦਾ ਇਸਤੇਮਾਲ ਵਾਤਾਵਰਨ ਦੇ ਬਚਾਅ ਲਈ ਕੀਤਾ ਜਾਵੇਗਾ ਅਤੇ ਚਾਰ ਟੀ.ਐਮ.ਸੀ. ਫੁੱਟ ਪਾਣੀ ਸਮੁੰਦਰ ਵਿਚ ਛੱਡਿਆ ਜਾਵੇਗਾ। ਇਸ ਤੋਂ ਪਹਿਲਾਂ ਕਾਵੇਰੀ ਜਲ ਵਿਵਾਦ ਟ੍ਰਿਬਿਊਨਲ ਵੱਲੋਂ 5 ਫਰਵਰੀ, 2007 ਨੂੰ ਜਾਰੀ ਅਤੇ ਗਜ਼ਟ ਵਿਚ 19 ਫਰਵਰੀ, 2013 ਨੂੰ ਨੋਟੀਫਾਈ ਕੀਤੇ ਗਏ ਐਵਾਰਡ ਤਹਿਤ ਤਾਮਿਲਨਾਡੂ ਨੂੰ 419 ਟੀ.ਐਮ.ਸੀ. ਫੁੱਟ ਤੇ ਕਰਨਾਟਕ ਨੂੰ 270 ਟੀ.ਐਮ.ਸੀ. ਫੁੱਟ ਪਾਣੀ ਦਿੱਤਾ ਗਿਆ ਸੀ।

ਬੈਂਚ ਨੇ ਫੈਸਲਾ ਸੁਣਾਉਂਦਿਆਂ ਕਰਨਾਟਕ ਦੇ ਹਿੱਸੇ 'ਚ ਕੀਤੇ ਗਏ ਵਾਧੇ ਨੂੰ ਪੀਣ ਵਾਲੇ ਪਾਣੀ ਦੀ ਲੋੜ ਅਤੇ ਸੂਬੇ ਦੀ ਰਾਜਧਾਨੀ ਬੰਗਲੌਰ ਨੂੰ ਮਿਲੇ 'ਗਲੋਬਲ ਰੁਤਬੇ' ਦੇ ਹਵਾਲੇ ਨਾਲ ਵਾਜਬ ਕਰਾਰ ਦਿੱਤਾ। ਬੈਂਚ ਨੇ ਆਪਣੇ 465 ਸਫਿਆਂ ਦੇ ਫੈਸਲੇ ਉਤੇ ਅਮਲ ਯਕੀਨੀ ਬਣਾਉਣ ਲਈ ਕੇਂਦਰ ਨੂੰ ਛੇ ਹਫਤਿਆਂ ਦਾ ਸਮਾਂ ਦਿੱਤਾ ਹੈ। ਇਹ ਵੰਡ ਅਗਲੇ 15 ਸਾਲਾਂ ਤੱਕ ਚੱਲੇਗੀ।

### ਕਾਵੇਰੀ ਫੈਸਲੇ ਦਾ ਪੰਜਾਬ ਦੇ ਕੇਸ ਉਤੇ ਅਸਰ ਨਹੀਂ

**ਚੰਡੀਗੜ੍ਹ:** ਕਰਨਾਟਕ ਅਤੇ ਤਾਮਿਲਨਾਡੂ ਦਰਮਿਆਨ ਕਾਵੇਰੀ ਦੇ ਪਾਣੀ ਦੀ ਵੰਡ ਬਾਰੇ ਸੁਪਰੀਮ ਕੋਰਟ ਦੇ ਫੈਸਲੇ ਉਤੇ ਪੰਜਾਬ ਦੇ ਮਾਹਿਰਾਂ ਨੇ ਨਜ਼ਰ ਰੱਖੀ ਹੋਈ ਹੈ। ਸੁਪਰੀਮ ਕੋਰਟ ਵੱਲੋਂ ਪਾਣੀ ਨੂੰ ਕੌਮੀ ਅਸਾਸਾ ਕਰਾਰ ਦੇਣ ਦੇ ਬਾਵਜੂਦ ਇਨ੍ਹਾਂ ਮਾਹਿਰਾਂ ਦਾ ਕਹਿਣਾ ਹੈ ਕਿ ਸੁਪਰੀਮ ਕੋਰਟ ਦੇ ਇਸ ਫੈਸਲੇ ਦਾ ਅਸਰ ਪੰਜਾਬ ਉਤੇ ਨਹੀਂ ਪਵੇਗਾ, ਕਿਉਂਕਿ ਅਦਾਲਤ ਦਾ ਇਹ ਫੈਸਲਾ ਅੰਤਰ-ਰਿਪੇਰੀਅਨ ਰਾਜਾਂ ਦੇ ਮਾਮਲੇ ਵਿਚ ਹੈ।

ਮਾਮਲੇ ਦੇ ਮਾਹਿਰ ਪ੍ਰੀਤਮ ਸਿੰਘ ਕੁੰਮੇਦਾਨ ਨੇ ਕਿਹਾ ਕਿ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਜਿਨ੍ਹਾਂ ਰਾਜਾਂ ਵਿਚੋਂ ਦਰਿਆ ਲੰਘਦਾ ਹੈ, ਉਨ੍ਹਾਂ ਵਿਚੋਂ ਕੋਈ ਇਕ ਰਾਜ ਪਾਣੀ ਉਤੇ ਹੱਕ ਨਹੀਂ ਜਤਾ ਸਕਦਾ। ਪੰਜਾਬ ਦਾ ਕੇਸ ਇਸ ਤੋਂ ਬਿਲਕੁਲ ਅਲਗ ਹੈ, ਕਿਉਂਕਿ ਜਿਨ੍ਹਾਂ ਰਾਜਾਂ ਨਾਲ ਪੰਜਾਬ ਦਾ ਵਿਵਾਦ ਹੈ, ਉਨ੍ਹਾਂ ਵਿਚੋਂ ਕੋਈ ਵੀ ਰਿਪੇਰੀਅਨ ਰਾਜ ਨਹੀਂ ਹੈ।

### ਕੋਠੇ 'ਤੇ ਸ਼ਰਾਬ ਪੀਂਦੇ ਚਾਰ ਜਣੇ ਆਏ ਕਰੰਟ ਦੀ ਲਪੇਟ ਵਿਚ

**ਲੁਧਿਆਣਾ:** ਢੰਡਾਰੀ ਕਲਾਂ ਇਲਾਕੇ ਵਿਚ ਦੇਰ ਰਾਤ ਲੜਕੀ ਦੀ ਜਨਮ ਦਿਨ ਪਾਰਟੀ ਮੌਕੇ ਬਿਜਲੀ ਦੀਆਂ ਹਾਈ ਵੋਲਟੇਜ ਤਾਰਾਂ ਦੀ ਲਪੇਟ ਵਿਚ ਆਉਣ ਕਾਰਨ ਬੱਚੀ ਦੇ ਪਿਤਾ, ਚਾਚਾ ਸਮੇਤ ਚਾਰ ਜਣਿਆਂ ਦੀ ਮੌਤ ਹੋ ਗਈ।

ਸ਼ਾਹਨਾਤੂ ਦੇਵੀ ਨਾਂ ਦੀ ਔਰਤ ਨੇ ਦੱਸਿਆ ਕਿ ਉਹ ਬਿਹਾਰ ਜ਼ਿਲ੍ਹੇ ਦੇ ਮਹਾਰਾਜਗੰਜ ਦੇ ਰਹਿਣ ਵਾਲੇ ਹਨ। ਉਸ ਦੀ ਪੋਤੀ ਦਾ ਜਨਮ ਦਿਨ ਸੀ, ਜਿਸ ਕਰ ਕੇ ਘਰ ਵਿਚ ਛੋਟੀ ਜਿਹੀ ਪਾਰਟੀ ਰੱਖੀ ਗਈ ਸੀ। ਇਸ ਮੌਕੇ ਅਮਰਜੀਤ, ਉਸ ਦਾ ਭਰਾ ਸਰਬਜੀਤ, ਰਣਜੀਤ ਅਤੇ ਮਖਾਨਸ਼ੂ ਛੱਤ 'ਤੇ ਬੈਠ ਕੇ ਸ਼ਰਾਬ ਪੀ ਰਹੇ ਸਨ। ਕਿਸੇ ਗੱਲ ਨੂੰ ਲੈ ਕੇ ਉਨ੍ਹਾਂ ਵਿਚ ਤਕਰਾਰ ਸ਼ੁਰੂ ਹੋ ਗਈ ਜੋ ਵਧਦੀ ਹੋਈ ਹੱਥੋਪਾਈ ਤੱਕ ਪਹੁੰਚ ਗਈ। ਦੇਖਦੇ ਹੀ ਦੇਖਦੇ ਇਨ੍ਹਾਂ ਵਿਚੋਂ ਇਕ ਨੇ ਕੋਲੋਂ ਲੰਘਦੀ ਹਾਈ ਵੋਲਟੇਜ ਬਿਜਲੀ ਦੀ ਤਾਰ ਨੂੰ ਫੜ ਲਿਆ ਦੂਜਿਆਂ ਨੇ ਉਸ ਨੂੰ ਛੁਡਾਉਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੂੰ ਵੀ ਕਰੰਟ ਲੱਗ ਗਿਆ ਤੇ ਚਾਰਾਂ ਦੀ ਮੌਤ ਹੋ ਗਈ।

# ਸਲਾਹਕਾਰਾਂ ਦੀ ਫੌਜ ਮਾਮਲੇ 'ਤੇ ਘਿਰੀ ਸਰਕਾਰ

**ਚੰਡੀਗੜ੍ਹ:** ਪੰਜਾਬ ਦੇ ਮੰਤਰੀਆਂ ਅਤੇ ਵਿਧਾਇਕਾਂ ਦੇ ਆਮਦਨ ਕਰ ਨੂੰ ਸਰਕਾਰੀ ਖਜ਼ਾਨੇ ਵਿਚੋਂ ਦੇਣ ਦਾ ਮੁੱਦਾ ਭਖਦਾ ਜਾ ਰਿਹਾ ਹੈ। ਸਰਕਾਰ ਦੀ ਇਸ ਸਰਫਾ ਮੁਹਿੰਮ 'ਤੇ ਸਵਾਲ ਵੀ ਉਠ ਰਹੇ ਹਨ। ਆਮ ਆਦਮੀ ਪਾਰਟੀ ('ਆਪ') ਦੇ ਵਿਧਾਇਕਾਂ ਨੇ ਕੁਝ ਸ਼ਰਤਾਂ ਉਤੇ ਆਮਦਨ ਕਰ ਆਪਣੀਆਂ ਜੇਬਾਂ ਵਿਚੋਂ ਦੇਣ ਦੀ ਪੇਸ਼ਕਸ਼ ਕੀਤੀ ਹੈ।



ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਨੇ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਜੇ ਮੁੱਖ ਮੰਤਰੀ ਆਪਣੇ ਸਲਾਹਕਾਰਾਂ ਦੀ ਵੱਡੀ ਫੌਜ ਉਪਰ ਕੀਤੇ ਜਾ ਰਹੇ ਖਰਚਿਆਂ ਨੂੰ ਵੀ ਬੰਦ ਕਰਨ ਤਾਂ ਆਮ ਆਦਮੀ ਪਾਰਟੀ ਦੇ ਵਿਧਾਇਕ ਵੀ ਆਪਣਾ ਆਮਦਨ ਕਰ ਆਪ ਭਰਨ ਲਈ ਤਿਆਰ ਹਨ। ਸ੍ਰੀ ਖਹਿਰਾ ਨੇ ਕਿਹਾ ਕਿ ਜਦੋਂ ਸਰਕਾਰ ਕੋਲ ਵੱਡੀ ਗਿਣਤੀ ਵਿਚ ਅਧਿਕਾਰੀ ਮੌਜੂਦ ਹਨ ਤਾਂ ਵੱਖਰੇ ਤੌਰ ਉਤੇ ਸਲਾਹਕਾਰਾਂ ਦੀ ਫੌਜ ਨੂੰ ਖਤਮ ਕਰ ਦੇਣਾ ਚਾਹੀਦਾ ਹੈ।

ਇਸ ਵੇਲੇ ਸਰਕਾਰ ਵਿਚ ਵਧੀਕ ਮੁੱਖ ਸਕੱਤਰ ਪੱਧਰ ਦੇ 10 ਅਫਸਰਾਂ ਸਮੇਤ ਦਰਜਨਾਂ ਵਿੱਤ ਕਮਿਸ਼ਨ ਅਤੇ ਸਕੱਤਰ ਮੌਜੂਦ ਹਨ। ਅਜਿਹੀ ਸਥਿਤੀ ਵਿਚ ਮੁੱਖ ਮੰਤਰੀ 19 ਸਲਾਹਕਾਰਾਂ ਦੀ ਫੌਜ ਕਿਸ ਕਾਰਜ ਲਈ ਵਰਤ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਦੋ ਦਰਜਨ ਸੰਵਿਧਾਨਕ ਤੌਰ 'ਤੇ ਬਣਾਏ ਕਮਿਸ਼ਨਾਂ ਸਮੇਤ ਕਈ ਹੋਰ ਕਮਿਸ਼ਨ ਬਣਾਏ ਹਨ। ਮਾਈਨਿੰਗ ਘਪਲੇ ਦੇ ਕੇਸ ਵਾਚਣ ਲਈ ਬਣਾਏ ਨਾਰੰਗ ਕਮਿਸ਼ਨ ਨੇ 10 ਅਗਸਤ 2017 ਨੂੰ ਆਪਣੀ ਰਿਪੋਰਟ ਪੇਸ਼ ਕਰ ਦਿੱਤੀ ਸੀ ਪਰ ਉਸ ਪਿਛੋਂ ਇਸ ਉਪਰ ਕੋਈ ਕਾਰਵਾਈ ਨਹੀਂ ਹੋਈ। ਇਸ ਕਾਰਜ ਲਈ ਆਮ ਲੋਕਾਂ ਵੱਲੋਂ ਟੈਕਸ ਰਾਹੀਂ ਦਿੱਤਾ ਕਰੋੜਾਂ ਰੁਪਇਆ ਬਿਨਾਂ ਕਿਸੇ ਨਤੀਜੇ ਵਾਲੀ ਕਮੇਟੀ ਉਤੇ ਖਰਚ ਕੀਤਾ ਗਿਆ ਹੈ।

ਇਸੇ ਤਰ੍ਹਾਂ ਹੀ ਸਰਕਾਰ ਨੇ ਪੰਜਾਬ ਗਵਰਨੈਂਸ ਰਿਫੌਰਮ ਅਤੇ ਐਥਿਕਸ ਕਮਿਸ਼ਨ ਬਣਾਇਆ ਸੀ ਪਰ ਇਕ ਸਾਲ ਬੀਤਣ ਪਿੱਛੋਂ ਵੀ ਇਨ੍ਹਾਂ ਕਮੇਟੀਆਂ ਨੇ ਕੋਈ ਰਿਪੋਰਟ ਪੇਸ਼ ਨਹੀਂ ਕੀਤੀ ਹੈ।

ਉਨ੍ਹਾਂ ਮੁੱਖ ਮੰਤਰੀ ਨੂੰ ਨਸੀਹਤ ਦਿੱਤੀ ਕਿ ਉਹ ਸੂਬੇ ਵਿਚ ਘੁੰਮਣ ਸਮੇਂ ਹੈਲੀਕਾਪਟਰ ਦੀ ਵਰਤੋਂ ਤੋਂ ਗੁਰੇਜ਼ ਕਰਨ ਕਿਉਂਕਿ ਚਾਰ ਘੰਟਿਆਂ ਵਿਚ ਹੀ ਸੂਬੇ ਦੇ ਇਕ ਕੋਨੇ ਤੋਂ ਦੂਸਰੇ ਕੋਨੇ ਉਤੇ ਪਹੁੰਚਿਆ ਜਾ ਸਕਦਾ ਹੈ। ਸੇਵਾ ਮੁਕਤ ਅਧਿਕਾਰੀ ਸੁਰੇਸ਼ ਕੁਮਾਰ ਨੂੰ ਮੁੱਖ ਪਾਰਲੀਮਾਨੀ ਸਕੱਤਰ ਦੇ ਅਹੁਦੇ ਉਤੇ ਲਗਾਉਣ ਵਾਲੇ ਕੇਸ ਲਈ ਵਕੀਲ ਅਤੇ ਕਾਂਗਰਸੀ ਆਗੂ ਪੀ. ਚਿੰਦਬਰਮ ਨੂੰ ਬੁਲਾਉਣ ਬਾਰੇ ਸ੍ਰੀ ਖਹਿਰਾ ਨੇ ਕਿਹਾ ਕਿ ਰਿਪੋਰਟਾਂ ਅਨੁਸਾਰ ਪੀ. ਚਿੰਦਬਰਮ ਨੂੰ ਦਿੱਲੀ ਤੋਂ ਲਿਆਉਣ ਅਤੇ ਲੈ ਕੇ ਜਾਣ ਲਈ ਹੈਲੀਕਾਪਟਰ ਦੀ ਸੁਵਿਧਾ ਦੇਣ ਤੋਂ ਬਿਨਾ ਉਨ੍ਹਾਂ ਨੂੰ ਫੀਸ ਵਜੋਂ 25 ਲੱਖ ਰੁਪਏ ਅਦਾ ਕੀਤੇ ਗਏ ਹਨ। ਇਸ ਖਰਚੇ ਤੋਂ ਗੁਰੇਜ਼ ਕੀਤਾ ਜਾ ਸਕਦਾ ਸੀ।

### 19 ਸਲਾਹਕਾਰਾਂ 'ਤੇ ਹਰ ਮਹੀਨੇ 11 ਕਰੋੜ ਖਰਚ

ਜੇ ਵਿਧਾਇਕ ਤੇ ਮੰਤਰੀ ਆਪਣਾ ਆਮਦਨ ਕਰ ਖੁਦ ਭਰਦੇ ਹਨ ਤਾਂ ਸੂਬੇ ਨੂੰ ਸਾਲਾਨਾ 11 ਕਰੋੜ ਰੁਪਏ ਦੀ ਬੱਚਤ ਹੋਵੇਗੀ ਜਦੋਂਕਿ ਮੁੱਖ ਮੰਤਰੀ ਵੱਲੋਂ ਲਾਏ 19 ਸਲਾਹਕਾਰਾਂ 'ਤੇ ਸਰਕਾਰ ਹਰ ਮਹੀਨੇ ਕਰੀਬ 11 ਕਰੋੜ ਰੁਪਏ ਖਰਚ ਕਰਦੀ ਹੈ। ਇਕੱਲੇ ਐਡਵੋਕੇਟ ਜਨਰਲ ਨੇ ਹੀ ਆਪਣੇ ਦਫਤਰ ਉਤੇ ਇਕ ਕਰੋੜ ਰੁਪਏ ਖਰਚ ਕੀਤਾ ਹੈ ਜਦਕਿ ਕੁਝ ਦੂਰੀ 'ਤੇ ਸਥਿਤ ਪੰਜਾਬ ਅਤੇ ਹਰਿਆਣਾ ਹਾਈ ਕੋਰਟ 'ਚ ਐਡਵੋਕੇਟ ਜਨਰਲ ਦਾ ਪਹਿਲਾਂ ਤੋਂ ਹੀ ਬਹੁਤ ਵੱਡਾ ਦਫਤਰ ਮੌਜੂਦ ਹੈ।

# ਪੰਜਾਬ ਵਿਚ ਮੁੜ ਸਵਾਈਨ ਫਲੂ ਦੀ ਦਸਤਕ

**ਚੰਡੀਗੜ੍ਹ:** ਪੰਜਾਬ ਵਿਚ ਸਵਾਈਨ ਫਲੂ ਨੇ ਮੁੜ ਦਸਤਕ ਦਿੱਤੀ ਹੈ। ਸੂਬੇ ਵਿਚ ਪਿਛਲੇ 42 ਦਿਨਾਂ ਦੌਰਾਨ ਇਸ ਮਰਜ਼ ਨਾਲ 9 ਮੌਤਾਂ ਹੋ ਚੁੱਕੀਆਂ ਹਨ। ਸਿਹਤ ਵਿਭਾਗ ਦੇ ਰਿਕਾਰਡ ਮੁਤਾਬਕ 21 ਤਸਦੀਕਸ਼ੁਦਾ ਕੇਸ ਰਾਜ ਦੇ ਵੱਖ-ਵੱਖ ਹਸਪਤਾਲਾਂ ਵਿਚ ਪਹੁੰਚੇ ਹਨ। ਕੇਂਦਰੀ ਪ੍ਰਦੇਸ਼




ਚੰਡੀਗੜ੍ਹ ਵਿਚ ਵੀ ਸਵਾਈਨ ਫਲੂ ਨਾਲ ਇਕ ਮੌਤ ਹੋਣ ਅਤੇ ਛੇ ਹੋਰ ਕੇਸ ਸਾਹਮਣੇ ਆਉਣ ਦੀਆਂ ਖਬਰਾਂ ਹਨ। ਪੰਜਾਬ ਸਿਹਤ ਵਿਭਾਗ ਅਨੁਸਾਰ ਫਤਹਿਗੜ੍ਹ ਸਾਹਿਬ, ਪਟਿਆਲਾ ਤੇ ਮੁਹਾਲੀ ਜ਼ਿਲ੍ਹਿਆਂ ਵਿਚ ਦੋ-ਦੋ ਅਤੇ ਲੁਧਿਆਣਾ, ਸੰਗਰੂਰ ਤੇ ਰੋਪੜ 'ਚ ਇਕ ਇਕ ਮੌਤ ਹੋਈ ਹੈ।

ਇਸ ਤੋਂ ਸੰਕੇਤ ਮਿਲਦਾ ਹੈ ਕਿ ਮਾਝਾ ਤੇ ਦੋਆਬਾ ਖੇਤਰਾਂ ਵਿਚ ਇਸ ਮਰਜ਼ ਦਾ ਪਸਾਰ ਮਾਲਵੇ ਜਾਂ ਪੁਆਧ ਵਾਂਗ ਨਹੀਂ। ਫਿਰ ਵੀ, ਇਹ ਮਰਜ਼ ਸਰਹੱਦਾਂ ਨਹੀਂ ਦੇਖਦੀ। ਜਿਸ ਕਿਸਮ ਦਾ ਮੌਸਮ ਇਸ ਸਮੇਂ ਚੱਲ ਰਿਹਾ ਹੈ, ਉਹ ਇਸ ਦੇ ਪਸਾਰੇ ਵਿਚ ਸਹਾਈ ਹੈ। ਸਵਾਈਨ ਫਲੂ ਬੁਨਿਆਦੀ ਤੌਰ 'ਤੇ ਸਾਹ ਪ੍ਰਣਾਲੀ ਦੀ ਬਿਮਾਰੀ ਹੈ ਜੋ ਕਿ ਸੂਰਾਂ ਤੋਂ ਮਨੁੱਖਾਂ ਤੱਕ ਪਹੁੰਚੀ। ਮੁੱਢ ਵਿਚ ਇਸ ਦੀ ਸ਼ਨਾਖਤ 2009 ਵਿਚ ਮੈਕਸਿਕੋ ਵਿਚ ਹੋਈ। ਇਸ ਦੇ ਵਾਇਰਸ ਨੂੰ ਐਚ1ਐਨ1 ਦਾ ਨਾਂ ਦਿੱਤਾ ਗਿਆ। 2011 ਤੋਂ ਬਾਅਦ ਇਸ ਦਾ ਨਵਾਂ ਵਾਇਰਸ ਐਚ3ਐਨ2 ਵੀ ਸਾਹਮਣੇ ਆਇਆ। ਇਹ ਲਾਗ (ਛੂਤ) ਦੀ ਬਿਮਾਰੀ ਹੈ ਅਤੇ ਇਕ ਤੋਂ ਦੂਜੇ ਇਨਸਾਨ ਤੱਕ ਸਹਿਜੇ ਹੀ ਪਹੁੰਚ ਜਾਂਦੀ ਹੈ। ਇਸੇ ਲਈ ਇਸ ਫਲੂ ਤੋਂ ਪੀੜਤ ਮਰੀਜ਼ਾਂ ਨੂੰ ਵੱਖਰੇ ਕਮਰੇ ਜਾਂ ਵਾਰਡ ਵਿਚ ਰੱਖਿਆ ਜਾਂਦਾ ਹੈ।

ਇਹ ਬਿਮਾਰੀ ਆਮ ਤੌਰ 'ਤੇ 3 ਤੋਂ 7 ਦਿਨਾਂ 'ਚ ਠੀਕ ਹੋ ਜਾਂਦੀ ਹੈ, ਪਰ ਜ਼ਿਆਦਾ ਗੰਭੀਰ ਕੇਸਾਂ ਨੂੰ ਠੀਕ ਹੁੰਦਿਆਂ ਵੱਧ ਸਮਾਂ ਵੀ ਲੱਗ ਜਾਂਦਾ ਹੈ। ਪੰਜਾਬ ਦੇ ਸਿਹਤ ਮੰਤਰੀ ਬ੍ਰਹਮ ਮਹਿੰਦਰਾ ਦਾ ਦਾਅਵਾ ਹੈ ਕਿ ਰਾਜ ਦੇ ਸਾਰੇ ਹਸਪਤਾਲਾਂ ਨੂੰ ਇਸ ਫਲੂ ਨਾਲ ਸਿੱਝਣ ਲਈ ਢੁਕਵੀਆਂ ਸਹੂਲਤਾਂ ਦਾ ਪ੍ਰਬੰਧ ਕਰ ਦਿੱਤਾ ਗਿਆ ਹੈ।

## --ਮੇਅਰ ਮਾਮਲਾ--

# ਨਵਜੋਤ ਸਿੱਧੂ ਨੂੰ ਹਾਈ ਕੋਰਟ ਤੋਂ ਝਟਕਾ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਝਟਕਾ ਦਿੱਤਾ ਹੈ। ਹਾਈ ਕੋਰਟ ਨੇ ਸਿੱਧੂ ਵੱਲੋਂ ਮੁਹਾਲੀ ਦੇ ਮੇਅਰ ਕੁਲਵੰਤ ਸਿੰਘ ਨੂੰ ਜਾਰੀ ਕਾਰਨ ਦੱਸੋ ਨੋਟਿਸ ਰੱਦ ਕਰ ਦਿੱਤਾ ਹੈ। ਇਸ ਦੇ ਨਾਲ ਹੀ ਅਦਾਲਤ ਨੇ ਪੰਜਾਬ ਸਰਕਾਰ ਨੂੰ ਕਿਹਾ ਹੈ ਕਿ ਜੇਕਰ ਇਸ ਮਾਮਲੇ ਵਿਚ ਕੋਈ ਵੀ ਕਦਮ



ਚੱਕਦੇ ਹੋ ਤਾਂ ਉਸ ਦੀ ਪਹਿਲਾਂ ਨਿਰਪੱਖ ਤੇ ਪੂਰੀ ਜਾਂਚ ਜ਼ਰੂਰ ਕਰੋ। ਸਿੱਧੂ ਨੇ ਮੇਅਰ ਕੁਲਵੰਤ ਦੀ ਮੈਂਬਰਸ਼ਿਪ ਰੱਦ ਕਰਨ ਦਾ ਵੀ ਨੋਟਿਸ ਦਿੱਤਾ ਸੀ ਜਿਸ ਨੂੰ ਹਾਈ ਕੋਰਟ ਨੇ ਰੱਦ ਕਰ ਦਿੱਤਾ ਹੈ।

ਸਿੱਧੂ ਨੇ ਮੁਹਾਲੀ ਕਾਰਪੋਰੇਸ਼ਨ ਵੱਲੋਂ ਮਹਿੰਗੇ ਭਾਅ ਰੁੱਖ ਕੁਤਰਨ ਵਾਲੀ ਮਸ਼ੀਨ ਖਰੀਦਣ ਬਾਰੇ ਜਵਾਬ ਮੰਗਿਆ ਸੀ ਤੇ ਕੁਲਵੰਤ ਉਤੇ ਦੋਸ਼ ਲਾਇਆ ਸੀ ਕਿ ਜੋ ਮਸ਼ੀਨ ਭਾਰਤ 'ਚ ਸਸਤੇ ਭਾਅ ਮਿਲਦੀ ਹੈ, ਉਹ ਦੂਜੇ ਮੁਲਕ ਤੋਂ ਮਹਿੰਗੀ ਖਰੀਦੀ ਹੈ। ਮਸ਼ੀਨ ਦੀ ਕੀਮਤ 89 ਲੱਖ ਸੀ ਤੇ ਭਾਰਤ 'ਚ ਆਉਂਦੇ ਕਸਟਮ ਡਿਊਟੀ ਪਾ ਕੇ ਇਸ ਦੀ ਕੀਮਤ 1. 80 ਕਰੋੜ ਹੋ ਗਈ ਸੀ। ਸਿੱਧੂ ਨੇ ਕਿਹਾ ਸੀ ਕਿ ਵੱਧ ਕੀਮਤ ਨਾਲ ਖਰੀਦੀ ਗਈ ਮਸ਼ੀਨ ਨੇ ਸਰਕਾਰੀ ਖਜ਼ਾਨੇ ਨੂੰ ਘਾਟਾ ਪਾਇਆ ਸੀ। ਕੁਲਵੰਤ ਨੇ ਸਿੱਧੂ ਵੱਲੋਂ ਭੇਜੇ ਨੋਟਿਸ ਨੂੰ ਹਾਈ ਕੋਰਟ 'ਚ ਚੁਣੌਤੀ ਦਿੱਤੀ ਸੀ।

# ਗੁੰਡਾ ਟੈਕਸ ਤੇ ਨਾਜਾਇਜ਼ ਮਾਈਨਿੰਗ ਨੇ ਉਲਝਾਈ ਕੈਪਟਨ ਸਰਕਾਰ

**ਚੰਡੀਗੜ੍ਹ:** 'ਗੁੰਡਾ ਟੈਕਸ' ਤੇ ਨਾਜਾਇਜ਼ ਮਾਈਨਿੰਗ ਨੇ ਕੈਪਟਨ ਸਰਕਾਰ ਨੂੰ ਉਲਝਾਇਆ ਹੋਇਆ ਹੈ। ਇਹ ਮੁੱਦਾ ਹੁਣ ਕੈਬਨਿਟ ਮੀਟਿੰਗਾਂ ਵਿਚ ਵੀ ਗੂੰਜਣ ਲੱਗਾ ਹੈ। ਕਾਂਗਰਸੀ ਮੰਤਰੀ ਤੇ ਵਿਧਾਇਕ ਸਰਕਾਰ ਦੀ ਸਾਖ ਉਤੇ ਗੂੜ੍ਹੇ ਹੋ ਰਹੇ ਇਸ ਦਾਗ ਕਾਰਨ ਕਾਫੀ ਫਿਕਰਮੰਦ ਹਨ। ਖਾਸਕਰ ਬਠਿੰਡਾ ਰਿਫਾਈਨਰੀ ਅੱਗੇ ਹਾਕਮ ਧਿਰ ਦੇ ਕੁਝ ਚੌਧਰੀਆਂ ਵੱਲੋਂ ਜਬਰੀ ਵਸੂਲੀਆਂ ਦੇ ਮਾਮਲੇ ਨੇ ਸਰਕਾਰ ਦੇ ਕੰਮਕਾਜ 'ਤੇ ਕਾਫੀ ਸਵਾਲ ਖੜ੍ਹੇ ਕੀਤੇ ਹਨ। ਕਾਫੀ ਰੌਲੇ ਰੱਪੇ ਪਿੱਛੋਂ ਭਾਵੇਂ ਮੁੱਖ ਮੰਤਰੀ ਵੱਲੋਂ ਬਠਿੰਡੇ ਤੋਂ ਜਾਂਚ ਰਿਪੋਰਟ ਤਲਬ ਕੀਤੀ ਗਈ ਹੈ, ਪਰ ਇਸ ਗੋਰਖਧੰਦੇ ਦੀਆਂ ਜੜ੍ਹਾਂ ਕਾਫੀ ਡੂੰਘੀਆਂ ਹਨ।

ਪੰਜਾਬ ਪੁਲਿਸ ਦੀ ਖੁਫੀਆ ਰਿਪੋਰਟ ਨੇ ਬਠਿੰਡਾ ਰਿਫਾਈਨਰੀ ਦੇ 'ਗੁੰਡਾ ਟੈਕਸ' ਦੇ ਪਾਜ ਉਧੇੜ ਦਿੱਤੇ ਹਨ। ਖੁਫੀਆ ਰਿਪੋਰਟ ਨੇ ਇਸ ਮਾਮਲੇ 'ਚ ਚਾਰ ਵਿਧਾਇਕਾਂ (ਤਿੰਨ ਹਾਕਮ ਧਿਰ ਨਾਲ ਸਬੰਧਤ) ਅਤੇ ਇਕ ਪੁਲਿਸ ਅਫਸਰ ਨੂੰ ਕਟਹਿਰੇ 'ਚ ਖੜ੍ਹਾ ਕੀਤਾ ਹੈ। ਸੂਤਰਾਂ ਅਨੁਸਾਰ ਪੰਜਾਬ ਪੁਲਿਸ ਦੇ ਆਰਗੇਨਾਈਜ਼ਡ ਕਰਾਈਮ ਕੰਟਰੋਲ ਯੂਨਿਟ (ਓਕੂ) ਨੇ 'ਗੁੰਡਾ ਟੈਕਸ' ਬਾਰੇ ਇਹ ਖੁਫੀਆ ਰਿਪੋਰਟ ਤਿਆਰ ਕਰਵਾਈ ਸੀ। ਓਕੂ ਵੱਲੋਂ ਚੁਣੇ ਤਿੰਨ ਮੁਲਾਜ਼ਮਾਂ ਦੀ ਤਿੱਕੜੀ ਨੇ ਰਿਫਾਈਨਰੀ ਖਿਤੇ 'ਚ ਹਫਤਾ ਲਗਾ ਕੇ ਰਿਪੋਰਟ ਤਿਆਰ ਕਰ ਕੇ ਭੇਜੀ ਸੀ। ਇਸ ਤਿੱਕੜੀ ਨੂੰ ਉਚ ਪੁਲਿਸ ਅਫਸਰਾਂ ਨੇ 14 ਫਰਵਰੀ ਨੂੰ ਚੰਡੀਗੜ੍ਹ ਸੱਦਿਆ ਤੇ ਉਹ ਡੀ.ਜੀ.ਪੀ. (ਇੰਟੈਲੀਜੈਂਸ) ਦੇ ਦਫਤਰ ਵਿਚ ਪੇਸ਼ ਹੋਏ। ਇਸ ਮਗਰੋਂ ਸਰਕਾਰ ਇਸ ਮਾਮਲੇ 'ਤੇ ਹਰਕਤ ਵਿਚ ਆ ਗਈ। ਖੁਫੀਆ ਮੁਲਾਜ਼ਮਾਂ ਦੀ ਇਸ ਤਿੱਕੜੀ ਨੂੰ 'ਗੁੰਡਾ ਟੈਕਸ' ਰਾਹੀਂ ਹੱਥ ਰੰਗਣ ਵਾਲਿਆਂ ਦਾ ਭੇਤ ਕੱਢਣ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ। ਸੂਤਰਾਂ ਤੋਂ ਰਿਪੋਰਟ ਸਬੰਧੀ ਮਿਲੇ ਵੇਰਵਿਆਂ ਮੁਤਾਬਕ ਕਾਂਗਰਸੀ ਲੀਡਰਾਂ ਦੇ ਦੋ ਗਰੁੱਪ 'ਗੁੰਡਾ ਟੈਕਸ' ਅਤੇ 'ਕੈਸੀਨੋ' ਚਲਾ ਰਹੇ ਹਨ।

ਬਠਿੰਡਾ ਸ਼ਹਿਰ 'ਚ ਚੱਲਦੇ ਕੈਸੀਨੋ ਅਤੇ ਲਾਟਰੀ ਦੇ ਧੰਦੇ 'ਚ ਇਕ ਵੱਡੇ ਨੇਤਾ ਅਤੇ ਉਸ ਦੇ ਦੋ ਚੇਲਿਆਂ ਦਾ ਨਾਂ ਬੋਲਿਆ ਹੈ। ਇਕ ਵੱਡੇ ਪੁਲਿਸ ਅਫਸਰ ਵੱਲੋਂ 'ਗੁੰਡਾ ਟੈਕਸ' ਸਬੰਧੀ ਇਕ ਵੱਡੇ ਨੇਤਾ ਨਾਲ ਠੇਕੇਦਾਰਾਂ ਦੀ ਗੰਢ-ਤੁੱਪ ਕਰਾਏ ਜਾਣ ਦਾ ਜ਼ਿਕਰ ਹੈ। ਖੁਫੀਆ ਤਿੱਕੜੀ ਨੂੰ ਸਥਾਨਕ ਪੁਲਿਸ ਨਾਲ ਕੋਈ ਸੰਪਰਕ ਨਾ ਰੱਖਣ ਤੇ ਰਿਪੋਰਟ ਸਿੱਧੀ ਚੰਡੀਗੜ੍ਹ ਭੇਜਣ ਦੀ ਸਖਤ ਹਦਾਇਤ ਸੀ। ਰਿਪੋਰਟ ਵਿਚ ਫਰੀਦਕੋਟ ਤੇ ਬਠਿੰਡਾ ਜ਼ਿਲ੍ਹਿਆਂ ਦੇ ਤਿੰਨ ਕਾਂਗਰਸੀ ਵਿਧਾਇਕਾਂ ਤੋਂ ਇਲਾਵਾ ਉਨ੍ਹਾਂ ਦੇ ਇਕ ਰਿਸ਼ਤੇਦਾਰ, ਇਕ ਹਾਰੇ ਹੋਏ ਆਗੂ ਅਤੇ 'ਆਪ' ਦੇ ਇਕ ਵਿਧਾਇਕ ਵੱਲੋਂ 'ਗੁੰਡਾ ਟੈਕਸ' ਨਾਲ ਜੇਬਾਂ ਭਰਨ ਦਾ ਜ਼ਿਕਰ ਹੈ। ਰਿਫਾਈਨਰੀ ਨੇੜੇ ਚੱਲਦੇ ਕੈਸੀਨੋ ਦੀ ਫੋਟੋ ਵੀ ਰਿਪੋਰਟ ਨਾਲ ਭੇਜੀ ਗਈ ਹੈ। ਚੰਡੀਗੜ੍ਹ ਵਿਚਲੇ ਸੀਨੀਅਰ ਪੁਲਿਸ ਅਧਿਕਾਰੀ ਅਜਿਹੀ ਰਿਪੋਰਟ ਤੋਂ ਇਨਕਾਰ ਕਰ ਰਹੇ ਹਨ। ਉਨ੍ਹਾਂ ਮੁਤਾਬਕ 'ਗੁੰਡਾ ਟੈਕਸ' ਦਾ ਮਾਮਲਾ ਤਾਂ ਜੱਗ ਜ਼ਾਹਰ ਹੈ।

### ਬਾਜਵਾ ਵੱਲੋਂ ਰਾਹੁਲ ਨੂੰ ਪੱਤਰ

ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਤੇ ਐਮ.ਪੀ. ਪ੍ਰਤਾਪ ਸਿੰਘ ਬਾਜਵਾ ਨੇ 'ਗੁੰਡਾ ਟੈਕਸ' ਨੂੰ ਨੱਥ ਪਾਉਣ ਲਈ ਇਕ ਪੱਤਰ ਰਾਹੀਂ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦਾ ਦਖਲ ਮੰਗਿਆ ਹੈ। ਸੂਤਰਾਂ ਮੁਤਾਬਕ ਪੱਤਰ 'ਚ ਉਨ੍ਹਾਂ ਲਿਖਿਆ ਕਿ ਗੁੰਡਾ ਟੈਕਸ ਕਾਰਨ ਸਰਕਾਰ ਦੇ ਅਕਸ ਨੂੰ ਢਾਹ ਲੱਗ ਰਹੀ ਹੈ, ਜਿਸ ਕਾਰਨ ਪਾਰਟੀ ਨੂੰ ਲੋਕ ਸਭਾ ਚੋਣਾਂ ਵਿਚ ਨੁਕਸਾਨ ਹੋ ਸਕਦਾ ਹੈ। ਉਨ੍ਹਾਂ ਚੋਣ-ਵਾਅਦਿਆਂ 'ਤੇ ਪਹਿਰਾ ਦੇਣ ਦੀ ਲੋੜ ਉਤੇ ਵੀ ਜ਼ੋਰ ਦਿੱਤਾ ਹੈ।

## ਕੁੜੀਮਾਰ ਦਾ ਦਾਗ ਧੋਣ ਵਿਚ ਸਫਲ ਹੋਇਆ ਪੰਜਾਬ

ਚੰਡੀਗੜ੍ਹ: ਨੀਤੀ ਅਯੋਗ ਵੱਲੋਂ ਜਾਰੀ ਰਿਪੋਰਟ ਮੁਤਾਬਕ 21 ਵਿਚੋਂ 17 ਵੱਡੇ ਸੂਬਿਆਂ 'ਚ ਜਨਮ ਸਮੇਂ ਲਿੰਗ ਅਨੁਪਾਤ (ਐਸ. ਆਰ. ਬੀ.) ਵਿਚ ਵੱਡੀ ਕਮੀ ਆਈ ਹੈ। ਰਿਪੋਰਟ ਵਿਚ ਲਿੰਗ-ਚੋਣ ਗਰਭਪਾਤ ਨੂੰ ਜਾਂਚਣ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ ਹੈ। ਰਿਪੋਰਟ ਅਨੁਸਾਰ ਪੰਜਾਬ ਵਿਚ ਜਨਮ ਸਮੇਂ ਲਿੰਗ ਅਨੁਪਾਤ 'ਚ 19 ਪੁਆਇੰਟ ਵਾਧਾ ਦਰਜ ਕੀਤਾ ਹੈ ਜਦ ਕਿ ਉਤਰ ਪ੍ਰਦੇਸ਼ 10 ਤੇ ਬਿਹਾਰ 'ਚ 9 ਪੁਆਇੰਟ ਵਾਧਾ ਦਰਜ ਕੀਤਾ ਗਿਆ ਹੈ।

ਇਸ ਤੋਂ ਪਹਿਲਾਂ ਵੀ ਪੰਜਾਬ ਵਿਚ ਲਿੰਗ ਅਨੁਪਾਤ ਵਿਚ 19 ਅੰਕਾਂ ਦਾ ਵਾਧਾ ਦਰਜ ਕੀਤਾ ਗਿਆ ਸੀ। ਉਦੋਂ ਦੇ ਅੰਕੜਿਆਂ ਮੁਤਾਬਕ ਪੰਜਾਬ ਵਿਚ ਹਜ਼ਾਰ ਲੜਕਿਆਂ ਪਿੱਛੇ 876 ਲੜਕੀਆਂ ਸਨ ਤੇ ਇਹ ਦਰ ਵਧ ਕੇ 895 ਹੋ ਗਈ ਸੀ। ਉਧਰ, ਗੁਜਰਾਤ ਵਿਚ 53 ਪੁਆਇੰਟ ਕਮੀ ਨਾਲ ਉਥੇ 1000 ਮਰਦਾਂ ਮੁਕਾਬਲੇ 854 ਔਰਤਾਂ ਦਰਜ ਹੋਈਆਂ ਹਨ, ਜੋ ਪਹਿਲਾਂ 907 ਸਨ। ਇਸੇ ਤਰ੍ਹਾਂ ਜਨਮ ਸਮੇਂ ਲਿੰਗ ਅਨੁਪਾਤ 'ਚ ਹਰਿਆਣਾ 'ਚ 35, ਰਾਜਸਥਾਨ 'ਚ 32, ਉਤਰਾਖੰਡ 'ਚ 27, ਮਹਾਰਾਸ਼ਟਰ 'ਚ 18, ਹਿਮਾਚਲ ਪ੍ਰਦੇਸ਼ ਵਿਚ 14 ਅੰਕ ਕਮੀ ਪਾਈ ਗਈ ਹੈ। ਜਨਮ ਸਮੇਂ ਲਿੰਗ ਅਨੁਪਾਤ (ਐਸ.ਆਰ.ਬੀ.) ਇਕ ਅਹਿਮ ਸੰਕੇਤਕ ਹੈ ਅਤੇ ਲਿੰਗ-ਚੋਣ ਗਰਭਪਾਤ ਕਾਰਨ ਕੁੜੀਆਂ ਦੇ ਜਨਮ 'ਚ ਵੱਡੀ ਕਮੀ ਦਰਸਾਉਂਦਾ ਹੈ।

## ਨਸ਼ੇੜੀ ਪੁੱਤ ਵੱਲੋਂ ਕੁਹਾੜੇ ਨਾਲ ਪਿਉ ਦੀ ਹੱਤਿਆ

**ਮਖੂ:** ਪਿੰਡ ਪੀਰ ਮੁਹੰਮਦ ਵਿਚ ਪੁੱਤ ਨੇ ਕੁਹਾੜੇ ਨਾਲ ਪਿਉ ਦਾ ਕਤਲ ਕਰ ਦਿੱਤਾ। ਮ੍ਰਿਤਕ ਦੀ ਪਛਾਣ ਸ਼ੁਬੇਗ ਸਿੰਘ ਜਦਕਿ ਕਾਤਲ ਦੀ ਸਾਬਕਾ ਫੌਜੀ ਗੁਰਚਰਨ ਸਿੰਘ ਵਜੋਂ ਹੋਈ ਹੈ। ਗੁਰਚਰਨ ਸਿੰਘ ਨਸ਼ੇ ਲੈਣ ਦਾ ਆਦੀ ਸੀ ਤੇ ਇਸੇ ਲਤ ਦੇ ਚਲਦਿਆਂ ਉਹ ਆਪਣੇ ਘਰ ਦਾ ਨਿੱਕਾ ਮੋਟਾ ਸਾਮਾਨ ਵੇਚੀ ਜਾਂਦਾ ਸੀ। ਜਦੋਂ ਗੁਰਚਰਨ ਸਿੰਘ ਨੇ ਮੁੜ ਘਰ ਦਾ ਸਾਮਾਨ ਵੇਚਣ ਦਾ ਯਤਨ ਕੀਤਾ ਤਾਂ ਉਸ ਦੀ ਆਪਣੇ ਪਿਤਾ ਸ਼ੁਬੇਗ ਸਿੰਘ ਨਾਲ ਤਕਰਾਰ ਹੋ ਗਈ। ਗੁੱਸੇ 'ਚ ਭਰੇ ਪੀਤੇ ਗੁਰਚਰਨ ਸਿੰਘ ਨੇ ਕੁਹਾੜੇ ਨਾਲ ਹਮਲਾ ਕਰ ਕੇ ਸ਼ੁਬੇਗ ਸਿੰਘ ਦੀ ਹੱਤਿਆ ਕਰ ਦਿੱਤੀ।


# ਟੌਲ ਟੈਕਸ ਨੇ ਹੌਲੀਆਂ ਕੀਤੀਆਂ ਪੰਜਾਬੀਆਂ ਦੀਆਂ ਜੇਬਾਂ

**ਬਠਿੰਡਾ:** ਪੰਜਾਬ ਵਿਚ ਲੋਕ ਰੋਜ਼ਾਨਾ ਔਸਤਨ ਢਾਈ ਕਰੋੜ ਦਾ ਟੌਲ ਤਾਰਦੇ ਹਨ। ਲੰਘੇ ਪੌਣੇ ਚਾਰ ਵਰ੍ਹਿਆਂ ਵਿਚ ਪੰਜਾਬੀ ਲੋਕਾਂ ਨੇ ਇਕੱਲੇ ਕੌਮੀ ਸ਼ਾਹਰਾਹਾਂ ਦੇ ਸਫਰ ਦੌਰਾਨ 2023 ਕਰੋੜ ਰੁਪਏ ਟੌਲ ਦਿੱਤਾ ਹੈ। ਜੇ ਸਟੇਟ ਹਾਈਵੇਅ ਇਸ ਵਿਚ ਸ਼ਾਮਲ ਕਰੀਏ ਤਾਂ ਇਹ ਅੰਕੜਾ ਤਿੰਨ ਹਜ਼ਾਰ ਕਰੋੜ ਨੂੰ ਪਾਰ ਕਰਦਾ ਹੈ।

ਪੰਜਾਬ ਵਿਚ ਕੌਮੀ ਸੜਕਾਂ ਅਤੇ ਸਟੇਟ ਹਾਈਵੇਅ ਉਤੇ ਤਕਰੀਬਨ 30 ਟੌਲ ਪਲਾਜ਼ਾ ਚੱਲ ਰਹੇ ਹਨ, ਜਦਕਿ ਨੌਂ ਹੋਰ ਟੌਲ ਪਲਾਜ਼ਾ ਡੇਢ ਮਹੀਨੇ ਵਿਚ ਸ਼ੁਰੂ ਹੋ ਜਾਣਗੇ।

ਵੇਰਵਿਆਂ ਅਨੁਸਾਰ ਪੰਜਾਬ ਵਿਚ ਕੌਮੀ ਸ਼ਾਹਰਾਹਾਂ ਦੇ ਟੌਲ ਦਿਨੋਂ ਦਿਨ ਵਧ ਰਹੇ ਹਨ। ਸਾਲ 2012-13 ਵਿਚ ਇਨ੍ਹਾਂ ਮਾਰਗਾਂ ਤੋਂ ਸਿਰਫ 266 ਕਰੋੜ ਦਾ ਟੌਲ ਵਸੂਲਿਆ ਗਿਆ ਜੋ ਸਾਲ 2013-14 ਵਿਚ ਵਧ ਕੇ 304 ਕਰੋੜ ਰੁਪਏ ਹੋ ਗਿਆ ਸੀ। ਉਸ ਮਗਰੋਂ ਤੇਜ਼ ਰਫਤਾਰ ਨਾਲ ਟੌਲ ਵਧਿਆ ਹੈ। ਸਾਲ 2014-15 ਵਿਚ ਪੰਜਾਬ ਵਿਚੋਂ 403 ਕਰੋੜ ਰੁਪਏ ਕੌਮੀ ਮਾਰਗਾਂ ਦੇ ਟੌਲ ਪਲਾਜ਼ਿਆਂ ਨੇ ਵਸੂਲੇ, ਜਦਕਿ ਸਾਲ 2015-16 ਵਿਚ ਇਹ ਵਸੂਲੀ 547 ਕਰੋੜ ਰੁਪਏ ਉਤੇ ਪੁੱਜ ਗਈ। ਸਾਲ 2016-17 ਵਿਚ ਟੌਲ ਵਸੂਲੀ 563 ਕਰੋੜ ਰੁਪਏ ਰਹੀ ਜਦਕਿ 2017-18 (ਦਸੰਬਰ ਤੱਕ) ਦੀ ਵਸੂਲੀ 510 ਕਰੋੜ ਰੁਪਏ ਹੋ ਚੁੱਕੀ ਹੈ। ਤਿੰਨ ਮਹੀਨੇ ਬਾਕੀ ਪਏ ਹਨ। ਪੌਣੇ ਛੇ ਵਰ੍ਹਿਆਂ ਵਿਚ ਕੌਮੀ ਮਾਰਗਾਂ ਤੋਂ ਤਕਰੀਬਨ 2563 ਕਰੋੜ ਦਾ ਟੌਲ ਟੈਕਸ ਪੰਜਾਬ ਦੇ ਲੋਕਾਂ ਨੂੰ ਤਾਰਨਾ ਪਿਆ ਹੈ।


ਸਟੇਟ ਹਾਈਵੇਜ਼ ਤੋਂ ਔਸਤਨ ਤਕਰੀਬਨ ਇਕ ਕਰੋੜ ਰੁਪਏ ਦੀ ਵਸੂਲੀ ਰੋਜ਼ਾਨਾ ਹੋ ਰਹੀ ਹੈ। ਤਿੰਨ ਮਹੀਨੇ ਪਹਿਲਾਂ ਹੀ ਬਠਿੰਡਾ- ਜ਼ੀਰਕਪੁਰ ਸੜਕ ਉਤੇ ਦੋ ਟੌਲ ਪਲਾਜ਼ਾ ਚਾਲੂ ਹੋਏ ਹਨ ਜਦੋਂਕਿ ਤਿੰਨ ਹੋਰ ਟੌਲ ਪਲਾਜ਼ੇ ਚੱਲਣੇ ਹਨ। ਜਲਦੀ ਹੀ ਬਠਿੰਡਾ-ਅੰਮ੍ਰਿਤਸਰ ਕੌਮੀ ਮਾਰਗ ਉਤੇ ਤਿੰਨ ਟੌਲ ਪਲਾਜ਼ੇ ਚੱਲਣੇ ਹਨ ਅਤੇ ਜਲੰਧਰ-ਮੋਗਾ-ਬਰਨਾਲਾ ਸੜਕ 'ਤੇ ਦੋ ਟੌਲ ਪਲਾਜ਼ਾ ਤਿਆਰ ਹਨ। ਇਵੇਂ ਸੰਗਰੂਰ ਖਨੌਰੀ ਸੜਕ ਉਤੇ ਇਕ ਟੌਲ ਚਾਲੂ ਹੋਣਾ ਹੈ। ਡੇਢ ਸਾਲ ਮਗਰੋਂ ਰੋਪੜ-ਫਗਵਾੜਾ ਸੜਕ ਉਤੇ ਦੋ ਟੌਲ, ਚੰਡੀਗੜ੍ਹ-ਲੁਧਿਆਣਾ ਸੜਕ 'ਤੇ ਦੋ ਟੌਲ ਪਲਾਜ਼ਾ ਚਾਲੂ ਹੋ ਜਾਣੇ ਹਨ। ਲੁਧਿਆਣਾ-ਤਲਵੰਡੀ ਭਾਈ ਉਤੇ ਵੀ ਦੋ ਟੌਲ ਚਾਲੂ ਹੋਣੇ ਹਨ। ਅੰਬਾਲਾ ਤੋਂ ਅੰਮ੍ਰਿਤਸਰ ਤੱਕ ਤਕਰੀਬਨ ਚਾਰ-ਪੰਜ ਟੌਲ ਪਲਾਜ਼ੇ ਚੱਲ ਰਹੇ ਹਨ।




ਕੌਮੀ ਮਾਰਗਾਂ ਵਿਚ ਅੰਮ੍ਰਿਤਸਰ-ਪਠਾਨਕੋਟ ਤੇ ਜਲੰਧਰ-ਪਠਾਨਕੋਟ ਉਤੇ ਵੀ ਟੌਲ ਚੱਲ ਰਹੇ ਹਨ। ਇਸ ਤੋਂ ਬਿਨਾਂ ਸਟੇਟ ਹਾਈਵੇਅਜ਼ ਉਤੇ ਤਕਰੀਬਨ 20 ਟੌਲ ਪਲਾਜ਼ੇ ਚੱਲ ਰਹੇ ਹਨ ਜਿਨ੍ਹਾਂ ਉਤੇ ਟੌਲ ਵਸੂਲੀ ਕੌਮੀ ਮਾਰਗਾਂ ਨਾਲੋਂ ਘੱਟ ਹੈ। ਕੇਂਦਰ ਸਰਕਾਰ ਤਰਫੋਂ ਨੈਸ਼ਨਲ ਹਾਈਵੇਅਜ਼ ਫੀਸ ਰੂਲਜ਼ 2008 ਅਨੁਸਾਰ ਟੌਲ ਨਿਰਧਾਰਤ ਕੀਤਾ ਜਾਂਦਾ ਹੈ, ਜਿਸ ਤਹਿਤ 60 ਕਿਲੋਮੀਟਰ ਦੇ ਘੇਰੇ ਵਿਚ ਇਕ ਟੌਲ ਪਲਾਜ਼ਾ ਬਣ ਸਕਦਾ ਹੈ।

# ਆਖਰ ਕਦੋਂ ਸੁਣਨਗੇ ਵੋਟਰ ਆਤਮਾ ਦੀ ਆਵਾਜ਼!

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਇੱਕ ਪਿੱਛੋਂ ਦੂਸਰੀ ਉਲਝਣ ਵਿਚ ਫਸੇ ਰਹਿਣ ਵਾਲੇ ਦੇਸ਼ ਦਾ ਹਰ ਲੀਡਰ ਸੰਸਾਰ ਭਰ ਵਿਚ ਫੈਲੇ ਹੋਏ ਆਪਣੇ ਲੋਕਾਂ ਨੂੰ ਵੀ ਅਤੇ ਹੋਰਨਾਂ ਨੂੰ ਵੀ ਇਹ ਸੱਦੇ ਦੇਣ ਲੱਗਾ ਰਹਿੰਦਾ ਹੈ ਕਿ ਤੁਸੀਂ ਆਣ ਕੇ ਵੇਖੋ ਕਿ ਭਾਰਤ ਐਨੀ ਤਰੱਕੀ ਕਰ ਗਿਆ ਹੈ, ਫਿਰ ਤੁਹਾਡਾ ਮੁੜ-ਮੁੜ ਆਉਣ ਨੂੰ ਦਿਲ ਕਰੇਗਾ। ਵੇਖਣ-ਸੁਣਨ ਨੂੰ ਸਾਨੂੰ ਵੀ ਇਹ ਚੰਗਾ ਲੱਗੇਗਾ, ਤੇ ਜਦੋਂ ਕਦੀ ਬਾਹਰ ਜਾਈਏ, ਅਸੀਂ ਵੀ ਉਨ੍ਹਾਂ ਲੋਕਾਂ ਨੂੰ ਆਪਣੇ ਵਤਨ ਦੀ ਮਿੱਟੀ ਨਾਲ ਮੋਹ ਪਾਈ ਰੱਖਣ ਦਾ ਸੱਦਾ ਦੇਣ ਤੋਂ ਨਹੀਂ ਖੁੰਝਦੇ, ਪਰ ਹਕੀਕੀ ਹਾਲਾਤ ਦਾ ਜ਼ਿਕਰ ਕੀਤਾ ਜਾਵੇ ਤਾਂ ਲੀਡਰਾਂ ਦੇ ਚਿੜ ਜਾਣ ਦਾ ਡਰ ਰਹਿੰਦਾ ਹੈ। ਹੋਰਨਾਂ ਦੇ ਕਹਿਣ ਦਾ ਕੀ, ਲੀਡਰ ਤਾਂ ਆਪਸ ਵਿਚ ਵੀ ਇੱਕ ਦੂਸਰੇ ਦਾ ਕਿਹਾ ਬਰਦਾਸ਼ਤ ਨਹੀਂ ਕਰਦੇ ਤੇ ਆਪਸੀ ਲੜਾਈ ਸੰਸਾਰ ਅਖਾੜੇ ਵਿਚ ਪੁਚਾਉਣ ਤੋਂ ਨਹੀਂ ਰਹਿੰਦੇ। ਨਰਿੰਦਰ ਮੋਦੀ ਦਾ ਫਾਰਮੂਲਾ ਸਭ ਤੋਂ ਅਜੀਬ ਹੈ। ਰੋਜ਼ ਬੋਲਣ ਦਾ ਮੌਕਾ ਉਨ੍ਹਾਂ ਨੂੰ ਭਾਰਤ ਵਿਚ ਵੀ ਹੋਰ ਹਰ ਕਿਸੇ ਨਾਲੋਂ ਵੱਧ ਮਿਲਦਾ ਹੈ, ਇਸ ਦੇ ਬਾਵਜੂਦ ਉਹ ਅਮਰੀਕਾ ਜਾਣ ਜਾਂ ਆਸਟਰੇਲੀਆ, ਜਰਮਨੀ ਜਾਣ ਜਾਂ ਜਾਪਾਨ ਉਥੇ ਸਿਆਸੀ ਜਲਸਾ ਜੋੜ ਕੇ ਭਾਰਤੀ ਸਿਆਸਤ ਵਿਚਲੇ ਵਿਰੋਧੀਆਂ ਦਾ ਗੁੱਡਾ ਬੰਨ੍ਹਣ ਜੋਗਾ ਸਮਾਂ ਕੱਢ ਲੈਂਦੇ ਹਨ। ਵਿਰੋਧੀ ਧਿਰ ਵਿਚੋਂ ਰਾਹੁਲ ਗਾਂਧੀ ਬਾਹਰ ਜਾ ਕੇ ਕਿਧਰੇ ਮਾੜਾ ਜਿਹਾ ਜ਼ਿਕਰ ਵੀ ਕਰ ਦੇਵੇ ਤਾਂ ਪੂਰੀ ਭਾਜਪਾਈ ਫੋਰਸ ਉਸ ਨੂੰ ਇਹ ਕਹਿ ਕੇ ਭੰਡਣ ਲੱਗਦੀ ਹੈ ਕਿ ਇਹ ਦੂਸਰੇ ਦੇਸ਼ਾਂ ਦੀ ਧਰਤੀ ਉਤੇ ਜਾ ਕੇ ਆਪਣੇ ਦੇਸ਼ ਦੀ ਭੰਡੀ ਕਰਦਾ ਹੈ। ਕਾਂਗਰਸੀ ਆਗੂ ਵੀ ਨਰਿੰਦਰ ਮੋਦੀ ਬਾਰੇ ਇਹੋ ਕਹੀ ਜਾਂਦੇ ਹਨ।

ਭਾਰਤ ਜਿੱਦਾਂ ਦਾ ਵੀ ਹੈ, ਇਹ ਸਾਡਾ ਹੈ ਤੇ ਇਸ ਵਿਚਲੇ ਮਾੜੇ ਪੱਖ ਵੀ ਸਾਡੇ ਆਪਣੇ ਪਾਏ ਹੋਏ ਮੰਨਣੇ ਚਾਹੀਦੇ ਹਨ। ਦੇਸ਼ ਵਿਚ ਕੋਈ ਇੱਕ ਪਾਰਟੀ ਵੀ ਅਜਿਹੀ ਨਹੀਂ ਲੱਭ ਸਕਦੀ, ਜਿਸ ਦਾ ਇਸ ਵਿਗਾੜ ਵਿਚ ਕੋਈ ਰੋਲ ਨਾ ਹੋਵੇ। ਹਰ ਕਿਸੇ ਨੇ ਕੁਝ ਨਾ ਕੁਝ 'ਯੋਗਦਾਨ' ਇਸ ਵਿਚ ਪਾਇਆ ਹੈ। ਨਤੀਜੇ ਵਜੋਂ ਜਿਸ ਭਾਰਤ ਦੇਸ਼ ਵਿਚ ਆਉਣ ਲਈ ਅਸੀਂ ਬਾਹਰਲੇ ਲੋਕਾਂ ਨੂੰ ਸੱਦੇ ਦੇਣ ਲੱਗ ਜਾਂਦੇ ਹਾਂ, ਉਸ ਦੇਸ਼ ਦੇ ਹਾਲਾਤ ਬਾਰੇ ਜਦੋਂ ਸਵਾਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਸਾਡੇ ਵਿਚੋਂ ਹਰ ਕਿਸੇ ਨੂੰ ਔਖ ਮਹਿਸੂਸ ਹੋਣ ਲੱਗਦੀ ਹੈ। ਇਸ ਤਰ੍ਹਾਂ ਅਸੀਂ ਉਸ ਦ੍ਰਿਸ਼ ਦਾ ਸਾਹਮਣਾ ਕਰਨ ਤੋਂ ਬਚ ਨਹੀਂ ਸਕਦੇ, ਜੋ ਸਾਡੇ ਲੋਕ ਭੁਗਤਦੇ ਹਨ ਤੇ ਜਿਸ ਦਾ ਕੋਈ ਹੱਲ ਪੇਸ਼ ਨਹੀ ਕੀਤਾ ਜਾ ਰਿਹਾ।

ਸਾਨੂੰ ਬਾਹਰਲੇ ਲੋਕ ਇਹ ਪੁੱਛਦੇ ਹਨ ਕਿ ਭਾਰਤ ਵਿਚ ਇੱਕ ਤੋਂ ਇੱਕ ਮਹਿੰਗੀ ਕਾਰ ਬਣਨ ਲੱਗ ਪਈ ਤੇ ਵਿਕਣ ਵਿਚ ਵੀ ਦੂਸਰੇ ਦੇਸ਼ਾਂ ਨੂੰ ਪਿੱਛੇ ਛੱਡਦੀ ਹੈ, ਪਰ ਉਨ੍ਹਾਂ ਗੱਡੀਆਂ ਦੇ ਹਾਣ ਦੀਆਂ ਸੜਕਾਂ ਕਦੋਂ ਬਣਨਗੀਆਂ? ਇਸ ਦਾ ਜਵਾਬ ਦੇਣਾ ਹੋਵੇ ਤਾਂ ਬੰਦਾ ਸਿਰੇ ਦਾ ਝੂਠ ਬੋਲਣ ਵਾਲਾ ਚਾਹੀਦਾ ਹੈ, ਜੋ ਇਹ ਕਹਿ ਸਕਦਾ ਹੋਵੇ ਕਿ ਭਾਰਤ ਵਿਚ ਸੜਕਾਂ ਦੇ ਕੰਮ ਵੱਲੋਂ ਅਮਰੀਕਾ ਤੇ ਕੈਨੇਡਾ ਤੋਂ ਵੱਧ ਤਰੱਕੀ ਹੋ ਚੁਕੀ ਹੈ ਤੇ ਪੰਜਾਬ



ਕੈਲੀਫੋਰਨੀਆ ਬਣ ਚੁਕਾ ਹੈ। ਬਾਹਰ ਬੈਠੇ ਲੋਕਾਂ ਦਾ ਭ੍ਰਿਸ਼ਟਾਚਾਰ ਬਾਰੇ ਸਵਾਲ ਸਾਨੂੰ ਸਾਹ ਚੜ੍ਹਾ ਦਿੰਦਾ ਹੈ। ਅਸੀਂ ਨਰਿੰਦਰ ਮੋਦੀ ਵਾਂਗ ਇਹ ਨਹੀਂ ਕਹਿ ਸਕਦੇ ਕਿ ਜਦੋਂ ਦੀ ਮੇਰੀ ਸਰਕਾਰ ਆਈ ਹੈ, ਭ੍ਰਿਸ਼ਟਾਚਾਰ ਦਾ ਕੋਈ ਕੇਸ ਵਾਪਰਿਆ ਹੀ ਨਹੀਂ। ਗੁਜਰਾਤ ਵਿਚ ਮੁੱਖ ਮੰਤਰੀ ਦੀ ਕੁਰਸੀ ਉਤੇ ਬੈਠੇ ਹੋਏ ਜਿਸ ਮੋਦੀ ਸਾਹਿਬ ਦੇ ਤਿੰਨ ਵਜ਼ੀਰਾਂ ਨੂੰ ਭ੍ਰਿਸ਼ਟਾਚਾਰ ਦੇ ਕੇਸਾਂ ਵਿਚ ਸਜ਼ਾ ਮਿਲ ਗਈ ਸੀ, ਉਹ ਕੇਂਦਰ ਵਿਚ ਆਪਣੇ ਰਾਜ ਵਿਚ ਪਹਿਲਾਂ ਪੰਜ ਹਜ਼ਾਰ ਕਰੋੜ ਰੁਪਏ ਵਿਦੇਸ਼ ਵਿਚ ਭੇਜਣ ਦੇ ਬੈਂਕ ਆਫ ਬੜੌਦਾ ਦੇ ਕੇਸ ਨੂੰ ਵੀ ਟਿੱਚ ਸਮਝ ਕੇ ਈਮਾਨਦਾਰੀ ਦਾ ਹੋਕਾ ਦੇਈ ਜਾਂਦਾ ਰਿਹਾ ਸੀ। ਹੁਣ ਜਦੋਂ ਹੋਰ ਕਈ ਵੱਡੇ ਘਪਲੇ ਵਾਪਰ ਗਏ ਹਨ ਤਾਂ ਉਸ ਦੇ ਭਾਸ਼ਣਾਂ ਦਾ ਕੇਂਦਰੀ ਬਿੰਦੂ ਅਜੇ ਤੱਕ ਇਹੀ ਹੈ ਕਿ ਮੇਰੇ ਰਾਜ ਵਿਚ ਕੋਈ ਭ੍ਰਿਸ਼ਟਾਚਾਰ ਨਹੀਂ ਹੋਇਆ।

ਰਾਹੁਲ ਗਾਂਧੀ ਨੂੰ ਭਾਸ਼ਣ ਲਿਖ ਕੇ ਦੇਣ ਵਾਲੇ ਵੀ ਏਨੇ ਤਿੱਖੇ ਚੁਣੇ ਹੋਏ ਹਨ ਕਿ ਉਨ੍ਹਾਂ ਨੂੰ ਸਿਰਫ ਭਾਜਪਾ ਦਾ ਭ੍ਰਿਸ਼ਟਾਚਾਰ ਦਿੱਸ ਰਿਹਾ ਹੈ, ਕਾਂਗਰਸੀ ਰਾਜ ਦਾ ਕੋਈ ਘੋਟਾਲਾ ਯਾਦ ਨਹੀਂ। ਫਿਰਕੂ ਦ੍ਰਿਸ਼ ਕਾਂਗਰਸੀ ਰਾਜ ਵਿਚ ਵੀ ਬਹੁਤਾ ਸੁਥਰਾ ਨਹੀਂ ਸੀ ਤੇ ਭਾਜਪਾ ਦਾ ਰਾਜ ਆਏ ਤੋਂ ਬੇਯਕੀਨੀ ਏਨੀ ਵਧਦੀ ਜਾਂਦੀ ਹੈ ਕਿ ਘਰੋਂ ਜਾਓ ਤਾਂ ਕਿਸੇ ਵੀ ਥਾਂ ਸਮੇਂ ਸਿਰ ਪਹੁੰਚਣ ਦਾ ਇਸ ਲਈ ਯਕੀਨ ਨਹੀਂ ਹੁੰਦਾ ਕਿ ਕਿਸੇ ਵੀ ਥਾਂ ਕੋਈ ਘਟਨਾ ਵਾਪਰ ਜਾਣ ਨਾਲ ਰਸਤੇ ਜਾਮ ਹੋਏ ਹੋ ਸਕਦੇ ਹਨ।

ਸਿਆਸੀ ਪਾਰਟੀ ਵੱਡੀ ਹੋਵੇ ਜਾਂ ਛੋਟੀ, ਲਗਭਗ ਹਰ ਕਿਸੇ ਧਿਰ ਕੋਲ ਅਜਿਹੇ ਲੀਡਰਾਂ ਦੀ ਫੌਜ ਮੌਜੂਦ ਹੁੰਦੀ ਹੈ, ਜੋ ਨਿਰਾ ਲੂਣ ਗੁੰਨ੍ਹਣ ਦੇ ਮਾਹਰ ਕਹੇ ਜਾ ਸਕਦੇ ਹਨ। ਲੀਡਰੀ ਕਰਨ ਲਈ ਕਿਸੇ ਨੂੰ ਕੋਈ ਸਾਰਥਕ ਮੁੱਦਾ ਵੀ ਲੱਭਣ ਦੀ ਲੋੜ ਨਹੀਂ, ਜਾਤ-ਪਾਤ ਦੀ ਵਰਤੋਂ ਖੁੱਲ੍ਹ ਕੇ ਕੀਤੀ ਜਾ ਸਕਦੀ ਹੈ, ਧਰਮ ਦੇ ਨਾਂ ਉਤੇ ਵੀ ਵਰਗਲਾਇਆ ਜਾ ਸਕਦਾ ਹੈ ਤੇ ਖੇਤਰੀ ਮੁੱਦਿਆਂ ਉਤੇ ਲੋਕਾਂ ਨੂੰ ਲੜਾ ਕੇ ਆਪੋ ਵਿਚ ਸਮਾਜੀ ਹੀ ਨਹੀਂ, ਰਾਜਸੀ ਰਿਸ਼ਤੇਦਾਰੀਆਂ ਤੱਕ ਨਿਭੀ ਜਾਂਦੀਆਂ ਹਨ। ਸਤਲੁਜ ਦੇ ਪਾਣੀਆਂ ਲਈ ਪੰਜਾਬ ਦੇ ਅਕਾਲੀ ਅਤੇ ਹਰਿਆਣੇ ਦੇ ਚੌਟਾਲਾ ਪਰਿਵਾਰ ਵਾਲੇ ਇੱਕ ਦੂਸਰੇ ਦੇ ਵਿਰੁਧ ਚੀਕ-ਚੀਕ ਕੇ ਲੋਕਾਂ ਨੂੰ ਡਾਂਗਾਂ ਚੁਕਵਾ ਦਿੰਦੇ ਹਨ। ਫਿਰ ਹਰਿਆਣੇ ਵਿਚ ਚੌਟਾਲਿਆਂ ਵਾਸਤੇ ਚੋਣ ਪ੍ਰਚਾਰ ਕਰਨ ਲਈ ਬਾਦਲ ਪਰਿਵਾਰ ਪਹੁੰਚ ਜਾਂਦਾ ਹੈ ਤੇ ਲੰਬੀ-ਬਠਿੰਡੇ ਦਾ ਚੋਣ ਮੋਰਚਾ ਸੰਭਾਲਣ ਲਈ ਚੌਟਾਲਿਆਂ ਦਾ ਟੱਬਰ ਬਾਘੀਆਂ ਪਾਉਂਦਾ ਪਹੁੰਚ ਜਾਂਦਾ ਹੈ। ਕਾਵੇਰੀ ਦੇ ਪਾਣੀਆਂ ਲਈ ਕਰਨਾਟਕਾ ਤੇ ਤਾਮਿਲਨਾਡੂ ਦਾ ਆਢਾ ਲੱਗਣ ਪਿੱਛੋਂ ਵੀ ਤਾਮਿਲਨਾਡੂ ਦੀ ਜੈਲਲਿਤਾ ਨੂੰ ਕਰਨਾਟਕਾ ਦੀ ਜੇਲ੍ਹ ਵਿਚ ਵੀ. ਆਈ. ਪੀ. ਸਹੂਲਤਾਂ ਕਾਂਗਰਸੀ ਅਤੇ ਭਾਜਪਾ-ਦੋਵਾਂ ਸਰਕਾਰਾਂ ਵੇਲੇ ਮਿਲ ਜਾਂਦੀਆਂ ਹਨ। ਇਹ ਸਾਰਾ ਕੁਝ ਇਸ ਲਈ ਹੁੰਦਾ ਹੈ ਕਿ ਲੀਡਰਾਂ ਦੀਆਂ ਪਾਰਟੀਆਂ ਦਾ ਝੰਡਾ ਵੱਖੋ-ਵੱਖ ਰੱਖਿਆ ਜਾਂਦਾ ਹੈ, ਛਕਣ-ਛਕਾਉਣ ਦੇ ਕੰਮ ਵਿਚ ਸਾਰਿਆਂ ਦੀ ਨਾਨੀ-ਦੋਹਤੀ ਅੰਦਰੋਂ ਇੱਕੋ ਹੁੰਦੀ ਹੈ ਤੇ ਦੁਸ਼ਮਣੀ ਕਿਸੇ ਵਿਰਲੇ ਕੇਸ ਵਿਚ ਲਗਾਤਾਰ ਨਿਭਦੀ ਹੈ। ਆਮ ਲੋਕ ਇਸ ਖੇਡ ਨੂੰ ਕਦੇ ਵੀ ਨਹੀਂ ਸਮਝ ਸਕਦੇ।

ਵਿਦੇਸ਼ ਵੱਸਦੇ ਭਾਰਤੀਆਂ ਅਤੇ ਖਾਸ ਤੌਰ 'ਤੇ ਸਾਡੇ ਪੰਜਾਬੀਆਂ ਨੂੰ ਇਹ ਰੋਸ ਲਗਾਤਾਰ ਰਹਿੰਦਾ ਹੈ ਕਿ ਉਨ੍ਹਾਂ ਨਾਲ ਜੋ ਵਾਅਦੇ ਕਰ ਦਿੱਤੇ ਜਾਂਦੇ ਹਨ, ਉਹ ਬਾਅਦ ਵਿਚ ਨਿਭਾਏ ਨਹੀਂ ਜਾਂਦੇ, ਪਰ ਉਹ ਲੋਕ ਇਸ ਹਕੀਕਤ ਬਾਰੇ ਨਹੀਂ ਜਾਣਦੇ ਕਿ ਉਨ੍ਹਾਂ ਨਾਲ ਹੀ ਨਹੀਂ, ਭਾਰਤ ਵਿਚ ਵੱਸਦੇ ਲੋਕਾਂ ਨਾਲ ਵੀ ਇਹੀ ਹੁੰਦਾ ਹੈ। ਇਹ ਭਾਰਤ ਦੇਸ਼ ਹੈ, ਜਿਸ ਦੇ ਆਗੂ ਆਪਣੇ ਲੋਕਾਂ ਨਾਲ ਵਾਅਦੇ ਕਰ ਕੇ ਬਾਅਦ ਵਿਚ ਮੁੱਕਰ ਜਾਣ ਵਿਚ ਸ਼ਰਮ ਨਹੀਂ ਕਰਦੇ, ਸਗੋਂ ਇਹ ਗੱਲ ਕਹਿ ਕੇ ਲੋਕਾਂ ਨੂੰ ਠਿੱਠ ਕਰ ਦਿੰਦੇ ਹਨ ਕਿ ਤੁਸੀਂ ਐਵੇਂ ਯਕੀਨ ਕਰ ਲਿਆ, ਉਹ ਗੱਲ ਤਾਂ ਸਾਡਾ ਚੋਣ ਜੁਮਲਾ ਸੀ। ਪੰਜਾਬ ਵਿਚ ਜਿਨ੍ਹਾਂ ਨੇ ਦਸ ਸਾਲ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਸੀ ਕੀਤੇ, ਉਹ ਹੁਣ ਇਹ ਮੰਗ ਕਰ ਰਹੇ ਹਨ ਕਿ ਜਿੱਤਣ ਵਾਲੀ ਪਾਰਟੀ ਦੇ ਚੋਣ ਮੈਨੀਫੈਸਟੋ ਨੂੰ ਕਾਨੂੰਨੀ ਦਸਤਾਵੇਜ਼ ਮੰਨਿਆ ਜਾਣਾ ਚਾਹੀਦਾ ਹੈ ਅਤੇ ਜੇ ਉਹ ਪਾਰਟੀ ਅਮਲ ਕਰ ਸਕਣ ਵਿਚ ਕਾਮਯਾਬ ਨਾ ਹੋਵੇ ਤਾਂ ਉਸ ਦੇ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ। ਉਹ ਏਦਾਂ ਦੀ ਗੱਲ ਪੰਜਾਬ ਸਰਕਾਰ ਅਤੇ ਕਾਂਗਰਸ ਦੇ ਖਿਲਾਫ ਕਹਿੰਦੇ ਹਨ, ਕਦੀ ਕੇਂਦਰ ਦੀ ਸਰਕਾਰ ਅਤੇ ਇਸ ਦੇ ਮੁਖੀ ਨਰਿੰਦਰ ਮੋਦੀ ਨੂੰ ਇਹ ਪੁੱਛਣ ਲਈ ਤਿਆਰ ਨਹੀਂ ਹੋ ਸਕੇ ਕਿ ਉਨ੍ਹਾਂ ਨੇ 'ਚੁਨਾਵ ਜੁਮਲਾ' ਬੋਲ ਕੇ ਲੋਕਾਂ ਨੂੰ ਮੂਰਖ ਕਿਉਂ ਬਣਾਇਆ ਸੀ?

ਅਸੀਂ ਬਾਹਰ ਬੈਠੇ ਆਪਣੇ ਲੋਕਾਂ ਨੂੰ ਅਜਿਹਾ ਸੁਫਨਾ ਨਹੀਂ ਵਿਖਾ ਸਕਦੇ ਕਿ ਤੁਹਾਡਾ ਦੇਸ਼ ਤਰੱਕੀ ਕਰਨ ਵਿਚ ਪੱਛਮੀ ਦੇਸ਼ਾਂ ਨੂੰ ਪਿੱਛੇ ਛੱਡੀ ਜਾ ਰਿਹਾ ਹੈ ਜਾਂ ਤੁਹਾਡਾ ਪੰਜਾਬ ਹੁਣ ਕੈਲੀਫੋਰਨੀਆ ਦੀ ਬਰਾਬਰੀ ਕਰੀ ਜਾਂਦਾ ਹੈ। ਇਸ ਦੇ ਬਾਵਜੂਦ ਅਸੀਂ ਉਨ੍ਹਾਂ ਨੂੰ ਆਪਣੇ ਪੰਜਾਬ ਤੇ ਦੇਸ਼ ਨਾਲ ਜੁੜੇ ਰਹਿਣ ਦਾ ਸੱਦਾ ਦਿੰਦੇ ਹਾਂ ਤਾਂ ਇਹ ਗੱਲ ਵੀ ਕਹਿ ਦਿੰਦੇ ਹਾਂ ਕਿ ਕੱਪੜੇ ਮਾੜੇ ਹੋਣ ਜਾਂ ਚੰਗੇ, ਆਪਣੀ ਮਾਂ ਆਪਣੀ ਹੀ ਹੁੰਦੀ ਹੈ। ਇਹ ਜਿੱਦਾਂ ਦਾ ਵੀ ਹੈ, ਸਾਡਾ ਹੈ। ਸਾਡੀ ਧਰਤੀ ਕਦੇ ਧਰਤੀ ਦਾ ਸਵਰਗ ਕਹੀ ਜਾਂਦੀ ਸੀ, ਸੋਨੇ ਦੀ ਚਿੜੀ ਵੀ, ਪਰ ਸਮੇਂ ਦੀਆਂ ਸੱਟਾਂ ਨਾਲ ਇਸ ਦਾ ਹੁਲੀਆ ਵਿਗੜ ਗਿਆ ਹੈ। ਹੁਣ ਵੀ ਇਸ ਦਾ ਸਿਰਫ ਹੁਲੀਆ ਵਿਗੜਿਆ ਹੈ, ਇਸ ਦੀ ਆਤਮਾ ਹਾਲੇ ਜ਼ਿੰਦਾ ਹੈ। ਆਤਮਾ ਜ਼ਿੰਦਾ ਹੋਣ ਕਾਰਨ ਹੀ ਇਸ ਦੇ ਲੋਕ ਆਪਣੇ ਸਮਾਜ ਦੇ ਸੁਧਾਰ ਲਈ ਯਤਨ ਕਰਨ ਨੂੰ ਤਾਂਘਦੇ ਹਨ ਅਤੇ ਕਿਸੇ-ਕਿਸੇ ਥਾਂ ਉਹ ਕੁਝ ਕਰਦੇ ਵੀ ਹਨ, ਪਰ ਇਹ ਕੁਝ ਵੱਡੇ ਲੋਕਾਂ ਦੀ ਨਜ਼ਰ ਹੇਠ ਨਹੀਂ ਆਉਂਦਾ। ਵੱਡੇ ਲੋਕਾਂ ਨੂੰ ਆਮ ਲੋਕ ਕਦੇ ਲੋਕ ਨਹੀਂ ਦਿਸਦੇ, ਬੱਸ ਵੋਟਾਂ ਨਜ਼ਰ ਆਉਂਦੀਆਂ ਹਨ। ਲੋਕ ਉਨ੍ਹਾਂ ਲਈ ਵੋਟਾਂ ਹੋਣਗੇ, ਪਰ ਲੋਕਾਂ ਅੰਦਰ ਵੀ ਆਤਮਾ ਹੈ।

ਭਾਰਤ ਉਸ ਦਿਨ ਫਿਰ ਉਸ ਪੁਰਾਣੀ ਸ਼ਾਨ ਨੂੰ ਹਾਸਲ ਕਰ ਲਵੇਗਾ, ਜਿਸ ਦਿਨ ਲੋਕ ਇਸ ਆਤਮਾ ਦੀ ਆਵਾਜ਼ ਸੁਣਨਗੇ। ਉਹ ਇਸ ਆਵਾਜ਼ ਨੂੰ ਕਦੋਂ ਸੁਣਨਗੇ, ਇਹ ਤਾਂ ਦੱਸਣਾ ਔਖਾ ਹੈ, ਪਰ ਇਸ ਗੱਲ ਬਾਰੇ ਸਾਡੇ ਵਿਚੋਂ ਹਰ ਕਿਸੇ ਨੂੰ ਵਿਸ਼ਵਾਸ ਰੱਖਣਾ ਚਾਹੀਦਾ ਹੈ ਕਿ ਅੱਜ ਨਹੀਂ ਤਾਂ ਕੱਲ੍ਹ ਸਹੀ, ਇੱਕ ਦਿਨ ਲੋਕ ਇਹ ਆਵਾਜ਼ ਸੁਣਨਗੇ, ਅਤੇ ਜ਼ਰੂਰ ਹੀ ਸੁਣਨਗੇ।

# ਪੱਤਰਕਾਰ ਹਰਬੀਰ ਸਿੰਘ ਭੰਵਰ ਦਾ ਸਨਮਾਨ

**ਲੁਧਿਆਣਾ (ਬਿਊਰੋ):** ਜੀ. ਜੀ. ਐਨ. ਖਾਲਸਾ ਕਾਲਜ, ਸਿਵਿਲ ਲਾਈਨਜ਼ ਲੁਧਿਆਣਾ ਦੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਵਿਖੇ ਲੰਘੇ ਦਿਨੀਂ ਬ੍ਰਿਟਿਸ਼ ਕੋਲੰਬੀਆ ਕਲਚਰਲ ਫਾਊਂਡੇਸ਼ਨ ਸਰੀ, ਕੈਨੇਡਾ ਅਤੇ ਪੰਜਾਬੀ ਕਵੀ ਮੰਗਾ ਸਿੰਘ ਬਾਸੀ ਵੱਲੋਂ ਆਪਣੇ ਪਿਤਾ ਦੀ ਯਾਦ ਵਿਚ ਸਥਾਪਤ ਸ. ਪ੍ਰੀਤਮ ਸਿੰਘ ਬਾਸੀ ਯਾਦਗਾਰੀ ਪੁਰਸਕਾਰ



ਉਘੇ ਪੱਤਰਕਾਰ, ਲੇਖਕ ਤੇ ਇਤਿਹਾਸਕਾਰ ਸ. ਹਰਬੀਰ ਸਿੰਘ ਭੰਵਰ ਨੂੰ ਦਿੱਤਾ ਗਿਆ।

ਇਹ ਪੁਰਸਕਾਰ ਮੁੱਖ ਮਹਿਮਾਨ ਡਾ. ਸਰਦਾਰਾ ਸਿੰਘ ਜੌਹਲ (ਚਾਂਸਲਰ, ਸੈਂਟਰਲ ਯੂਨੀਵਰਸਿਟੀ ਆਫ ਪੰਜਾਬ, ਬਠਿੰਡਾ), ਡਾ. ਐਸ. ਪੀ. ਸਿੰਘ (ਸਾਬਕਾ ਵਾਈਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ), ਕੈਨੇਡਾ ਵੱਸਦੇ ਲੇਖਕ ਤੇ ਬ੍ਰਿਟਿਸ਼ ਕੋਲੰਬੀਆ ਕਲਚਰਲ ਫਾਊਂਡੇਸ਼ਨ ਦੇ ਮੈਂਬਰ ਸ. ਜਰਨੈਲ ਸਿੰਘ ਸੇਖਾ, ਮੋਹਨ ਗਿੱਲ, ਮੰਗਾ ਬਾਸੀ, ਪਾਲ ਢਿੱਲੋਂ, ਸਾਬਕਾ ਵਾਈਸ ਚਾਂਸਲਰ ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ, ਕਾਲਜ ਕਮੇਟੀ ਦੇ ਪ੍ਰਧਾਨ ਸ. ਗੁਰਸ਼ਰਨ ਸਿੰਘ ਨਰੂਲਾ, ਕਾਲਜ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਬਾਵਾ ਤੇ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਸਾਬਕਾ ਪ੍ਰਧਾਨ ਗੁਰਭਜਨ ਸਿੰਘ ਗਿੱਲ ਨੇ ਸ. ਭੰਵਰ ਨੂੰ ਭੇਟ ਕੀਤਾ। ਪੁਰਸਕਾਰ ਵਿਚ 51,000 ਰੁਪਏ, ਸਨਮਾਨ ਚਿੰਨ੍ਹ ਤੇ ਦੋਸ਼ਾਲਾ ਸ਼ਾਮਲ ਸਨ।

ਕਾਲਜ ਪ੍ਰਬੰਧਕ ਕਮੇਟੀ ਵੱਲੋਂ ਡਾ. ਐਸ. ਪੀ. ਸਿੰਘ ਤੇ ਕਾਲਜ ਵੱਲੋਂ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਭੱਲਾ ਨੇ ਸਵਾਗਤੀ ਸ਼ਬਦ ਬੋਲਦਿਆਂ ਬ੍ਰਿਟਿਸ਼ ਕੋਲੰਬੀਆ ਕਲਚਰਲ ਫਾਊਂਡੇਸ਼ਨ ਦਾ ਧੰਨਵਾਦ ਕੀਤਾ, ਜਿਸ ਨੇ ਸ. ਭੰਵਰ ਦੇ ਸਨਮਾਨ ਲਈ ਇਸ ਕਾਲਜ ਦੇ ਸ਼ਤਾਬਦੀ ਸਾਲ ਨੂੰ ਯੋਗ ਸਮਝਿਆ।

ਫਾਊਂਡੇਸ਼ਨ ਬਾਰੇ ਸ. ਜਰਨੈਲ ਸਿੰਘ ਸੇਖਾ ਅਤੇ ਸ. ਹਰਬੀਰ ਸਿੰਘ ਭੰਵਰ ਬਾਰੇ ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ ਤੇ ਗੁਰਭਜਨ ਸਿੰਘ ਗਿੱਲ ਨੇ ਜਾਣਕਾਰੀ ਦਿੱਤੀ ਜਦ ਕਿ ਮੰਗਾ ਸਿੰਘ ਬਾਸੀ ਨੇ ਆਪਣੇ ਪਿੰਡ ਬੀੜ ਬੰਸੀਆਂ, ਪਿਤਾ ਸ. ਪ੍ਰੀਤਮ ਸਿੰਘ ਬਾਸੀ ਅਤੇ ਸਮਾਜਿਕ ਚੌਗਿਰਦੇ ਦੇ ਨਾਲ ਨਾਲ ਸਾਹਿਤਕ ਚੇਟਕ ਤੇ ਸਾਹਿਤ ਸਿਰਜਣਾ ਬਾਰੇ ਚਰਚਾ ਕੀਤੀ।

ਪ੍ਰਧਾਨਗੀ ਸ਼ਬਦ ਬੋਲਦਿਆਂ ਡਾ. ਸਰਦਾਰਾ ਸਿੰਘ ਜੌਹਲ ਨੇ ਕਿਹਾ ਕਿ ਕਿਰਤੀ ਬਾਪ ਦੀ ਲਿਆਕਤ ਦਾ ਹੀ ਫਲ ਹੈ ਕਿ ਮੰਗਾ ਸਿੰਘ ਬਾਸੀ ਨੇ ਉਨ੍ਹਾਂ ਦੀ ਯਾਦ 'ਚ ਇਨਾਮ ਸਥਾਪਤ ਕੀਤਾ ਹੈ। ਉਨ੍ਹਾਂ ਹਰਬੀਰ ਭੰਵਰ ਨੂੰ ਕਲਮਯੋਗੀ ਕਹਿ ਕੇ ਸਤਿਕਾਰ ਦਿੱਤਾ।

ਪੁਰਸਕਾਰ ਲਈ ਸ. ਭੰਵਰ ਨੇ ਫਾਊਂਡੇਸ਼ਨ ਦਾ ਧੰਨਵਾਦ ਕਰਨ ਦੇ ਨਾਲ ਨਾਲ ਆਪਣੇ ਕਲਮੀ ਸਫਰ ਬਾਰੇ ਜਾਣਕਾਰੀ ਦਿੱਤੀ। ਮੰਚ ਸੰਚਾਲਨ ਪਰਵਾਸੀ ਸਾਹਿਤ ਅਧਿਐਨ ਕੇਂਦਰ ਦੀ ਕੋਆਰਡੀਨੇਟਰ ਡਾ. ਤੇਜਿੰਦਰ ਕੌਰ ਨੇ ਕੀਤਾ।

ਇਸ ਮੌਕੇ ਅਮਰੀਕਾ ਤੋਂ ਆਏ ਲੇਖਕ ਸੁਰਜੀਤ ਸਿੰਘ ਕਾਉਂਕੇ, ਆਸਟਰੇਲੀਆ ਤੋਂ ਗੁਰਸ਼ਮਿੰਦਰ ਸਿੰਘ ਮਿੰਟੂ ਬਰਾੜ, ਇੰਗਲੈਂਡ ਤੋਂ ਡਾ. ਤਾਰਾ ਸਿੰਘ ਆਲਮ, ਕੈਨੇਡਾ ਤੋਂ ਗੁਰਬਚਨ ਸਿੰਘ ਬਰਾੜ ਕੈਲਗਰੀ, ਸਿਰਸਾ ਹਰਿਆਣਾ ਤੋਂ ਭੁਪਿੰਦਰ ਪੰਨੀਵਾਲੀਆ, ਕਾਲਜ ਪ੍ਰਬੰਧਕ ਕਮੇਟੀ ਦੇ ਮੈਂਬਰ ਭਗਵੰਤ ਸਿੰਘ, ਹਰਦੀਪ ਸਿੰਘ, ਜੀ. ਜੀ. ਐਨ. ਆਈ. ਐਮ. ਟੀ. ਦੇ ਡਾਇਰੈਕਟਰ ਪ੍ਰੋ. ਮਨਜੀਤ ਸਿੰਘ ਛਾਬੜਾ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਡਾਇਰੈਕਟਰ ਯੁਵਕ ਭਲਾਈ ਡਾ. ਨਿਰਮਲ ਜੌੜਾ, ਅਮਨਦੀਪ ਫੱਲੜ, ਸ੍ਰੀਮਤੀ ਕੈਲਾਸ਼ ਭੰਵਰ, ਮਨਜਿੰਦਰ ਧਨੋਆ, ਅਗਾਂਹਵਧੂ ਤੇ ਸਫਲ ਕਿਸਾਨ ਹਰਜਿੰਦਰ ਸਿੰਘ ਸੰਧੂ ਲਾਢੋਵਾਲ, ਪਿੰਡ ਬੀੜ ਬੰਸੀਆਂ ਦੇ ਸਿਰਕੱਢ ਨਿਵਾਸੀ ਤੇ ਨਾਮੀ ਨਾਵਲਕਾਰ ਬਲਦੇਵ ਸਿੰਘ ਸੜਕਨਾਮਾ, ਦੇਵਿੰਦਰ ਸਿੰਘ ਸੇਖਾ, ਵਿਅੰਗ ਤੇ ਨਾਵਲਕਾਰ ਕੇ. ਐਲ. ਗਰਗ, ਪੰਜਾਬੀ ਸਾਹਿਤ ਅਕਾਡਮੀ ਦੇ ਮੀਤ ਪ੍ਰਧਾਨ ਸੁਰਿੰਦਰ ਕੈਲੇ ਤੇ ਤਰਲੋਚਨ ਲੋਚੀ, ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ, ਕਰਮਜੀਤ ਸਿੰਘ ਔਜਲਾ, ਡਾ. ਕੁਲਵਿੰਦਰ ਕੌਰ ਮਿਨਹਾਸ, ਜਸਵੰਤ ਸਿੰਘ ਅਮਨ, ਡਾ. ਫਕੀਰ ਚੰਦ ਸ਼ੁਕਲਾ, ਸਰਬਜੀਤ ਵਿਰਦੀ, ਸੁਖਦੇਵ ਸਿੰਘ ਲਾਜ ਸਮੇਤ ਕਈ ਸਿਰਕੱਢ ਵਿਅਕਤੀ ਹਾਜ਼ਰ ਸਨ। ਪੋਸਟ ਗਰੈਜੂਏਟ ਪੰਜਾਬੀ ਵਿਭਾਗ ਦੇ ਮੁਖੀ ਡਾ. ਭੁਪਿੰਦਰ ਸਿੰਘ ਨੇ ਧੰਨਵਾਦ ਦੇ ਸ਼ਬਦ ਕਹੇ।

# ਔਰਤਾਂ ਦੇ ਬੇਇਨਸਾਫੀ ਵਿਰੁਧ ਖੜ੍ਹੇ ਹੋਣ ਦੀ ਲੋੜ

## ਪਾਠਕ ਮੰਚ

27 ਜਨਵਰੀ ਦੇ ਅੰਕ ਵਿਚ ਜ਼ਬਰ ਦਾ ਸ਼ਿਕਾਰ ਹੋਈ ਪਾਕਿਸਤਾਨੀ ਬੱਚੀ, 3 ਫਰਵਰੀ ਦੇ ਅੰਕ ਵਿਚ ਬੱਚੀਆਂ ਦੀ ਰਖਵਾਲੀ ਅਤੇ 17 ਫਰਵਰੀ ਦੇ ਅੰਕ ਵਿਚ ਬੱਚੀਆਂ ਨੂੰ ਸਿਹਤਮੰਦ ਢੰਗ ਨਾਲ ਪਾਲਣ ਬਾਰੇ ਡਾ. ਗੁਰਨਾਮ ਕੌਰ ਦੀਆਂ ਲਿਖਤਾਂ ਪੜ੍ਹੀਆਂ। ਔਰਤਾਂ ਵਲੋਂ ਖਬਰ ਤੋਂ ਉਪਰ ਉਠ ਕੇ ਦਰਦ ਮਹਿਸੂਸ ਕਰਨ ਅਤੇ ਹੋ ਰਹੀਆਂ ਵਧੀਕੀਆਂ ਵਿਰੁਧ ਸੰਘਰਸ਼ ਦੀ ਬੇਹਦ ਲੋੜ ਹੈ। ਅਸੀਂ ਅਸਲੀਅਤ ਤੋਂ ਅੱਖਾਂ ਮੀਟਣ ਦਾ ਕਿੰਨਾ ਘਿਨਾਉਣਾ ਰਾਹ ਫੜ੍ਹ ਲਿਆ ਹੈ। ਕੁੜੀਆਂ ਨਾ ਘਰ ਨਾ ਬਾਹਰ, ਕਿਤੇ ਵੀ ਮਹਿਫੂਜ਼ ਨਹੀਂ। ਅਜਿਹੀ ਹਾਲਤ ਕਿਉਂ ਬਣੀ? ਮੈਂ ਆਪ ਤਿੰਨ ਬੇਟੀਆਂ ਦੀ ਮਾਂ ਹਾਂ ਤੇ ਦਾਅਵੇ ਨਾਲ ਕਹਿ ਸਕਦੀ ਹਾਂ ਕਿ ਕੁੜੀ-ਮੁੰਡੇ ਵਿਚ ਫਰਕ ਘਰ ਤੋਂ ਸ਼ੁਰੂ ਹੋ ਜਾਂਦਾ ਹੈ, ਖਾਣ-ਪੀਣ ਤੋਂ ਲੈ ਕੇ ਉਠਣ-ਬੈਠਣ ਦੇ ਟੋਕ ਟੋਕੱਈਏ ਤੱਕ। ਸਾਰੇ ਤਿਉਹਾਰ ਮੁੰਡਿਆਂ ਦੇ ਨਾਂ 'ਤੇ ਮਨਾ ਕੇ ਕੁੜੀਆਂ ਤੋਂ ਸਿਰਫ ਪੂਜਾ ਟਿੱਕਿਆਂ ਦਾ ਕੰਮ ਹੀ ਲਿਆ ਜਾਂਦਾ ਹੈ। ਪਿਉ ਦੇ ਮਨ ਵਿਚ ਹੀ ਮੁੰਡਿਆਂ ਲਈ ਅਚੇਤ ਤਰਜੀਹ ਬਣੀ ਰਹਿੰਦੀ ਹੈ। ਕੁੜੀਆਂ ਨੂੰ ਵੀ ਪਿਆਰ ਲਾਡ ਸਭ ਮਿਲੀ ਜਾਂਦਾ ਹੈ, ਪਰ ਉਹ ਛੋਟੇ ਹੁੰਦਿਆਂ ਤੋਂ ਹੀ ਘਰ ਦੇ ਕੰਮ ਵਿਚ ਹੱਥ ਵਟਾਉਣਾ ਸ਼ੁਰੂ ਕਰ ਦਿੰਦੀਆਂ ਹਨ ਜਦ ਕਿ ਮੁੰਡੇ ਆਪਣੀ ਖੇਡ ਵਿਚ ਮਸਤ ਰਹਿੰਦੇ ਹਨ। ਮੁੰਡਿਆਂ ਨੂੰ ਉਲੱਥ ਬਣਾਉਣ ਅਤੇ ਕੁੜੀਆਂ ਨੂੰ ਦਬਾਉਣ ਦੀ ਕ੍ਰਿਆ ਹਰ ਘਰ ਵਿਚ ਅਚੇਤ ਚੱਲੀ ਜਾ ਰਹੀ ਹੈ।

ਜੇ ਸਾਰੀ ਸ੍ਰਿਸ਼ਟੀ ਵਿਚ ਨਜ਼ਰ ਮਾਰੀਏ ਤਾਂ ਇੱਕੋ ਇੱਕ ਮਨੁੱਖ ਹੀ ਹੈ ਜਿਸ ਦਾ ਪੇਟ ਤਾਅ ਉਮਰ ਭਰਨ ਦਾ ਫਿਕਰ ਸਿਰਫ ਔਰਤ ਨੂੰ ਹੈ। ਸਵੇਰ ਦਾ ਮੁੱਕਦਾ, ਦੁਪਹਿਰ ਦਾ ਸ਼ੁਰੂ; ਦੁਪਹਿਰ ਦਾ ਮੁੱਕਦਾ, ਸ਼ਾਮ ਦਾ ਸ਼ੁਰੂ। ਬੱਚੇ ਪੈਦਾ ਕਰਨ, ਕਮਾਉਣ ਤੇ ਪਕਾਉਣ ਦਾ ਫਰਜ਼ ਹਰ ਔਰਤ ਨਿਭਾ ਰਹੀ ਹੈ ਅਤੇ ਆਦਮੀ ਤੋਂ 'ਕੱਲੇ ਕਮਾ ਕੇ ਸਾਰੇ ਟੱਬਰ ਦਾ ਢਿੱਡ ਭਰਨ ਦਾ ਤੇ ਤਨ ਢਕਣ ਦਾ ਕੰਮ ਵੀ ਨਹੀਂ ਕਰ ਹੁੰਦਾ। ਜੇ ਕਮਾਉਂਦਾ ਹੈ ਤਾਂ ਪਕਾਉਣ ਦੀ ਜਿੰਮੇਵਾਰੀ ਨਹੀਂ ਨਿਭਾ ਹੁੰਦੀ। ਮੈਂ ਤਾਂ ਸਿਰਫ ਇਸ ਨਤੀਜੇ 'ਤੇ ਹੀ ਪਹੁੰਚੀ ਹਾਂ ਕਿ ਕੁਦਰਤ ਨੇ ਬੱਚਾ ਪੈਦਾ ਕਰਨ ਲਈ ਮਾਦਾ ਨੂੰ ਚੁਣਿਆਂ ਕੁੱਲ ਜੀਅ ਜੰਤ ਲਈ, ਪਰ ਮਨੁੱਖ ਨੇ ਇਸ ਵਿਹਲ ਨੂੰ ਔਰਤ ਖਿਲਾਫ ਹੀ ਵਰਤ ਲਿਆ। ਨਸ਼ਾ ਕਰਨਾ, ਜਿੰਮ ਜਾਣਾ, ਘੋਲ ਕਰਨੇ ਸਿਰਫ ਆਪਣਾ ਹੱਕ ਸਮਝ ਲਿਆ। ਹੈ ਤਾਂ ਇਹ ਸਮਾਜਿਕ ਅਧਰੰਗ। ਜਿੰਨਾ ਚਿਰ ਇਸ ਦਾ ਇਲਾਜ ਨਹੀਂ ਹੁੰਦਾ, ਬੱਚੀਆਂ, ਔਰਤਾਂ ਨਾਲ ਇਹ ਕੁਝ ਹੁੰਦਾ ਹੀ ਰਹੇਗਾ। ਮੈਂ ਤਾਂ ਹਰ ਔਰਤ ਨੂੰ ਅਪੀਲ ਕਰਦੀ ਹਾਂ ਕਿ ਤੁਹਾਨੂੰ ਖੁਦ ਨੂੰ ਸਵੈਮਾਣ ਦੀ ਲੋੜ ਹੈ, ਬੱਚੀਆਂ ਨੂੰ ਤਕੜਾ ਕਰੋ, ਨਾ ਕਿ ਹਾਰ ਸ਼ਿੰਗਾਰ ਤੱਕ ਸੀਮਤ ਰੱਖੋ।

**-ਦਵਿੰਦਰ ਕੌਰ**
*dewindermann@gmail.com*

ਪੰਜਾਬ ਟਾਈਮਜ਼

*ਸਨਿਚਰਵਾਰ, 24 ਫਰਵਰੀ 2018*

## ਸਰਕਾਰੀ ਸਵਾਗਤ ਦੀ ਸਿਆਸਤ

ਸੰਸਾਰ ਭਰ ਵਿਚ ਮਸ਼ਹੂਰ ਹੋਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਜੱਫੀ ਐਤਕੀਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਭਾਰਤ ਦੌਰੇ ਮੌਕੇ ਕਿਤੇ ਨਜ਼ਰ ਨਹੀਂ ਆਈ ਹੈ। ਇਹ ਗੱਲ ਮੀਡੀਆ ਵਿਚ ਵੀ ਬਹੁਤ ਜ਼ੋਰ-ਸ਼ੋਰ ਨਾਲ ਸਾਹਮਣੇ ਲਿਆਂਦੀ ਗਈ ਹੈ। ਕਿਹਾ ਜਾ ਰਿਹਾ ਹੈ ਕਿ ਟਰੂਡੋ ਅਤੇ ਉਸ ਦੇ ਮੰਤਰੀ ਮੰਡਲ ਵਿਚ ਸ਼ਾਮਲ ਸਿੱਖ ਭਾਈਚਾਰੇ ਨਾਲ ਸਬੰਧਤ ਆਗੂਆਂ ਦੀ, ਸਿੱਖਾਂ ਦੇ ਵੱਖਰੇ ਰਾਜ ਦੀ ਮੰਗ ਕਰਨ ਵਾਲਿਆਂ ਨਾਲ ਹਮਦਰਦੀ ਹੈ, ਇਸੇ ਲਈ ਮੋਦੀ ਅਤੇ ਉਸ ਦੀ ਸਰਕਾਰ ਨੇ ਟਰੂਡੋ ਨੂੰ ਬੜਾ ਸਖਤ ਸੁਨੇਹਾ ਦਿੱਤਾ ਹੈ। ਭਾਰਤ ਸਰਕਾਰ ਨੇ ਇਸ ਮਾਮਲੇ ਵਿਚ ਭਾਵੇਂ ਕਿਸੇ ਵੀ ਕਿਸਮ ਦੇ ਵਿਤਕਰੇ ਤੋਂ ਸਾਫ ਇਨਕਾਰ ਕੀਤਾ ਹੈ, ਪਰ ਇਹ ਤੱਥ ਸਭ ਦੇ ਸਾਹਮਣੇ ਹੈ ਕਿ ਦਿੱਲੀ ਵਿਚ ਅਤੇ ਹੋਰ ਥਾਂਈਂ ਵੀ ਟਰੂਡੋ ਦਾ ਉਸ ਤਰ੍ਹਾਂ ਸਵਾਗਤ ਨਹੀਂ ਹੋਇਆ ਜਿਸ ਤਰ੍ਹਾਂ ਦਾ ਸਵਾਗਤ ਰਵਾਇਤ ਅਨੁਸਾਰ ਭਾਰਤੀ ਸਰਕਾਰ ਕਿਸੇ ਦੂਜੇ ਮੁਲਕ ਦੀ ਸਰਕਾਰ ਦੇ ਮੁਖੀ ਨਾਲ ਕਰਦੀ ਰਹੀ ਹੈ। ਹਾਲ ਹੀ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਪਰੋਟੋਕੋਲ ਤੋੜ ਕੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦਾ ਸਵਾਗਤ ਕਰਨ ਹਵਾਈ ਅੱਡੇ ਉਤੇ ਜਾ ਪੁੱਜੇ ਸਨ।

ਕੈਨੇਡਾ ਵਿਚ ਸਿੱਖਾਂ ਦੀ ਆਬਾਦੀ 1.4 ਫੀਸਦ ਹੈ। ਇਹ ਭਾਈਚਾਰਾ ਉਸ ਮੁਲਕ ਵਿਚ ਤਰੱਕੀ ਦੇ ਰਾਹ ਉਤੇ ਹੈ ਅਤੇ ਤਰੱਕੀ ਵਿਚ ਵੀ ਚੋਖਾ ਯੋਗਦਾਨ ਪਾ ਰਿਹਾ ਹੈ। ਸਿੱਟੇ ਵਜੋਂ ਭਾਈਚਾਰੇ ਨਾਲ ਸਬੰਧਤ ਹਰ ਮਸਲੇ ਨੇ ਉਸ ਮੁਲਕ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਦਾ ਧਿਆਨ ਖਿੱਚਿਆ ਹੈ। ਅਸਲ ਵਿਚ ਸਾਰਾ ਵਿਵਾਦ ਸਿੱਖਾਂ ਲਈ ਵੱਖਰੇ ਮੁਲਕ ਜਾਂ ਖਾਲਿਸਤਾਨ ਦੀ ਮੰਗ ਨਾਲ ਜੁੜਿਆ ਹੋਇਆ ਹੈ। ਭਾਰਤ ਸਰਕਾਰ ਨੂੰ ਸ਼ੱਕ ਹੈ ਕਿ ਕੈਨੇਡਾ ਵਿਚ ਖਾਲਿਸਤਾਨ ਨਾਲ ਜੁੜੀਆਂ ਸਰਗਰਮੀਆਂ ਵਧ ਰਹੀਆਂ ਹਨ ਅਤੇ ਕੈਨੇਡਾ ਦੀ ਸਰਕਾਰ ਇਹ ਮੰਨਣਾ ਹੈ ਕਿ ਭਾਰਤ ਤੇ ਪੰਜਾਬ ਸਰਕਾਰਾਂ ਕੈਨੇਡਾ ਦੇ ਕੁਝ ਸਿੱਖ ਨਾਗਰਿਕਾਂ ਨੂੰ ਸ਼ੱਕ ਦੀ ਨਿਗ੍ਹਾ ਨਾਲ ਦੇਖ ਰਹੀਆਂ ਹਨ। ਕੈਨੇਡਾ ਦਾ ਜਿਸ ਤਰ੍ਹਾਂ ਦਾ ਸਿਆਸੀ ਢਾਂਚਾ ਹੈ, ਉਸ ਮੁਤਾਬਕ ਕੈਨੇਡਾ ਸਰਕਾਰ ਸਮਝਦੀ ਹੈ ਕਿ ਜਦੋਂ ਤੱਕ ਖਾਲਿਸਤਾਨ ਦੀ ਮੰਗ ਦਾ ਹਿੰਸਾ ਜਾਂ ਹਿੰਸਕ ਢੰਗ-ਤਰੀਕਿਆਂ ਨਾਲ ਕੋਈ ਸਬੰਧ ਨਹੀਂ, ਉਦੋਂ ਤੱਕ ਇਹ ਮੰਗ ਜਾਇਜ਼ ਹੈ, ਪਰ ਭਾਰਤ ਦੀ ਰਵਾਇਤੀ ਲੀਡਰਸ਼ਿਪ ਨੂੰ 'ਖਾਲਿਸਤਾਨ' ਸ਼ਬਦ ਉਕਾ ਹੀ ਬਰਦਾਸ਼ਤ ਨਹੀਂ ਹੋ ਰਿਹਾ ਅਤੇ ਇਸ ਦਾ ਅਸਰ ਦੋਹਾਂ ਮੁਲਕਾਂ ਉਤੇ ਪੈਣ ਦਾ ਖਦਸ਼ਾ ਬਣ ਗਿਆ ਹੈ। ਇਹੀ ਨਹੀਂ, ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਮਨ ਵਿਚ ਕੈਨੇਡਾ ਦੇ ਸਿੱਖ ਮੰਤਰੀਆਂ ਪ੍ਰਤੀ ਕੁੜੱਤਣ ਜਿਉਂ ਦੀ ਤਿਉਂ ਚੱਲ ਰਹੀ ਹੈ। ਜਸਟਿਨ ਟਰੂਡੋ ਦੀ ਫੇਰੀ ਬਾਰੇ ਪਹਿਲਾਂ-ਪਹਿਲ ਆਈਆਂ ਖਬਰਾਂ ਬਾਰੇ ਉਨ੍ਹਾਂ ਉਹੀ ਟਿੱਪਣੀਆਂ ਦੁਹਰਾਈਆਂ, ਜਿਹੜੀਆਂ ਪਿਛਲੇ ਸਾਲ ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਦੀ ਫੇਰੀ ਵੇਲੇ ਕੀਤੀਆਂ ਸਨ, ਪਰ ਟਰੂਡੋ ਦੇ ਦੌਰੇ ਤੋਂ ਐਨ ਪਹਿਲਾਂ ਹਰਜੀਤ ਸਿੰਘ ਸੱਜਣ ਵੱਲੋਂ ਖੁਦ ਨੂੰ ਖਾਲਿਸਤਾਨ ਦੇ ਮਾਮਲੇ ਨਾਲੋਂ ਵੱਖ ਕਰਨ ਬਾਰੇ ਆਏ ਬਿਆਨ ਤੋਂ ਬਾਅਦ ਕੈਪਟਨ ਨੇ ਕੁਝ ਨਰਮੀ ਦਿਖਾਈ। ਅਸਲ ਵਿਚ ਇਸ ਮਸਲੇ ਦੀਆਂ ਜੜ੍ਹਾਂ ਕੈਪਟਨ ਦੀ ਕੈਨੇਡਾ ਫੇਰੀ ਨਾਲ ਜੁੜੀਆਂ ਹੋਈਆਂ ਹਨ। ਉਸ ਵਕਤ ਕੈਨੇਡਾ ਦੇ ਕੁਝ ਸਿੱਖ ਲੀਡਰਾਂ ਨੇ ਉਨ੍ਹਾਂ ਦੀ ਫੇਰੀ ਦੇ ਰਾਹ ਵਿਚ ਰੋੜੇ ਅਟਕਾਉਣ ਦਾ ਯਤਨ ਕੀਤਾ ਸੀ ਜਿਸ ਨੂੰ ਕੈਪਟਨ ਅਮਰਿੰਦਰ ਸਿੰਘ ਅੱਜ ਤੱਕ ਭੁਲਾ ਨਹੀਂ ਸਕੇ ਹਨ। ਉਂਜ, ਜੇ ਇਤਿਹਾਸ ਫਰੋਲਣਾ ਹੋਵੇ ਤਾਂ ਤੱਥ ਕੁਝ ਹੋਰ ਹੀ ਕਹਾਣੀ ਕਹਿੰਦੇ ਹਨ। ਭਾਰਤ ਵਿਚ ਸਿੱਖਾਂ ਲਈ ਖੁਦਮੁਖਤਾਰ ਖਿੱਤਾ ਬਣਾਉਣ ਦੀ ਬਾਕਾਇਦਾ ਮੰਗ 4 ਮਈ 1994 ਵਿਚ ਅੰਮ੍ਰਿਤਸਰ ਐਲਾਨਨਾਮੇ ਵਿਚ ਕੀਤੀ ਗਈ ਸੀ। ਇਸ ਐਲਾਨਨਾਮੇ ਉਪਰ ਸਭ ਤੋਂ ਪਹਿਲੇ ਦਸਤਖਤ ਕੈਪਟਨ ਅਮਰਿੰਦਰ ਸਿੰਘ ਦੇ ਸਨ। ਇਸ ਵਿਚ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੱਤੀ ਗਈ ਸੀ ਕਿ ਅਜਿਹਾ ਖਿੱਤਾ ਨਾ ਮਿਲਣ ਦੀ ਸੂਰਤ ਵਿਚ ਵੱਖਰੇ ਪ੍ਰਭੁਸੱਤਾ ਸੰਪਨ ਰਾਜ ਲਈ ਸੰਘਰਸ਼ ਛੇੜਿਆ ਜਾਵੇਗਾ।

ਇਹੀ ਨਹੀਂ, ਖਾਲਿਸਤਾਨੀ ਲਹਿਰ ਦੇ ਕਈ ਕਾਰਕੁਨ 1995 ਤੋਂ ਬਾਅਦ ਭਾਰਤ ਦੀ ਸੰਸਦੀ ਜਮਹੂਰੀਅਤ ਵਿਚ ਵਿਸ਼ਵਾਸ ਪ੍ਰਗਟ ਕਰ ਕੇ ਜਨਤਕ ਜੀਵਨ ਦੀ ਸੇਵਾ ਕਰ ਰਹੇ ਹਨ। ਅਜਿਹਾ ਇਕ ਆਗੂ ਪੰਜਾਬ ਸਰਕਾਰ ਵਿਚ ਮੁੱਖ ਸੰਸਦੀ ਸਕੱਤਰ ਰਹਿ ਚੁਕਾ ਹੈ। ਇਕ ਹੋਰ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਜਿਹੀ ਸੰਵਿਧਾਨਕ ਸੰਸਥਾ ਦਾ ਮੈਂਬਰ ਰਹਿ ਚੁਕਾ ਹੈ। ਅਜਿਹੇ ਹੀ ਇਕ ਹੋਰ ਖਾੜਕੂ ਨੂੰ ਕਾਂਗਰਸ ਵੱਲੋਂ ਪਿਛਲੇ ਕਈ ਸਾਲਾਂ ਤੋਂ ਟਿਕਟ ਦਿੱਤੀ ਜਾਂਦੀ ਰਹੀ ਹੈ ਤੇ ਅਖੀਰ ਉਹ ਕਾਂਗਰਸ ਦੇ ਵਿਧਾਇਕ ਵਜੋਂ ਆਪਣੇ ਹਲਕੇ ਦੀ ਸੇਵਾ ਕਰ ਰਿਹਾ ਹੈ। ਸਵਾਲ ਹੈ ਕਿ ਜੇ ਖਾਲਿਸਤਾਨ ਲਹਿਰ ਦੇ ਕਾਰਕੁਨਾਂ ਲਈ ਹਿੰਸਾ ਦਾ ਰਾਹ ਤਿਆਗਣ ਤੋਂ ਬਾਅਦ ਪੰਜਾਬ ਵਿਚ ਜਨਤਕ ਜੀਵਨ ਦਾ ਰਾਹ ਖੁੱਲ੍ਹਾ ਹੈ ਤਾਂ ਫਿਰ ਟਰੂਡੋ ਦੇ ਮੰਤਰੀ ਕੈਨੇਡਾ ਵਿਚ ਕਿਸੇ ਮੰਗ ਦੇ 'ਹਮਦਰਦ' ਕਿਉਂ ਨਹੀਂ ਬਣ ਸਕਦੇ? ਉਂਜ ਵੀ, ਸਭ ਧਿਰਾਂ ਜਾਣਦੀਆਂ ਹਨ ਕਿ ਖਾਲਿਸਤਾਨ ਦਾ ਵਿਚਾਰ ਅੱਜ ਹਨੇਰੇ ਵਿਚ ਪਈ ਰੱਸੀ ਵਾਂਗ ਹੈ ਅਤੇ ਇਸ ਵਿਚਾਰ ਨਾਲ ਜੁੜੀਆਂ ਧਿਰਾਂ ਹਰ ਕੋਸ਼ਿਸ਼ ਦੇ ਬਾਵਜੂਦ ਪੰਜਾਬ ਵਿਚ ਆਪਣਾ ਸਿਆਸੀ ਆਧਾਰ ਬਣਾਉਣ ਵਿਚ ਅੱਜ ਤੱਕ ਨਾਕਾਮ ਰਹੀਆਂ ਹਨ, ਪਰ ਹਕੀਕਤ ਇਹ ਹੈ ਕਿ ਸਿਆਸੀ ਮੁਫਾਦ ਕਾਰਨ ਸਾਰੀਆਂ ਧਿਰਾਂ ਇਸ ਰੱਸੀ ਨੂੰ ਸੱਪ ਐਲਾਨਣ ਵਿਚ ਆਪੋ-ਆਪਣੇ ਢੰਗ-ਤਰੀਕਿਆਂ ਨਾਲ ਜੁਟੀਆਂ ਹੋਈਆਂ ਹਨ। ਮੀਡੀਆ ਵੀ ਪਹਿਲਾਂ ਵਾਂਗ ਇਸ ਅੱਗ ਵਿਚ ਆਪਣਾ ਯੋਗਦਾਨ ਪਾਉਣ ਲਈ ਸਦਾ ਤਿਆਰ ਰਹਿੰਦਾ ਹੈ। ਅੱਜ ਪੰਜਾਬ ਦੀਆਂ ਤਰਜੀਹਾਂ ਉਕਾ ਹੀ ਵੱਖਰੀਆਂ ਹਨ ਜਿਨ੍ਹਾਂ ਵੱਲ ਕਿਸੇ ਸਿਆਸੀ ਧਿਰ ਦਾ ਬਹੁਤਾ ਧਿਆਨ ਨਹੀਂ ਹੈ। ਦੇਖਦਿਆਂ ਦੇਖਦਿਆਂ ਪੰਜਾਬ ਦਾ ਸਮੁੱਚਾ ਦ੍ਰਿਸ਼ ਬਦਲ ਰਿਹਾ ਹੈ ਅਤੇ ਸਿਆਸੀ ਆਗੂਆਂ ਦੀ ਨਾਲਾਇਕੀ ਕਾਰਨ ਇਸ ਦ੍ਰਿਸ਼ ਵਿਚ ਬਹੁਤ ਕੁਝ ਕੁਹਜਾ ਜੁੜ ਰਿਹਾ ਹੈ। ਇਸ ਵੇਲੇ ਸਭ ਤੋਂ ਪਹਿਲੀ ਲੋੜ ਪੰਜਾਬ ਦੇ ਜਲੌਅ ਨੂੰ ਮੋੜ ਲਿਆਉਣ ਦੀ ਹੈ। ਜੇ ਹੁਣ ਵੀ ਇਸ ਪਾਸੇ ਕਦਮ ਨਾ ਵਧਾਏ ਗਏ, ਤਾਂ ਸੰਭਵ ਹੈ ਕਿ ਕੱਲ੍ਹ ਨੂੰ ਅੱਜ ਵਾਲਾ ਪੰਜਾਬ ਪਛਾਣਿਆ ਹੀ ਨਾ ਜਾ ਸਕੇ।

### ਠਾਹ-ਸੋਟਾ

-ਚਾਚਾ ਬੇਲਿਹਾਜ਼

**ਢੋਲ ਪੋਲ ਖੋਲ੍ਹ!**

ਆ ਗਿਆ ਬਟੇਰਾ ਸੀ ਪੈਰ ਥੱਲੇ, ਦਸ ਸਾਲ ਚਲਾ ਲਈਆਂ ਚੰਮ ਦੀਆਂ।
ਬਿਨਾ ਲੁੱਟਣੇ ਪੁੱਟਣੇ ਕੁੱਟਣੇ ਤੋਂ, ਗੱਲਾਂ ਕੀਤੀਆਂ ਕੋਈ ਨਾ ਕੰਮ ਦੀਆਂ।
ਰੇਤੇ ਬਜਰੀਆਂ ਵੇਚ ਕੇ ਨਸ਼ੇ-ਪੱਤੇ, ਬਸ ਬੋਰੀਆਂ ਭਰੀਆਂ ਸੀ 'ਦੰਮ' ਦੀਆਂ।
ਨਾਲੇ ਵਰਤੀਆਂ ਗੋਲਕਾਂ ਸਿਆਸਤਾਂ ਲਈ, ਰੀਤਾਂ ਸੁੱਚੀਆਂ ਰੋਲੀਆਂ ਧਰਮ ਦੀਆਂ।
ਤੀਜੇ ਥਾਂ 'ਤੇ ਵੋਟਰਾਂ ਸੁੱਟ'ਤੇ ਸੀ, ਨੇੜੇ ਹੋਣ ਲਈ ਹਉਕੇ ਹੁਣ ਭਰਨ ਲੱਗੇ।
ਭਰਿਆ ਆਪਣਾ 'ਢੋਲ' ਹੈ ਨਾਲ ਗੱਪਾਂ, 'ਪੋਲ ਖੋਲ੍ਹ' ਉਹ ਰੈਲੀਆਂ ਕਰਨ ਲੱਗੇ!

# ਮਾਂ-ਬੋਲੀ, ਮਾਂ-ਬੋਲੀ ਦਿਵਸ ਅਤੇ ਪੰਜਾਬੀ

ਬੋਲੀ ਕੇਵਲ ਸੰਚਾਰ ਦਾ ਸਾਧਨ ਹੀ ਨਹੀਂ ਹੁੰਦੀ, ਸਗੋਂ ਇਹ ਮਨੁੱਖ ਦੀ ਹੋਣੀ ਤੇ ਹੋਂਦ ਨਾਲ ਜੁੜੀ ਹੁੰਦੀ ਹੈ। ਮਨੁੱਖੀ ਇਤਿਹਾਸ ਵਿਚ ਬੋਲੀ ਦੀ ਕਾਢ ਅਜਿਹੀ ਖੋਜ ਹੈ, ਜੇ ਇਹ ਨਾ ਹੁੰਦੀ ਤਾਂ ਅੱਜ ਮਨੁੱਖ ਨਾ ਤਾਂ ਤਰੱਕੀ ਦੀਆਂ ਬੁਲੰਦੀਆਂ ਛੋਹ ਸਕਦਾ ਸੀ, ਨਾ ਪਸ਼ੂ ਜਗਤ ਨਾਲੋਂ ਆਪਣੇ-ਆਪ ਨੂੰ ਨਿਖੇੜ ਸਕਦਾ ਸੀ। ਮਨੁੱਖ ਖੁਸ਼ ਹੋਵੇ ਤਾਂ ਚਾਂਗਰਾਂ ਆਪਣੀ ਬੋਲੀ ਵਿਚ ਹੀ ਮਾਰਦਾ ਹੈ। ਜੇ ਉਸ ਨੇ ਕੋਈ ਫਤਹਿ ਹਾਸਲ ਕੀਤੀ ਹੋਵੇ ਤਾਂ ਕੂਕਾਂ ਵੀ ਆਪਣੀ ਬੋਲੀ ਵਿਚ ਹੀ ਵੱਜਦੀਆਂ ਹਨ ਤੇ ਦੁੱਖ ਵੇਲੇ ਆਹਾਂ ਵੀ ਆਪਣੀ ਬੋਲੀ ਵਿਚ ਹੀ

**ਪਰਮਜੀਤ ਸਿੰਘ ਢੀਂਗਰਾ**
ਫੋਨ: 91-94173-58120

ਨਿਕਲਦੀਆਂ ਹਨ ਤੇ ਦੁੱਖ ਨਿਵਾਰਨ ਲਈ ਅਰਦਾਸਾਂ ਵੀ ਦਾਤੇ ਨੂੰ ਆਪਣੀ ਬੋਲੀ ਵਿਚ ਹੀ ਕੀਤੀਆਂ ਜਾਂਦੀਆਂ ਹਨ। ਕਿਹਾ ਜਾਂਦਾ ਹੈ ਕਿ ਪਸ਼ੂ ਪੰਛੀਆਂ ਕੋਲ ਵੀ ਬੋਲੀਆਂ ਹੁੰਦੀਆਂ ਹਨ, ਪਰ ਉਹ ਬੜੀਆਂ ਸੀਮਤ ਹੁੰਦੀਆਂ ਹਨ। ਇਸੇ ਕਰ ਕੇ ਮਨੁੱਖਾਂ ਨੇ ਜਦੋਂ ਕਲਪਨਾ ਰਾਹੀਂ ਪਸ਼ੂ, ਪੰਛੀਆਂ ਦੀਆਂ ਕਹਾਣੀਆਂ ਸਿਰਜੀਆਂ ਤਾਂ ਸਾਰਿਆਂ ਪਸ਼ੂ ਪੰਛੀਆਂ ਨੂੰ ਆਪਣੀ ਆਪਣੀ ਬੋਲੀ ਦੇ ਦਿੱਤੀ ਤੇ ਕਥਾਵਾਂ ਵਿਚ ਪਸ਼ੂ, ਪੰਛੀ ਮਨੁੱਖਾਂ ਵਾਂਗ ਗੱਲਾਂ ਕਰਨ ਲਗ ਪਏ।

ਮਾਂ ਬੋਲੀ ਦੀ ਸਿਫ਼ਤ ਕਰਦਿਆਂ ਕਿਸੇ ਵਿਦਵਾਨ ਨੇ ਕਿਹਾ ਹੈ: ਮਾਂ ਬੋਲੀ ਆਪਣੇ ਮਹਿਬੂਬਾਂ ਲਈ ਸ਼ਕਤੀ ਅਤੇ ਪਿਆਰ ਦਾ ਅਮੁੱਕ ਖ਼ਜ਼ਾਨਾ ਹੁੰਦੀ ਹੈ ਅਤੇ ਔਖ-ਸੌਖ ਵੇਲੇ ਉਨ੍ਹਾਂ ਨਾਲ ਖੜਣ ਵਾਲਾ ਸੁਹਿਰਦ ਅਤੇ ਪੱਕੀ ਸਾਥਣ। ਮਾਂ ਬੋਲੀ ਵਿਚ ਆਪਣੇ ਬੋਲਣ ਵਾਲਿਆਂ ਨੂੰ ਜੀਵਨ ਦੇ ਡੂੰਘੇ ਪਾਣੀਆਂ ਵਿਚ ਅਡੋਲ ਅਤੇ ਸ਼ਾਂਤ ਰੱਖਣ ਦੀ ਸ਼ਕਤੀ ਹੁੰਦੀ ਹੈ ਅਤੇ ਇਹ ਸ਼ਕਤੀ ਓਨੀ ਹੀ ਪੱਕੀ ਹੁੰਦੀ ਤੇ ਵਧਦੀ ਜਾਂਦੀ ਹੈ ਜਿੰਨਾ ਉਨ੍ਹਾਂ ਦਾ ਆਪਸੀ ਪਿਆਰ ਵਧਦਾ ਫੁਲਦਾ ਹੈ।

ਸ਼ਾਇਰ ਅਮਰਜੀਤ ਚੰਦਨ ਉਘੇ ਲਿਖਾਰੀ ਮਜ਼ਹਰ ਤਿਰਮਜ਼ੀ ਦੀ ਪੁਸਤਕ ਦੇ ਮੁੱਖ ਬੰਦ ਵਿਚ ਜੌਹਨ ਬਰਜਰ ਦੀ ਟੂਕ ਦੇ ਕੇ ਕਹਿੰਦਾ ਹੈ ਕਿ ਬੋਲੀ ਸਾਡੀ ਗੱਲ ਸੁਣਦੀ ਹੈ। ਬੋਲੀ ਖ਼ਾਮੋਸ਼ੀ ਤੇ ਕਿਸੇ ਵੀ ਰੱਬ ਤੋਂ ਵਧ ਕੇ ਸਾਡੇ ਨਜ਼ਦੀਕ ਹੁੰਦੀ ਏ, ਇਸ ਸਬੰਧ ਵਿਚ ਮੇਰਾ ਵਿਸ਼ਵਾਸ ਹੈ ਕਿ ਜੇ ਲਿਖਿਆਰ ਨਾਲ ਬੋਲੀ ਜਾਂ ਬੋਲੀ ਨਾਲ ਲਿਖਿਆਰ ਗੱਲਾਂ ਨਹੀਂ ਕਰਦਾ ਜਾਂ ਕਰ ਸਕਦਾ ਤਾਂ ਉਹਦੀ ਹਾਲਤ ਤਰਸਯੋਗ ਹੋ ਜਾਂਦੀ ਹੈ। ਸ਼ਾਇਦ ਇਹੀ ਕਾਰਨ ਸੀ ਕਿ ਸਾਡੇ ਵੱਡੇ ਵਡੇਰੇ ਬਾਬਾ ਫ਼ਰੀਦ ਨੇ ਮਾਂ ਬੋਲੀ ਦੀ ਗੱਲ ਸੁਣ ਲਈ ਤੇ ਉਨ੍ਹਾਂ ਮਾਂ ਬੋਲੀ ਵਿਚ ਰੱਬ ਨਾਲ, ਲੋਕਾਂ ਨਾਲ ਜਿਹੜੀਆਂ ਗੱਲਾਂ ਕੀਤੀਆਂ ਉਹ ਆਦਿ ਜੁਗਾਦੀ ਹਨ। ਅੱਠ ਸੌ ਸਾਲਾਂ ਤੋਂ ਲੋਕ ਉਸ ਬੋਲੀ ਨਾਲ ਸਰਸ਼ਾਰ ਹੋ ਰਹੇ ਹਨ।

ਪ੍ਰਿੰਸੀਪਲ ਤੇਜਾ ਸਿੰਘ ਵਰਗੇ ਵਿਦਵਾਨ ਜੋ ਜਿੰਨੇ ਪੰਜਾਬੀ ਦੇ ਮਾਹਰ ਸਨ, ਓਨੇ ਹੀ ਅੰਗਰੇਜ਼ੀ ਦੇ ਵੀ ਸਨ। ਉਹ ਪੰਜਾਬੀ ਮਾਂ ਬੋਲੀ ਦੀ ਸਲਾਹੁਤਾ ਕਰਦਿਆਂ ਲਿਖਦੇ ਹਨ: ਹਰ ਬੋਲੀ ਦੀ ਆਪਣੀ ਆਤਮਾ ਹੁੰਦੀ ਹੈ, ਆਪੋ ਆਪਣੀ ਤਬੀਅਤ ਹੁੰਦੀ ਹੈ। ਇਸ ਆਤਮਾ ਦੇ ਅਨੁਕੂਲ ਉਸ ਦੇ ਆਲੇ-ਦੁਆਲੇ ਵਿਚੋਂ ਉਸ ਦਾ ਸਰੀਰ ਉਸਰਦਾ ਹੈ। ਉਹ ਆਤਮਾ ਤੇ ਤਬੀਅਤ ਉਸ ਕੌਮ ਦੇ ਆਚਰਨ ਦੇ ਅਨੁਕੂਲ ਹੁੰਦੀ ਹੈ। ਪੰਜਾਬੀ ਬੋਲੀ ਨੂੰ ਰਾਜ ਦਰਬਾਰ ਦਾ ਮਾਣ ਨਹੀਂ ਮਿਲਿਆ। ਇਹ ਆਮ ਲੋਕਾਂ ਦੇ ਵਿਹੜਿਆਂ ਵਿਚ, ਪੈਲੀਆਂ ਤੇ ਖੇਤਾਂ ਵਿਚ, ਪਹਾੜਾਂ ਤੇ ਮੈਦਾਨਾਂ ਵਿਚ ਖੇਡੀ ਤੇ ਪਲੀ। ਇਸ ਲਈ ਇਸ ਨੇ ਦਰਬਾਰੀ ਲੋਕਾਂ ਦੀ ਅੜਕ-ਮੜਕ ਨਹੀਂ ਸਿੱਖੀ। ਇਹ ਆਮ ਪੰਜਾਬੀ ਲੋਕਾਂ ਵਾਂਗ ਸਾਦ-ਮੁਰਾਦੀ ਹੀ ਰਹੀ। ਇਸ ਵਿਚ ਨਾ ਪੰਡਤਾਂ ਵਾਲੀ ਪੰਡਤਾਈ ਹੈ ਤੇ ਨਾ ਸ਼ੁਕੀਨ ਬੇ-ਮੁਹਾਰੇ ਲੋਕਾਂ ਵਾਲੇ ਹਾਵ-ਭਾਵ ਆਏ ਹਨ।

ਏਨੀ ਸਿਫ਼ਤੀ ਬੋਲੀ ਹੋਣ ਦੇ ਬਾਵਜੂਦ ਅੱਜ ਪੰਜਾਬੀ ਜ਼ਬਾਨ 'ਤੇ ਅਨੇਕਾਂ ਖ਼ਤਰੇ ਮੰਡਰਾ ਰਹੇ ਹਨ। ਭਾਸ਼ਾ ਐਕਟ ਭਾਵੇਂ ਪੰਜਾਬੀ ਭਾਸ਼ਾ ਦੀ ਬਿਹਤਰੀ ਲਈ ਬਣਾਇਆ ਗਿਆ ਸੀ, ਪਰ ਇਸ ਨੂੰ ਅਮਲੀ ਰੂਪ ਵਿਚ ਲਾਗੂ ਨਹੀਂ ਕੀਤਾ ਗਿਆ। ਇਸ ਦਾ ਸਿੱਟਾ ਇਹ ਨਿਕਲਿਆ ਕਿ ਪੰਜਾਬੀ ਪ੍ਰਤੀ ਵਰਤੀ ਗਈ ਲਾਪ੍ਰਵਾਹੀ ਨੇ ਇਸ ਨੂੰ ਆਪਣੇ ਖਿੱਤੇ ਵਿਚ ਬੇਗਾਨੀ ਕਰ ਦਿੱਤਾ ਹੈ। ਕਿਸੇ ਵੀ ਬੱਚੇ ਕੋਲੋਂ ਸਿੱਖਿਆ ਪ੍ਰਾਪਤੀ ਵੇਲੇ ਉਸ ਦੀ ਭਾਸ਼ਾ ਖੋਹਣਾ ਘੋਰ ਅਤਿਆਚਾਰ ਅਤੇ ਬੇ-ਇਨਸਾਫ਼ੀ ਹੈ। ਦੁਨੀਆ ਭਰ ਦੇ ਵਿਦਵਾਨਾਂ, ਭਾਸ਼ਾ ਵਿਗਿਆਨੀਆਂ, ਸਿੱਖਿਆ ਮਾਹਿਰਾਂ ਨੇ ਆਪਣੇ ਤਜਰਬਿਆਂ ਤੋਂ ਇਹ ਗੱਲ ਦ੍ਰਿੜ੍ਹ ਕਰਵਾ ਦਿੱਤੀ ਹੈ ਕਿ ਜੇ ਅਜਿਹਾ ਨਹੀਂ ਹੁੰਦਾ ਤਾਂ ਉਹ ਬੱਚਾ ਆਪਣੀ ਲਿਆਕਤ ਅਤੇ ਚੱਜ-ਆਚਾਰਾਂ ਵਿਚ ਪਛੜ ਜਾਂਦਾ ਹੈ। ਕੁਦਰਤੀ ਤੌਰ 'ਤੇ ਮਾਂ ਬੋਲੀ ਰਾਹੀਂ ਉਸ ਦੀ ਬੁੱਧੀ ਦਾ ਜੋ ਵਿਕਾਸ ਹੋਣਾ ਹੈ, ਉਹ ਰੁਕ ਜਾਂਦਾ ਹੈ; ਪਰ ਸਦਕੇ ਜਾਈਏ ਕਾਲੇ ਅੰਗਰੇਜ਼ਾਂ ਤੇ ਗੁਲਾਮ ਮਾਨਸਿਕਤਾ ਦੇ ਜਿਸ ਨੇ ਪੰਜਾਬੀ ਬੱਚਿਆਂ ਨਾਲ ਵੱਡਾ ਵੈਰ ਕਮਾਇਆ ਹੈ। ਇਹ ਉਹ ਲੋਕ ਹਨ ਜਿਹੜੇ ਇਕ ਪਾਸੇ ਪੰਜਾਬੀ ਦਾ ਹਿੱਤ ਪਾਲਣ ਦੀ ਡਰਾਮਾ ਕਰਦੇ ਹਨ, ਦੂਜੇ ਪਾਸੇ ਸਾਡੇ ਬੱਚਿਆਂ ਨੂੰ ਨਰਸਰੀ ਸਕੂਲਾਂ ਤੋਂ ਅੰਗਰੇਜ਼ ਬਣਾਉਣ 'ਤੇ ਤੁਲੇ ਹੋਏ ਹਨ।

ਅੱਜ ਦੇ ਯੁੱਗ ਵਿਚ ਅੰਗਰੇਜ਼ੀ ਜ਼ਰੂਰੀ ਭਾਸ਼ਾ ਹੈ। ਕੌਣ ਕਹਿੰਦਾ ਹੈ ਅੰਗਰੇਜ਼ੀ ਨਾ ਪੜ੍ਹਾਓ, ਪਰ ਅੰਗਰੇਜ਼ੀ ਸਿੱਖਣ ਲਈ ਬੁੱਧੀ ਚਾਹੀਦੀ ਹੈ। ਉਸ ਭਾਸ਼ਾ ਵਿਚ ਸਿੱਖਿਅਤ ਅਤੇ ਨਵੀਆਂ ਤਕਨੀਕਾਂ ਨਾਲ ਲੈਸ ਅਧਿਆਪਕ ਚਾਹੀਦੇ ਹਨ। ਉਹ ਕਿੱਥੇ ਹਨ। ਜਿਹੜੇ ਅੰਗਰੇਜ਼ੀ ਪੜ੍ਹਾ ਰਹੇ ਹਨ, ਜੇ ਉਨ੍ਹਾਂ ਦੇ ਟੈਸਟ ਲੈ ਲਏ ਜਾਣ ਤਾਂ ਸਾਰੇ ਫੇਲ੍ਹ ਹੋ ਜਾਣਗੇ। ਹੁਣ ਸਿੱਖਿਆ ਨੀਤੀ ਰਾਹੀਂ ਨਵਾਂ ਪ੍ਰਯੋਗ ਕੀਤਾ, ਅਖੇ, ਜਿਸ ਸਕੂਲ ਵਿਚ ਪੰਜਾਬੀ ਦਾ ਅਧਿਆਪਕ ਹੈ, ਉਥੇ ਹਿੰਦੀ ਦਾ ਅਧਿਆਪਕ ਨਹੀਂ ਹੋਵੇਗਾ।



ਜਿਥੇ ਹਿੰਦੀ ਦਾ ਅਧਿਆਪਕ ਹੈ, ਉਥੇ ਪੰਜਾਬੀ ਦਾ ਅਧਿਆਪਕ ਨਹੀਂ ਹੋਵੇਗਾ। ਨੀਤੀ ਘਾੜਿਆਂ ਦੀ ਅਜੀਬੋ ਗਰੀਬ ਸੋਚ ਹੈ। ਜੇ ਉਹ ਮੁੱਢਲੀਆਂ ਜਮਾਤਾਂ ਮਾਂ ਬੋਲੀ ਵਿਚ ਪੜ੍ਹਾਉਣ ਤੇ ਅੰਗਰੇਜ਼ੀ ਨੂੰ ਪੰਜਵੀਂ ਜਾਂ ਛੇਵੀਂ ਤੋਂ ਇਕ ਵਿਸ਼ੇ ਵਾਂਗ ਮਜ਼ਬੂਤੀ ਨਾਲ ਪੜ੍ਹਾਉਣ ਤਾਂ ਬੱਚਿਆਂ ਦਾ ਭਲਾ ਹੋਵੇਗਾ। ਇਵੇਂ ਹੀ ਹਿੰਦੀ ਵੀ ਪੜ੍ਹਾਉਣੀ ਚਾਹੀਦੀ ਹੈ, ਪਰ ਇਹ ਚੌਥੀ ਜਮਾਤ ਤੋਂ ਪੜ੍ਹਾਈ ਜਾਣੀ ਚਾਹੀਦੀ ਹੈ। ਇੰਜ ਕਰਨ ਨਾਲ ਜਿਥੇ ਬੱਚੇ ਦੀ ਮਾਤ ਭਾਸ਼ਾ ਦੀ ਸਿੱਖਿਆ ਮਜ਼ਬੂਤ ਹੋਵੇਗੀ ਉਥੇ ਉਸ ਦੀ ਬੁੱਧੀ ਵੀ ਵਿਕਸਤ ਹੋਵੇਗੀ ਤੇ ਅੱਗੇ ਜਾ ਕੇ ਦੂਜੀਆਂ ਭਾਸ਼ਾਵਾਂ ਸਿੱਖਣ ਵਿਚ ਉਸ ਦੀ ਸਹਾਇਕ ਸਿੱਧ ਹੋਵੇਗੀ।

ਅਜਿਹੀ ਸਥਿਤੀ ਬਾਰੇ ਕਮਿਸ਼ਨ ਦੀ ਰਿਪੋਰਟ ਦੱਸਦੀ ਹੈ ਕਿ ਬੋਲੀ ਦੀ ਸਿਖਲਾਈ, ਭਾਸ਼ਾਈ ਵਿਕਾਸ ਅਤੇ ਦੋ ਭਾਸ਼ਾਵਾਦ ਦੇ ਖੇਤਰਾਂ ਵਿਚ ਹੋਈ ਖੋਜ ਅਨੁਸਾਰ ਜਿਸ ਬੱਚੇ ਤੋਂ ਉਸ ਦੀ ਮਾਂ ਬੋਲੀ ਦੇ ਵਿਕਾਸ ਦਾ ਮੌਕਾ ਖੋਹ ਲਿਆ ਗਿਆ ਅਤੇ ਜਿਸ ਨੂੰ ਸਕੂਲ ਦੀ ਪੜ੍ਹਾਈ ਲਈ ਕਿਸੇ ਹੋਰ ਬੋਲੀ ਦਾ ਸਾਹਮਣਾ ਕਰਨਾ ਪਿਆ ਜਾਂ ਪੈਂਦਾ ਹੈ, ਉਸ ਉਤੇ ਬਹੁਤ ਜ਼ਿਆਦਾ ਦਿਮਾਗੀ ਅਤੇ ਜਜ਼ਬਾਤੀ ਦਬਾਅ ਪੈਂਦਾ ਹੈ। ਬੱਚੇ ਦਾ ਸੌਖ ਨਾਲ ਆਪਣੀ ਬੋਲੀ ਭਾਵ ਮਾਂ ਬੋਲੀ ਵਿਚ ਸਿੱਖਿਆ ਪ੍ਰਾਪਤ ਕਰਨ ਨਾਲ ਨਾ ਕੇਵਲ ਦਿਮਾਗੀ ਅਤੇ ਜਜ਼ਬਾਤੀ ਵਿਕਾਸ ਹੁੰਦਾ ਹੈ, ਸਗੋਂ ਉਸ ਦਾ ਸਰਬਪੱਖੀ ਵਿਕਾਸ ਵੀ ਹੁੰਦਾ ਹੈ।

ਮਾਂ ਬੋਲੀ ਦੀ ਉਸਤਤ ਕਰਦਿਆਂ ਪ੍ਰਸਿੱਧ ਅਵਾਰ ਭਾਸ਼ਾ ਦਾ ਲੇਖਕ ਰਸੂਲ ਹਮਜ਼ਾਤੋਵ 'ਮੇਰਾ ਦਾਗਿਸਤਾਨ' ਵਿਚ ਲਿਖਦਾ ਹੈ: ਦੂਜਿਆਂ ਨੂੰ ਇਹ ਕਹਿਣ ਦਿਓ ਕਿ ਸਾਡੀ ਨਿੱਕੀ ਜਿਹੀ ਕੌਮ ਦੀ ਬੋਲੀ ਗ਼ਰੀਬ ਹੈ, ਪਰ ਮੈਂ ਆਪਣੀ ਮਾਂ ਬੋਲੀ ਵਿਚ ਜੋ ਚਾਹਾਂ ਪ੍ਰਗਟ ਕਰ ਸਕਦਾ ਹਾਂ ਤੇ ਮੈਨੂੰ ਆਪਣੇ ਵਿਚਾਰ ਤੇ ਭਾਵ ਪ੍ਰਗਟ ਕਰਨ ਲਈ ਕਿਸੇ ਦੂਜੀ ਬੋਲੀ ਦੀ ਲੋੜ ਨਹੀਂ। ਮੇਰੇ ਲਈ ਕੌਮਾਂ ਦੀਆਂ ਬੋਲੀਆਂ ਆਕਾਸ਼ ਵਿਚਲੇ ਸਿਤਾਰਿਆਂ ਵਾਂਗ ਹਨ। ਮੈਂ ਨਹੀਂ ਚਾਹੁੰਦਾ ਕਿ ਸਾਰੇ ਸਿਤਾਰੇ, ਵੱਡੇ ਸਾਰੇ ਸਿਤਾਰੇ ਵਿਚ ਮਿਲ ਕੇ ਇਕ ਹੋ ਜਾਣ ਜਿਸ ਨੇ ਅੱਧਾ ਆਸਮਾਨ ਘੇਰਿਆ ਹੋਵੇ। ਇਸ ਕੰਮ ਲਈ ਸੂਰਜ ਹੈ, ਪਰ ਆਸਮਾਨ ਵਿਚ ਸਿਤਾਰੇ ਵੀ ਚਮਕਣੇ ਚਾਹੀਦੇ ਹਨ। ਹਰ ਕੌਮ ਨੂੰ ਆਪੋ-ਆਪਣਾ ਸਿਤਾਰਾ ਰੱਖਣ ਦਿਓ।

ਦੁਨੀਆ ਭਰ ਦੇ ਬਾਲ ਮਨੋਵਿਗਿਆਨੀਆਂ ਨੂੰ ਸਮਝ ਆ ਗਈ, ਪਰ ਸਾਡੇ ਰਹਿਬਰਾਂ ਨੂੰ ਸਮਝ ਨਹੀਂ ਆਈ। ਉਨ੍ਹਾਂ ਦੇ ਸਾਹਮਣੇ ਪ੍ਰਾਈਵੇਟ ਸਕੂਲਾਂ ਵਿਚ ਮਾਂ ਬੋਲੀ ਦੇ ਬੋਲਣ 'ਤੇ ਜੁਰਮਾਨੇ ਹੁੰਦੇ ਹਨ, ਥੱਪੜ ਮਾਰੇ ਜਾਂਦੇ ਹਨ। ਮਾਂ ਬੋਲੀ ਨਾਲ ਗੁਲਾਮਾਂ ਵਾਲਾ ਵਿਹਾਰ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਇਹ ਸਮਝ ਨਹੀਂ ਆਉਂਦੀ, ਜਦੋਂ ਬੱਚਾ ਘਰ ਵਿਚ, ਆਲੇ-ਦੁਆਲੇ ਵਿਚ ਪੰਜਾਬੀ ਬੋਲੇਗਾ ਤਾਂ ਸਕੂਲ ਵੜਦਿਆਂ ਕੀ ਉਸ ਦੇ ਦਿਮਾਗ ਵਿਚ ਅੰਗਰੇਜ਼ੀ ਵਾਲੀ ਮਸ਼ੀਨ ਫਿੱਟ ਹੋ ਜਾਏਗੀ। ਜਿਹੜੇ ਅੰਗਰੇਜ਼ਾਂ ਨੇ ਸਾਨੂੰ ਅੰਗਰੇਜ਼ੀ ਦਾ ਗੁਲਾਮ ਬਣਾਇਆ, ਉਨ੍ਹਾਂ ਦੇ ਆਪਣੇ ਦੇਸ਼ ਵਿਚ ਬਣੇ ਬੁਲੌਕ ਕਮਿਸ਼ਨ ਦੀ ਰਿਪੋਰਟ ਵਿਚ ਦਰਜ ਹੈ: 'ਜਦੋਂ ਕੋਈ ਬੱਚਾ ਘਰ ਤੋਂ ਸਕੂਲ ਜਾਣਾ ਸ਼ੁਰੂ ਕਰਦਾ ਹੈ ਤਾਂ ਉਸ ਤੋਂ ਇਹ ਆਸ ਨਹੀਂ ਰੱਖਣੀ ਚਾਹੀਦੀ ਕਿ ਉਹ ਘਰ ਦਾ ਸਭਿਆਚਾਰ ਤੇ ਬੋਲੀ ਛੱਡ ਦੇਵੇ ਅਤੇ ਇਸ ਤਰ੍ਹਾਂ ਦਾ ਵਿਹਾਰ ਕਰੇ ਜਿਵੇਂ ਕਿ ਸਕੂਲ ਅਤੇ ਘਰ ਬਿਲਕੁਲ ਦੋ ਵੱਖਰੇ ਅਤੇ ਅਲੱਗ ਸਭਿਆਚਾਰਾਂ ਤੇ ਭਾਸ਼ਾਵਾਂ ਨੂੰ ਪੇਸ਼ ਕਰਦੇ ਹਨ, ਜਿਹੜੇ ਇਕ-ਦੂਜੇ ਤੋਂ ਪੱਕੀ ਤਰ੍ਹਾਂ ਵੱਖ ਰੱਖਣੇ ਚਾਹੀਦੇ ਹਨ। ਸਕੂਲੀ ਪਾਠਕ੍ਰਮ ਵਿਚ ਬੱਚੇ ਦੇ ਸਕੂਲ ਤੋਂ ਬਾਹਰਲੇ ਜੀਵਨ ਦੇ ਕਈ ਅਨਸਰਾਂ ਦਾ ਝਲਕਾਰਾ ਮਿਲਣਾ ਚਾਹੀਦਾ ਹੈ।'

ਅਸਲ ਵਿਚ ਭਾਸ਼ਾ, ਸਭਿਆਚਾਰ, ਆਲਾ-ਦੁਆਲਾ, ਸ਼ਨਾਖਤ, ਗਿਆਨ ਤੇ ਤਜਰਬਾ ਇਕ ਦੂਜੇ ਨਾਲ ਇੰਨੀ ਸੂਖਮਤਾ ਨਾਲ ਜੁੜੇ ਹੁੰਦੇ ਹਨ ਕਿ ਇਨ੍ਹਾਂ ਨੂੰ ਖੰਡ ਖੰਡ ਕਰਨਾ ਮੁਸ਼ਕਿਲ ਹੈ। ਇਨ੍ਹਾਂ ਸਾਰਿਆਂ ਨਾਲ ਹੀ ਕੋਈ ਸ਼ਖ਼ਸੀਅਤ ਉਸਰਦੀ ਹੈ ਜੋ ਅੱਗੇ ਜਾ ਕੇ ਆਪਣੀ ਸਭਿਆਚਾਰਕ ਹੋਂਦ ਸਥਾਪਤ ਕਰਦੀ ਹੈ। ਇਹ ਸੰਭਵ ਨਹੀਂ ਕਿ ਦੋ ਭਾਸ਼ੀ ਵਿਦਿਆਰਥੀ ਦੀ ਸ਼ਨਾਖਤ ਅਤੇ ਸਭਿਆਚਾਰ ਨੂੰ ਇਕੱਲੀ ਅੰਗਰੇਜ਼ੀ ਰਾਹੀਂ ਅੱਗੇ ਵਧਾਇਆ ਜਾਂ ਪ੍ਰਫੁਲਿਤ ਕੀਤਾ ਜਾ ਸਕਦਾ ਹੈ, ਖਾਸ ਕਰ ਕੇ ਕਿਸੇ ਬੱਚੇ ਦੀ ਪ੍ਰਾਇਮਰੀ ਸਿੱਖਿਆ ਦੇ ਮੁੱਢਲੇ ਸਾਲਾਂ ਵਿਚ।

ਅਜਿਹੀ ਸਥਿਤੀ ਬਾਰੇ ਵਿਵ ਐਡਵਰਡਜ਼ ਦਾ ਕਥਨ ਬੜਾ ਵਜ਼ਨਦਾਰ ਹੈ: ਜ਼ਬਾਨ ਅਤੇ ਸ਼ਨਾਖਤ ਇਕ ਦੂਜੇ ਨਾਲ ਏਨੀਆਂ ਡੂੰਘੀਆਂ ਜੁੜੀਆਂ ਹੋਈਆਂ ਹਨ ਕਿ ਸਾਡੇ ਬੋਲਣ ਢੰਗ 'ਤੇ ਕੋਈ ਵੀ ਹਮਲਾ ਸਾਡੀਆਂ ਕਦਰਾਂ-ਕੀਮਤਾਂ ਅਤੇ ਸਾਡੀ ਨੇਕ ਨੀਅਤੀ 'ਤੇ ਹਮਲਾ ਸਮਝਿਆ ਜਾਵੇਗਾ। ਇਸ ਤਰ੍ਹਾਂ ਜੇ ਸਕੂਲ ਵਿਚ ਬੱਚਿਆਂ ਦੀ ਜ਼ਬਾਨ ਦਾ ਬਿਲਕੁਲ ਘੱਟ ਮੁੱਲ ਪਾਇਆ ਜਾਂਦਾ ਹੈ ਜਾਂ ਉਸ ਨੂੰ ਸਵੀਕਾਰ ਨਹੀਂ ਕੀਤਾ ਜਾਂਦਾ ਤਾਂ ਹੋ ਸਕਦਾ ਹੈ ਕਿ ਬੱਚੇ ਚੁੱਪ-ਗੜੁਪ ਹੋ ਜਾਣ ਜਾਂ ਹੁਕਮ-ਅਦੂਲੀ ਕਰਨ ਲੱਗ ਜਾਣ। ਇਸ ਤਰ੍ਹਾਂ ਉਨ੍ਹਾਂ ਦੀ ਮਾਂ ਬੋਲੀ ਦੀ ਕਦਰ ਉਨ੍ਹਾਂ ਨੂੰ ਇਹ ਗੱਲ ਜ਼ਾਹਰ ਕਰਨ ਦਾ ਮੌਕਾ ਦੇਵੇਗੀ ਕਿ ਉਨ੍ਹਾਂ ਦੀ ਕਦਰ ਕੀਤੀ ਜਾਂਦੀ ਹੈ ਅਤੇ ਉਹ ਕਬੂਲੇ ਜਾਂਦੇ ਹਨ।

ਆਓ, ਪੰਜਾਬੀਓ! ਕੌਮਾਂਤਰੀ ਮਾਤ ਭਾਸ਼ਾ ਦਿਵਸ 'ਤੇ ਪੰਜਾਬੀ ਦਾ ਕੋਈ ਗੀਤ ਗਾਈਏ। ਇਹ ਸਾਡੇ ਦੁੱਖਾਂ-ਸੁੱਖਾਂ ਦੀ ਹਮਰਾਹ ਹੈ। ਇਸ ਤੋਂ ਮੂੰਹ ਮੋੜਨ ਵਾਲਿਆਂ ਨੂੰ ਕਿਤੇ ਢੋਈ ਨਹੀਂ ਮਿਲਣੀ। ਜਿਹੜੀਆਂ ਮਾਵਾਂ ਪਰਾਈ ਬੋਲੀ ਵਿਚ ਬੱਚਿਆਂ ਨੂੰ ਲੋਰੀਆਂ ਦੇਣਗੀਆਂ ਨਾ ਉਹ ਸੱਚੀਆਂ ਮਾਵਾਂ ਅਖਵਾਣਗੀਆਂ ਨਾ ਉਨ੍ਹਾਂ ਦੇ ਬੱਚੇ ਉਨ੍ਹਾਂ ਦੇ ਹੋਵਣਗੇ। ਅਵੇਸਲੇਪਨ ਵਿਚ ਬਥੇਰਾ ਸਮਾਂ ਬੀਤ ਗਿਐ, ਦਰਿਆ ਸੁੱਕ ਚਲੇ ਨੇ, ਦੁੱਧ ਪੁੱਤ ਫਿਟ ਚੁੱਕੇ ਨੇ। ਹਵਾਵਾਂ, ਮਿੱਟੀ, ਰੁੱਖ, ਸਬਜ਼ੀਆਂ ਫਲ, ਪਾਣੀ ਸਭ ਜ਼ਹਿਰੀਲੇ ਹੋ ਗਏ ਨੇ ਇਹ ਤਾਂ ਹੀ ਬਚਣਗੇ ਜੇ ਮਾਂ ਬੋਲੀ ਦੀ ਕਦਰ ਕਰਾਂਗੇ।

# ਘੁਟਾਲਾ ਜਗਤ ਦੇ ਅੰਬਰ ਦਾ ਨਵਾਂ ਤਾਰਾ ਨੀਰਵ ਮੋਦੀ

**ਬੂਟਾ ਸਿੰਘ**
ਫੋਨ: +91-94634-74342

ਮੁਲਕ ਦੇ ਆਵਾਮ ਦੀ ਮਨਮੋਹਨ ਸਿੰਘ-ਚਿਦੰਬਰਮ-ਸੋਨੀਆ ਗਾਂਧੀ ਦੀ ਅਗਵਾਈ ਹੇਠਲੇ ਮਹਾਂ ਭ੍ਰਿਸ਼ਟਾਚਾਰੀ ਰਾਜ ਨੂੰ ਗਲੋਂ ਲਾਹੁਣ ਦੀ ਬੇਤਹਾਸ਼ਾ ਤਾਂਘ ਦਾ ਫਾਇਦਾ ਉਠਾ ਕੇ ਸੱਤਾ ਉਪਰ ਕਾਬਜ਼ ਹੋਣ ਲਈ ਵੋਟਰਾਂ ਨੂੰ ਭਰਮਾਉਣ ਖ਼ਾਤਰ ਨਰੇਂਦਰ ਮੋਦੀ ਨੇ ਇਹ ਚੋਣ ਜੁਮਲਾ ਪ੍ਰਚਾਰਿਆ ਸੀ- "ਨਾ ਖਾਊਂਗਾ, ਨਾ ਖਾਨੇ ਦੂੰਗਾ"। ਮੁਲਕ ਨੂੰ ਭ੍ਰਿਸ਼ਟਚਾਰ ਮੁਕਤ ਕਰਨ ਅਤੇ ਵਿਦੇਸ਼ਾਂ ਵਿਚ ਜਮਾਂ ਕੀਤਾ ਕਾਲਾ ਧਨ ਵਾਪਸ ਲਿਆ ਕੇ ਹਰ ਭਾਰਤੀ ਦੇ ਬੈਂਕ ਖ਼ਾਤੇ ਵਿਚ ਪੰਦਰਾਂ ਲੱਖ ਰੁਪਏ ਜਮਾਂ ਕਰਾਉਣ ਦੀ ਧੂੰਆਂਧਾਰ ਬਿਆਨਬਾਜ਼ੀ ਕੀਤੀ ਗਈ। ਇਸ ਦੇ ਪਰਦੇ ਹੇਠ ਕਾਲੇ ਧੰਦੇ ਵਾਲਿਆਂ ਨੂੰ ਹੋਰ ਖੁੱਲ੍ਹ ਦਿੱਤੀ ਗਈ। ਬੈਂਕਾਂ ਅਤੇ ਹੋਰ ਵਿਤੀ ਢਾਂਚੇ ਨੂੰ ਚੂਨਾ ਲਾ ਕੇ ਮੁਲਕ ਦੀ ਦੌਲਤ ਵਿਦੇਸ਼ਾਂ ਵਿਚ ਮਹਿਫੂਜ਼ ਕਰਨ ਦੀ ਰਫਤਾਰ ਹੋਰ ਤੇਜ਼ ਹੋ ਗਈ। ਮੋਦੀ ਸਰਕਾਰ ਦੇ 'ਮੇਕ ਇਨ ਇੰਡੀਆ' ਨਾਅਰੇ ਦਾ ਅਸਲ ਭਾਵ ਹੌਲੀ ਹੌਲੀ ਸਮਝ ਆਉਣਾ ਸ਼ੁਰੂ ਹੋਇਆ ਕਿ ਇਹ ਤਾਂ ਵੱਡੇ ਸਰਮਾਏਦਾਰ ਕਾਰੋਬਾਰੀਆਂ ਨੂੰ ਸੰਦੇਸ਼ ਹੈ ਕਿ ਇਥੇ ਮਹਾਂ ਘੁਟਾਲੇ ਕਰ ਕੇ ਆਪਣੀ ਦੌਲਤ ਨੂੰ ਜ਼ਰਬਾਂ ਦਿਓ ਅਤੇ ਫਿਰ ਵਿਦੇਸ਼ ਭੱਜ ਜਾਓ!

ਲਲਿਤ ਮੋਦੀ ਅਤੇ ਵਿਜੈ ਮਾਲਿਆ ਤੋਂ ਬਾਅਦ ਘੁਟਾਲਾ ਜਗਤ ਦੇ ਅੰਬਰ ਵਿਚ ਚਮਕਿਆ ਨਵਾਂ ਸਿਤਾਰਾ ਨੀਰਵ ਮੋਦੀ ਹੈ ਜਿਸ ਦੇ ਘੁਟਾਲੇ ਅੱਗੇ ਪਹਿਲੇ ਘੁਟਾਲਿਆਂ ਦਾ ਜਲੌਅ ਫਿੱਕਾ ਪੈ ਗਿਆ ਹੈ। ਹੀਰਿਆਂ ਦਾ ਇਹ ਵੱਡਾ ਕਾਰੋਬਾਰੀ ਪੰਜਾਬ ਨੈਸ਼ਨਲ ਬੈਂਕ ਨਾਲ 11400 ਕਰੋੜ ਰੁਪਏ (ਖ਼ਬਰ ਏਜੰਸੀਆਂ ਅਨੁਸਾਰ ਇਹ ਘੁਟਾਲਾ 17000 ਕਰੋੜ ਤੋਂ ਵੱਧ ਹੈ) ਦੀ ਠੱਗੀ ਮਾਰ ਕੇ ਪਰਿਵਾਰ ਸਮੇਤ ਵਿਦੇਸ਼ ਚਲਾ ਗਿਆ ਹੈ। ਨੀਰਵ ਦਾ ਭਰਾ ਨਿਸ਼ਾਲ, ਮੁਕੇਸ਼-ਅਨਿਲ ਅੰਬਾਨੀ ਦੀ ਭਾਣਜੀ ਇਸ਼ਤਾ ਨੂੰ ਵਿਆਹਿਆ ਹੋਇਆ ਹੈ ਅਤੇ ਉਸ ਦਾ ਮੋਦੀ ਸਰਕਾਰ ਵਿਚ ਪੂਰਾ ਦਬ-ਦਬਾਅ ਹੈ। ਨੀਰਵ ਦਾ ਕਾਰੋਬਾਰ 26 ਵਿਦੇਸ਼ੀ ਸਹਾਇਕ ਕੰਪਨੀਆਂ ਜ਼ਰੀਏ ਅਮਰੀਕਾ, ਇੰਗਲੈਂਡ ਤੇ ਫਰਾਂਸ ਸਮੇਤ ਕਈ ਯੂਰਪੀ ਮੁਲਕਾਂ, ਰੂਸ, ਚੀਨ, ਸਿੰਘਾਪੁਰ, ਹਾਂਗਕਾਂਗ ਸਮੇਤ ਦੁਨੀਆ ਭਰ ਵਿਚ ਫੈਲਿਆ ਹੋਇਆ ਹੈ ਅਤੇ ਉਨ੍ਹਾਂ ਦੇ ਗਹਿਣਿਆਂ ਦੇ ਇਨ੍ਹਾਂ ਮੁਲਕਾਂ 'ਚ 14 ਵਿਸ਼ੇਸ਼ ਵਿਕਰੀ ਕੇਂਦਰ ਹਨ। ਨਿਊ ਯਾਰਕ ਵਾਲੇ ਸ਼ੋਅਰੂਮ ਦੇ ਮਹੂਰਤ ਮੌਕੇ ਰਾਸ਼ਟਰਪਤੀ ਟਰੰਪ ਵੀ ਹਾਜ਼ਰ ਸੀ।


ਨੀਰਵ ਮੋਦੀ ਤੋਂ ਬਾਅਦ ਕਾਨਪੁਰ ਦੀ ਰੋਟੋਮੈਕ ਕੰਪਨੀ ਦੇ ਮਾਲਕ ਵੱਲੋਂ ਬੈਂਕਾਂ ਦੇ 3695 ਕਰੋੜ ਡਕਾਰਨ ਦਾ ਪਰਦਾਫਾਸ਼ ਹੋ ਗਿਆ ਹੈ। ਇਹ ਤਾਂ ਮਹਿਜ਼ ਮਹਾਂ ਠੱਗੀ ਦੀ ਉਹ ਕੰਨੀ ਹੈ ਜੋ ਨੰਗੀ ਹੋ ਗਈ, ਹੋਰ ਘੁਟਾਲਿਆਂ ਵਾਂਗ ਨੀਰਵ ਮੋਦੀ ਦੇ ਘੁਟਾਲੇ ਦੀ ਅਸਲ ਤਸਵੀਰ ਸ਼ਾਇਦ ਹੀ ਕਦੇ ਸਾਹਮਣੇ ਆਵੇ। ਇਹ ਪੰਜਾਬ ਨੈਸ਼ਨਲ ਬੈਂਕ ਦੇ ਵਿਤੀ ਸਾਲ 2017 ਦੀ ਕੁਲ ਲੈਣ-ਦੇਣ ਦਾ ਤਕਰੀਬਨ ਤੀਜਾ ਹਿੱਸਾ ਹੈ ਜੋ 38096 ਕਰੋੜ ਰੁਪਏ ਸੀ। ਹੁਣ ਤਕ ਜੋ ਸਾਹਮਣੇ ਆ ਚੁੱਕਾ ਹੈ, ਉਸ ਮੁਤਾਬਕ ਇਨ੍ਹਾਂ ਦੋ ਸਾਲਾਂ ਵਿਚ ਸਰਕਾਰੀ ਬੈਂਕਾਂ ਨਾਲ ਇਹ ਦੂਜੀ ਵੱਡੀ ਮਹਾਂ ਠੱਗੀ ਹੈ ਜੋ ਸਾਹਮਣੇ ਚੁੱਕੀ ਹੈ। 2015 ਵਿਚ ਭੇਤ ਖੁੱਲ੍ਹਿਆ ਸੀ ਕਿ ਇਰਾਨ ਨੂੰ ਜਾਅਲੀ ਬਰਾਮਦ ਦੇ ਨਾਂ ਹੇਠ ਸਰਕਾਰੀ ਮਾਲਕੀ ਵਾਲੀ ਯੂਕੋ ਬੈਂਕ ਤੋਂ ਜੋ ਬਰਾਮਦ ਭੁਗਤਾਨ ਕਰਵਾਏ ਗਏ, ਉਹ 20000 ਕਰੋੜ ਰੁਪਏ ਤੋਂ ਵੱਧ ਬਣਦੇ ਸਨ।

ਇਹ ਇਕ ਕਾਰੋਬਾਰੀ ਵਲੋਂ ਬੈਂਕ ਦੇ ਚੰਦ ਅਧਿਕਾਰੀਆਂ ਨਾਲ ਮਿਲ ਕੇ ਮਾਰੀ ਠੱਗੀ ਨਹੀਂ, ਬਲਕਿ ਸੱਤਾਧਾਰੀ ਗੁੱਟ ਦੀ ਮਿਲੀਭੁਗਤ ਨਾਲ ਮੁਲਕ ਦੇ ਸਰਕਾਰੀ ਵਸੀਲਿਆਂ ਦੀ ਯੋਜਨਾਬੱਧ ਲੁੱਟ ਹੈ। ਕਾਲੇ ਧਨ ਦਾ ਮੁੱਖ ਸਰੋਤ ਸਰਕਾਰਾਂ ਦੀ ਰਾਜਕੀ ਪੁਸ਼ਤਪਨਾਹੀ ਹੇਠ ਕਾਰਪੋਰੇਟ ਘਰਾਣਿਆਂ ਤੇ ਹੋਰ ਵੱਡੇ ਲੋਕਾਂ ਵਲੋਂ ਇਹੀ ਲੁੱਟਮਾਰ ਹੈ। ਸਰਕਾਰੀ ਮਸ਼ੀਨਰੀ ਉਸ ਤੋਂ ਬਾਅਦ ਹਰਕਤ ਵਿਚ ਆ ਕੇ ਦੁਹਾਈ ਪਾਉਣੀ ਸ਼ੁਰੂ ਕਰਦੀ ਹੈ, ਜਦੋਂ ਇਹ ਮਹਾਂ ਠੱਗ ਆਪਣੇ ਵਿਦੇਸ਼ੀ ਅੱਡਿਆਂ ਵਿਚ ਪੂਰੀ ਤਰ੍ਹਾਂ ਮਹਿਫੂਜ਼ ਪਹੁੰਚ ਚੁੱਕੇ ਹੁੰਦੇ ਹਨ। ਨੀਰਵ ਮੋਦੀ ਦੇ ਖ਼ਿਲਾਫ ਧੋਖਾਧੜੀ ਦੀ ਐਫ.ਆਈ.ਆਰ. 31 ਜਨਵਰੀ ਨੂੰ ਦਰਜ ਹੁੰਦੀ ਹੈ। ਇਸ ਤੋਂ ਠੀਕ ਇਕ ਹਫਤਾ ਪਹਿਲਾਂ ਉਹ ਸਵਿਟਜ਼ਰਲੈਂਡ ਦੇ ਸ਼ਹਿਰ ਡਾਵੋਸ ਵਿਖੇ ਹੋਏ ਆਲਮੀ ਆਰਥਕ ਮੰਚ ਦੇ ਸਿਖ਼ਰ ਸੰਮੇਲਨ (23 ਤੋਂ 26 ਜਨਵਰੀ) ਵਿਚ ਨਰੇਂਦਰ ਮੋਦੀ ਨਾਲ ਬਿਰਾਜਮਾਨ ਸੀ। ਨੀਰਵ ਅਤੇ ਉਸ ਦੇ ਕਾਰੋਬਾਰੀ ਭਾਈਵਾਲਾਂ ਦੀ ਤਲਾਸ਼ ਦਾ ਨੋਟਿਸ 4 ਫਰਵਰੀ ਨੂੰ ਜਾਰੀ ਕੀਤਾ ਜਾਂਦਾ ਹੈ, ਲੇਕਿਨ ਉਹ ਸਾਰੇ ਤਾਂ ਇਸ ਤੋਂ ਇਕ ਮਹੀਨਾ ਪਹਿਲਾਂ ਹੀ, ਇਕ ਤੋਂ ਛੇ ਫਰਵਰੀ ਤਕ ਹਵਾਈ ਜਹਾਜ਼ ਚੜ੍ਹ ਕੇ ਇਥੋਂ ਪੱਤਰੇ ਵਾਚ ਗਏ ਸਨ ਅਤੇ ਅਮਰੀਕਾ ਦੇ ਸ਼ਾਹੀ ਹੋਟਲਾਂ ਵਿਚ ਅੱਯਾਸ਼ੀ ਕਰ ਰਹੇ ਹਨ। ਸੱਪ ਦੇ ਲੰਘ ਜਾਣ 'ਤੇ ਲਕੀਰ ਕੁੱਟਣਾ ਇਸੇ ਨੂੰ ਕਹਿੰਦੇ ਹਨ ਜੋ ਹੁਣ ਉਨ੍ਹਾਂ ਦੇ ਪਾਸਪੋਰਟ ਰੱਦ ਕਰਨ ਅਤੇ ਜਾਂਚ ਵਿਚ ਸ਼ਾਮਲ ਹੋਣ ਦੇ ਨੋਟਿਸ ਜਾਰੀ ਕਰ ਕੇ ਕੀਤਾ ਜਾ ਰਿਹਾ ਹੈ।

ਸੀ.ਬੀ.ਆਈ. ਅਤੇ ਐਨਫੋਰਸਮੈਂਟ ਡਾਇਰੈਕਟੋਰੇਟ ਵਰਗੀਆਂ ਸਰਕਾਰੀ ਏਜੰਸੀਆਂ ਵਲੋਂ ਛਾਣਬੀਣ ਲਈ ਛਾਪੇ ਮਾਰ ਕੇ ਅਤੇ ਦੋ-ਚਾਰ ਬੈਂਕ ਅਧਿਕਾਰੀਆਂ ਦੀ ਗ੍ਰਿਫਤਾਰੀਆਂ ਕਰ ਕੇ ਪ੍ਰਭਾਵ ਦਿੱਤਾ ਜਾ ਰਿਹਾ ਹੈ, ਜਿਵੇਂ ਉਹ ਇਸ ਮਹਾਂ ਠੱਗੀ ਲਈ ਜ਼ਿੰਮੇਵਾਰ ਮੁਜਰਿਮਾਂ ਨੂੰ ਜੇਲ੍ਹ ਭਿਜਵਾ ਕੇ ਹੀ ਦਮ ਲੈਣਗੀਆਂ। ਇਨ੍ਹਾਂ ਏਜੰਸੀਆਂ ਦੇ ਉਪਰੋਂ ਲੈ ਕੇ ਹੇਠਾਂ ਤਕ ਸਾਰੇ ਅਧਿਕਾਰੀ ਨਾ ਕੇਵਲ ਇਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਕਿਸ ਕਿਸ ਤਰ੍ਹਾਂ ਦੇ ਤਰੀਕਿਆਂ ਨਾਲ ਕਾਰਪੋਰੇਟ ਤੇ ਹੋਰ ਵੱਡੇ ਕਾਰੋਬਾਰੀ ਸਰਕਾਰੀ ਖ਼ਜ਼ਾਨਾ ਲੁੱਟਦੇ ਹਨ, ਸਗੋਂ ਉਹ ਤਾਂ ਖ਼ੁਦ ਇਸ ਨੂੰ ਅੰਜਾਮ ਦੇਣ ਵਿਚ ਸਰਗਰਮ ਭਾਈਵਾਲ ਹਨ। ਉਨ੍ਹਾਂ ਦਾ ਕੰਮ ਮਹਿਜ਼ ਉਸ ਪਾਲਤੂ ਕੁੱਤੇ ਵਰਗਾ ਹੈ ਜਿਸ ਦੇ ਚੁੱਪ ਰਹਿਣ ਅਤੇ ਹਰਕਤ ਵਿਚ ਆਉਣ ਦਾ ਅਮਲ ਮਾਲਕ ਦੇ ਇਸ਼ਾਰੇ 'ਤੇ ਚੱਲਦਾ ਹੈ।

ਮੁਲਕ ਦੇ ਮੁੱਖ ਬੈਂਕ, ਭਾਰਤੀ ਰਿਜ਼ਰਵ ਬੈਂਕ ਨੇ ਜੂਨ 2017 ਵਿਚ ਆਪਣੀ ਮਾਲੀ ਸਥਿਰਤਾ ਰਿਪੋਰਟ ਵਿਚ ਧਿਆਨ ਦਿਵਾਇਆ ਸੀ ਕਿ ਬੈਂਕਾਂ ਅਤੇ ਵਿਤੀ ਸੰਸਥਾਵਾਂ ਵਿਚ ਧੋਖਾਧੜੀ, ਵਿਤੀ ਖੇਤਰ ਵਿਚ ਉਭਰ ਰਹੇ ਜੋਖ਼ਮਾਂ ਵਿਚੋਂ ਇਕ ਹੈ। ਸਵਾਲ ਇਹ ਹੈ ਕਿ ਫਿਰ ਇਸ ਜੋਖ਼ਮ ਨੂੰ ਦੂਰ ਕਰਨ ਲਈ ਬੈਂਕ ਨੇ ਕੀ ਕਦਮ ਚੁੱਕੇ। ਆਰ.ਬੀ.ਆਈ. ਦੀ ਇਕ ਹੋਰ ਰਿਪੋਰਟ ਖ਼ੁਲਾਸਾ ਕਰਦੀ ਹੈ ਕਿ ਔਸਤ ਹਰ ਚਾਰ ਘੰਟੇ ਵਿਚ ਇਕ ਬੈਂਕ ਮੁਲਾਜ਼ਮ ਧੋਖਾਧੜੀ ਦੇ ਮਾਮਲੇ ਵਿਚ ਫੜਿਆ ਜਾਂਦਾ ਹੈ। ਪਹਿਲੀ ਜਨਵਰੀ 2015 ਤੋਂ ਲੈ ਕੇ 31 ਮਾਰਚ 2017 ਦਰਮਿਆਨ ਸਰਕਾਰੀ ਬੈਂਕਾਂ ਵਿਚ 5200 ਮੁਲਾਜ਼ਮਾਂ ਨੂੰ ਧੋਖਾਧੜੀ ਦੇ ਮਾਮਲਿਆਂ ਵਿਚ ਸਜ਼ਾ ਦਿੱਤੀ ਗਈ। ਇਸ ਵਿਚ ਭਾਰਤੀ ਸਟੇਟ ਬੈਂਕ ਅੱਵਲ ਨੰਬਰ ਸੀ। ਇਸ ਨਾਲ 2013-2016 ਦਰਮਿਆਨ ਬੈਂਕਾਂ ਨੂੰ 66000 ਕਰੋੜ ਰੁਪਏ ਦਾ ਵਿਤੀ ਨੁਕਸਾਨ ਹੋਇਆ। ਯਾਦ ਰਹੇ ਕਿ ਇਸ ਤਰ੍ਹਾਂ ਦੇ ਮਾਮਲੇ, ਮੁਕਾਬਲਤਨ ਛੋਟੇ ਪੈਮਾਨੇ ਦੀਆਂ ਹੇਰਾਫੇਰੀਆਂ ਹਨ ਅਤੇ ਇਨ੍ਹਾਂ ਵਿਚ ਛੋਟੇ ਅਧਿਕਾਰੀਆਂ ਨੂੰ ਹੀ ਸਜ਼ਾਵਾਂ ਹੁੰਦੀਆਂ ਹਨ। ਸਜ਼ਾਵਾਂ ਦਾ ਇਹ ਜਾਲ ਵੱਡੇ ਮਗਰਮੱਛਾਂ ਲਈ ਨਹੀਂ।

ਖ਼ਬਰ ਏਜੰਸੀ ਰਾਇਟਰਜ਼ ਵਲੋਂ ਸੂਚਨਾ ਅਧਿਕਾਰ ਕਾਨੂੰਨ ਤਹਿਤ ਬੈਂਕਾਂ ਤੋਂ ਹਾਸਲ ਕੀਤੀ ਜਾਣਕਾਰੀ ਅਨੁਸਾਰ, ਭਾਰਤ ਦੀਆਂ ਸਰਕਾਰੀ ਕਰਜ਼ਦਾਤਾ ਸੰਸਥਾਵਾਂ ਅੰਦਰ ਪਿਛਲੇ ਪੰਜ ਸਾਲਾਂ ਵਿਚ (ਭਾਵ 31 ਮਾਰਚ 2017 ਤਕ) "ਕਰਜ਼ਾ ਧੋਖਾਧੜੀ" ਦੇ 8670 ਮਾਮਲੇ ਸਾਹਮਣੇ ਆਏ ਜਿਨ੍ਹਾਂ ਦੀ ਕੁਲ ਰਕਮ 61260 ਕਰੋੜ ਰੁਪਏ ਬਣਦੀ ਹੈ। ਪੰਜਾਬ ਨੈਸ਼ਨਲ ਬੈਂਕ ਇਨ੍ਹਾਂ ਵਿਚੋਂ ਪਹਿਲੇ ਸਥਾਨ 'ਤੇ ਸੀ ਜਿਥੇ 6562 ਕਰੋੜ ਰੁਪਏ ਦੀ ਧੋਖਾਧੜੀ ਦੇ 389 ਮਾਮਲੇ ਵਾਪਰੇ। ਹਰ ਬੈਂਕ ਦਾ ਹਰ ਛੇ ਮਹੀਨੇ ਬਾਅਦ ਬਾਕਾਇਦਾ ਆਡਿਟ ਹੁੰਦਾ ਹੈ ਅਤੇ ਹਰ ਸਾਲ ਬਾਅਦ ਬੈਂਕ ਦੀ ਲੇਖਾਜੋਖਾ ਰਿਪੋਰਟ ਪੇਸ਼ ਕੀਤੀ ਜਾਂਦੀ ਹੈ। ਫਿਰ ਵੀ ਜੇ ਸਾਲਾਨਾ ਅੰਕੜਿਆਂ ਵਿਚ 11400 ਕਰੋੜ ਰੁਪਏ ਦੀ ਮਹਾਂ ਠੱਗੀ ਲੁਕੀ ਰਹਿੰਦੀ ਹੈ ਤਾਂ ਇਹ ਬੈਂਕ ਦੇ ਆਹਲਾ ਅਧਿਕਾਰੀਆਂ, ਆਡੀਟਰਾਂ ਅਤੇ ਉਚ ਪੱਧਰੇ ਵਿਤੀ ਨਿਗਰਾਨ ਤਾਣੇਬਾਣੇ ਦੀ ਮਿਲੀਭੁਗਤ ਨਾਲ ਹੀ ਸੰਭਵ ਹੈ। ਗ਼ੌਰਤਲਬ ਹੈ ਕਿ ਇਸ ਦੌਰਾਨ ਇਸ ਬੈਂਕ ਨੂੰ ਸ਼ਾਨਦਾਰ ਕਾਰਗੁਜ਼ਾਰੀ ਦੇ ਤਿੰਨ ਅਵਾਰਡ ਦਿੱਤੇ ਗਏ। ਦੋ ਅਵਾਰਡ ਤਾਂ 2017 ਵਿਚ ਸੈਂਟਰਲ ਵਿਜੀਲੈਂਸ ਕਮਿਸ਼ਨਰ ਵਲੋਂ ਦਿੱਤੇ ਗਏ ਜਿਸ ਸਾਲ ਇਸ ਬੈਂਕ ਨੇ ਮੋਦੀ ਐਂਡ ਕੰਪਨੀ ਨੂੰ 293 ਜ਼ਾਮਨੀ ਪੱਤਰ ਜਾਰੀ ਕੀਤੇ।



ਨੀਰਵ ਮੋਦੀ

ਨੀਰਵ ਮੋਦੀ ਵਲੋਂ ਪੰਜਾਬ ਨੈਸ਼ਨਲ ਬੈਂਕ ਨਾਲ ਮਹਾਂ ਠੱਗੀ ਦਾ ਸਿਲਸਿਲਾ ਇਕ ਦੋ ਸਾਲ ਪੁਰਾਣਾ ਨਹੀਂ, ਇਹ 2011 ਤੋਂ ਚੱਲ ਰਿਹਾ ਸੀ। 2016 ਵਿਚ ਹੀ ਇਹ ਧੋਖਾਧੜੀ ਬਾਕਾਇਦਾ ਲਿਖਤੀ ਤੌਰ 'ਤੇ ਪ੍ਰਧਾਨ ਮੰਤਰੀ ਦਫਤਰ ਦੇ ਨੋਟਿਸ ਵਿਚ ਵੀ ਲਿਆਂਦੀ ਗਈ ਸੀ। ਇਸ ਨੂੰ ਰੋਕਣ ਲਈ ਕੋਈ ਕਦਮ ਚੁੱਕਣ ਦੀ ਬਜਾਏ ਤੱਤਕਾਲੀ ਕੇਂਦਰ ਸਰਕਾਰਾਂ ਬੈਂਕ ਦੀ ਫੰਡਾਂ ਦੀ ਤੋਟ ਦੂਰ ਕਰਨ ਲਈ ਸਰਕਾਰੀ ਖ਼ਜ਼ਾਨੇ ਵਿਚੋਂ ਫੰਡ ਮੁਹੱਈਆ ਕਰਦੀਆਂ ਰਹੀਆਂ। 2013-14 ਵਿਚ ਇਸ ਬੈਂਕ ਦੀ ਹਾਲਤ ਸੁਧਾਰਨ ਲਈ ਕਾਂਗਰਸ ਸਰਕਾਰ ਵਲੋਂ 500 ਕਰੋੜ ਰੁਪਏ ਦਿੱਤੇ ਗਏ, 2017-18 ਵਿਚ ਇਹ ਰਕਮ 5473 ਕਰੋੜ ਰੁਪਏ ਤਕ ਜਾ ਪਹੁੰਚੀ।

ਇਸ ਮਹਾਂ ਠੱਗੀ ਦਾ ਭੇਤ ਨੀਰਵ ਮੋਦੀ ਦੇ ਇਕ ਮੁਲਾਜ਼ਮ ਵਲੋਂ ਇਕ ਭਾਰਤੀ ਬੈਂਕ ਦੀ ਸਿੰਗਾਪੁਰ ਬਰਾਂਚ ਕੋਲ ਉਜ਼ਰ ਕੀਤੇ ਜਾਣ 'ਤੇ ਖੁੱਲ੍ਹਿਆ। ਉਸ ਨੇ ਕਿਹਾ ਕਿ ਕੰਪਨੀ ਦੇ ਕਾਰੋਬਾਰ ਦਾ ਇਕ ਜ਼ਾਮਨੀ ਪੱਤਰ (ਲੈਟਰ ਆਫ ਅੰਡਰਟੇਕਿੰਗ) ਇਸ ਕਰ ਕੇ ਲੇਟ ਹੋਇਆ, ਕਿਉਂਕਿ ਮੁੰਬਈ ਦੀ ਸਥਾਨਕ ਪੰਜਾਬ ਨੈਸ਼ਨਲ ਬੈਂਕ ਬਰਾਂਚ ਦਾ ਇਕ ਅਧਿਕਾਰੀ ਇਸ ਬਦਲੇ ਰਿਸ਼ਵਤ ਮੰਗ ਰਿਹਾ ਸੀ। ਵਿਦੇਸ਼ ਵਿਚਲੀ ਬਰਾਂਚ ਵਲੋਂ ਮਾਮਲਾ ਆਰ.ਬੀ.ਆਈ. ਦੇ ਧਿਆਨ ਵਿਚ ਲਿਆਂਦਾ ਗਿਆ। ਰਿਜ਼ਰਵ ਬੈਂਕ ਨੇ ਪੀ.ਐਨ.ਬੀ. ਤੋਂ ਸਪਸ਼ਟੀਕਰਨ ਮੰਗਿਆ। ਮੁਢਲੀ ਜਾਂਚ ਵਿਚ ਇਕ ਮੁਲਾਜ਼ਮ ਉਪਰ ਉਂਗਲ ਉਠੀ, ਪਰ ਥੋੜ੍ਹਾ ਡੂੰਘਾਈ ਵਿਚ ਜਾਂਚ ਕੀਤੇ ਜਾਣ 'ਤੇ ਮਹਾਂ ਠੱਗੀ ਨੰਗੀ ਹੋ ਗਈ। ਭੁਗਤਾਨ ਅਤੇ ਆਰਡਰ ਦੀ ਸਪਲਾਈ ਦੀ ਜ਼ਾਮਨੀ ਦਿੰਦਾ ਇਹ ਦਸਤਾਵੇਜ਼ ਵੱਖ ਵੱਖ ਮੁਲਕਾਂ ਦੀਆਂ ਕਾਰੋਬਾਰੀ ਕੰਪਨੀਆਂ ਦਰਮਿਆਨ ਵਪਾਰ ਲਈ ਇਕ ਲਿਖਤੀ ਜ਼ਾਮਨੀ ਦਸਤਾਵੇਜ਼ ਹੁੰਦਾ ਹੈ ਜੋ ਸਬੰਧਤ ਮੁਲਕਾਂ ਦੇ ਬੈਂਕ ਆਪਣੇ ਮੁਲਕ ਦੀ ਕੰਪਨੀ ਦੀ ਜ਼ਾਮਨੀ ਵਜੋਂ ਜਾਰੀ ਕਰਦੇ ਹਨ। ਮਾਲ ਮਿਲਣ 'ਤੇ ਬੈਂਕ ਕੰਪਨੀ ਵਲੋਂ ਉਸ ਰਕਮ ਦਾ ਭੁਗਤਾਨ ਕਰ ਦਿੰਦਾ ਹੈ। ਨੀਰਵ ਮੋਦੀ ਗਹਿਣਿਆਂ ਅਤੇ ਹੀਰੇ-ਜਵਾਹਰਾਤ ਦੇ ਵੱਡੇ ਵੱਡੇ ਸੌਦੇ ਕਰਦਾ ਰਿਹਾ ਅਤੇ ਬੈਂਕ ਵਿਚ ਰਕਮ ਜਮਾਂ ਕਰਵਾਏ ਬਿਨਾ ਹੀ ਸੈਂਕੜੇ ਕਰੋੜ ਦੇ ਭੁਗਤਾਨ ਲਈ ਅੰਡਰਟੇਕਿੰਗ ਜਾਰੀ ਕੀਤੇ ਜਾਂਦੇ ਰਹੇ। ਸ਼ੁਰੂ ਵਿਚ ਬੈਂਕ ਵਲੋਂ 230 ਕਰੋੜ ਰੁਪਏ ਤਿੰਨ ਮਹੀਨੇ ਲਈ ਪੇਸ਼ਗੀ ਭੁਗਤਾਨ ਕੀਤੇ ਗਏ ਜੋ ਬੈਂਕ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਨਾ ਸਿਰਫ ਬਿਨਾ ਜਮਾਂ ਕਰਾਏ ਵਾਰ ਵਾਰ ਭੁਗਤਾਨ ਕੀਤੇ ਜਾਂਦੇ ਰਹੇ, ਸਗੋਂ ਇਸ ਉਧਾਰ ਰਕਮ ਵੀ ਅਧਿਕਾਰੀਆਂ ਵਲੋਂ ਵਾਰ ਵਾਰ ਕੀਤੇ ਵੱਡੇ ਇਜ਼ਾਫੇ ਨਾਲ ਓੜਕ ਸਾਢੇ ਗਿਆਰਾਂ ਹਜ਼ਾਰ ਕਰੋੜ ਕਰੋੜ ਹੋ ਗਈ।

ਹੁਣ ਇਸ ਮਹਾਂ ਠੱਗੀ ਦੇ ਨਵੇਂ ਨਵੇਂ ਖ਼ੁਲਾਸੇ ਹੋ ਰਹੇ ਹਨ। ਕਿਹਾ ਜਾ ਰਿਹਾ ਹੈ ਕਿ ਨੀਰਵ ਮੋਦੀ ਨੇ ਆਪਣੀਆਂ ਤਿੰਨ ਕੰਪਨੀਆਂ ਦੇ ਪਤੇ ਗ਼ਲਤ ਦਿੱਤੇ ਹੋਏ ਸਨ। ਇਹ ਵੀ ਕਿ ਉਸ ਦੀ ਪਤਨੀ ਐਮੀ ਮੋਦੀ ਨੇ ਬੈਂਕ ਅਧਿਕਾਰੀਆਂ ਤੋਂ ਨਾਜਾਇਜ਼ ਕੰਮ ਕਰਾਉਣ ਲਈ ਲੜਕੀਆਂ ਸਪਲਾਈ ਕੀਤੀਆਂ ਅਤੇ ਇਸ ਕੰਮ ਲਈ ਤਿੰਨ ਮਾਡਲਾਂ ਦੀ ਸਹਾਇਤਾ ਵੀ ਲਈ ਗਈ। ਇਹ ਕੋਈ ਹੈਰਾਨੀ ਦੀ ਗੱਲ ਨਹੀਂ, ਇਸ ਰਾਜ ਪ੍ਰਬੰਧ ਵਿਚ ਲੋਟੂ ਜਮਾਤਾਂ ਆਪਣੇ ਕਾਰੋਬਾਰਾਂ ਨੂੰ ਵਧਾਉਣ-ਫੈਲਾਉਣ ਲਈ ਘਿਨਾਉਣੇ ਤੋਂ ਘਿਨਾਉਣੇ ਤਰੀਕੇ ਅਕਸਰ ਹੀ ਵਰਤੋਂ ਵਿਚ ਲਿਆਉਂਦੀਆਂ ਹਨ, ਜਿਨ੍ਹਾਂ ਵਿਚ ਔਰਤ ਦੇ ਜਿਸਮ ਨੂੰ ਇਸਤੇਮਾਲ ਕਰਨਾ ਵੀ ਸ਼ਾਮਲ ਹੈ। ਜੌਹਨ ਪਰਕਿਨਜ਼ ਨੇ ਆਪਣੀ ਮਸ਼ਹੂਰ ਕਿਤਾਬ 'ਆਰਥਿਕ ਹਤਿਆਰੇ ਦਾ ਇਕਬਾਲੀਆ ਬਿਆਨ' ਵਿਚ ਉਚੇਚਾ ਜ਼ਿਕਰ ਕੀਤਾ ਹੈ ਕਿ ਕਿਵੇਂ ਅਮਰੀਕਾ ਦੇ ਵਪਾਰਕ ਦੂਤਾਂ ਵਲੋਂ ਅਰਬ ਮੁਲਕਾਂ ਨਾਲ ਵਪਾਰਕ ਇਕਰਾਰਨਾਮੇ ਨੇਪਰੇ ਚਾੜ੍ਹਨ ਲਈ ਸਾਊਦੀ ਅਰਬ ਦੇ ਸ਼ਹਿਜ਼ਾਦਿਆਂ ਨੂੰ ਫਾਹੁਣ ਲਈ ਔਰਤਾਂ ਸਪਲਾਈ ਕੀਤੀਆਂ ਗਈਆਂ। ਐਸੇ ਅਧਿਕਾਰੀਆਂ ਦੀ ਇਸ ਮਹਾਂਠੱਗੀ ਵਿਚ ਬੇਸ਼ੱਕ ਅਹਿਮ ਭੂਮਿਕਾ ਰਹੀ ਹੈ, ਪਰ ਅਜਿਹੀਆਂ ਸਨਸਨੀਖ਼ੇਜ਼ ਕਹਾਣੀਆਂ ਪੇਸ਼ ਕਰ ਕੇ ਬਹੁਤ ਹੀ ਚਲਾਕੀ ਨਾਲ ਅਸਲ ਕਾਰਨਾਂ 'ਤੇ ਪਰਦਾਪੋਸ਼ੀ ਕੀਤੀ ਜਾ ਰਹੀ ਹੈ।

ਤਮਾਮ ਹਾਕਮ ਜਮਾਤ ਪਾਰਟੀਆਂ ਇਸ ਮੁੱਦੇ ਨੂੰ ਵੋਟ ਸਿਆਸਤ ਦੇ ਸੌੜੇ ਹਿਤਾਂ ਅਨੁਸਾਰ ਉਛਾਲ ਕੇ ਭ੍ਰਿਸ਼ਟਾਚਾਰ ਦੇ ਖ਼ਿਲਾਫ ਹੋਣ ਦਾ ਦੰਭ ਰਚਣ ਵਿਚ ਇਕ ਦੂਜੇ ਨੂੰ ਮਾਤ ਦੇ ਰਹੀਆਂ ਹਨ ਅਤੇ ਘੁਟਾਲੇ ਦੀ ਅਸਲ ਜੜ੍ਹ ਨੂੰ ਲੁਕੋ ਵੀ ਰਹੀਆਂ ਹਨ। ਕਾਂਗਰਸ ਇਸ ਮਹਾਂ ਠੱਗੀ ਲਈ ਮੋਦੀ ਸਰਕਾਰ ਨੂੰ ਜ਼ਿੰਮੇਵਾਰ ਠਹਿਰਾ ਰਹੀ ਹੈ ਅਤੇ ਭਾਜਪਾ ਕਾਂਗਰਸ ਨੂੰ। ਹਕੀਕਤ ਇਹ ਹੈ ਕਿ ਸਾਮਰਾਜਵਾਦੀ ਸਰਮਾਏਦਾਰੀ ਅਤੇ ਸਾਡੇ ਮੁਲਕ ਦੇ ਕਾਰਪੋਰੇਟ ਘਰਾਣਿਆਂ ਨੂੰ ਮੁਲਕ ਦੀ ਦੌਲਤ, ਕੁਦਰਤੀ ਵਸੀਲੇ ਅਤੇ ਕਿਰਤ ਸ਼ਕਤੀ ਲੁਟਾਉਣ ਲਈ ਇਹ ਦੋਨੋਂ ਇਕ ਦੂਜੀ ਤੋਂ ਵਧ ਕੇ ਤਤਪਰ ਹਨ। ਹੋਰ ਹਾਕਮ ਜਮਾਤੀ ਅਤੇ ਸੋਧਵਾਦੀ ਪਾਰਟੀਆਂ ਵੀ 2019 ਦੀਆਂ ਆਮ ਚੋਣਾਂ ਨੂੰ ਦੇਖਦੇ ਹੋਏ ਭ੍ਰਿਸ਼ਟਾਚਾਰ ਖਿਲਾਫ ਬਿਆਨਬਾਜ਼ੀ ਕਰ ਕੇ ਆਪਣੀ ਸਿਆਸੀ ਵੁੱਕਤ ਬਣਾਉਣ ਲਈ ਹੱਥ-ਪੈਰ ਮਾਰ ਰਹੀਆਂ ਹਨ; ਲੇਕਿਨ ਇਹ ਸਮੁੱਚਾ ਹਾਕਮ ਜਮਾਤੀ ਸਿਆਸੀ ਕੋੜਮਾ ਭ੍ਰਿਸ਼ਟਾਚਾਰ ਦੀ ਅਸਲ ਬੁਨਿਆਦ ਇਸ ਰਾਜ ਪ੍ਰਬੰਧ ਵੱਲ ਕਦੇ ਉਂਗਲ ਨਹੀਂ ਕਰਦਾ ਜਿਸ ਦੀ ਬੁਨਿਆਦ ਹੀ ਮਹਾਂ ਠੱਗੀ ਉਪਰ ਹੈ। ਇਹ ਕੋਈ ਨਹੀਂ ਦੱਸਦਾ ਕਿ ਭ੍ਰਿਸ਼ਟਾਚਾਰ ਅਤੇ ਧੋਖਾਧੜੀ ਨੂੰ ਵਿਆਪਕ ਜ਼ਰਬਾਂ ਦੇ ਕੇ ਹੋਰ ਵੀ ਸਿਖ਼ਰਾਂ ਉਪਰ ਪਹੁੰਚਾਉਣ ਲਈ ਜ਼ਿੰਮੇਵਾਰ ਬੇਲਗਾਮ ਖੁੱਲ੍ਹੀ ਮੰਡੀ ਦਾ ਆਰਥਿਕ ਮਾਡਲ ਹੈ।

1992 ਵਿਚ ਕਾਂਗਰਸ ਸਰਕਾਰ ਵਲੋਂ ਨਵੀਆਂ ਆਰਥਿਕ ਨੀਤੀਆਂ ਦਾ ਜੋ ਮਾਡਲ ਧੁਮ-ਧੜੱਕੇ ਨਾਲ ਅਪਨਾਇਆ ਗਿਆ, ਉਸ ਵਿਚ ਮੁਖ ਜ਼ੋਰ ਇਸ ਗੱਲ ਉਪਰ ਸੀ ਕਿ ਰਾਜਕੀ ਕੰਟਰੋਲ ਅਤੇ ਸਰਮਾਏਦਾਰ ਕਾਰੋਬਾਰਾਂ ਨੂੰ ਰਾਜ ਵਲੋਂ ਰੈਗੂਲੇਟ ਕਰਨ ਲਈ ਬਣਾਏ ਤਰ੍ਹਾਂ ਤਰ੍ਹਾਂ ਦੇ ਨਿਯਮ ਮੁਲਕ ਦੀ ਆਰਥਿਕ ਤਰੱਕੀ ਦੇ ਰਾਹ ਵਿਚ ਵੱਡਾ ਅੜਿੱਕਾ ਹਨ। ਇਸ ਮਾਡਲ ਤਹਿਤ 'ਕਾਰੋਬਾਰਾਂ ਲਈ ਮੁਆਫਕ ਮਾਹੌਲ' ਬਣਾਉਣ ਲਈ ਪਿਛਲੇ ਢਾਈ ਦਹਾਕਿਆਂ ਵਿਚ ਇਕ ਇਕ ਕਰ ਕੇ ਇਨ੍ਹਾਂ ਕਮਜ਼ੋਰ ਨਿਯਮਾਂ ਵਿਚ ਵੀ ਵੱਡੀ ਰੱਦੋਬਦਲ ਕੀਤੀ ਗਈ। ਇਸ ਨਾਲ ਵੱਡੇ ਸਰਮਾਏਦਾਰ ਕਾਰੋਬਾਰੀਆਂ ਨੂੰ ਮੁਲਕ ਦੇ ਕੁਦਰਤੀ ਵਸੀਲਿਆਂ ਉਪਰ ਕਾਬਜ਼ ਹੋਣ ਦੀ ਹੋਰ ਜ਼ਿਆਦਾ ਖੁੱਲ੍ਹ ਹਾਸਲ ਹੋ ਗਈ। ਬੈਂਕਾਂ ਅਤੇ ਹੋਰ ਵਿਤੀ ਸੰਸਥਾਵਾਂ ਵਿਚ ਜਮਾਂ ਲੋਕਾਂ ਦੀਆਂ ਬੱਚਤਾਂ ਨੂੰ ਮਾਮੂਲੀ ਸ਼ਰਤਾਂ ਵਾਲੇ ਕਰਜ਼ਿਆਂ ਰਾਹੀਂ ਹੜੱਪਣ ਦਾ ਰਾਹ ਹੋਰ ਮੋਕਲਾ ਕਰ ਦਿੱਤਾ ਗਿਆ। ਇਸ ਨਾਲ ਮੁਲਕ ਘੁਟਾਲਿਆਂ ਦੇ ਨਵੇਂ ਦੌਰ ਵਿਚ ਦਾਖ਼ਲ ਹੋ ਗਿਆ ਜਿਸ ਅੰਦਰ ਆਏ ਦਿਨ ਨਵੇਂ ਤੋਂ ਨਵੇਂ ਘੁਟਾਲੇ ਸਾਹਮਣੇ ਆਉਣਾ ਆਮ ਗੱਲ ਹੈ। ਲਿਹਾਜ਼ਾ ਖੁੱਲ੍ਹੀ ਮੰਡੀ ਦਾ ਰਾਜ ਖ਼ੁਦ ਹੀ ਬੇਮਿਸਾਲ ਘੁਟਾਲਾ ਹੈ ਜਿਸ ਦੀ ਕੋਈ ਹੱਦ ਨਹੀਂ ਅਤੇ ਜਿਸ ਬਾਰੇ ਝਾੜੂ ਪਾਰਟੀ ਸਮੇਤ ਹਰ ਹਾਕਮ ਜਮਾਤੀ ਪਾਰਟੀ ਖ਼ਾਮੋਸ਼ ਹੈ। ਇਸ ਨਵਉਦਾਰਵਾਦੀ ਆਰਥਿਕ ਮਾਡਲ ਵਿਚ ਕੋਈ ਘੁਟਾਲਾ ਉਦੋਂ ਤਕ ਹੀ ਵੱਡਾ ਹੈ, ਜਦੋਂ ਤਕ ਉਸ ਤੋਂ ਵੱਡੇ ਘੁਟਾਲੇ ਚਰਚਾ ਵਿਚ ਆ ਕੇ ਪਹਿਲੇ ਨੂੰ ਬੌਣਾ ਸਾਬਤ ਨਹੀਂ ਕਰ ਦਿੰਦੇ। ਇਹ ਲੰਗੋਟੀਏ ਯਾਰਾਂ ਦਾ ਜੁੰਡੀ ਰਾਜ ਹੈ ਜਿਸ ਵਿਚ ਸੱਤਾਧਾਰੀ ਗੁੱਟ ਅਤੇ ਉਨ੍ਹਾਂ ਦੇ ਚਹੇਤੇ ਕਾਰੋਬਾਰੀ ਇਕ ਦੂਜੇ ਨੂੰ ਲਾਭ ਪਹੁੰਚਾਉਣ ਲਈ ਦੁਵੱਲੀ ਸਹਿਮਤੀ ਨਾਲ ਕੰਮ ਕਰਦੇ ਹਨ। ਲਿਹਾਜ਼ਾ, ਘੁਟਾਲਿਆਂ ਦੇ ਕੈਂਸਰ ਦਾ ਖ਼ਾਤਮਾ ਨਵਉਦਾਰਵਾਦੀ ਆਰਥਿਕ ਮਾਡਲ ਨੂੰ ਖ਼ਤਮ ਕੀਤੇ ਬਿਨਾ ਸੰਭਵ ਨਹੀਂ ਜੋ ਇਨ੍ਹਾਂ ਵਿਚੋਂ ਕਿਸੇ ਵੀ ਪਾਰਟੀ ਦਾ ਏਜੰਡਾ ਨਹੀਂ।

## ਬੈਂਕ ਘੁਟਾਲੇ ਦੀਆਂ ਪਰਤਾਂ

ਪੰਜਾਬ ਨੈਸ਼ਨਲ ਬੈਂਕ (ਪੀ ਐਨ ਬੀ) ਘੁਟਾਲੇ ਦੇ ਬੇਪਰਦ ਹੋਣ ਤੋਂ ਤਕਰੀਬਨ ਹਫਤੇ ਤਕ ਇਹ ਸਪਸ਼ਟ ਨਹੀਂ ਕਿ ਨੀਰਵ ਮੋਦੀ ਵਰਗੇ ਧਾਂਦਲੀਬਾਜ਼ ਵੱਲੋਂ ਦੇਸ਼ ਦੇ ਦੂਜੇ ਸਭ ਤੋਂ ਵੱਡੇ ਬੈਂਕ ਨੂੰ 11,400 ਕਰੋੜ ਦਾ ਚੂਨਾ ਲਾਉਣ ਲਈ ਕਸੂਰਵਾਰ ਕੌਣ ਹੈ। ਕਸੂਰਵਾਰ ਜਾਪਣ ਵਾਲੀ ਹਰ ਧਿਰ ਦੂਜਿਆਂ ਨੂੰ ਦੋਸ਼ੀ ਦੱਸ ਰਹੀ ਹੈ। ਕੇਂਦਰੀ ਵਿਜੀਲੈਂਸ ਕਮਿਸ਼ਨ (ਸੀ ਵੀ ਸੀ), ਜਿਸ ਦਾ ਮੁਖੀ ਮੋਦੀ ਸਰਕਾਰ ਦਾ ਖ਼ਾਸਮ-ਖ਼ਾਸ ਬੰਦਾ ਹੈ, ਅਤੇ ਇਕ ਸਾਬਕਾ ਬੈਂਕ ਚੇਅਰਮੈਨ ਜਿਸ ਦਾ ਮੈਂਬਰ ਹੈ, ਨੂੰ ਇਸ ਘੁਟਾਲੇ ਦੀ ਪੈੜ ਉਦੋਂ ਹੀ ਨੱਪ ਲੈਣੀ ਚਾਹੀਦੀ ਸੀ ਜਦੋਂ 'ਘਰ ਦੇ ਭੇਤੀ' (ਵ੍ਹਿਸਲਬਲੋਅਰ) ਨੇ ਨੀਰਵ ਮੋਦੀ ਤੇ ਉਸ ਦੇ ਸਕੇ ਸਬੰਧੀ ਮੇਹੁਲ ਚੋਕਸੀ ਦੀਆਂ ਕੰਪਨੀਆਂ ਵੱਲੋਂ ਠੱਗੀ ਮਾਰੇ ਜਾਣ ਦੀ ਸ਼ਿਕਾਇਤ ਦੋ ਸਾਲ ਪਹਿਲਾਂ ਕੀਤੀ ਸੀ। ਇਹ ਸ਼ਿਕਾਇਤ ਮਿਲਣ ਦੇ ਬਾਵਜੂਦ ਸੀ ਵੀ ਸੀ ਨੇ ਕੋਈ ਨਿੱਗਰ ਕਾਰਵਾਈ ਨਹੀਂ ਕੀਤੀ। ਅਜਿਹੀ ਕਸੂਤੀ ਸਥਿਤੀ ਵਿਚੋਂ ਨਿਕਲਣ ਲਈ ਸੀ ਵੀ ਸੀ ਨੇ ਹੁਣ ਦੋ-ਪੱਖੀ ਰਣਨੀਤੀ ਅਪਨਾਈ ਹੈ। ਇਸ ਨੇ ਪੀ ਐਨ ਬੀ ਨੂੰ ਇਹ ਸਪਸ਼ਟ ਕਰਨ ਲਈ ਕਿਹਾ ਹੈ ਕਿ ਪੰਜ ਸਾਲਾਂ ਤੋਂ ਵੱਧ ਸਮੇਂ ਤਕ ਘੁਟਾਲਾ ਨਾ ਫੜ ਸਕਣ ਦੀ ਵਜ੍ਹਾ ਕੀ ਹੈ। ਦੂਜਾ ਸਵਾਲ ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਨੂੰ ਕੀਤਾ ਗਿਆ ਹੈ ਕਿ ਇਸ ਕੇਂਦਰੀ ਬੈਂਕ ਦਾ ਰੈਗੂਲੇਟਰੀ ਪ੍ਰਬੰਧ ਏਨਾ ਨੁਕਸਦਾਰ ਕਿਉਂ ਹੈ ਕਿ ਇਹ ਪੀ ਐਨ ਬੀ ਦੀਆਂ ਬੈਲੈਂਸ ਸ਼ੀਟਾਂ ਜਾਂ ਉਸ ਵੱਲੋਂ ਭੇਜੀ ਜਾਂਦੀ ਹੋਰ ਜਾਣਕਾਰੀ ਦੀ ਪੁਣਛਾਣ ਤੋਂ ਏਨਾ ਵੀ ਨਹੀਂ ਜਾਣ ਸਕਿਆ ਕਿ ਵੱਡੀਆਂ ਰਕਮਾਂ ਦੇਸ਼ ਤੋਂ ਬਾਹਰ ਜਾ ਰਹੀਆਂ ਹਨ। ਸੀ ਵੀ ਸੀ ਨੇ ਤਿੰਨ ਸਾਲ ਪੰਜਾਬ ਨੈਸ਼ਨਲ ਬੈਂਕ ਨੂੰ ਠੱਗੀਆਂ ਤੋਂ ਬਚਾਅ ਲਈ ਬਿਹਤਰੀਨ ਇਹਤਿਆਤੀ ਪ੍ਰਬੰਧ ਕਰਨ ਵਾਸਤੇ ਕੌਮੀ ਪੱਧਰ ਦੇ ਪੁਰਸਕਾਰ ਦਿੱਤੇ ਸਨ। ਹੁਣ ਉਹ ਇਹ ਸਪਸ਼ਟ ਕਰਦਾ ਫਿਰਦਾ ਹੈ ਕਿ ਇਹ ਪੁਰਸਕਾਰ ਭ੍ਰਿਸ਼ਟਾਚਾਰ ਖ਼ਿਲਾਫ਼ ਜਾਗਰੂਕਤਾ ਪੈਦਾ ਕਰਨ ਲਈ ਸਨ, ਬੈਂਕ ਦੀ ਕਾਰਗੁਜ਼ਾਰੀ ਲਈ ਨਹੀਂ।

ਰਿਜ਼ਰਵ ਬੈਂਕ, ਘੁਟਾਲੇ ਲਈ ਸਮੁੱਚਾ ਦੋਸ਼ ਪੰਜਾਬ ਨੈਸ਼ਨਲ ਬੈਂਕ ਸਿਰ ਮੜ੍ਹ ਰਿਹਾ ਹੈ। ਉਸ ਦਾ ਦਾਅਵਾ ਹੈ ਕਿ ਉਹ ਤਾਂ ਬੈਂਕਾਂ ਦੀਆਂ ਬੈਲੈਂਸ ਸ਼ੀਟਾਂ ਤੇ ਆਡਿਟ ਰਿਪੋਰਟਾਂ ਹੀ ਦੇਖਦਾ ਹੈ। ਬੈਂਕ ਦੇ ਅੰਦਰ ਹੋਰ ਕੀ ਕੀ ਵਾਪਰਦਾ ਹੈ, ਇਸ ਦੀ ਉਸ ਨੂੰ ਖ਼ਬਰ ਕਿਵੇਂ ਲੱਗ ਸਕਦੀ ਹੈ? ਕੇਂਦਰੀ ਬੈਂਕ ਇਹ ਦਲੀਲ ਮੰਨਣ ਲਈ ਤਿਆਰ ਨਹੀਂ ਕਿ ਉਸ ਦਾ ਕੰਮ ਹੀ ਸਾਰੇ ਬੈਂਕਾਂ ਦੇ ਕੰਮ-ਕਾਜ ਦੀ ਨਿਗਰਾਨੀ ਕਰਨਾ ਹੈ ਅਤੇ ਇਸ ਨੂੰ ਜੇ ਜਾਅਲੀ ਲੈਣ-ਦੇਣ ਅਤੇ ਨਿਯਮਾਂ ਦੀ ਉਲੰਘਣਾ ਦਾ ਪਤਾ ਨਹੀਂ ਲੱਗਦਾ, ਤਾਂ ਇਹ ਕਾਹਦੀ ਨਿਗਰਾਨੀ ਹੋਈ? ਉਂਜ ਵੀ, 1990ਵਿਆਂ ਵਿਚ ਹੋਏ ਰਿਣ ਪੱਤਰ (ਸਕਿਉਰਿਟੀਜ਼) ਘੁਟਾਲੇ ਤੇ ਉਸਦੇ ਮੁੱਖ ਦੋਸ਼ੀ ਹਰਸ਼ਤ ਮਹਿਤਾ ਵੱਲੋਂ ਬੈਂਕਿੰਗ ਨਿਯਮਾਂ ਵਿਚਲੀਆਂ ਚੋਰ-ਮੋਰੀਆਂ ਦਾ ਨਾਜਾਇਜ਼ ਲਾਹਾ ਲੈਣ ਦੇ ਘਟਨਾਕ੍ਰਮ ਤੋਂ ਮਗਰੋਂ ਰਿਜ਼ਰਵ ਬੈਂਕ ਨੂੰ ਅਜਿਹੀ ਨਿੱਗਰ ਪ੍ਰਣਾਲੀ ਵਿਕਸਿਤ ਕਰ ਦੇਣੀ ਚਾਹੀਦੀ ਸੀ ਜੋ ਭਵਿਖ ਦੇ ਘੁਟਾਲਿਆਂ ਨੂੰ ਰੋਕਣ ਵਿਚ ਸਾਜ਼ਗਾਰ ਹੋਵੇ, ਪਰ ਅਜਿਹਾ ਕੁਝ ਨਹੀਂ ਕੀਤਾ ਗਿਆ। ਪੀ ਐਨ ਬੀ ਨੇ ਤਾਂ ਪਹਿਲਾਂ ਹੀ ਸਾਰਾ ਦੋਸ਼ ਕੁਝ ਸਾਬਕਾ ਅਤੇ ਕੁਝ ਮੌਜੂਦਾ ਮੁਲਾਜ਼ਮਾਂ ਸਿਰ ਮੜ੍ਹ ਦਿੱਤਾ ਹੈ।

ਵਿੱਤ ਮੰਤਰੀ ਅਰੁਣ ਜੇਤਲੀ ਨੇ ਘੁਟਾਲੇ ਵਿਚ ਸਰਕਾਰ ਨਾਲ ਜੁੜੇ ਕਿਸੇ ਵਿਅਕਤੀ ਦਾ ਸਬੰਧ ਹੋਣ ਤੋਂ ਸਪਸ਼ਟ ਇਨਕਾਰ ਕੀਤਾ ਹੈ। ਦੂਜੇ ਪਾਸੇ ਕਾਂਗਰਸ ਵੱਲੋਂ ਪ੍ਰਧਾਨ ਮੰਤਰੀ ਤੋਂ ਜਵਾਬ ਮੰਗਿਆ ਜਾ ਰਿਹਾ ਹੈ ਕਿ ਉਸ ਨੇ ਨੀਰਵ ਮੋਦੀ ਤੇ ਮੇਹੁਲ ਚੋਕਸੀ ਨੂੰ ਵਿਦੇਸ਼ ਕਿਉਂ ਖਿਸਕਣ ਦਿੱਤਾ? ਦੂਜੇ ਪਾਸੇ, ਭਾਜਪਾ ਸਮੁੱਚੇ ਘੁਟਾਲੇ ਦਾ ਦੋਸ਼ ਕਾਂਗਰਸ ਦੀ ਅਗਵਾਈ ਵਾਲੀ ਯੂ ਪੀ ਏ-2 ਸਰਕਾਰ ਦੇ ਕਾਰਜਕਾਲ ਉੱਤੇ ਮੜ੍ਹ ਰਹੀ ਹੈ। ਦਰਅਸਲ, ਸਮੇਂ ਦਾ ਤਕਾਜ਼ਾ ਹੈ ਕਿ ਸਾਰੀਆਂ ਸਬੰਧਿਤ ਧਿਰਾਂ ਸਿਰ ਜੋੜ ਕੇ ਜਿਥੇ ਆਪਣੇ ਅੰਦਰਲੀਆਂ 'ਕਾਲੀਆਂ ਭੇਡਾਂ' ਦੀ ਸ਼ਨਾਖ਼ਤ ਕਰਨ ਤੇ ਉਨ੍ਹਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਸੰਭਵ ਬਣਾਉਣ, ਉਥੇ ਬੈਂਕਿੰਗ ਪ੍ਰਣਾਲੀ ਨੂੰ ਘੁਟਾਲਾ-ਮੁਕਤ ਬਣਾਉਣ ਲਈ ਸੰਜੀਦਾ ਯਤਨ ਕਰਨ।

***(ਪੰਜਾਬੀ ਟ੍ਰਿਬਿਊਨ ਤੋਂ ਧੰਨਵਾਦ ਸਹਿਤ)***

# ਪੰਜਾਬੀ ਦਾ ਲੜ ਫੜਨਾ

*ਗਿਆਨੀ ਲਾਲ ਸਿੰਘ ਦੀ ਸਵੈ-ਜੀਵਨੀ 'ਜੀਵਨ ਕਹਾਣੀ' ਵਿਚ ਦਰਜ ਲੇਖ 'ਪੰਜਾਬੀ ਦਾ ਲੜ ਫੜਨਾ' ਕਈ ਕਾਰਨਾਂ ਕਰ ਕੇ ਅਹਿਮ ਹੈ। ਇਸ ਲੇਖ ਵਿਚ ਭਾਵੇਂ ਗਿਆਨੀ ਜੀ ਨੇ ਕੁਝ ਸ਼ਖਸੀਅਤਾਂ ਨਾਲ ਕੁਝ ਵਧੇਰੇ ਹੀ ਲਿਹਾਜ਼ ਕੀਤਾ ਹੈ, ਪਰ ਜੇ ਇਸ ਨੂੰ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਪ੍ਰਸੰਗ ਵਿਚ ਵਿਚਾਰਿਆ ਜਾਵੇ ਤਾਂ ਇਸ ਵਿਚੋਂ ਬੜਾ ਕੁਝ ਲੱਭਦਾ ਹੈ। ਇਸ ਵਿਚ ਮੁੱਖ ਮੰਤਰੀ ਲਛਮਣ ਸਿੰਘ ਦੇ ਉਸ ਫੈਸਲੇ ਦਾ ਜ਼ਿਕਰ ਹੈ ਜਿਸ ਤਹਿਤ ਪੰਜਾਬੀ ਨੂੰ ਰਾਜ ਭਾਸ਼ਾ ਦਾ ਦਰਜਾ ਦਿੱਤਾ ਗਿਆ। ਪੰਜਾਬੀ ਸਿਆਸਤਦਾਨਾਂ ਨੂੰ ਮਿਹਣਾ ਹੈ ਕਿ ਅੱਧੀ ਸਦੀ ਪਿਛੋਂ ਵੀ ਇਹ ਫੈਸਲਾ ਲਾਗੂ ਨਹੀਂ ਹੋ ਸਕਿਆ। ਅਸੀਂ ਚਾਹੁੰਦੇ ਹਾਂ ਕਿ ਇਸ ਲੇਖ ਦੇ ਬਹਾਨੇ ਹੀ ਸਹੀ, ਪੰਜਾਬੀ ਬਾਰੇ ਖੁੱਲ੍ਹ ਕੇ ਬਹਿਸ ਚੱਲੇ। ਇਹ ਲੇਖ ਕੁਝ ਸੰਖੇਪ ਕਰ ਕੇ ਕੌਮਾਂਤਰੀ ਮਾਤ ਭਾਸ਼ਾ ਦਿਵਸ 'ਤੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ*

ਜੇ ਪੰਜਾਬੀ ਸਰ ਸ਼ਹਾਬਉਦੀਨ (ਸਪੀਕਰ ਪੰਜਾਬ ਕੌਂਸਲ) ਦਾ ਮਸ਼ਵਰਾ 1929-30 ਵਿਚ ਮੰਨ ਲੈਂਦੇ ਤਾਂ ਪੰਜਾਬ ਦੀ ਖੁਸ਼ਹਾਲੀ ਲਹਿਲਹਾਉਂਦੀ। ਮਾੜੇ ਭਾਗ, ਅਸੀਂ ਵੇਲਾ ਵਿਹਾ ਲਿਆ ਤੇ ਰੁਲਣ ਖੁਲਣ ਦਾ ਰਾਹ ਅਪਨਾ ਲਿਆ। 1942 ਵਿਚ ਪੰਜਾਬੀ ਦਾ ਆਸਰਾ ਲੈਣ ਲਈ ਧਾਏ। ਮਾਂ ਦਾ ਧਰਵਾਸ ਜਿੰਨਾ ਕੁ ਸੰਭਵ ਹੋਇਆ, ਪਾਇਆ। ਅਜੇ ਵੀ ਜੇ ਕੋਈ ਆਸ ਧਰਵਾਸ ਹੈ ਤਾਂ ਪੰਜਾਬੀ ਤੇ ਪੰਜਾਬੀਅਤ 'ਤੇ ਵਿਸ਼ਵਾਸ ਹੈ। ਅਜੇ ਵੀ ਮਾਂ ਬੋਲੀ 'ਤੇ ਜੇ ਕੋਈ ਵਿਸ਼ਵਾਸ ਦ੍ਰਿੜ ਕਰਾ ਦੇਵੇ ਤਾਂ ਬਚ ਜਾਣ ਦੀ ਆਸ ਹੋ ਸਕਦੀ ਹੈ।

ਹਰਿਆਣਾ ਪੰਜਾਬੀ ਤੋਂ ਦੂਰ ਜਾ ਚੁਕਾ ਹੈ। ਹਿਮਾਚਲ ਪੰਜਾਬੀ ਛੱਡ ਗਿਆ, ਜੰਮੂ ਜਾ ਰਿਹਾ ਹੈ ਤੇ ਰਾਜਸਥਾਨ ਦਾ ਜ਼ਿਲ੍ਹਾ ਗੰਗਾਨਗਰ ਹੱਥ ਮਲ ਰਿਹਾ ਹੈ। ਦਿੱਲੀ ਵਿਚ ਪੰਜਾਬੀ ਮਧੋਲੀ ਜਾ ਰਹੀ ਹੈ। ਪੰਜਾਬੀ ਵਿਚ ਸਿੱਖਿਆ ਸੰਸਥਾਵਾਂ ਪੰਜਾਬੀ ਭਾਸ਼ਾ ਤੇ ਸਾਹਿਤ ਆਰੀਆ ਸਮਾਜੀ ਸਕੂਲਾਂ ਤੇ ਕਾਲਜਾਂ



**ਗਿਆਨੀ ਲਾਲ ਸਿੰਘ**

ਵਿਚੋਂ ਛੇਕੀ ਜਾ ਰਹੀ ਹੈ। 'ਮਾਂ ਪੰਜਾਬੀ' ਤੇਰੇ ਪੁੱਤਰ-ਪੋਤਰੇ ਤੇਰੀ ਬੋਹੜ ਜਿਹੀ ਸੰਘਣੀ ਛਾਂ ਤੋਂ ਵਾਂਝੇ ਹੋ ਰਹੇ ਹਨ। ਠੰਢੀਆਂ ਛਾਂਵਾਂ ਮੁੱਕ ਰਹੀਆਂ ਹਨ। ਵਿਸ਼ਾਲ ਪੰਜਾਬ ਦੀ ਵਿਸ਼ਾਲ ਵਸੋਂ ਘਰਾਂ ਦੇ ਬੂਹੇ ਬੰਦ ਕਰ ਕੇ ਚਕਚੂੰਧਰਾਂ ਵਾਂਗ ਅੰਦਰ ਅੰਦਰ ਵਿਲਕਦੇ ਫਿਰਦੇ ਹਨ। ਪੰਜਾਂ ਦਰਿਆਵਾਂ ਦਾ ਦੇਸ ਪੰਜਾਬ ਡੇਢ ਦਰਿਆ ਨਾਲ ਚੂਲੀ ਭਰਨ ਯੋਗ ਪਾਣੀ ਨਾਲ ਗੁਜ਼ਾਰੇ ਲਈ ਪੁਚਕਾਰਿਆ ਜਾ ਰਿਹਾ ਹੈ।

ਪੰਜਾਬੀ ਮਾਂ, ਤੇਰੇ ਬੇਟੇ ਉਠਨ ਤਾਂ ਕਿਵੇਂ ਉਠਨ? ਤੇਰੇ ਬਹੁਤੇ ਪੁੱਤ ਤੈਨੂੰ ਕੈਰੀ ਅੱਖ ਨਾਲ ਦੇਖਣ ਲੱਗ ਪਏ ਹਨ। ਤੇਰੇ ਸੱਚੇ ਬੇਟੇ ਸ. ਗਿਆਨ ਸਿੰਘ ਰਾੜੇਵਾਲ, ਸ. ਪ੍ਰਤਾਪ ਸਿੰਘ ਕੈਰੋਂ, ਸ੍ਰੀ ਭੀਮ ਸੈਨ ਸੱਚਰ, ਡਾ. ਗੋਪੀ ਚੰਦ ਭਾਰਗਵ, ਗਿਆਨੀ ਕਰਤਾਰ ਸਿੰਘ ਲਾਇਲਪੁਰੀ, ਸ. ਲਛਮਣ ਸਿੰਘ ਗਿੱਲ ਤੇ ਪੰਡਿਤ ਅਮਰ ਨਾਥ ਵਿਦਿਆਲੰਕਾਰ ਅੱਖਾਂ ਮੀਟ ਚੁੱਕੇ ਹਨ। ਕਿਥੇ ਹਿੰਦੂ, ਸਿੱਖ ਤੇ ਮੁਸਲਮਾਨ ਬਾਬਾ ਗੁਰੂ ਨਾਨਕ, ਭਾਈ ਮਰਦਾਨਾ ਤੇ ਭਾਈ ਬਾਲਾ ਇਕਸੁਰ ਹੋ ਕੇ ਤੈਨੂੰ ਅਲਾਪਦੇ ਸਨ। ਅੱਜ ਮੁਸਲਮਾਨ ਅਰਬੀ ਫਾਰਸੀ ਦੇ ਅੱਖਰਾਂ ਪਿੱਛੇ, ਹਿੰਦੂ ਦੇਵਨਾਗਰੀ ਪਿਛੇ ਅੜਦੇ-ਲੜਦੇ ਫਿਰਦੇ ਹਨ ਅਤੇ ਪੰਜਾਬੀ ਮਾਂ ਦੀ ਹਿੱਕ ਨਾਲ ਛੁਟਦੇ ਫਿਰਦੇ ਹਨ। ਭੈੜੇ ਦਿਨ ਧੁੰਦਲਕੇ ਹੋ ਕੇ ਚੜ੍ਹਦੇ ਹਨ ਤੇ ਧੁੰਦਲਕੇ ਵਿਚ ਛੁਪ ਛੁਪਾ ਜਾਂਦੇ ਹਨ। ਇਹ ਹੈ ਤੇਰੀ ਅੱਜ ਦੀ ਕਹਾਣੀ।

ਪੰਡਿਤ ਅਮਰ ਨਾਥ ਵਿਦਿਆਲੰਕਾਰ ਸਿੱਖਿਆ ਮੰਤਰੀ ਨੇ ਚੰਡੀਗੜ੍ਹ, ਅੰਬਾਲਾ ਤਹਿਸੀਲ, ਸਰਸਾ ਤਹਿਸੀਲ ਤੇ ਊਨਾ ਤਹਿਸੀਲ ਤੇਰੀ ਝੋਲੀ ਪਾਏ ਸਨ ਪਰ ਗੁਲਜ਼ਾਰੀ ਲਾਲ ਨੰਦਾ (ਸਾਬਕਾ ਡਿਪਟੀ ਪ੍ਰਧਾਨ ਮੰਤਰੀ) ਨੇ ਹਿਮਾਚਲ ਤੇ ਹਰਿਆਣਾ ਕੇਂਦਰ ਦੀ ਝੋਲੀ ਪਾ ਦਿੱਤੇ। ਨੰਦਾ ਜੀ ਸਿਆਲ ਕੋਟ ਜ਼ਿਲ੍ਹੇ ਦੇ ਪੰਜਾਬੀ ਹਨ, ਪਰ ਮਾਂ ਪੰਜਾਬੀ ਨੂੰ ਅੰਗੂਠਾ ਦਿਖਾਉਣਾ ਉਨ੍ਹਾਂ ਦੇ ਹਿੱਸੇ ਆ ਪਿਆ ਹੈ। ਪੰਜਾਬ ਬੇਆਬ ਹੋਇਆ ਮਾਂ ਦੇ ਪੁੱਤਰਾਂ ਵੱਲੋਂ। ਦੱਸੋ: "ਕੌਣ ਕਿਸੇ ਨਾਲ ਹੱਸੇ, ਜਦੋਂ ਭਰਾ ਲਈ ਵੱਟੇ ਰੱਸੇ।"

ਕਦੇ ਕਦੇ ਸਿਆਲ ਦੀ ਗੂਹੜੀ ਠੰਢ ਵਿਚੋਂ ਸੁਹਾਵਣਾ ਸਮਾਂ ਵੀ ਸਿਰ ਉਚਾ ਕਰ ਲੈਂਦਾ, ਇਵੇਂ ਹੀ ਸ. ਪ੍ਰਤਾਪ ਸਿੰਘ ਨੇ ਠੀਕ ਮੌਕੇ ਪੰਜਾਬੀ ਯੂਨੀਵਰਸਿਟੀ ਦਾ ਖਿਆਲ ਰੇੜ੍ਹ ਦਿੱਤਾ ਸੀ। ਭਾਈ ਜੋਧ ਸਿੰਘ (ਸਾਬਕਾ ਪ੍ਰਿੰਸੀਪਲ ਖਾਲਸਾ ਕਾਲਜ, ਅੰਮ੍ਰਿਤਸਰ) ਅਤੇ ਪ੍ਰੋ. ਹਰਬੰਸ ਸਿੰਘ (ਸਿੱਖਿਆ ਸਰਵਿਸ ਪੰਜਾਬ) ਦੀ ਬਾਰੀਕਬੀਨੀ ਨਾਲ ਤਿਆਰ ਕੀਤੀ ਰਿਪੋਰਟ ਦੇ ਆਧਾਰ ਉਤੇ ਪੰਜਾਬੀ ਯੂਨੀਵਰਸਿਟੀ ਦਾ ਸਿਰ ਉਚਾ ਹੋਇਆ। ਪਟਿਆਲੇ ਦੇ ਬਾਰਾਂਦਰੀ ਬਾਗ ਵਿਚ ਪੰਜਾਬੀ ਯੂਨੀਵਰਸਿਟੀ ਦਾ ਅਰੰਭ ਹੋਇਆ। ਰਾਸ਼ਟਰਪਤੀ ਡਾ. ਸਰ ਰਾਧਾ ਕ੍ਰਿਸ਼ਨਨ ਨੇ ਇਸ ਦੇ ਉਦਘਾਟਨ ਸਮਾਰੋਹ ਦੀ ਪ੍ਰਧਾਨਗੀ ਕੀਤੀ। ਵਿਸ਼ਾਲ ਡਾਇਸ ਕ੍ਰਿਕਟ ਗਰਾਊਂਡ ਪਟਿਆਲਾ ਦੇ ਵਿਸ਼ਾਲ ਮੈਦਾਨ ਵਿਚ ਸਜਿਆ। ਅਣਗਿਣਤ ਲੁਕਾਈ ਸ. ਪ੍ਰਤਾਪ ਸਿੰਘ ਦੀਆਂ ਵਿਸ਼ਾਲ ਭਾਵਨਾਵਾਂ ਮੁਤਾਬਕ ਇਕੱਠੀ ਹੋਈ। ਤਿਲ ਧਰਨ ਨੂੰ ਥਾਂ ਨਹੀਂ ਸੀ। ਡਾਇਸ ਉਤੇ ਡਾ. ਰਾਧਾ ਕ੍ਰਿਸ਼ਨਨ, ਗਵਰਨਰ ਪੰਜਾਬ, ਮੁੱਖ ਮੰਤਰੀ ਪ੍ਰਤਾਪ ਸਿੰਘ, ਮਹਾਰਾਜਾ ਪਟਿਆਲਾ ਯਾਦਵਿੰਦਰ ਸਿੰਘ ਤੇ ਭਾਈ ਜੋਧ ਸਿੰਘ ਬਿਰਾਜਮਾਨ ਹੋਏ।

ਮੁੱਖ ਮੰਤਰੀ ਨੇ ਮੈਨੂੰ ਆਦੇਸ਼ ਦੇ ਦਿੱਤਾ ਕਿ ਡਾ. ਰਾਧਾ ਕ੍ਰਿਸ਼ਨਨ ਦੇ ਅੰਗ੍ਰੇਜ਼ੀ ਭਾਸ਼ਨ ਦਾ ਤਰਜਮਾ ਪੰਜਾਬੀ ਵਿਚ ਲੋਕਾਈ ਨੂੰ ਸੁਣਾਉਣਾ ਹੈ। ਮੈਂ ਭਾਸ਼ਨ ਦੀ ਕਾਪੀ ਮੰਗੀ ਤਾਂ ਮੁੱਖ ਮੰਤਰੀ ਨੇ ਕਿਹਾ ਕਿ ਸਪੀਚ ਦੀ ਕਾਪੀ ਕੋਈ ਨਹੀਂ ਹੈ। "ਸਹਿਜ ਨਾਲ ਸੁਣੋ ਤੇ ਠਰ੍ਹੰਮੇ ਨਾਲ ਪੰਜਾਬੀ ਵਿਚ ਬੋਲੋ।" ਸ. ਪ੍ਰਤਾਪ ਸਿੰਘ ਦਾ ਹੁਕਮ ਭਾਵੇਂ ਮੇਰੇ ਲਈ ਅਚੰਭਾ ਸੀ, ਪਰ ਹੁਕਮ ਨੂੰ ਦ੍ਰਿੜ੍ਹਤਾ ਨਾਲ ਮੰਨਣ ਲਈ ਮੈਂ ਸਾਵਧਾਨ ਹੋਇਆ ਤੇ ਵਿਸ਼ਾਲ ਡਾਇਸ ਦੇ ਸਾਹਮਣੇ ਬੈਠ ਗਿਆ। ਇਉਂ ਅਨੁਭਵ ਕੀਤਾ ਕਿ ਅੱਜ ਧੀਰਜ ਮੇਰਾ ਤੇ ਮੇਰੀ ਮਾਤ-ਬੋਲੀ ਪੰਜਾਬੀ, ਦੋਹਾਂ ਦਾ ਇਮਤਿਹਾਨ ਹੈ। ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਦਾ ਪੁਰਾਣਾ ਪਾੜ੍ਹਾ ਬੇਦੀ ਹਰਪਾਲ ਸਿੰਘ (ਜ਼ਿਲ੍ਹਾ ਪਬਲਿਕ ਰਿਲੇਸ਼ਨ ਅਫਸਰ) ਸਟੇਜ ਸਕੱਤਰ ਸੀ। ਅਜਿਹੇ ਸਮੇਂ ਇਮਤਿਹਾਨ ਦੇ ਮੌਕੇ ਬਣ ਜਾਂਦੇ ਹਨ। ਪੈਜ ਸਿਰਜਣਹਾਰ ਰੱਖਣ ਵਾਲਾ ਹੁੰਦਾ ਹੈ। ਮੇਰੀ ਪੈਜ ਗੁਰੂ ਜੀ ਨੇ ਆਪ ਰੱਖੀ। ਡਾ. ਰਾਧਾ ਕ੍ਰਿਸ਼ਨਨ ਸਪਸ਼ਟ, ਸ਼ੁਧ ਤੇ ਟਿਕਾਅ ਨਾਲ ਬੇਜੋੜ ਭਾਸ਼ਨ ਦੇਣ ਵਾਲੇ ਮੰਨੇ ਜਾਂਦੇ ਸਨ। ਇਕ ਇਕ ਸ਼ਬਦ ਮੈਂ ਠਰ੍ਹੰਮੇ ਨਾਲ ਸੁਣਿਆ, ਦ੍ਰਿੜ੍ਹਤਾ ਨਾਲ ਸਟੇਜ 'ਤੇ ਖੜ੍ਹ ਕੇ ਜਨਤਾ ਨੂੰ ਪੰਜਾਬੀ ਵਿਚ ਸੁਣਾਇਆ। ਇਸ ਸਫਲ ਕਾਰਵਾਈ ਨੇ ਡਾ. ਰਾਧਾ ਕ੍ਰਿਸ਼ਨਨ, ਡਾ. ਗੈਡਗਿਲ, ਸ. ਪ੍ਰਤਾਪ ਸਿੰਘ, ਮਹਾਰਾਜਾ ਯਾਦਵਿੰਦਰ ਸਿੰਘ ਤੇ ਭਾਈ ਜੋਧ ਸਿੰਘ ਨੂੰ ਮੇਰੇ ਨਾਲ ਸਦੀਵੀ ਤੌਰ 'ਤੇ ਜੋੜਨ ਵਿਚ ਸਫਲ ਕੀਤਾ।

ਭਾਸ਼ਾ ਵਿਭਾਗ ਤੇ ਪੰਜਾਬੀ ਯੂਨੀਵਰਸਿਟੀ ਇਕ ਮਿਕ ਹੋਈਆਂ। ਯੂਨੀਵਰਸਿਟੀ ਨੂੰ ਪਹਿਲੇ ਦਿਨ ਲਿਖਣ ਪੜ੍ਹਨ ਦੀ ਸਮੱਗਰੀ ਤੇ ਪੰਜਾਬੀ ਟਾਈਪ ਰਾਈਟਰ ਦੀ ਲੋੜ ਸੀ। ਭਾਸ਼ਾ ਵਿਭਾਗ ਨੇ ਲੋੜੀਂਦਾ ਸਾਜ਼ੋ-ਸਮਾਨ ਭੇਟ ਕੀਤਾ। ਇਹ ਯੂਨੀਵਰਸਿਟੀ ਦੀ ਵਡਿਆਈ ਹੈ ਕਿ ਉਸ ਨੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਰਨਲ ਨੂੰ ਸਦੀਵੀ ਤੌਰ 'ਤੇ ਯੂਨੀਵਰਸਿਟੀ ਦੇ ਸੈਨਟ ਤੇ ਸਿੰਡੀਕੇਟ ਦੀ ਮੈਂਬਰੀ ਪ੍ਰਦਾਨ ਕੀਤੀ।

"ਮਿਲਿਆ ਹੋਇ ਨਾ ਵਿਛੁੜੇ ਜੇ ਮਿਲਿਆ ਹੋਇ।"

ਖੁਸ਼ਨਸੀਬ ਹੁੰਦੀਆਂ ਹਨ ਸੰਸਥਾਵਾਂ ਜੋ ਹੱਥ ਮਿਲਾ ਕੇ ਸਦੀਵੀ ਪਿਆਰ ਦੇ ਨਾਤੇ ਨੂੰ ਨਿਭਾਉਂਦੀਆਂ ਹਨ। ਸਦ-ਭਾਵਨਾ ਜੋੜਦੀ ਹੈ ਤੇ ਚਤੁਰਾਈ ਵਿਛੋੜਦੀ ਹੈ। ਪਹਿਲਾਂ ਪਟਿਆਲਾ ਸੁਹਿਰਦ ਲੋਕਾਂ ਦੇ ਵਸੇਬੇ 'ਤੇ ਮਾਣ ਕਰਦਾ ਸੀ, ਫਿਰ ਹਰ ਕਿਸਮ ਦੀਆਂ ਸਿੱਖਿਆ ਸੰਸਥਾਵਾਂ ਕਾਰਨ ਪ੍ਰਸ਼ੰਸਾ ਦਾ ਪਾਤਰ ਬਣਿਆ ਰਿਹਾ ਤੇ ਹੁਣ ਇਕ ਖਿੱਤੇ ਦੇ ਲੋਕਾਂ ਦੀ ਮਾਤ ਭਾਸ਼ਾ ਪੰਜਾਬੀ ਦੀ ਉਨਤੀ ਲਈ ਪੰਜਾਬੀ ਯੂਨੀਵਰਸਿਟੀ ਦੀ ਕਾਇਮੀ ਨਾਲ ਵਿਸ਼ਵ ਭਰ ਵਿਚ ਫੈਲੇ ਹੋਏ ਪੰਜਾਬੀ ਲੋਕਾਂ ਨੂੰ ਧਰਵਾਸ ਦੇਣ ਦਾ ਮੁਨਾਰਾ ਬਣ ਕੇ ਸ਼ੋਭਾ ਪ੍ਰਾਪਤ ਕਰ ਰਿਹਾ ਹੈ। ਯੂਨੀਵਰਸਿਟੀ ਦਾ ਗੁਰੂ ਗੋਬਿੰਦ ਸਿੰਘ ਭਵਨ ਸਮੂਹ ਧਰਮਾਂ ਦੀਆਂ ਸਾਂਝਾਂ ਦਾ ਪ੍ਰਤੀਕ ਹੈ।

ਦੇਹਰਾ ਮਸੀਤ ਸੋਈ,  
ਪੂਜਾ ਔ ਨਿਵਾਜ ਓਈ,  
ਮਾਨਸ ਸਭੈ ਏਕ ਪੈ,  
ਅਨੇਕ ਕੋ ਭ੍ਰਮਾਉ ਹੈ।

ਪੰਜਾਬੀ ਯੂਨੀਵਰਸਿਟੀ, ਪੰਜਾਬ ਪਬਲਿਕ ਸਰਵਿਸ ਕਮਿਸ਼ਨ, ਭਾਸ਼ਾ ਭਵਨ, ਪੰਜਾਬ ਰਾਜ ਬਿਜਲੀ ਬੋਰਡ, ਕੌਮਾਂਤਰੀ ਸਪੋਰਟਸ ਸੰਸਥਾ, ਮੋਤੀ ਬਾਗ, ਗੁਰਮਤਿ ਕਾਲਜ ਤੇ ਉਤਰ ਖੇਤਰੀ ਸਭਿਆਚਾਰਕ ਕੇਂਦਰ ਪਟਿਆਲੇ ਦੇ ਮੀਨਾਰ ਹਨ। ਸ਼ਹਿਰ ਨੂੰ ਰਾਜਧਾਨੀ ਬਣਾਉਣ ਵਾਲੇ ਮਹਾਰਾਜਾ ਬਾਬਾ ਆਲਾ ਸਿੰਘ ਤੇ ਮਹਾਰਾਣੀ ਫਤਿਹ ਕੌਰ ਦਾ ਵਿਖਾਲਾ ਕਰਦੇ ਸਨ। ਜਿਥੇ ਖੁੱਲ੍ਹਾ-ਡੁੱਲ੍ਹਾ ਲੰਗਰ ਮਾਈ ਫੱਤੋ ਦੀ ਸਖਾਵਤ ਦਾ ਨਜ਼ਾਰਾ ਬਣਾਂਦਾ ਸੀ। ਸਿੱਖ ਸਰਦਾਰਾਂ ਵਿਚੋਂ ਜਿਹੜਾ ਸਰਦਾਰ ਵੀ ਗੁੱਸੇ ਰਾਜ਼ੀ ਹੋ ਕੇ ਪਟਿਆਲੇ ਉਤੇ ਧਾ ਕੇ ਆਇਆ, ਬਾਬਾ ਆਲੇ ਦੀ ਨਿਮਰਤਾ ਨੇ ਉਸ ਦੇ ਗੁੱਸੇ ਨੂੰ ਉਤਾਰ ਦਿੱਤਾ।

ਸਿੱਖ ਸਰਦਾਰ ਤਾਂ ਆਪਣੇ ਸਨ, ਪਰ ਲੁਟੇਰਾ ਅਫਗਾਨ ਬਾਦਸ਼ਾਹ ਅਹਿਮਦ ਸ਼ਾਹ ਅਬਦਾਲੀ ਵੀ ਪਟਿਆਲੇ ਦਾ ਮਿੱਤਰ ਬਣ ਕੇ ਪਰਤਿਆ ਸੀ। ਅਬਦਾਲੀ ਦਾ ਸਿੱਖਾਂ ਨਾਲ ਇੱਟ ਕੁੱਤੇ ਦਾ ਵੈਰ ਸੀ, ਪਰ ਆਲਾ ਸਿੰਘ ਦੀ ਸੂਝ ਸਿਆਣਪ ਨੇ ਗੁਸੈਲ ਦਿਲ ਨੂੰ ਮੋਹ ਲਿਆ। ਅਹਿਮਦ ਸ਼ਾਹ ਉਜੜੀ ਸਰਹਿੰਦ ਨੂੰ ਬਾਬੇ ਦੇ ਸਪੁਰਦ ਕਰ ਕੇ ਵਾਪਸ ਮੁੜਿਆ ਸੀ। ਪਟਿਆਲਾ ਅਖੌਤੀ ਪੰਜਾਬ ਦਾ ਦੂਜਾ ਕੇਂਦਰੀ ਸਥਾਨ ਬਣ ਕੇ ਉਘੜਿਆ। ਲਾਹੌਰ ਤਾਂ ਲਾਹੌਰ ਹੀ ਸੀ, ਪਰ ਪਟਿਆਲਾ ਦਰਿਆ ਸਤਲੁਜ ਤੇ ਜਮਨਾ ਦਰਮਿਆਨ ਪੂਰਬੀ ਪੰਜਾਬ ਬਣ ਕੇ ਉਘੜਿਆ। ਲਾਹੌਰ ਪੱਛਮੀ ਪੰਜਾਬ ਦੀ ਰਾਜਧਾਨੀ ਮਹਾਰਾਜਾ ਰਣਜੀਤ ਸਿੰਘ ਨੇ ਬਣਾਈ ਤੇ ਪਟਿਆਲਾ ਰਾਜਧਾਨੀ ਪੈਪਸੂ ਸਰਕਾਰ ਦਾ ਬਣਿਆ। ਪੁਰਾਣੀ ਕਹਾਵਤ ਯਾਦ ਆਉਂਦੀ ਹੈ: "ਜੋ ਆਪੋ ਵਿਚ ਖਹਿਣ, ਉਹ ਦੋਵੇਂ ਹੀ ਢਹਿਣ।" ਨਾ ਲਾਹੌਰ ਸਰਦਾਰਾਂ ਤੇ ਮਹਾਰਾਜਿਆਂ ਦਾ ਰਿਹਾ ਤੇ ਨਾ ਹੀ ਪਟਿਆਲਾ ਮਹਾਰਾਜਿਆਂ ਦਾ ਗੜ੍ਹ ਰਿਹਾ। ਚੰਡੀ ਨੇ ਦੋਵੇਂ ਪਛਾੜ ਦਿੱਤੇ। ਚੰਡੀਗੜ੍ਹ ਉਭਰ ਪਿਆ ਹੈ। ਕੀ ਇਹ ਪੰਜਾਬੀ ਲੋਕਾਂ ਦਾ ਗੜ੍ਹ ਹੈ। ਇਹ ਦਿੱਲੀ ਸਰਕਾਰ ਦਾ ਗੜ੍ਹ ਮਹਿਸੂਸ ਹੋ ਰਿਹਾ ਹੈ।




ਨਾ ਪੰਜਾਬੀਆਂ ਦਾ ਘਰ ਪਾਕਿਸਤਾਨ ਦਾ ਲਾਹੌਰ ਹੈ, ਨਾ ਭਾਰਤੀ ਪੰਜਾਬ ਦਾ ਗੜ੍ਹ ਚੰਡੀਗੜ੍ਹ ਮਹਿਸੂਸ ਹੁੰਦਾ ਹੈ। ਲਾਹੌਰ ਤੇ ਚੰਡੀਗੜ੍ਹ ਰੁੜ੍ਹ ਪੁੜ੍ਹ ਰਹੇ ਸਨ। ਪੰਜਾਬ ਵੱਢਿਆ ਟੁੱਕਿਆ ਹੀ ਨਹੀਂ ਗਿਆ, ਸਗੋਂ ਪੰਜਾਬੀਅਤ ਲੜਖੜਾ ਰਹੀ ਹੈ।

ਪਹਿਲਾਂ ਝਲਕਾਰਾ ਪੰਡਿਤ ਅਮਰ ਨਾਥ ਵਿਦਿਆਲੰਕਾਰ ਨੇ 1960 ਦਾ ਐਕਟ ਬਣਾ ਕੇ ਵੇਖਿਆ ਤੇ ਦੂਜਾ ਝਲਕਾਰਾ ਮੁੱਖ ਮੰਤਰੀ ਸ. ਲਛਮਣ ਸਿੰਘ ਗਿੱਲ ਦੇ ਅਹਿਦ ਵਿਚ ਨਮੂਦਾਰ ਹੋਇਆ ਜਿਸ ਦਾ ਲਿਸ਼ਕਾਰਾ ਪੰਜਾਬੀ ਦੀ ਰਾਜ ਭਾਸ਼ਾ ਪੰਜਾਬੀ ਬਣਾਉਣ ਵਾਲੇ ਐਕਟ ਨੇ 1967 ਵਿਚ ਲਿਸ਼ਕਾਇਆ। ਦੋਹਾਂ ਐਕਟਾਂ ਦੀ ਵਡਿਆਈ ਦੇ ਜਸ਼ਨ ਮੈਂ ਹੱਥੀਂ ਮਨਾਏ। ਚਹੁੰਆਂ ਉਪਬੋਲੀਆਂ ਦਾ ਪੰਜਾਬ ਮਾਝੀ, ਦੁਆਬੀ, ਮਲਵਈ ਤੇ ਪੁਆਧੀ ਦੇ ਨਕਸ਼ੇ ਵਿਚ ਨਮੂਦਾਰ ਹੋਇਆ ਜੋ ਚੰਡੀਗੜ੍ਹ ਤੇ ਪਟਿਆਲੇ ਵਿਚ ਲਿਸ਼ਕਾਏ ਗਏ।

ਇਸੇ ਤਰ੍ਹਾਂ ਡਾ. ਬਲਬੀਰ ਸਿੰਘ ਡੇਹਰਾਦੂਨ ਵਾਲੇ ਪੰਜਾਬੀ ਦੇ ਰਾਜ ਭਾਸ਼ਾ ਬਣਨ ਨਾਲ ਹਲੂਣੇ ਗਏ। ਡਾ. ਚਰਨ ਸਿੰਘ, ਡਾ. ਭਾਈ ਵੀਰ ਸਿੰਘ ਤੇ ਡਾ. ਬਲਬੀਰ ਸਿੰਘ ਨੇ ਜਿਸ ਤਰ੍ਹਾਂ ਪੰਜਾਬੀ ਨੂੰ ਸੱਚੇ ਸੁੱਚੇ ਸਿਦਕ ਨਾਲ ਫੜ੍ਹਿਆ, ਉਹ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਇਤਿਹਾਸ ਵਿਚ ਬੇਜੋੜ ਹੈ। ਰੱਬ ਸਬੱਬੀਂ ਮੇਰਾ ਇਨ੍ਹਾਂ ਨਾਲ ਸ਼ਰਧਾ ਵਾਲਾ ਸਬੰਧ ਜੁੜ ਗਿਆ ਸੀ। ਪੰਜਾਬੀ ਦੇ ਰਾਜ ਭਾਸ਼ਾ ਬਣਨ ਉਤੇ ਡਾ. ਬਲਬੀਰ ਸਿੰਘ ਨਿਹਾਲੋ ਨਿਹਾਲ ਹੋਏ ਅਤੇ ਉਨ੍ਹਾਂ ਮੇਰੇ ਸਬੰਧ ਵਿਚ ਹੀ ਕਾਵਿ ਰਚਨਾ ਦਾ ਲਿਸ਼ਕਾਰਾ ਅੱਖਰਾਂ ਵਿਚ ਚਮਕਾ ਦਿੱਤਾ:

ਬੋਲੀ ਦੇਸ ਪੰਜਾਬ ਦੀ,  
ਹੋ ਗਈ ਮਾਲਾ ਮਾਲ।  
ਰੰਗ ਚਲੂਲੇ ਰੰਗ ਗਈ,  
ਤੋੜ ਕਸੁੰਭੜੇ ਜਾਲ।  
ਵੱਸੇ ਰੱਸੇ ਸੁਵੰਨੜੀ,  
ਫੁੱਲੇ ਫਲੇ ਚਿਰਕਾਲ।  
ਲਾਲ ਸਿੰਘ ਦੀ ਲਾਲਸਾ,  
ਪੂਰਨ ਪੈ ਗਈ ਘਾਲ।

-ਡਾ. ਬਲਬੀਰ ਸਿੰਘ

ਪੰਜਾਬੀ ਦੀ ਇਸ ਸਰਬੁਲੰਦੀ ਦਾ ਸਿਹਰਾ ਸ. ਲਛਮਣ ਸਿੰਘ ਦੇ ਸਿਰ ਬੱਝਦਾ ਹੈ। ਇਹ ਸਬੱਬ ਸੀ ਕਿ ਪੰਜਾਬੀ ਯੂਨੀਵਰਸਿਟੀ ਦੇ ਵੀ. ਸੀ. ਕਿਰਪਾਲ ਸਿੰਘ ਨਾਰੰਗ ਦੀ ਡੂੰਘੀ ਸੂਝ ਦਾ ਚਿੰਨ੍ਹ ਸੀ ਕਿ ਉਹ ਇਹ ਜਾਣਨ ਪਿਛੋਂ ਕਿ ਸ. ਲਛਮਣ ਸਿੰਘ ਮੇਰਾ ਹਮਜਮਾਤੀ ਸੀ, ਮੈਨੂੰ ਨਾਲ ਲੈ ਕੇ ਨਵੀਂ ਬਣੀ ਵਜ਼ਾਰਤ ਦੇ ਸਿਰਕੱਢ ਆਗੂਆਂ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਭਾਸ਼ਾ ਵਿਭਾਗ ਪਟਿਆਲਾ ਆਪਣੇ ਪਾਸ ਰੱਖਣ ਦੀ ਪ੍ਰੇਰਨਾ ਨਾਲ ਤੁਰ ਪਏ। ਸੂਹ ਮਿਲਣ ਉਪਰੰਤ ਅਸੀਂ ਸ. ਗਿੱਲ ਨੂੰ ਖੰਨੇਵਾਲੇ ਸਰਦਾਰ ਦੇ ਘਰ ਮਿਲ ਪਏ। ਮੈਨੂੰ ਦੇਖ ਕੇ ਸ. ਗਿੱਲ ਨਿਹਾਲੋ ਨਿਹਾਲ ਹੋਇਆ। ਘੁੱਟ ਕੇ ਜੱਫੀ ਪਾਈ ਤੇ ਕਿਹਾ- ਮੈਨੂੰ ਤੇਰੀ ਭਾਰੀ ਉਡੀਕ ਸੀ। ਰੱਬ ਨੇ ਸੁਣ ਲਈ। ਮੈਂ ਕੱਲ੍ਹ ਨੂੰ ਮਹਿਕਮੇ ਲੈਣ ਲਈ ਤੇਰੀ ਸਲਾਹ ਲੈਣੀ ਚਾਹੁੰਦਾ ਸਾਂ। ਮੈਂ ਮਹਿਕਮਿਆਂ ਦੀ ਲਿਸਟ ਬਣਾਈ ਹੈ। ਕੀ ਇਨ੍ਹਾਂ ਮਹਿਕਮਿਆਂ ਨੂੰ ਲੈਣ ਨਾਲ ਆਪਣੇ ਇਲਾਕੇ ਦੀ ਰੀਝ ਨਾਲ ਸੇਵਾ ਹੋ ਸਕੇਗੀ। ਮੈਂ ਧੀਰਜ ਨਾਲ ਕਿਹਾ ਕਿ ਸਾਰੇ ਪੰਜਾਬ ਦੀ ਵਿਗੜੀ ਸੁਆਰਨ ਲਈ ਦੋ ਹੋਰ ਮਹਿਕਮੇ ਸ਼ਾਮਲ ਹੋਣੇ ਚਾਹੀਦੇ ਹਨ। ਇਕ ਸਿੱਖਿਆ ਵਿਭਾਗ ਤੇ ਦੂਜਾ ਭਾਸ਼ਾ ਵਿਭਾਗ। ਪੰਜਾਬੀ ਸੂਬਾ ਬਣਾਉਣ ਦਾ ਮਨੋਰਥ ਹੀ ਇਹੋ ਮਿਥਿਆ ਗਿਆ ਸੀ ਕਿ ਸਿੱਖਿਆ, ਸਰਕਾਰੀ ਦਫਤਰਾਂ ਤੇ ਕਚਹਿਰੀਆਂ ਦਾ ਮਾਧਿਅਮ ਪੰਜਾਬੀ ਭਾਸ਼ਾ ਬਣੇ, ਪੰਜਾਬੀ ਤੇ ਪੰਜਾਬੀਅਤ ਉਭਰੇ। ਅਸਲ ਮਨੋਰਥ ਤਾਂ ਹੀ ਪੂਰਾ ਹੋਵੇਗਾ ਜੇ ਕੋਈ ਜਿੰਦ ਜਾਨ ਵਾਲਾ ਤੇ ਅਣਖੀਲਾ ਪੰਜਾਬੀ ਪੰਜਾਬੀਅਤ ਦਾ ਝੰਡਾ ਲਹਿਰਾਉਣ ਦਾ ਸਿਦਕ ਨਾਲ ਪ੍ਰਣਧਾਰੀ ਹੋਵੇ। ਤੁਸੀਂ ਪੰਜਾਬ ਵੀ ਗਾਹਿਆ ਹੈ ਤੇ ਦੇਸ ਵੀ, ਇਸ ਲਈ ਇਸ ਦਾ ਨਿਸ਼ਾਨ ਵੀ ਤੁਹਾਡੇ ਹੱਥੋਂ ਝੂਲਣਾ ਚਾਹੀਦਾ ਹੈ।

ਮੇਰੀ ਗੱਲ ਸ. ਲਛਮਣ ਸਿੰਘ ਦੇ ਜ਼ਿਹਨ ਵਿਚ ਬੈਠ ਗਈ। ਉਸ ਨੇ ਉਠ ਕੇ ਮੈਨੂੰ ਗਲਵਕੜੀ ਪਾ ਲਈ ਤੇ ਕਿਹਾ, "ਤੂੰ ਕਿਹਾ, ਮੈਂ ਮੰਨਿਆ। ਇਸ ਮਨੋਰਥ ਦੀ ਪੂਰਤੀ ਲਈ ਪੱਬਾਂ ਭਾਰ ਹੋ ਕੇ ਜੂਝਾਂਗਾ ਤੇ ਅਲੌਕਿਕ ਵਡਿਆਈ ਦੀ ਦਾਤ ਗੁਰਪਰਮੇਸ਼ਰ ਤੋਂ ਮੰਗਾਂਗਾ। ਕੱਲ੍ਹ ਨੂੰ ਮਹਿਕਮਿਆਂ ਦੀ ਵੰਡ ਹੋ ਜਾਣੀ ਹੈ। ਸ਼ਾਮ ਦੇ ਪੰਜ ਵਜੇ ਤੇਰੇ ਘਰ ਪਟਿਆਲੇ ਵਿਖੇ ਟੈਲੀਫੋਨ ਕਰਾਂਗਾ।"

ਉਨ੍ਹਾਂ ਸ. ਨਾਰੰਗ ਨੂੰ ਕਿਹਾ, "ਰਲ ਮਿਲ ਕੇ ਵਿਉਂਤ ਬਣਾਉ, ਉਸ ਨੂੰ ਸਿਰੇ ਚਾੜ੍ਹਨ ਲਈ ਚਮਤਕਾਰੀ ਖੇਡ ਖੇਡਾਂਗੇ।" ਅਸੀਂ ਪੂਰੀ ਤਸੱਲੀ ਨਾਲ ਵਾਪਸ ਪਟਿਆਲੇ ਆਏ। ਅਗਲੇ ਦਿਨ ਚਾਰ ਤੇ ਪੰਜ ਵਜੇ ਟੈਲੀਫੋਨ ਆ ਗਿਆ, "ਮੁਰਾਦ ਪੂਰੀ ਹੋ ਗਈ ਹੈ। ਸਿੱਖਿਆ ਤੇ ਭਾਸ਼ਾ ਦੇ ਮਹਿਕਮੇ ਮੈਂ ਲੜ ਕੇ ਸੰਭਾਲ ਲਏ ਹਨ। ਕੱਲ੍ਹ ਸ਼ਾਮ ਨੂੰ ਸਕੀਮ ਬਣਾ ਕੇ ਪੰਜ ਵਜੇ ਮੇਰੀ ਕੋਠੀ ਵਿਚ ਪਹੁੰਚ ਜਾਓ ਤਾਂ ਜੋ ਇਹ ਅਲੌਕਿਕ ਕਾਰਜ ਸਿਰੇ ਚੜ੍ਹਨ ਦੀ ਵਿਉਂਤ ਬਣਾ ਸਕੀਏ।" ਇਹ ਅਕਾਲੀਆਂ ਤੇ ਜਨ ਸੰਘੀਆਂ ਦੀ ਸਾਂਝੀ ਵਜ਼ਾਰਤ ਸੀ ਜਿਸ ਦੇ ਸ. ਗੁਰਨਾਮ ਸਿੰਘ ਮੁੱਖ ਮੰਤਰੀ ਸਨ।

ਸਿੱਖਿਆ ਮੰਤਰੀ ਨੇ ਵਿੱਤ ਮੰਤਰੀ ਨੂੰ ਮਨਾਉਣ ਦੇ ਕਈ ਯਤਨ ਕੀਤੇ। ਮਿੱਠ ਬੋਲਾ ਵਿੱਤ ਮੰਤਰੀ ਗੱਲ ਨੂੰ ਲਮਕਾਉਂਦਾ ਰਿਹਾ। ਸ. ਲਛਮਣ ਸਿੰਘ ਨੂੰ ਦਿੱਲੀ ਦੀ ਠੇਕੇਦਾਰੀ ਦੇ ਪੇਸ਼ੇ ਨੇ ਦਾਅ ਪੇਚ ਦਾ ਮਾਹਿਰ ਬਣਾ ਦਿੱਤਾ ਸੀ। ਕਾਂਗਰਸ ਮੈਂਬਰ ਸ. ਗੁਰਨਾਮ ਸਿੰਘ ਦੀ ਵਜ਼ਾਰਤ ਨੂੰ ਪਸੰਦ ਨਹੀਂ ਕਰਦੇ ਸਨ। ਸ. ਗਿੱਲ ਨੇ ਅਜਿਹਾ ਦਾਅ ਪੇਚ ਮਾਰਿਆ ਕਿ ਸ. ਗੁਰਨਾਮ ਸਿੰਘ ਦੀ ਵਜ਼ਾਰਤ ਟੁੱਟ ਗਈ ਅਤੇ ਕਾਂਗਰਸ ਦੀ ਮਦਦ ਨਾਲ ਸ. ਲਛਮਣ ਸਿੰਘ ਨੇ ਅਖੌਤੀ ਜਨਤਾ ਪਾਰਟੀ ਕਾਇਮ ਕਰ ਲਈ। ਉਨ੍ਹਾਂ ਪਹਿਲਾ ਕੰਮ ਇਹ ਕੀਤਾ ਕਿ ਪੰਜਾਬ ਭਾਸ਼ਾ ਐਕਟ 1967 ਬਾਰੇ ਪੰਜਾਬ ਅਸੈਂਬਲੀ ਵਿਚ ਸਰਬਸੰਮਤੀ ਨਾਲ ਮਤਾ ਪਾਸ ਕਰਵਾ ਲਿਆ। 1967 ਸਮੇਂ ਪੰਜਾਬੀ ਸੂਬੇ ਦੀ ਆਬਾਦੀ ਸਵਾ ਕਰੋੜ ਸੀ। ਪੰਜਾਬ ਅਸੈਂਬਲੀ ਤੇ ਪੰਜਾਬ ਕੌਂਸਲ ਦੇ ਮੈਂਬਰ 144 ਸਨ। ਸ. ਲਛਮਣ ਸਿੰਘ ਨੇ ਇੰਨੀ ਫੁਰਤੀ ਵਿਖਾਈ ਕਿ 29 ਦਸੰਬਰ 1967 ਨੂੰ ਭਾਸ਼ਾ ਐਕਟ ਸਰਬਸੰਮਤੀ ਨਾਲ ਪ੍ਰਵਾਨ ਹੋ ਗਿਆ। ਕਾਂਗਰਸੀ ਮੈਂਬਰ ਦਿੱਲੀ ਸਰਕਾਰ ਦੇ ਮਸ਼ਵਰੇ ਮੁਤਾਬਕ ਇਕਸੁਰ ਹੋ ਕੇ ਸ. ਲਛਮਣ ਸਿੰਘ ਨਾਲ ਖੜੋਤੇ ਰਹੇ। ਜਨ ਸੰਘੀ ਮੈਂਬਰ ਸ. ਗੁਰਨਾਮ ਸਿੰਘ (ਸਾਬਕਾ ਮੁੱਖ ਮੰਤਰੀ) ਦੇ ਮਸ਼ਵਰੇ ਮੁਤਾਬਕ ਭਾਸ਼ਾ ਐਕਟ ਦੇ ਹਮਾਇਤੀ ਬਣ ਰਹੇ।

ਪੰਜਾਬ ਭਾਸ਼ਾ ਐਕਟ ਪਾਸ ਹੋਣ ਪਿਛੋਂ ਜਸ਼ਨ ਮਨਾਉਣੇ ਅਰੰਭ ਹੋਏ। ਪਹਿਲੀ ਜਨਵਰੀ ਨੂੰ ਸਮੂਹ ਜ਼ਿਲ੍ਹਾ ਕੇਂਦਰਾਂ ਵਿਚ ਪੰਜਾਬੀ ਚਾਲੂ ਹੋਈ। ਭਾਸ਼ਾ ਐਕਟ ਤਹਿਤ 9 ਫਰਵਰੀ 1968 ਨੂੰ ਨੋਟੀਫਿਕੇਸ਼ਨ ਜਾਰੀ ਹੋਇਆ ਕਿ 13 ਅਪਰੈਲ 1968 ਤੋਂ ਕਮਿਸ਼ਨਰਾਂ ਤੇ ਪੰਜਾਬ ਸਕੱਤਰੇਤ ਦੇ ਦਫਤਰਾਂ ਵਿਚ ਪੰਜਾਬੀ ਮੁਕੰਮਲ ਤੌਰ 'ਤੇ ਲਾਗੂ ਹੋ ਗਈ। ਮੁਲਾਜ਼ਮਾਂ ਨੂੰ ਤਾੜਨਾ ਹੋਈ ਕਿ ਜਿਹੜਾ ਸਕੱਤਰ ਤੇ ਕਮਿਸ਼ਨਰ ਪੰਜਾਬੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਦੀ ਵਰਤੋਂ ਫਾਈਲ ਉਤੇ ਕਰੇਗਾ, ਉਹ ਪੰਜਾਬ ਸਰਕਾਰ ਦਾ ਦੇਣਦਾਰ ਸਮਝਿਆ ਜਾਵੇਗਾ। ਸਰਕਾਰ ਦਾ ਦਬਕਾ ਇਤਨਾ ਦ੍ਰਿੜ੍ਹ ਸੀ ਕਿ 1968 ਦੀ ਵਿਸਾਖੀ ਪਿਛੋਂ ਨਿਰੋਲ ਪੰਜਾਬੀ ਸਮੂਹ ਫਾਈਲਾਂ ਦਾ ਸ਼ਿੰਗਾਰ ਬਣ ਗਈ। ਅਸਲ ਵਿਚ ਪੰਜਾਬੀ ਭਾਸ਼ਾ ਸਭ ਬੋਲਦੇ ਤੇ ਲਿਖਦੇ ਸਨ, ਪਰ ਅੰਦਰੋ ਅੰਦਰੀ ਕਈ ਰਿੜ੍ਹਦੀ ਗੱਡੀ ਨੂੰ ਅਟਕਾਉਣ ਦੇ ਦਾਅ ਪੇਚ ਮਾਰਦੇ ਸਨ। ਐਕਟ ਬਣਨ ਨਾਲ ਦਾਅ ਪੇਚ ਮੁੱਕ ਗਏ ਤੇ ਪੰਜਾਬੀਆਂ ਦੀ ਮਾਂ ਬੋਲੀ ਨੂੰ ਉਸ ਦੇ ਸਮੂਹ ਪੁੱਤਰਾਂ ਨੇ ਸਵੀਕਾਰ ਕੀਤਾ। ਰਾਜ ਭਾਗ ਦਾ ਇਕ ਤਪ ਤੇਜ਼ ਹੁੰਦਾ ਹੈ। ਅਜਿਹਾ ਤਪ ਤੇਜ਼ ਸ. ਲਛਮਣ ਸਿੰਘ ਨੇ ਪੂਰੀ ਤਰ੍ਹਾਂ ਭਖਾ ਦਿੱਤਾ ਤੇ ਰਾਮ ਕਥਾ ਖੁਸ਼ੀਆਂ ਤੇ ਚਾਉ ਨਾਲ ਸਮਾਪਤ ਹੋਈ। ਗਿੱਲ ਸੁੱਕ ਰਲ ਮਿਲ ਗਈ ਤੇ ਪੰਜਾਬ ਵਿਚ ਪੰਜਾਬੀਅਤ ਦਾ ਸਿੱਕਾ ਚਲ ਪਿਆ। "ਵਾਹ ਨੀ ਵਡਿਆਈ! ਜਿਸ ਨੂੰ ਮਿਲੇ ਦੇਵੇ ਤਿਸੇ ਹੀ ਪਾਈ।"

ਕਿੰਨਾ ਸੁਭਾਗਾ ਸੀ ਇਹ ਵਿਸਾਖੀ ਦਿਹਾੜਾ ਜਦੋਂ ਪੰਜਾਬ ਦੇ ਵਜ਼ੀਰਾਂ, ਸਕੱਤਰਾਂ, ਵਿਭਾਗੀ ਮੁਖੀਆਂ ਤੇ ਸਮੂਹ ਸਰਕਾਰੀ, ਅਧ-ਸਰਕਾਰੀ ਕਰਮਚਾਰੀਆਂ ਨੇ ਆਪਣੀ ਸਰਕਾਰੀ ਲਿਖਤ-ਨਵਿਸਤ ਪੰਜਾਬੀ ਵਿਚ ਕਰਨੀ ਅਰੰਭ ਕੀਤੀ। ਪੰਜਾਬੀ ਨੂੰ ਪੰਜਾਬ ਵਿਚ ਭਾਗ ਲੱਗੇ ਅਤੇ ਭਾਰਤ ਸਰਕਾਰ ਦੀ ਸਮੂਹ ਲਿਖਤ ਪੜ੍ਹਤ ਹਿੰਦੀ ਵਿਚ ਅਰੰਭ ਹੋਈ। ਅੰਗ੍ਰੇਜ਼ੀ ਟਾਈਪ ਰਾਈਟਰ ਸੰਭਾਲ ਦਿੱਤੇ ਗਏ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਪੰਜਾਬੀ ਟਾਈਪ ਰਾਈਟਰਾਂ ਤੇ ਹਿੰਦੀ ਟਾਈਪ ਰਾਈਟਰਾਂ ਉਤੇ ਸਮੂਹ ਟਾਈਪਿਸਟਾਂ ਤੇ ਸਟੈਨੋਗ੍ਰਾਫਰਾਂ ਦੀਆਂ ਉਂਗਲੀਆਂ ਚਲਣ ਲਗ ਪਈਆਂ। ਬੜੀ ਦਲੇਰੀ ਵਾਲਾ ਕਦਮ ਸੀ ਜੋ ਸ. ਲਛਮਣ ਸਿੰਘ ਦੀ ਵਜ਼ਾਰਤ ਨੇ ਦ੍ਰਿੜ੍ਹਤਾ ਨਾਲ ਚੁੱਕਿਆ ਅਤੇ ਇਹ ਵਜ਼ਾਰਤ ਪੰਜਾਬ ਦੇ ਇਤਿਹਾਸ ਵਿਚ ਸਦਾ ਯਾਦ ਰਹੇਗੀ। ਮੁੱਖ ਮੰਤਰੀ ਦੇ ਪੰਜਾਬ ਭਰ ਵਿਚ ਇੰਨੇ ਜਲਸੇ ਤੇ ਜਲੂਸ ਨਿਕਲੇ ਕਿ ਲਛਮਣ ਸਿੰਘ, ਲਛਮਣ ਸਿੰਘ ਹੋ ਉਠੀ। ਹੇ ਵਡਿਆਈ: ਤੂੰ ਕਈ ਵੇਰ ਸਿਰ ਨੂੰ ਚੜ੍ਹ ਜਾਂਦੀ ਹੈ ਤੇ ਪਟਕਾ ਮਾਰਦੀ ਹੈ। ਸ. ਲਛਮਣ ਸਿੰਘ ਦੀ ਝੰਡਾ ਝੁਲਾਉਂਦੀ ਫੋਟੋ ਲਾਸਾਨੀ ਹੈ, ਪਰ ਅਗਸਤ 1968 ਪਿਛੋਂ ਲਿਸ਼ਕਾਰੇ ਮਾਰਦਾ ਸੂਰਜ ਗਰੂਬ ਹੋਣ ਲੱਗ ਪਿਆ।

"ਕਿਆ ਜਾਨੀਐ ਕਿਆ ਹੋਇ" ਦੇ ਬੋਲਾਂ ਅਨੁਸਾਰ ਲਿਸ਼ਕਾਂ ਮਾਰਦਾ ਸੂਰਜ ਗਰੂਬ ਹੋਣ ਵੱਲ ਤੁਰ ਪਿਆ। ਮੇਰਾ ਨਿਸ਼ਚਾ ਹੈ ਕਿ ਜਿਵੇਂ ਸ਼ੇਰ ਸ਼ਾਹ ਸੂਰੀ 'ਤੇ ਵਡਿਆਈ ਹੁਮ ਹੁਮਾ ਕੇ ਘੁੰਮੀ, ਇਵੇਂ ਉਸ ਦੀ ਸ਼ੁਹਰਤ ਮੁਗਲਾਂ ਨੇ ਮੇਟ ਦਿੱਤੀ। ਇਵੇਂ ਸ. ਲਛਮਣ ਸਿੰਘ ਛੇਤੀ ਹੀ ਖਾਮੋਸ਼ੀ ਇਖਤਿਆਰ ਕਰ ਗਿਆ। ਜਿਵੇਂ ਸ਼ੇਰ ਸ਼ਾਹ ਦੀ ਜਰਨੈਲੀ ਸੜਕ ਉਤੇ ਉਸਾਰੇ ਹੋਏ ਸਤੰਬ ਅਜੇ ਤੱਕ ਝਾਕਾ ਵਿਖਾਉਂਦੇ ਹਨ, ਇਵੇਂ ਸ. ਲਛਮਣ ਸਿੰਘ ਦੀ ਵਡਿਆਈ ਦੀਆਂ ਕਿਰਨਾਂ ਹਮੇਸ਼ਾ ਮੂੰਹ ਵਿਖਾਲਾ ਕਰਦੀਆਂ ਰਹਿਣਗੀਆਂ। ਆਖਿਰ ਇਤਿਹਾਸ ਇਤਿਹਾਸ ਹੀ ਹੁੰਦਾ ਹੈ। ਕੋਈ ਲੱਖ ਇਤਿਹਾਸ ਦੇ ਵਰਕੇ ਪਾੜੇ ਤੇ ਵਿਗਾੜੇ, ਪਰ ਆਭਾ ਦੇ ਲਿਸ਼ਕਾਰੇ ਵੱਜਦੇ ਹੀ ਰਹਿਣਗੇ। ਪੰਜਾਬੀ ਯੂਨੀਵਰਸਿਟੀ ਦਾ ਪੰਜਾਬੀ ਭਵਨ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਆਫਿਸ ਦੇ ਸਨਮੁਖ ਹੈ। ਕੀ ਫਰਕ ਪੈਂਦਾ ਹੈ ਜੇ ਉਸ ਉਤੇ ਲਛਮਣ ਸਿੰਘ ਗਿੱਲ ਦਾ ਨਾਮ ਅੰਕਿਤ ਹੁੰਦਾ। ਇਸੇ ਤਰ੍ਹਾਂ ਗੁਰਮਤਿ ਕਾਲਜ ਡੇਰਾ ਬਾਬਾ ਜੱਸਾ ਸਿੰਘ ਵਿਚ ਜੇ ਲੱਛਮਣ ਸਿੰਘ ਦਾ ਨਾਮ ਉਜਾਗਰ ਰੂਪ ਵਿਚ ਨਹੀਂ ਡੁਲ੍ਹਕਦਾ ਤਾਂ ਬੁਨਿਆਦ ਰੱਖਣ ਵਾਲੇ ਨੂੰ ਕਦਾਚਿਤ ਭੁਲਾਇਆ ਨਹੀਂ ਜਾ ਸਕੇਗਾ। ਲਛਮਣ ਸਿੰਘ ਤਲੀਆਂ ਖੇਡਣ ਵਾਲੇ ਬਲਵਾਨ ਵਾਂਗ ਤਿਲ੍ਹਕ ਗਿਆ ਤਾਂ ਵੀ ਉਸ ਦੀ ਆਭਾ ਖੋਜਕਾਰਾਂ ਦੀ ਖੋਜ ਤੋਂ ਛੁਪੀ ਨਹੀਂ ਰਹੇਗੀ। ਪੰਜਾਬੀ ਤੇ ਗੁਰਮਤਿ ਉਸ ਦੇ ਦਿਲ ਦੀਆਂ ਦੋ ਰੀਝਾਂ ਸਨ, ਇਨ੍ਹਾਂ ਦਾ ਲਿਸ਼ਕਾਰਾ ਸਦਾ ਪੈਂਦਾ ਹੀ ਰਹੇਗਾ।

## ਸਤਿੰਦਰ ਸਰਤਾਜ ਦੇ ਗੀਤ 'ਮੈਂ ਤੇ ਮੇਰੀ ਜਾਨ' ਦੀ ਵੀਡੀਓ ਰਿਲੀਜ਼

**ਲੰਡਨ (ਬਿਊਰੋ):** ਪੰਜਾਬੀ ਸੂਫੀ ਗਾਇਕ ਸਤਿੰਦਰ ਸਰਤਾਜ ਦੇ ਸੋਲੋ ਗੀਤ 'ਮੈਂ ਤੇ ਮੇਰੀ ਜਾਨ' ਦਾ ਵੀਡੀਓ ਰਿਲੀਜ਼ ਹੋ ਗਿਆ ਹੈ। ਇਹ ਗੀਤ ਉਸ ਦੀ ਛੇਤੀ ਹੀ ਆ ਰਹੀ ਐਲਬਮ 'ਸੀਜਨਜ਼ ਆਫ ਸਰਤਾਜ' (ਮੁਹੱਬਤ ਦੇ ਮੌਸਮ)



ਦਾ ਹਿੱਸਾ ਹੈ। ਜਤਿੰਦਰ ਸ਼ਾਹ ਦੇ ਸੰਗੀਤ ਨਾਲ ਤਿਆਰ ਕੀਤੀ ਗਈ 7 ਗੀਤਾਂ ਦੀ ਸੰਗੀਤਕ ਵੀਡੀਓ ਕੁਝ ਹਫਤਿਆਂ ਵਿਚ ਸਰੋਤਿਆਂ ਦੇ ਰੂਬਰੂ ਹੋਵੇਗੀ। ਇਸ ਵਿਚ ਪਿਆਰ ਦੇ ਪਲਾਂ ਨੂੰ ਰੂਪਮਾਨ ਕਰਦੇ ਗੀਤ ਹਨ। 'ਮੈਂ ਤੇ ਮੇਰੀ ਜਾਨ' ਬੀਟ ਵਾਲਾ ਪਿਆਰ ਗੀਤ ਹੈ। ਚੇਤੇ ਰਹੇ, ਸਤਿੰਦਰ ਸਰਤਾਜ ਨੇ ਬਹੁ ਚਰਚਿਤ ਹਾਲੀਵੁੱਡ ਫਿਲਮ 'ਦ ਬਲੈਕ ਪ੍ਰਿੰਸ' 'ਚ ਆਖਰੀ ਸਿੱਖ ਮਹਾਰਾਜਾ ਦਲੀਪ ਸਿੰਘ ਦਾ ਕਿਰਦਾਰ ਨਿਭਾਇਆ ਸੀ।

## ਪਹਿਲੇ ਸਿੱਖ ਮੇਅਰ ਰਵਿੰਦਰ ਭੱਲਾ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ

**ਨਿਊ ਜਰਸੀ:** ਨਿਊ ਜਰਸੀ ਦੀ ਹੋਬੋਕਨ ਸਿਟੀ ਦੇ ਪਹਿਲੇ ਸਿੱਖ ਮੇਅਰ ਰਵਿੰਦਰ ਭੱਲਾ ਨੂੰ ਪਰਿਵਾਰ ਸਮੇਤ ਜਾਨੋਂ ਮਾਰਨ ਦੀਆਂ ਧਮਕੀਆਂ ਮਿਲੀਆਂ ਹਨ। ਸਿਟੀ ਹਾਲ ਦੀ ਸੁਰੱਖਿਆ ਖਤਰੇ ਵਿਚ ਪੈਣ ਦੀ ਘਟਨਾ ਵਾਪਰਨ ਪਿਛੋਂ ਇਕ ਬਿਆਨ ਵਿਚ ਸ. ਭੱਲਾ ਨੇ ਕਿਹਾ ਕਿ ਸ਼ਹਿਰ ਦਾ ਪ੍ਰਸ਼ਾਸਨ ਸਿਟੀ ਹਾਲ ਦੀ ਸੁਰੱਖਿਆ ਵਿਚ ਸੁਧਾਰ ਲਿਆਉਣ ਲਈ ਐਫ.ਬੀ.ਆਈ. ਦੀ ਜੁਆਇੰਟ ਟੈਰਰਿਜ਼ਮ ਟਾਸਕ ਫੋਰਸ ਨਾਲ ਮਿਲ ਕੇ ਕੰਮ ਕਰ ਰਿਹਾ ਹੈ।

ਸ੍ਰੀ ਭੱਲਾ ਨੇ ਧਮਕੀਆਂ ਦੇ ਵੇਰਵੇ ਤਾਂ ਨਾ ਦਿੱਤੇ ਪਰ ਇੰਨਾ ਕਿਹਾ ਕਿ ਇਹ ਘਟਨਾ ਤੇ ਇਸ ਦੇ ਨਾਲ ਹੀ ਮੈਨੂੰ ਤੇ ਮੇਰੇ ਪਰਿਵਾਰ ਨੂੰ ਮਾਰਨ ਦੀਆਂ ਧਮਕੀਆਂ ਇਹ ਚੇਤਾ ਕਰਾਉਂਦੀਆਂ ਹਨ ਕਿ ਸਾਨੂੰ ਸੁਰੱਖਿਆ ਨੂੰ ਗੰਭੀਰਤਾ ਨਾਲ ਲੈਣਾ ਪਵੇਗਾ। ਜੁਆਇੰਟ ਟੈਰਰਿਜ਼ਮ ਟਾਸਕ ਫੋਰਸ ਨੇ ਸਿਟੀ ਹਾਲ ਦੀ ਸੁਰੱਖਿਆ ਦਾ ਜਾਇਜ਼ਾ ਲਿਆ ਅਤੇ ਅਸੀਂ ਭਵਨ ਵਿਚਲੇ ਸਾਰੇ ਮੁਲਾਜ਼ਮਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਸਾਰੇ ਭੌਤਿਕ ਤੇ ਹੋਰਨਾਂ ਤਬਦੀਲੀਆਂ ਦੀਆਂ ਸਿਫਾਰਸ਼ਾਂ ਉਤੇ ਕੰਮ ਕਰ ਰਹੇ ਹਾਂ। ਘਟਨਾ ਸਮੇਂ ਸ੍ਰੀ ਭੱਲਾ ਦਫਤਰ ਵਿਚ ਮੌਜੂਦ ਨਹੀਂ ਸਨ।

ਉਨ੍ਹਾਂ ਦੇ ਡਿਪਟੀ ਚੀਫ ਆਫ ਸਟਾਫ ਜੇਸਨ ਫ੍ਰੀਮੈਨ ਦਾ ਖਿਆਲ ਹੈ ਕਿ ਇਕ ਆਦਮੀ ਨੇ ਕੋਈ ਸ਼ੈਅ ਵਾਲਾ ਲਿਫਾਫਾ ਪ੍ਰਸ਼ਾਸਕੀ ਸਹਾਇਕ



ਵੱਲ ਸੁੱਟ ਦਿੱਤਾ ਸੀ। ਹੋਬੋਕਨ ਦੇ ਪੁਲਿਸ ਮੁਖੀ ਕੈਨੇਥ ਫੈਰਾਂਟੇ ਨੇ ਕਿਹਾ ਕਿ ਵਿਭਾਗ ਨੇ ਇਹ ਮਾਮਲਾ ਬਹੁਤ ਗੰਭੀਰਤਾ ਨਾਲ ਲਿਆ ਹੈ। ਸਖਤ ਚੁਣਾਵੀ ਮੁਕਾਬਲੇ ਤੋਂ ਬਾਅਦ ਸ੍ਰੀ ਭੱਲਾ ਨਿਊ ਜਰਸੀ ਦੇ ਪਹਿਲੇ ਸਿੱਖ ਮੇਅਰ ਬਣੇ ਸਨ ਤੇ ਚੋਣ ਮੁਹਿੰਮ ਦੌਰਾਨ ਵੀ ਉਨ੍ਹਾਂ ਖਿਲਾਫ ਨਸਲਪ੍ਰਸਤ ਟਿੱਪਣੀਆਂ ਕੀਤੀਆਂ ਗਈਆਂ ਸਨ।

## ਪਾਕਿਸਤਾਨ ਤੋਂ ਲਿਆਂਦੇ ਸੌ ਪੁਰਾਤਨ ਸਿੱਕੇ ਬਰਾਮਦ

**ਅੰਮ੍ਰਿਤਸਰ:** ਕਸਟਮ ਵਿਭਾਗ ਨੇ ਪਾਕਿਸਤਾਨ ਤੋਂ ਸਮਝੌਤਾ ਐਕਸਪ੍ਰੈਸ ਰੇਲ ਗੱਡੀ ਰਸਤੇ ਭਾਰਤ ਪੁੱਜੇ ਇਕ ਵਿਅਕਤੀ ਕੋਲੋਂ 100 ਪੁਰਾਤਨ ਸਿੱਕੇ ਬਰਾਮਦ ਕੀਤੇ ਹਨ। ਇਹ ਵਿਅਕਤੀ ਇਨ੍ਹਾਂ ਸਿੱਕਿਆਂ ਸਬੰਧੀ ਲੋੜੀਂਦੇ ਦਸਤਾਵੇਜ਼ ਪੇਸ਼ ਨਹੀਂ ਕਰ ਸਕਿਆ। ਕਸਟਮ ਵਿਭਾਗ ਨੇ ਦੱਸਿਆ ਕਿ ਇਹ ਵਿਅਕਤੀ ਸਮਝੌਤਾ ਐਕਸਪ੍ਰੈਸ ਰਾਹੀਂ ਅਟਾਰੀ ਰੇਲਵੇ ਸਟੇਸ਼ਨ ਪੁੱਜਾ ਸੀ ਜਦੋਂ ਉਸ ਦੇ ਸਮਾਨ ਦੀ ਜਾਂਚ ਕੀਤੀ ਗਈ ਤਾਂ ਉਸ ਵਿਚੋਂ ਇਹ ਪੁਰਾਤਨ 100 ਸਿੱਕੇ ਬਰਾਮਦ ਕੀਤੇ।



ਇਹ ਸਿੱਕੇ ਪੁਰਾਤਨ ਕਾਲ ਨਾਲ ਸਬੰਧਤ ਲੱਗ ਰਹੇ ਹਨ ਅਤੇ ਇਨ੍ਹਾਂ ਨੂੰ ਜਾਂਚ ਵਾਸਤੇ ਭਾਰਤੀ ਪੁਰਾਤਤਵ ਵਿਭਾਗ ਕੋਲ ਭੇਜਿਆ ਜਾਵੇਗਾ। ਇਸ ਮਾਮਲੇ ਵਿਚ ਕਸਟਮ ਵਿਭਾਗ ਵੱਲੋਂ ਕਸਟਮ ਐਕਟ 1962 ਹੇਠ ਕਾਰਵਾਈ ਕੀਤੀ ਗਈ ਹੈ। ਇਸ ਤੋਂ ਪਹਿਲਾਂ ਵੀ ਪਾਕਿਸਤਾਨ ਤੋਂ ਆਏ ਇਕ ਵਿਅਕਤੀ ਕੋਲੋਂ ਇਸੇ ਤਰ੍ਹਾਂ ਦੇ ਪੁਰਾਤਨ ਸਿੱਕੇ ਬਰਾਮਦ ਹੋਏ ਸਨ, ਜੋ ਪੁਰਾਤਨ ਸਮੇਂ ਦੇ ਵੱਖ-ਵੱਖ ਰਾਜਿਆਂ ਨਾਲ ਸਬੰਧਤ ਸਨ।

Bhaura Transport LLC
*Noblesville, IN*

ਡਰਾਈਵਰਾਂ ਦੀ ਲੋੜ ਹੈ



*ਵੈਲਿਡ ਸੀ ਡੀ ਐਲ ਏ ਲਾਈਸੈਂਸ
*ਘੱਟੋ ਘੱਟ 6 ਮਹੀਨੇ ਦਾ ਤਜਰਬਾ
*ਖਾਲੀ ਅਤੇ ਲੋਡ ਸਮੇਤ ਮੀਲ .50 ਸੈਂਟ
*ਸਾਈਨ ਔਨ ਬੋਨਸ
*ਹਰ ਵੀਕਐਂਡ 'ਤੇ ਪੱਕਾ ਘਰ
*ਡਾਇਰੈਕਟ ਡਿਪਾਜ਼ਿਟ ਵੀ ਹੋ ਸਕਦਾ ਹੈ
*ਹਫਤਾਵਾਰ ਮੀਲ 2800 ਤੋਂ 3500
*ਇੰਡੀਆਨਾ, ਨਿਊ ਜਰਸੀ, ਨਿਊ ਯਾਰਕ ਅਤੇ ਪੈਨਸਿਲਵੇਨੀਆ ਦੇ ਪੱਕੇ ਲੋਡ
*ਪ੍ਰੀ-ਪਾਸ, ਈ ਜ਼ੀ ਪਾਸ ਅਤੇ ਫਿਊਲ ਕਾਰਡ ਦਿੱਤਾ ਜਾਵੇਗਾ


ਹੋਰ ਜਾਣਕਾਰੀ ਲਈ ਸੰਪਰਕ ਕਰੋ
ਅਵਤਾਰ ਸਿੰਘ, ਫੋਨ: 317-403-0493
6/3

## ਨਾਨਕਸ਼ਾਹੀ ਕੈਲੰਡਰ ਅਨੁਸਾਰ ਬੰਦੀ ਛੋੜ ਦਿਵਸ ਮਨਾਇਆ

**ਸ਼ਿਕਾਗੋ (ਬਿਊਰੋ):** ਸਿੱਖ ਰਿਲੀਜੀਅਸ ਸੁਸਾਇਟੀ (ਗੁਰਦੁਆਰਾ ਪੈਲਾਟਾਈਨ) ਵਿਖੇ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਬੰਦੀਛੋੜ ਦਿਵਸ ਲੰਘੇ ਐਤਵਾਰ ਮਨਾਇਆ ਗਿਆ। ਇਸ ਮੌਕੇ ਖਾਸ ਦੀਵਾਨ ਸਜਾਏ ਗਏ ਜਿਨ੍ਹਾਂ ਵਿਚ ਭਾਈ ਗੁਰਦਰਸ਼ਨ ਸਿੰਘ ਅਤੇ ਜਲੰਧਰ ਵਾਲਿਆਂ ਦੇ ਕੀਰਤਨੀ ਜਥੇ ਨੇ ਸ਼ਬਦ ਕੀਰਤਨ ਕੀਤਾ। ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ ਨੇ ਕਥਾ ਵਿਆਖਿਆ ਕਰਦਿਆਂ ਬੰਦੀ ਛੋੜ ਦਿਵਸ ਦੇ ਇਤਿਹਾਸ 'ਤੇ ਚਾਨਣਾ ਪਾਇਆ।

ਜ਼ਿਕਰਯੋਗ ਹੈ ਕਿ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਇਹ ਦਿਵਸ 12 ਫਰਵਰੀ ਨੂੰ





ਹੁੰਦਾ ਹੈ। ਇਸ ਦਿਨ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਜਨਮ ਦਿਹਾੜਾ ਵੀ ਮਨਾਇਆ ਗਿਆ ਅਤੇ ਉਨ੍ਹਾਂ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ ਗਈ।

ਗੁਰੂ ਘਰ ਦੇ ਧਾਰਮਕ ਸਕੱਤਰ ਸ. ਹਰਜੀਤ ਸਿੰਘ ਗਿੱਲ ਨੇ ਸੰਗਤਾਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਹ ਫੈਸਲਾ ਲਿਆ ਗਿਆ ਹੈ ਕਿ ਸਾਰੇ ਤਿਓਹਾਰ ਤੇ ਗੁਰਪੁਰਬ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਹੀ ਮਨਾਏ ਜਾਣਗੇ।

## 'ਤੇਰੇ ਭਾਣੇ ਸਰਬੱਤ ਦਾ ਭਲਾ' ਥੀਮ ਤਹਿਤ ਮਨਾਏ ਜਾਣਗੇ ਪ੍ਰਕਾਸ਼ ਪੁਰਬ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ ਵੱਡੇ ਪੱਧਰ ਉਤੇ ਮਨਾਇਆ ਜਾਵੇਗਾ ਜਿਸ ਦਾ ਕੇਂਦਰੀ ਥੀਮ 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ' ਹੋਵੇਗਾ। ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਗੁਰੂ ਸਾਹਿਬ ਨੇ ਚੜ੍ਹਦੀ ਕਲਾ ਵਿਚ ਰਹਿਣ ਤੇ ਸਰਬੱਤ ਦਾ ਭਲਾ ਮੰਗਣ ਦਾ ਸੰਦੇਸ਼ ਦਿੱਤਾ ਹੈ ਅਤੇ ਸੂਬਾ ਸਰਕਾਰ ਸਮਾਗਮਾਂ ਰਾਹੀਂ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਦੁਨੀਆਂ ਦੇ ਕੋਨੇ-ਕੋਨੇ ਤੱਕ ਪਹੁੰਚਾਏਗੀ। ਇਸ ਲਈ ਵੱਖ-ਵੱਖ ਕਮੇਟੀਆਂ ਦਾ ਗਠਨ ਕਰਨ ਦਾ ਫੈਸਲਾ ਕੀਤਾ ਗਿਆ। ਇਹ ਕਮੇਟੀਆਂ ਦਾ ਮੰਤਵ ਕਾਲੀ ਵੇਈਂ ਦੀ ਸਫਾਈ ਤੇ ਸਵੱਛ ਸੁਲਤਾਨਪੁਰ ਲੋਧੀ ਮੁਹਿੰਮ ਚਲਾਉਣਾ, ਗੁਰੂ ਨਾਨਕ ਦੇਵ ਬਾਰੇ ਵੱਖ-ਵੱਖ ਯੂਨੀਵਰਸਿਟੀ-ਕਾਲਜਾਂ ਵਿਚ ਸੈਮੀਨਾਰ, ਸਾਹਿਤਕ ਮੁਕਾਬਲੇ, ਗੁਰਬਾਣੀ ਉਚਾਰਨ ਤੇ ਸ਼ਬਦ ਗਾਇਨ ਮੁਕਾਬਲੇ, ਪੇਂਟਿੰਗ ਅਤੇ ਫੋਟੋ ਨੁਮਾਇਸ਼ਾਂ ਲਾਉਣੀਆਂ, ਯੂਨੀਵਰਸਿਟੀਆਂ ਅਤੇ ਪੰਜਾਬ ਤੋਂ ਬਾਹਰ ਕਿਸੇ ਦੋ ਥਾਂ ਗੁਰੂ ਨਾਨਕ ਦੇਵ ਜੀ ਚੇਅਰ ਸਥਾਪਤ ਕਰਨਾ, 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਤ ਸੂਬੇ ਵਿਚ ਸ਼ਾਨਦਾਰ ਮਿਸਾਲੀ ਯਾਦਗਾਰ ਸਥਾਪਤ ਕਰਨਾ ਹੈ। ਕਮੇਟੀਆਂ 'ਚ ਕਾਰਪੋਰੇਟ ਘਰਾਣੇ ਵੀ ਸ਼ਾਮਲ ਕੀਤੇ ਜਾਣਗੇ।

ਸ਼ਤਾਬਦੀ ਸਮਾਗਮਾਂ ਵਿਚ ਸ਼੍ਰੋਮਣੀ ਕਮੇਟੀ, ਸੰਤ ਸਮਾਜ, ਧਾਰਮਿਕ ਸ਼ਖਸੀਅਤਾਂ ਤੇ ਸੰਸਥਾਵਾਂ ਅਤੇ ਸਭ ਪਾਰਟੀਆਂ ਦੇ ਨੁਮਾਇੰਦੇ ਸ਼ਾਮਲ ਕੀਤੇ ਜਾਣਗੇ ਅਤੇ ਕਮੇਟੀਆਂ ਵਿਚ ਸਾਰੀਆਂ ਪਾਰਟੀਆਂ ਦੇ ਸੰਸਦ ਮੈਂਬਰ ਤੇ ਵਿਧਾਇਕ ਵੀ ਸ਼ਾਮਲ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਨ੍ਹਾਂ ਸਮਾਗਮਾਂ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਇਕ ਵੱਕਾਰੀ ਈਵੈਂਟ ਮੈਨੇਜਮੈਂਟ ਕੰਪਨੀਆਂ ਦੀਆਂ ਸੇਵਾਵਾਂ ਲਈਆਂ ਜਾਣਗੀਆਂ ਤੇ ਇਨ੍ਹਾਂ ਸਮਾਗਮਾਂ ਨਾਲ ਪੰਜਾਬ ਤੋਂ ਬਾਹਰ ਦੇਸ਼ ਅਤੇ ਵਿਦੇਸ਼ਾਂ ਦੀ ਸੰਗਤ ਨੂੰ ਜੋੜਨ ਲਈ 'ਇੰਟਰਨੈਸ਼ਨਲ ਆਊਟਰੀਚ ਕਮੇਟੀ' ਬਣਾਈ ਜਾਵੇਗੀ।

Michigan Truck Driving School
6405 Middlebelt Road, Romulus, MI 48174

ਸਭ ਸਹੂਲਤਾਂ ਨਾਲ ਲੈਸ ਨਵਾਂ ਟਰੱਕ ਡਰਾਈਵਿੰਗ ਸਕੂਲ




*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai Cell:734-644-1010 Office:734-747-4298

Friends Of Punjab Foundation




ਤੁਹਾਡੇ ਬਚਪਨ ਦੀਆਂ ਯਾਦਾਂ ਸਾਂਭੀ ਬੈਠੇ ਪਿੰਡ ਦੇ ਗਰੀਬ ਲੋਕ ਮਦਦ ਲਈ ਤੁਹਾਡੇ ਵੱਲ ਝਾਕ ਰਹੇ ਹਨ

ਮੇਰਾ ਪਿੰਡ

ਸਾਡੇ ਪਿੰਡਾਂ (ਮੇਰਾ ਪਿੰਡ) ਦੇ ਜ਼ਿੰਦਗੀ ਨਾਲ ਜੂਝ ਰਹੇ ਗਰੀਬ ਪਰਿਵਾਰਾਂ ਲਈ ਤੁਹਾਡੀ ਮਦਦ ਕੀ ਕਰ ਸਕਦੀ ਹੈ?

*ਹੁਸ਼ਿਆਰ ਬੱਚਿਆਂ ਲਈ ਉਚੇਰੀ ਸਿੱਖਿਆ
*ਵਿਧਵਾ ਔਰਤਾਂ, ਜਿਨ੍ਹਾਂ ਨੂੰ ਦਿਹਾੜੀ ਕਰਨ ਅਤੇ ਛੋਟੇ ਛੋਟੇ ਬਾਲਾਂ ਦੀ ਸੰਭਾਲ ਵਿਚੋਂ ਇਕ ਨੂੰ ਚੁਣਨਾ ਪੈਂਦਾ ਹੈ, ਲਈ ਮਾਲੀ ਮਦਦ
*ਤਰਸ ਦਾ ਪਾਤਰ ਬਣੇ ਸਰੀਰਕ ਅਤੇ ਮਾਨਸਿਕ ਤੌਰ 'ਤੇ ਨਕਾਰਾ ਲੋਕਾਂ ਲਈ ਮਦਦ
*ਮਾੜੀ ਸਿਹਤ ਤੇ ਪੈਸੇ ਦੀ ਤੰਗੀ ਨਾਲ ਜੂਝ ਰਹੇ ਸੰਤਾਨਹੀਣ ਬਜ਼ੁਰਗਾਂ ਲਈ ਆਸਰਾ
*ਉਨ੍ਹਾਂ ਛੋਟੇ ਕਿਸਾਨਾਂ ਲਈ ਮਦਦ, ਜੋ ਆਪਣੀਆਂ ਰੋਜ਼ ਦੀਆਂ ਲੋੜਾਂ ਪੂਰੀਆਂ ਕਰਨ ਅਤੇ ਜ਼ਿੰਦਗੀ ਨੂੰ ਅੱਗੇ ਤੋਰਨ ਦੇ ਅਸਮਰਥ ਹਨ।

ਕੁਝ ਪਿੰਡਾਂ ਦੇ ਕਈ ਅਜਿਹੇ ਪਰਿਵਾਰ ਖੁਸ਼ਕਿਸਮਤ ਹਨ ਕਿ ਉਨ੍ਹਾਂ ਨੂੰ ਆਪਣੇ ਪਿੰਡ ਦੇ ਪਰਵਾਸੀਆਂ ਤੋਂ ਮਦਦ ਮਿਲ ਰਹੀ ਹੈ। ਹੋਰ ਕਈਆਂ ਨੂੰ ਜਲਦ ਹੀ 'ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ' ਵਲੋਂ ਮਦਦ ਮਿਲਣ ਲੱਗੇਗੀ।

ਆਪਣਾ ਪਿੰਡ ਅਪਨਾਓ, ਅਸੀਸਾਂ ਪਾਓ।

ਫਾਊਂਡੇਸ਼ਨ ਆਪ ਪੈਸੇ ਨਹੀਂ ਉਗਰਾਹੁੰਦੀ, ਸਿਰਫ ਸਹੀ ਤਰੀਕੇ ਨਾਲ ਮਦਦ ਪਹੁੰਚਾਉਣ ਵਿਚ ਸਹਾਈ ਹੁੰਦੀ ਹੈ।

ਜ਼ਿੰਦਗੀ ਨਾਲ ਜੂਝ ਰਹੇ ਪਰਿਵਾਰਾਂ ਲਈ ਤੁਹਾਡੀ ਮਦਦ ਛੋਟੀ ਹੋਵੇ ਜਾਂ ਵੱਡੀ, ਸਭ ਤੋਂ ਕਾਰਗਰ ਤਰੀਕੇ ਨਾਲ ਅਜਿਹਾ ਕਰਨਾ ਹੇਠ ਦਿੱਤੇ ਫੋਨ ਨੰਬਰ ਰਾਹੀਂ ਸੰਪਰਕ ਕਰੋ
ਭੁਪਿੰਦਰ ਸਿੰਘ ਹੁੰਦਲ, ਫੋਨ: 630-802-2179
www.friendsofpunjabfoundation.org

# ਫੁੱਟਬਾਲ ਦੇ ਫੀਫਾ ਵਿਸ਼ਵ ਕੱਪ ਦੀਆਂ ਬਾਤਾਂ

## ਖੇਡ ਜਗਤ

***ਇੰਟਰਨੈਸ਼ਨਲ ਫੈਡਰੇਸ਼ਨ ਆਫ ਐਸੋਸੀਏਸ਼ਨ ਫੁੱਟਬਾਲ (ਫੀਫਾ) ਸਿਰਮੌਰ ਖੇਡ ਸੰਸਥਾ ਹੈ ਅਤੇ ਇਸ ਵਲੋਂ ਫੁੱਟਬਾਲ ਟੂਰਨਾਮੈਂਟ 1930 ਵਿਚ ਅਰੰਭਿਆ ਗਿਆ ਸੀ। ਹਰ ਚਾਰ ਸਾਲ ਬਾਅਦ ਹੋਣ ਵਾਲਾ ਫੀਫਾ ਫੁੱਟਬਾਲ ਟੂਰਨਾਮੈਂਟ ਅੱਜ ਇਕ ਵੱਕਾਰੀ ਖੇਡ ਮੇਲਾ ਹੈ। 21ਵਾਂ ਫੀਫਾ ਟੂਰਨਾਮੈਂਟ ਇਸ ਸਾਲ ਰੂਸ ਵਿਚ ਹੋਵੇਗਾ। ਇਸ ਲੇਖ ਲੜੀ ਵਿਚ ਸੈਨ ਹੋਜ਼ੇ (ਕੈਲੀਫੋਰਨੀਆ) ਵਸਦੇ ਲੇਖਕ ਪਰਦੀਪ ਨੇ ਫੀਫਾ ਮੁਕਾਬਲਿਆਂ ਦਾ ਇਤਿਹਾਸ ਫਰੋਲਿਆ ਹੈ। -ਸੰਪਾਦਕ***

ਇਸ ਵਾਰ ਫੀਫਾ ਵਿਸ਼ਵ ਕੱਪ ਟੂਰਨਾਮੈਂਟ 14 ਜੂਨ ਤੋਂ 15 ਜੁਲਾਈ ਤੱਕ ਰੂਸ ਵਿਚ ਹੋ ਰਿਹਾ ਹੈ। ਇਹ 21ਵਾਂ ਫੀਫਾ ਟੂਰਨਾਮੈਂਟ ਹੈ। ਸਭ ਤੋਂ ਪਹਿਲਾਂ ਇਹ ਵਿਸ਼ਵ ਕੱਪ ਉਰੂਗਵੇ ਵਿਚ ਸੰਨ 1930 ਵਿਚ 13 ਜੁਲਾਈ ਤੋਂ 30 ਜੁਲਾਈ ਤੱਕ ਹੋਇਆ ਸੀ ਅਤੇ ਪਿਛਲਾ 2014 ਵਿਚ ਬ੍ਰਾਜ਼ੀਲ ਵਿਚ। ਹਰ ਚਾਰ ਸਾਲ ਪਿਛੋਂ ਹੋਣ ਵਾਲਾ ਇਹ ਟੂਰਨਾਮੈਂਟ 1942 ਅਤੇ 1946 ਵਿਚ ਸੰਸਾਰ ਦੀ ਦੂਜੀ ਜੰਗ ਕਰਕੇ ਨਹੀਂ ਸੀ ਹੋ ਸਕੇ। ਇਸ ਖੂਬਸੂਰਤ ਖੇਡ ਦੇ ਇਸ ਮੇਲੇ ਨੇ ਸਾਡਾ ਬਹੁਤ ਮੰਨੋਰੰਜਨ ਕੀਤਾ ਹੈ। ਇਸ ਨੇ ਹਸਾਇਆ ਵੀ ਹੈ ਅਤੇ ਰੁਲਾਇਆ ਵੀ। ਖੇਡ ਦੀ ਇਮਾਨਦਾਰੀ ਦਾ ਸਬੂਤ ਵੀ ਦਿੱਤਾ ਅਤੇ ਬੇਈਮਾਨੀ ਦੀ ਸ਼ਰਮ ਵੀ। ਜਿੱਤਣ ਵਾਲਿਆਂ ਦੇ ਗਲ ਵਿਚ ਤਮਗੇ ਅਤੇ

**ਪਰਦੀਪ, ਸੈਨ ਹੋਜ਼ੇ**
**ਫੋਨ: 408-540-4547**

ਹਾਰਨ 'ਤੇ ਮੌਤ ਨੂੰ ਜੱਫੇ ਵੀ ਪੁਆਏ। ਇਸ ਵਿਚ ਹਰ ਤਰ੍ਹਾਂ ਦੇ ਰੰਗ ਵੇਖਣ ਨੂੰ ਮਿਲੇ ਹਨ। ਹੁਣ ਤਕ ਹੋ ਚੁਕੇ ਵਿਸ਼ਵ ਕੱਪ ਦੇ ਇਤਿਹਾਸ ਵਲ ਝਾਤੀ ਮਾਰ ਕੇ ਵੇਖਦੇ ਹਾਂ ਕਿ ਕੀ ਕੁਝ ਵਾਪਰਿਆ।

ਪਹਿਲਾ ਫੀਫਾ ਵਿਸ਼ਵ ਕੱਪ ਉਰੂਗੁਏ ਵਿਚ 13 ਜੁਲਾਈ 1930 ਨੂੰ ਸ਼ੁਰੂ ਹੋਇਆ ਜੋ 30 ਜੁਲਾਈ ਨੂੰ ਖਤਮ ਹੋਇਆ ਸੀ। ਓਲੰਪਿਕ ਖੇਡਾਂ ਦਾ ਚੈਂਪੀਅਨ ਹੋਣ ਕਰਕੇ ਇਸ ਨੂੰ ਮੇਜ਼ਬਾਨੀ ਦਿੱਤੀ ਗਈ, ਪਰ ਯੂਰਪ ਦੇ ਕਈ ਦੇਸ਼ ਇਸ ਤੋਂ ਖੁਸ਼ ਨਹੀਂ ਸਨ। ਦੂਜਾ ਕਾਰਨ, ਉਹ 15 ਦਿਨ ਦਾ ਸਫਰ ਨਹੀਂ ਕਰਨਾ ਚਾਹੁੰਦੇ ਸਨ, ਇਸ ਕਰਕੇ ਉਨ੍ਹਾਂ ਇਸ ਟੂਰਨਾਮੈਂਟ ਵਿਚ ਹਿੱਸਾ ਨਹੀਂ ਲਿਆ। ਸਿਰਫ ਚਾਰ ਟੀਮਾਂ-ਫਰਾਂਸ, ਰੋਮਾਨੀਆ, ਯੁਗੋਸਲੋਵਾਕੀਆ ਅਤੇ ਬੈਲਜ਼ੀਅਮ ਨੇ ਹਿੱਸਾ ਲਿਆ। ਉਰੂਗੁਏ, ਅਰਜਨਟਾਈਨਾ, ਬ੍ਰਾਜ਼ੀਲ, ਚਿੱਲੀ, ਬੋਲੀਵੀਆ, ਪੀਰੂ ਅਤੇ ਪੈਰੋਗਵੇ ਨੇ ਦੱਖਣੀ ਅਮਰੀਕਾ ਵਲੋਂ ਭਾਗ ਲਿਆ। ਉਤਰੀ ਅਮਰੀਕਾ ਦੀਆਂ ਦੋ ਟੀਮਾਂ-ਅਮਰੀਕਾ ਅਤੇ ਮੈਕਸੀਕੋ ਸ਼ਾਮਿਲ ਹੋਈਆਂ। ਕੁੱਲ ਤੇਰਾਂ ਟੀਮਾਂ ਪਹਿਲੇ ਵਿਸ਼ਵ ਕੱਪ ਵਿਚ ਸ਼ਾਮਲ ਹੋਈਆਂ। ਇਸ ਪਹਿਲੇ ਟੂਰਨਾਮੈਂਟ ਵਿਚ ਤਿਆਰੀ ਵਜੋਂ ਕਈ ਕਮੀਆਂ ਸਨ। ਬੋਲੀਵੀਆ ਦੇ ਰੈਫਰੀ ਅਲਰੀਕੋ ਨੇ ਇਕ ਹੀ ਮੈਚ ਵਿਚ ਤਿੰਨ ਪੈਨਲਟੀ ਕਿੱਕਾਂ ਦਿੱਤੀਆਂ ਅਤੇ ਉਹ ਵੀ 12 ਗਜ ਦੀ ਥਾਂ 16 ਗਜ ਤੋਂ ਦਿੱਤੀਆਂ। ਉਰੂਗੁਏ ਅਤੇ ਯੁਗੋਸਲੋਵਕੀਆ ਵਿਚਕਾਰ ਮੈਚ ਵਿਚ ਬਾਲ ਮੈਦਾਨ ਤੋਂ ਬਾਹਰ ਚਲਾ ਗਿਆ ਪਰ ਉਰੂਗੁਏ ਦੇ ਪੁਲਿਸ ਮੈਨ ਨੇ ਕਿੱਕ ਮਾਰ ਕੇ ਵਾਪਸ ਆਪਣੇ ਦੇਸ਼ ਦੇ ਖਿਡਾਰੀ ਨੂੰ ਦੇ ਦਿੱਤਾ ਅਤੇ ਉਸ ਨੇ ਗੋਲ ਕਰ ਦਿੱਤਾ। ਰੌਲਾ ਪੈਣ 'ਤੇ ਕੋਈ ਵੀ ਸੱਚ ਨਹੀਂ ਬੋਲਿਆ। ਫਰਾਂਸ ਅਤੇ ਅਰਜਨਟਾਈਨਾ ਵਿਚਾਲੇ ਮੈਚ ਵਿਚ ਰੈਫਰੀ ਨੇ ਟਾਈਮ ਖਤਮ ਹੋਣ ਤੋਂ ਛੇ ਮਿੰਟ ਪਹਿਲਾਂ ਹੀ ਸੀਟੀ ਮਾਰ ਦਿੱਤੀ ਸੀ। ਇਸ ਟੂਰਨਾਮੈਂਟ ਦਾ ਫਾਈਨਲ ਮੈਚ ਮੇਜ਼ਬਾਨ ਉਰੂਗੁਏ ਅਤੇ ਅਰਜਨਟਾਈਨਾ ਵਿਚਾਲੇ ਸੀ। ਅਰਜਨਟਾਈਨਾ ਦੇ ਕੈਪਟਨ ਲੂਸੀਟੋ ਮੌਂਟੀ ਨੂੰ ਵਧੀਆ ਖੇਡਣ 'ਤੇ ਮੌਤ ਦੀ ਧਮਕੀ ਦਿੱਤੀ ਗਈ। ਇਸੇ ਡਰ ਕਰ ਕੇ ਉਹ ਵਧੀਆ ਨਾ ਖੇਡ ਸਕਿਆ ਤੇ ਅਰਜਨਟਾਈਨਾ 2-4 ਨਾਲ ਹਾਰ ਗਿਆ। ਉਰੂਗੁਏ ਇਹ ਪਹਿਲਾ ਵਿਸ਼ਵ ਕੱਪ ਜਿੱਤ ਗਿਆ ਅਤੇ ਇਨਾਮ ਵਜੋਂ ਉਸ ਦੇ ਖਿਡਾਰੀਆਂ ਨੂੰ ਮੁਫਤ ਘਰ ਦਿੱਤੇ ਗਏ। ਅਰਜਨਟਾਈਨਾ ਦੇ ਲੋਕ ਇਸ ਹਾਰ ਨੂੰ ਆਪਣੇ ਨਾਲ ਧੋਖਾ ਸਮਝਦੇ ਸਨ, ਇਸੇ ਕਰਕੇ ਉਨ੍ਹਾਂ ਆਪਣੇ ਦੇਸ਼ ਵਿਚ ਉਰੂਗੁਏ ਦੇ ਦੂਤਘਰ ਉਤੇ ਪਥਰਾਓ ਕੀਤਾ। ਪਰ ਫਿਰ ਵੀ ਇਸ ਟੂਰਨਾਮੈਂਟ ਨੂੰ ਸਫਲ ਮੰਨਿਆ ਗਿਆ ਅਤੇ ਹਰ ਚਾਰ ਸਾਲ ਬਾਅਦ ਕਰਾਉਣ ਦਾ ਫੈਸਲਾ ਕੀਤਾ ਗਿਆ।

ਦੂਜਾ ਫੀਫਾ ਵਿਸ਼ਵ ਕੱਪ ਟੂਰਨਾਮੈਂਟ 27 ਮਈ 1934 ਨੂੰ ਇਟਲੀ ਵਿਚ ਸ਼ੁਰੂ ਹੋਇਆ। ਪਿਛਲੇ ਮੇਜ਼ਬਾਨ ਅਤੇ ਜੇਤੂ ਉਰੂਗੁਏ ਨੇ ਇਸ ਵਿਚ ਹਿੱਸਾ ਨਾ ਲਿਆ। ਉਸ ਦਾ ਗਿਲਾ ਸੀ ਕਿ ਇਟਲੀ ਨੇ ਉਰੂਗੁਏ ਵਿਚ ਹੋਏ ਟੂਰਨਾਮੈਂਟ ਦਾ ਬਾਈਕਾਟ ਕੀਤਾ ਸੀ। ਕਈ ਦੇਸ਼ ਤਾਨਾਸ਼ਾਹ ਬਨੀਤੋ ਮੁਸੋਲੀਨੀ ਕਰਕੇ ਵੀ ਨਹੀਂ ਸ਼ਾਮਿਲ ਹੋਏ। ਇਸ ਵਿਚ 16 ਟੀਮਾਂ ਸ਼ਾਮਲ ਹੋਈਆਂ। ਇਕ ਅਜੀਬ ਤਰ੍ਹਾਂ ਦਾ ਮੈਚ ਹੋਇਆ, ਜਿਸ ਕਰਕੇ ਬਾਅਦ ਵਿਚ ਫੀਫਾ ਨੂੰ ਕੁਆਲੀਫਾਈ ਕਰਨ ਦਾ ਤਰੀਕਾ ਬਦਲਨਾ ਪਿਆ। ਮੈਕਸੀਕੋ ਅਤੇ ਅਮਰੀਕਾ ਨੂੰ ਕੁਆਲੀਫਾਈ ਕਰਨ ਲਈ ਇਕ ਮੈਚ ਰੋਮ ਵਿਚ ਖੇਡਣਾ ਪਿਆ। ਮੈਕਸੀਕੋ ਇਹ ਮੈਚ ਹਾਰ ਗਿਆ ਅਤੇ ਉਸ ਨੂੰ 8000 ਮੀਲ ਸਫਰ ਕਰਕੇ ਵਾਪਸ ਜਾਣਾ ਪਿਆ। 90 ਮਿੰਟ ਦਾ ਇਹ ਮੈਚ ਦੋਵੇਂ ਗੁਆਂਢੀ ਦੇਸ਼ ਆਪਣੇ ਖੇਤਰ ਵਿਚ ਵੀ ਖੇਡ ਸਕਦੇ ਸਨ, ਰੋਮ ਦੀ ਯਾਤਰਾ ਕਰਨ ਦੀ ਲੋੜ ਨਹੀਂ ਸੀ। ਇਹ ਟੂਰਨਾਮੈਂਟ ਇਟਲੀ ਨੇ ਚੈਕੋਸਲੋਵਾਕੀਆ ਨੂੰ 2-1 ਨਾਲ ਹਰਾ ਕੇ ਜਿੱਤਿਆ। 1930 ਦੇ ਵਿਸ਼ਵ ਕੱਪ ਵਿਚ ਅਰਜਨਟਾਈਨਾ ਵਾਲਾ ਸੂਸੀਟੋ ਮੌਂਟੀ ਇਸ ਵਾਰ ਇਟਲੀ ਦੀ ਟੀਮ ਵਿਚ ਖੇਡਿਆ। ਉਸ ਦਾ ਪਿਓ ਇਟਾਲੀਅਨ ਹੋਣ ਕਰਕੇ ਉਹ ਇਟਲੀ ਦਾ ਵੀ ਨਾਗਰਿਕ ਸੀ। ਅੱਜ ਤਕ ਉਹ ਹੀ ਇਕੋ ਫੁਟਬਾਲਰ ਹੈ ਜੋ ਦੋ ਦੇਸ਼ਾਂ ਲਈ ਵਿਸ਼ਵ ਕੱਪ ਦਾ ਫਾਈਨਲ ਖੇਡਿਆ ਹੋਏ।




ਤੀਜਾ ਵਿਸ਼ਵ ਕੱਪ 4 ਜੂਨ 1938 ਨੂੰ ਫਰਾਂਸ ਵਿਚ ਸ਼ੁਰੂ ਹੋਇਆ। ਇਸ ਵਾਰ ਫੇਰ 16 ਟੀਮਾਂ ਨੇ ਇਸ ਵਿਚ ਹਿੱਸਾ ਲਿਆ ਪਰ ਜਰਮਨੀ ਨੇ ਆਪਣੇ ਗੁਆਂਢੀ ਦੇਸ਼ ਆਸਟਰੀਆ 'ਤੇ ਕਬਜ਼ਾ ਕਰ ਲਿਆ। ਇਸ ਕਰਕੇ ਆਸਟਰੀਆ ਦੇ ਖਿਡਾਰੀ ਜਰਮਨੀ ਦੀ ਟੀਮ ਲਈ ਖੇਡੇ ਅਤੇ ਕਿਸੇ ਹੋਰ ਟੀਮ ਨੂੰ ਸ਼ਾਮਿਲ ਨਾ ਕੀਤਾ ਗਿਆ। ਸਵੀਡਨ ਦਾ ਮੈਚ ਆਸਟਰੀਆ ਨਾਲ ਹੋਣਾ ਸੀ, ਪਰ ਸਵੀਡਨ ਬਿਨਾ ਮੁਕਾਬਲਾ ਹੀ ਅਗਲੇ ਦੌਰ ਵਿਚ ਚਲਾ ਗਿਆ। ਏਸ਼ੀਆ ਵਲੋਂ ਡੱਚ ਈਸਟ ਇੰਡੀਜ਼ ਦੇਸ਼ ਸ਼ਾਮਿਲ ਹੋਇਆ ਸੀ, ਜੋ ਅੱਜ ਇੰਡੋਨੇਸ਼ੀਆ ਹੈ। ਫਾਈਨਲ ਮੈਚ ਵਿਚ ਇਟਲੀ ਨੇ ਹੰਗਰੀ ਨੂੰ 4-2 ਨਾਲ ਹਰਾ ਕੇ ਇਹ ਕੱਪ ਦੂਜੀ ਵਾਰ ਆਪਣੇ ਨਾਂ ਕਰ ਲਿਆ। ਸੰਸਾਰ ਦੀ ਦੂਜੀ ਜੰਗ ਨੇ ਅਗਲੇ ਦੋ ਵਿਸ਼ਵ ਕੱਪ ਆਪਣੀ ਅੱਗ ਵਿਚ ਲਪੇਟ ਲਏ ਸਨ। ਇਟਲੀ ਫੀਫਾ ਦੇ ਸਹਿ ਪ੍ਰਧਾਨ ਟਰੀਨੋ ਪਰਾਸੀ ਨੇ ਇਸ ਟਰਾਫੀ ਨੂੰ ਕਈ ਸਾਲ ਬੂਟਾਂ ਵਾਲੇ ਡੱਬੇ ਵਿਚ ਲੁਕੋ ਕੇ ਰੱਖੀ ਰੱਖਿਆ।

**1950 ਬ੍ਰਾਜ਼ੀਲ:** ਸੰਸਾਰ ਦੀ ਦੂਜੀ ਜੰਗ ਖਤਮ ਹੋਣ ਤੋਂ ਬਾਅਦ ਚੌਥਾ ਵਿਸ਼ਵ ਕੱਪ 24 ਜੂਨ ਨੂੰ ਫੁੱਟਬਾਲ ਦਾ ਮੱਕਾ ਜਾਣੇ ਜਾਂਦੇ ਮਾਰਕਾਨਾ ਸਟੇਡੀਅਮ ਵਿਚ ਸ਼ੁਰੂ ਹੋਇਆ। ਖਚਾ-ਖਚ ਭਰੇ ਸਟੇਡੀਅਮ ਵਿਚ ਪਹਿਲਾ ਮੈਚ ਬ੍ਰਾਜ਼ੀਲ ਅਤੇ ਮੈਕਸੀਕੋ ਵਿਚਾਲੇ ਹੋਇਆ। ਪਹਿਲੀ ਵਾਰ 21 ਤੋਪਾਂ ਨਾਲ ਸਲਾਮੀ ਦਿੱਤੀ ਗਈ। ਇਹ ਉਹ ਸਮਾਂ ਸੀ ਜਦੋਂ ਰੂਸ ਨੇ ਐਟਮ ਬੰਬ ਬਣਾਇਆ ਸੀ ਅਤੇ ਡਾਕਟਰਾਂ ਨੇ ਪਹਿਲੀ ਵਾਰ ਇਨਸਾਨ ਦਾ ਲਿਵਰ ਬਦਲਿਆ ਸੀ।

ਭਾਰਤ ਕਦੇ ਵੀ ਵਿਸ਼ਵ ਕੱਪ ਟੂਰਨਾਮੈਂਟ ਵਿਚ ਸ਼ਾਮਲ ਨਹੀਂ ਹੋਇਆ, ਪਰ ਇਸ ਵਿਚ ਉਸ ਦਾ ਜ਼ਿਕਰ ਹੋਇਆ ਹੈ। 1948 ਦੀਆਂ ਲੰਡਨ ਓਲੰਪਿਕ ਖੇਡਾਂ ਵਿਚ ਭਾਰਤ ਦੀ ਟੀਮ ਨੰਗੇ ਪੈਰੀਂ ਵਧੀਆ ਖੇਡੀ ਸੀ। 1950 ਦੇ ਵਿਸ਼ਵ ਕੱਪ ਵਿਚ ਕਈ ਟੀਮਾਂ ਦੇ ਹਿੱਸਾ ਨਾ ਲੈਣ ਕਰਕੇ ਭਾਰਤ ਨੂੰ ਇਸ ਵਿਚ ਸ਼ਾਮਿਲ ਕਰ ਲਿਆ ਗਿਆ ਸੀ, ਪਰ ਜਦੋਂ ਉਨ੍ਹਾਂ ਨੂੰ ਬੂਟ ਪਾ ਕੇ ਖੇਡਣ ਦੀ ਸ਼ਰਤ ਦੱਸੀ ਗਈ ਤਾਂ ਉਨ੍ਹਾਂ ਇਸ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਪੀਟਰ ਸੈਡੋਨ ਨੇ ਵਿਸ਼ਵ ਕੱਪ ਬਾਰੇ ਲਿਖੀ ਆਪਣੀ ਕਿਤਾਬ ਵਿਚ ਵੀ ਇਸ ਦਾ ਵਰਣਨ ਕੀਤਾ ਹੈ। ਇੰਗਲੈਂਡ ਹਮੇਸ਼ਾ ਆਪਣੇ ਆਪ ਨੂੰ ਉਪਰ ਸਮਝਦਾ ਹੋਣ ਕਰਕੇ ਇਸ ਟੂਰਨਾਮੈਂਟ ਨੂੰ ਮਹੱਤਵ ਨਹੀਂ ਸੀ ਦਿੰਦਾ, ਪਰ ਇਸ ਵਾਰ ਉਹ ਵੀ ਸ਼ਾਮਿਲ ਹੋ ਗਿਆ। ਫਾਈਨਲ ਮੈਚ ਵਿਚ ਉਰੂਗੁਏ ਨੇ ਬ੍ਰਾਜ਼ੀਲ ਨੂੰ 2-1 ਨਾਲ ਹਰਾ ਕੇ ਦੂਜੀ ਵਾਰ ਇਸ ਟਰਾਫੀ 'ਤੇ ਕਬਜਾ ਕਰ ਲਿਆ। ਮਹਾਨ ਖਿਡਾਰੀ ਪੇਲੇ ਨੇ ਆਪਣੀ ਕਿਤਾਬ ਵਿਚ ਲਿਖਿਆ ਹੈ ਕਿ ਉਸ ਹਾਰ ਤੋਂ ਬਾਅਦ ਬ੍ਰਾਜ਼ੀਲ ਦੇ ਲੋਕਾਂ ਨੇ ਰੋਟੀ ਨਹੀਂ ਖਾਧੀ ਅਤੇ ਸਾਰੀ ਰਾਤ ਰੋਂਦੇ ਰਹੇ। ਇਹ ਹਾਰ ਉਨ੍ਹਾਂ ਨੂੰ ਅੱਜ ਤੱਕ ਵੀ ਨਹੀਂ ਭੁੱਲੀ।

**1954 ਸਵਿਟਜ਼ਰਲੈਂਡ:** ਇਹ ਟੂਰਨਾਮੈਂਟ 16 ਜੂਨ ਤੋਂ 4 ਜੁਲਾਈ ਤੱਕ ਹੋਇਆ। ਇਸ ਵਿਚ ਪਹਿਲੀ ਵਾਰ ਟੀ. ਵੀ. ਕੈਮਰੇ ਦਾ ਇਸਤੇਮਾਲ ਕੀਤਾ ਗਿਆ। ਅਜੇ ਤਕ ਵੀ ਕਈ ਤਰ੍ਹਾਂ ਦੀਆਂ ਖਾਮੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਕ ਕੁਆਲੀਫਾਈ ਮੈਚ ਦਾ ਫੈਸਲਾ ਅਜੀਬ ਤਰੀਕੇ ਨਾਲ ਕੀਤਾ ਗਿਆ। ਸਪੇਨ ਅਤੇ ਤੁਰਕੀ ਦਾ ਪਹਿਲਾ ਮੈਚ ਮੈਡਰਿਡ ਵਿਚ ਖੇਡਿਆ ਗਿਆ ਜਿਸ ਵਿਚ ਸਪੇਨ 4-1 ਦੇ ਫਰਕ ਨਾਲ ਜੇਤੂ ਰਿਹਾ। ਦੂਜਾ ਮੈਚ ਤੁਰਕੀ ਦੀ ਰਾਜਧਾਨੀ ਇਸਤੰਬੋਲ ਵਿਚ ਹੋਇਆ ਜੋ ਤੁਰਕੀ ਨੇ 1-0 ਦੇ ਫਰਕ ਨਾਲ ਜਿਤਿਆ। ਉਦੋਂ ਤੱਕ ਸਪੇਨ 4-2 ਦੇ ਸਕੋਰ ਨਾਲ ਅੱਗੇ ਸੀ, ਪਰ ਫੀਫਾ ਦੇ ਨਿਯਮ ਅਨੁਸਾਰ ਦੋਵੇਂ ਟੀਮਾਂ ਇਕ-ਇਕ ਮੈਚ ਜਿੱਤ ਕੇ ਅਜੇ ਵੀ ਬਰਾਬਰ ਸਨ। ਫੈਸਲਾ ਕਰਨ ਲਈ ਇਕ ਹੋਰ ਮੈਚ ਰੋਮ ਦੇ ਸਟੇਡੀਅਮ ਵਿਚ ਕਰਵਾਇਆ ਗਿਆ। ਇਹ ਮੈਚ ਵੀ 2-2 ਗੋਲਾਂ ਦੀ ਬਰਾਬਰੀ ਨਾਲ ਖਤਮ ਹੋਇਆ। ਹੁਣ ਸਪੇਨ 6-4 ਨਾਲ ਤੁਰਕੀ ਤੋਂ ਅੱਗੇ ਸੀ, ਪਰ ਫੈਸਲਾ ਅਜੇ ਬਾਕੀ ਸੀ। ਦਰਸ਼ਕਾਂ ਨਾਲ ਖਚਾ ਖਚ ਭਰੇ ਸਟੇਡੀਅਮ ਵਿਚ ਇਕ ਢੋਲ ਵਿਚ ਦੋ ਪਰਚੀਆਂ ਉਪਰ ਦੋਹਾਂ ਦੇਸ਼ਾਂ ਦੇ ਨਾਂ ਲਿਖ ਕੇ ਪਾਏ ਗਏ। 14 ਸਾਲ ਦੇ ਲੂਈਗੀ ਫਰੈਂਕ ਗੇਮਾ ਦੀਆਂ ਅੱਖਾਂ 'ਤੇ ਪੱਟੀ ਬੰਨ ਕੇ ਉਸ ਨੂੰ ਜੇਤੂ ਪਰਚੀ ਕੱਢਣ ਲਈ ਕਿਹਾ ਗਿਆ। ਇਹ ਪਰਚੀ ਤੁਰਕੀ ਦੀ ਨਿਕਲੀ ਅਤੇ ਸਪੇਨ ਵੱਧ ਗੋਲ ਕਰਕੇ ਵੀ ਬਾਹਰ ਹੋ ਗਿਆ। ਫਾਈਨਲ ਵਿਚ ਹੰਗਰੀ ਦੇ ਮਹਾਨ ਫੀਰੈਂਸ ਪੁਸਕਾਸ ਦੀ ਟੀਮ ਜਰਮਨੀ ਤੋਂ 2-3 ਦੇ ਫਰਕ ਨਾਲ ਹਾਰ ਗਈ। ਇਹ ਜਰਮਨੀ ਦੀ ਪਹਿਲੀ ਟਰਾਫੀ ਸੀ।

**(ਚਲਦਾ)**

# ਸੰਧੂ ਭਰਾਵਾਂ ਵਲੋਂ ਗਰੀਬ ਲੜਕੀਆਂ ਲਈ ਸਮੂਹਿਕ ਵਿਆਹ ਸਮਾਗਮ

**ਅੰਮ੍ਰਿਤਸਰ:** ਪਿਛਲੇ ਦਿਨੀਂ ਇਥੇ ਰਣਜੀਤ ਐਵੇਨਿਊ ਦੇ ਵਿਸ਼ਾਲ ਮੈਦਾਨ ਵਿਚ ਅਮਰਬੀਰ ਸਿੰਘ ਸੰਧੂ ਦੀ ਦੇਖ ਰੇਖ ਹੇਠ ਸਮੂਹਿਕ ਵਿਆਹ ਦਾ ਸਮਾਗਮ ਕਰਵਾਇਆ ਗਿਆ ਜਿਸ ਵਿਚ ਇਕ ਸੌ ਕੰਨਿਆਵਾਂ ਦਾ ਦਾਨ ਕਰ ਕੇ ਹਰ ਨਵ ਵਿਆਹੇ ਜੋੜੇ ਨੂੰ ਸ਼ਗਨ ਵਿਚ ਗਿਆਰਾਂ ਹਜ਼ਾਰ ਰੁਪਏ ਨਕਦ ਤੇ ਘਰ ਗ੍ਰਹਿਸਥੀ ਸ਼ੁਰੂ ਕਰਨ ਵਾਸਤੇ ਹੋਰ ਲੋੜਵੰਦ ਚੀਜ਼ਾਂ ਭੇਟ ਕੀਤੀਆਂ ਗਈਆਂ।



ਸਮਾਜ ਵਿਚ ਕੰਨਿਆ ਦਾਨ ਨੂੰ ਮਹਾਦਾਨ ਦਾ ਰੁਤਬਾ ਹਾਸਿਲ ਹੈ ਅਤੇ ਜੇ ਇਹ ਦਾਨ ਉਨ੍ਹਾਂ ਧੀਆਂ ਦਾ ਹੋਵੇ ਜੋ ਆਰਥਕ ਤੇ ਸਮਾਜਕ ਤੌਰ 'ਤੇ ਪੱਛੜੇ ਹੋਏ ਮਾਂ-ਬਾਪ ਦੀਆਂ ਬੇਟੀਆਂ ਹੋਣ ਤਾਂ ਇਹ ਵੱਡਾ ਪਰਉਪਕਾਰੀ ਕਾਰਜ ਹੈ।

ਸਮਾਰੋਹ ਨੂੰ ਸੰਬੋਧਨ ਕਰਦਿਆਂ ਅਮਰਬੀਰ ਸਿੰਘ ਸੰਧੂ ਨੇ ਸਾਰੇ ਸਿਲਸਿਲੇ ਦੀ ਵਿਆਖਿਆ ਕਰਦਿਆਂ ਦੱਸਿਆ ਕਿ ਇਹ ਸਾਰੀ ਕਾਰਵਾਈ ਇਕ ਵਿਉਂਤਬੰਦ ਤਰੀਕੇ ਨਾਲ ਕੀਤੀ ਜਾਂਦੀ ਹੈ। ਸਬੰਧਤ ਪਰਿਵਾਰਾਂ ਦੀ ਇਸ ਸਬੰਧੀ ਅਰਜੀ ਛਾਣਬੀਣ ਤੋਂ ਬਾਅਦ ਦਰਜ ਕੀਤੀ ਜਾਂਦੀ ਹੈ। ਫਿਰ ਜੋੜਿਆਂ ਨੂੰ ਉਨ੍ਹਾਂ ਦੇ ਸਕੇ ਸਬੰਧੀਆਂ ਸਮੇਤ ਸ਼ਾਦੀ ਦਾ ਸੱਦਾ ਦਿੱਤਾ ਜਾਂਦਾ ਹੈ। ਹਰ ਮਹੀਨੇ ਤਕਰੀਬਨ ਸੱਤ ਤੋਂ ਦਸ ਸ਼ਾਦੀਆਂ ਦਾ ਸਮਾਰੋਹ ਕੀਤਾ ਜਾਂਦਾ ਹੈ। ਸਾਲ ਵਿਚ ਦੋ ਵਾਰ ਸੂਬਾ ਪੱਧਰ ਸਮਾਗਮ ਕੀਤੇ ਜਾਂਦੇ ਹਨ। ਇਹ ਸਿਲਸਿਲਾ 2005 ਤੋਂ ਚਲਦਾ ਆ ਰਿਹਾ ਹੈ। ਹੁਣ ਤੱਕ ਛੇ ਹਜ਼ਾਰ ਤੋਂ ਵੱਧ ਜੋੜੇ ਵਿਆਹੁਤਾ ਜੀਵਨ ਦਾ ਸਫਲਤਾ ਨਾਲ ਅਨੰਦ ਮਾਣ ਰਹੇ ਹਨ।

ਸਮਾਜ ਸੇਵਾ ਸੰਧੂ ਭਰਾਵਾਂ ਨੂੰ ਵਿਰਸੇ ਵਿਚ ਮਿਲੀ ਹੈ। ਬਾਲ ਅਵਸਥਾ ਵਿਚ ਹੀ ਪਿਤਾ ਜੀ ਦੇ ਦਿਹਾਂਤ ਤੋਂ ਬਾਅਦ ਸਵਰਗੀ ਮਾਤਾ ਓਂਕਾਰ ਕੌਰ ਸੰਧੂ ਨੇ ਦੋਹਾਂ ਪੁੱਤਰਾਂ ਨੂੰ ਸਮਾਜ ਸੇਵਾ ਦੀ ਭਾਵਨਾ ਅਤੇ ਇਕ ਅੱਛਾ ਇਨਸਾਨ ਬਣਨ ਦੀ ਪ੍ਰੇਰਨਾ ਦਿੱਤੀ। ਮਾਤਾ ਜੀ ਆਪ ਲੰਮੇ ਸਮੇਂ ਤੱਕ ਗੁਰੂ ਕੀ ਨਗਰੀ ਅੰਮ੍ਰਿਤਸਰ ਮਿਊਂਸਪਲ ਕਾਰਪੋਰੇਸ਼ਨ ਦੇ ਕੌਂਸਲਰ ਵੀ ਰਹੇ। ਉਨ੍ਹਾਂ ਦੇ ਵੱਡੇ ਪੁੱਤਰ ਕਰਮਜੀਤ ਸਿੰਘ (ਰਿੰਟੂ) ਅੰਮ੍ਰਿਤਸਰ ਦੇ ਮੇਅਰ ਹਨ।

ਸਮਾਰੋਹ ਨੂੰ ਸੰਬੋਧਨ ਕਰਦਿਆਂ ਮੇਅਰ ਰਿੰਟੂ ਸੰਧੂ ਨੇ ਕਾਂਗਰਸ ਹਾਈ ਕਮਾਂਡ ਦਾ ਧੰਨਵਾਦ ਕਰਦਿਆਂ ਇਹ ਵਿਸ਼ਵਾਸ ਦਿਵਾਇਆ ਕਿ ਉਹ ਇਸ ਜ਼ਿੰਮੇਵਾਰੀ ਨੂੰ ਪੂਰੀ ਨਿਸ਼ਠਾ ਨਾਲ ਨਿਭਾਉਣਗੇ। ਆਪਣੇ ਏਜੰਡੇ ਦੀਆਂ ਤਰਜੀਹਾਂ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ, ਸ਼ਹਿਰ ਦੀ ਸਾਫ-ਸਫਾਈ, ਟਰੈਫਿਕ ਮੁਸ਼ਕਿਲਾਂ ਨੂੰ ਹੱਲ ਕਰਨ ਅਤੇ ਪਾਰਦਰਸ਼ੀ ਪ੍ਰਸ਼ਾਸਨ ਦੇਣ ਲਈ ਉਹ ਵਚਨਬੱਧ ਹਨ।

ਅਖੀਰ ਵਿਚ ਮੇਅਰ ਰਿੰਟੂ ਸੰਧੂ ਨੇ ਆਪਣੇ ਛੋਟੇ ਭਰਾ ਅਮਰਬੀਰ ਸੰਧੂ ਦੇ ਇਸ ਪ੍ਰਾਜੈਕਟ ਨੂੰ ਪਰਿਵਾਰਕ ਵਚਨਬੱਧਤਾ ਤੇ ਸਮਾਜਕ ਫਰਜ਼ ਦੱਸਦਿਆਂ ਕਿਹਾ ਕਿ ਗਰੀਬ ਅਤੇ ਬੇਸਹਾਰਾ ਪਰਿਵਾਰਾਂ ਦੀ ਮਦਦ ਕਰਕੇ ਉਨ੍ਹਾਂ ਨੂੰ ਦਿਲੀ ਖੁਸ਼ੀ ਤੇ ਸੰਤੁਸ਼ਟੀ ਪ੍ਰਾਪਤ ਹੁੰਦੀ ਹੈ। ਇਸ ਦੇ ਪਿਛੇ ਕੋਈ ਸਿਆਸਤ ਨਹੀਂ ਹੈ ਅਤੇ ਸਾਰਾ ਖਰਚਾ ਸੰਧੂ ਪਰਿਵਾਰ ਵਲੋਂ ਆਪਣੀ ਕਿਰਤ ਕਮਾਈ ਵਿਚੋਂ ਦਾਨ ਦੇ ਤੌਰ 'ਤੇ ਉਠਾਇਆ ਜਾਂਦਾ ਹੈ।

ਹੋਰ ਜਾਣਕਾਰੀ ਲਈ ਫੋਨ: 91-98765-00081, ਅਮਰਬੀਰ ਸੰਧੂ ਫੋਨ: 91-97814-00003, ਕਰਮਜੀਤ ਸਿੰਘ (ਰਿੰਟੂ) ਸੰਧੂ ਫੋਨ: 91-94170-41363, ਗੁਰਇਕਬਾਲ ਮੁਲਤਾਨੀ ਫੋਨ: 330-348-4561, ਕਮਿਸ਼ਨਰ ਦਫਤਰ ਅੰਮ੍ਰਿਤਸਰ ਫੋਨ: 91-98886-92001 ਜਾਂ ਮੇਅਰ ਦਫਤਰ ਅੰਮ੍ਰਿਤਸਰ ਫੋਨ: 91-183-2545999 ਨਾਲ ਸੰਪਰਕ ਕੀਤਾ ਜਾ ਸਕਦਾ ਹੈ।



*ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਫੁੱਲਾਂ ਦਾ ਬੁੱਕਾ ਭੇਟ ਕਰਦੇ ਹੋਏ ਕਰਮਜੀਤ ਸਿੰਘ (ਰਿੰਟੂ) ਸੰਧੂ*

# ਸਾਹਿਤ ਸਭਾਵਾਂ ਦੀ ਰੌਣਕ ਗੁਰਪਾਲ ਲਿੱਟ ਸਾਡਾ 'ਭਾਗ ਵੀਰਾ'

**ਡਾ. ਗੁਰਨਾਮ ਕੌਰ, ਕੈਨੇਡਾ**

ਪੰਜਾਬ ਟਾਈਮਜ਼ ਵਿਚ ਗੁਰਪਾਲ ਲਿੱਟ ਦੀ ਕਹਾਣੀ 'ਸੁੰਨੀਆਂ ਟਾਹਣਾਂ ਦਾ ਹਉਕਾ' ਪੜ੍ਹ ਰਹੀ ਸਾਂ (ਭਾਵੇਂ ਪਹਿਲਾਂ ਵੀ ਇਹ ਕਹਾਣੀ ਪੜ੍ਹੀ ਹੋਈ ਹੈ) ਤਾਂ ਅੱਖਾਂ ਅੱਗੇ ਸਮਰਾਲਾ-ਲੁਧਿਆਣਾ ਸੜਕ ਤੋਂ ਬਿਜਲੀਪੁਰ ਨੂੰ ਜਾਂਦੇ ਰਾਹ 'ਤੇ ਪਿੰਡ ਦੇ ਐਨ ਗੋਰੇ, ਬਿਜਲੀਪੁਰ ਤੋਂ ਲੱਲਾਂ ਨੂੰ ਜਾਣ ਵਾਲੇ ਰਾਹ ਦੀ ਫਿਰਨੀ 'ਤੇ ਉਸਰਿਆ 'ਲੋਹੇ ਦੀਆਂ ਪੱਤੀਆਂ ਦੇ ਗੇਟ' ਵਾਲਾ ਘਰ, ਘਰ ਦੀਆਂ ਰੌਣਕਾਂ ਅਤੇ ਵਿਹੜੇ ਵਿਚਲੀ ਗਹਿਮਾ-ਗਹਿਮੀ ਯਾਦ ਆ ਗਈ। ਇਹ ਉਹੀ ਵਿਹੜਾ ਹੈ ਜਿਸ ਵਿਚ ਅਸੀਂ ਸਮਰਾਲੇ ਦੇ ਗੌਰਮਿੰਟ ਗਰਲਜ਼ ਹਾਈ ਸਕੂਲ ਵਿਚ ਪੜ੍ਹਦੀਆਂ ਗੁਰਪਾਲ ਲਿੱਟ ਦੀਆਂ ਭੈਣਾਂ, ਤਾਏ-ਚਾਚੇ, ਮਾਸੀਆਂ-ਫੁੱਫੀਆਂ ਤੇ ਹੋਰ ਰਿਸ਼ਤੇਦਾਰੀਆਂ ਵਿਚੋਂ ਕੁੜੀਆਂ ਅਤੇ ਲੜਕਿਆਂ ਦੇ ਗੌਰਮਿੰਟ ਹਾਇਰ ਸੈਕੰਡਰੀ ਸਕੂਲ, ਸਮਰਾਲਾ ਵਿਚ ਪੜ੍ਹਦੇ ਇਨ੍ਹਾਂ ਹੀ ਘਰਾਂ ਦੇ ਮੁੰਡੇ ਕਿਸੇ ਨਾ ਕਿਸੇ ਵਿਆਹ, ਅਖੰਡ ਪਾਠ ਜਾਂ ਆਮ ਛੁੱਟੀ 'ਤੇ ਇਕੱਠੇ ਹੋ ਜਾਂਦੇ ਤੇ ਰੌਣਕਾਂ ਲਾਉਂਦੇ।

ਬਿਜਲੀਪੁਰ ਵਾਲੀਆਂ ਸਾਰੀਆਂ ਭੈਣਾਂ ਦੇ ਵਿਆਹ ਤੇ ਅਨੰਦ ਕਾਰਜ ਇਸੇ ਵਿਹੜੇ ਵਿਚ ਹੋਏ ਸਨ; ਵਿਆਹ ਕਿਹੜਾ ਇੱਕ ਹੋਇਆ ਸੀ? ਗੁਰਪਾਲ ਦੇ ਤਾਏ ਦੀਆਂ ਛੋਟੀਆਂ ਦੋ ਕੁੜੀਆਂ-ਮਹਿੰਦਰ ਤੇ ਜਰਨੈਲ; ਗੁਰਪਾਲ ਦੀਆਂ ਤਿੰਨਾਂ ਭੈਣਾਂ-ਹਰਜਿੰਦਰ, ਰਸ਼ਪਾਲ ਤੇ ਪਰਮਜੀਤ ਅਤੇ ਚਾਚੇ ਦੀਆਂ ਪੰਜੇ ਕੁੜੀਆਂ-ਕਰਨੈਲ, ਰਣਜੀਤ, ਛਿੰਦਰ, ਸਰਨੀ ਤੇ ਕੀਤਾਂ, ਸਭ ਦੀਆਂ ਬਰਾਤਾਂ ਵਾਰੋ-ਵਾਰੀ ਇਸੇ ਘਰ ਦੇ ਵੱਡੇ ਵਿਹੜੇ ਵਿਚ ਢੁਕੀਆਂ ਸਨ।

ਸੋਚਿਆ ਜਾ ਸਕਦਾ ਹੈ ਕਿ ਇਸ ਵਿਹੜੇ ਵਿਚ ਕਦੀ ਕਿੰਨੀਆਂ ਰੌਣਕਾਂ ਲੱਗਦੀਆਂ ਹੋਣਗੀਆਂ ਅਤੇ ਇਨ੍ਹਾਂ ਰੌਣਕਾਂ ਵਿਚਲਾ ਕੇਂਦਰ-ਬਿੰਦੂ ਗੁਰਪਾਲ ਲਿੱਟ ਉਰਫ ਸਾਡਾ 'ਭਾਗ ਵੀਰਾ' (ਇਹ ਨਾਂ ਮਾਪਿਆਂ ਨੇ ਲਾਡ ਨਾਲ ਦਿੱਤਾ ਸੀ) ਭੈਣਾਂ ਨਾਲ ਲੜਾਈ ਵੀ ਕਰ ਲੈਂਦਾ ਜਿਵੇਂ ਇੱਕੋ ਜਿਹੀ ਉਮਰ ਦੇ ਭੈਣ-ਭਰਾ ਅਕਸਰ ਹੀ ਕਰਦੇ ਹੁੰਦੇ ਹਨ। ਇਸ ਦਾ ਉਲਾਂਭਾ ਇੱਕ ਵਾਰ ਜਦੋਂ ਪਟਿਆਲੇ ਮੈਨੂੰ ਮਿਲਣ ਆਏ ਤਾਂ ਗੁਰਪਾਲ ਭਾਬੀ ਨੇ ਵੀ ਇਹ ਕਹਿੰਦਿਆਂ ਦਿੱਤਾ ਸੀ, "ਗੁਰਨਾਮ ਭੈਣ ਜੀ! ਸਾਰੀਆਂ ਭੈਣਾਂ ਵਿਚੋਂ ਸਿਫਤਾਂ ਇਹ ਸਭ ਤੋਂ ਵੱਧ ਤੁਹਾਡੀਆਂ ਕਰਦੇ ਨੇ ਪਰ ਜਦੋਂ ਹਰਜਿੰਦਰ ਭੈਣ ਜੀ ਤੇ ਇਹ ਇਕੱਠੇ ਹੋਣ ਤਾਂ ਸਭ ਤੋਂ ਵੱਧ ਇਹ ਦੋਵੇਂ ਭੈਣ-ਭਰਾ ਲੜਦੇ ਨੇ। ਮੈਂ ਕਈ ਵਾਰੀ ਸੋਚਦੀ ਹਾਂ ਬਈ ਜੇ ਇੱਕ ਜਾਣਾ ਬੋਲਦਾ ਹੈ ਤਾਂ ਦੂਜਾ ਉਤਰ ਨਾ ਦੇਵੇ; ਪਰ ਦੋਵਾਂ ਵਿਚੋਂ ਕੋਈ ਵੀ ਬਹਿਸ ਕਰਨੋ ਨਹੀਂ ਹਟਦਾ।" ਮੈਂ ਅੱਗੋਂ ਹੱਸ ਪਈ ਸਾਂ। ਪਰ ਜੇ ਕਿਸੇ ਭੈਣ ਦੇ ਹੱਕ ਲਈ ਖੜਨਾ ਪੈਂਦਾ ਤਾਂ ਸਭ ਤੋਂ ਵੱਧ ਘਰ ਦਿਆਂ ਬਜ਼ੁਰਗਾਂ ਨਾਲ ਆਢਾ ਵੀ ਗੁਰਪਾਲ ਹੀ ਲੈਂਦਾ। ਉਸ ਨਾਲ ਤਾਏ ਦਾ ਮੁੰਡਾ ਬਿੱਕਰ ਵੀ ਖੜੋ ਜਾਂਦਾ।

ਗੁਰਪਾਲ ਨੇ ਪਹਿਲਾਂ ਪਹਿਲ ਕਵਿਤਾ 'ਤੇ ਹੱਥ ਅਜ਼ਮਾਇਆ ਤਾਂ ਇੱਕ ਵਾਰ ਇੱਕ ਛੋਟੀ ਜਿਹੀ ਕਵਿਤਾ ਕਾਪੀ ਦੇ ਵਰਕੇ 'ਤੇ ਲਿਖ ਕੇ ਪੜ੍ਹਨ ਲਈ ਮੈਨੂੰ ਦਿੱਤੀ। ਉਦੋਂ ਅਸੀਂ ਸਭ ਹਾਲੇ ਹਾਈ ਸਕੂਲ ਵਿਚ ਹੀ ਪੜ੍ਹਦੇ ਸਾਂ। ਮੈਂ ਇਹ ਕਹਿ ਕੇ ਪਾਸੇ ਰੱਖ ਦਿੱਤੀ ਕਿ ਐਵੇਂ ਢੁਕਵੀਂ ਮਾਰੀ ਹੋਣੀ ਹੈ। ਕਵਿਤਾ ਤਾਂ ਹੁਣ ਯਾਦ ਨਹੀਂ ਪਰ ਪਿੱਛੋਂ ਜਦੋਂ ਮੈਂ ਪੜ੍ਹੀ ਤੇ ਸਿਫਤ ਕੀਤੀ, ਤਾਂ ਗੁੱਸਾ ਕੀਤਾ ਅਤੇ ਬੋਲਿਆ, "ਆਹੋ ਭੈਣੇ! ਉਦੋਂ ਤਾਂ ਤੂੰ ਬਿਨਾ ਦੇਖੇ ਕਾਗਜ਼ ਪਾਸੇ ਰੱਖ ਦਿੱਤਾ, ਬਈ ਇਹਨੂੰ ਕੀ ਪਤਾ ਕਵਿਤਾ ਲਿਖਣ ਦਾ।"

ਸਕੂਲ ਪੜ੍ਹਦਿਆਂ ਹੀ ਜਦੋਂ ਛੁੱਟੀਆਂ ਵਿਚ ਕਲਕੱਤੇ ਪਿਤਾ ਜੀ ਕੋਲ ਜਾਂਦਾ (ਸ. ਬੁੱਧ ਸਿੰਘ ਨੂੰ ਉਨ੍ਹਾਂ ਦੇ ਬੱਚੇ 'ਪਿਤਾ ਜੀ' ਕਹਿ ਕੇ ਬੁਲਾਉਂਦੇ ਸਨ। ਸ. ਬੁੱਧ ਸਿੰਘ ਦੀ ਕਲਕੱਤੇ ਟਰਾਂਸਪੋਰਟ ਸੀ ਅਤੇ ਉਹ ਉਥੇ ਇੱਕ ਸਰਗਰਮ ਸਿੱਖ ਲੀਡਰ ਸਨ ਜਿਨ੍ਹਾਂ ਦੀ ਸਿਰਦਾਰ ਕਪੂਰ ਸਿੰਘ ਆਈ. ਸੀ. ਐਸ. ਨਾਲ ਬਹੁਤ ਨੇੜਤਾ ਸੀ) ਤਾਂ ਢੇਰ ਸਾਰੀਆਂ ਕਿਤਾਬਾਂ ਖਰੀਦ ਕੇ ਲਿਆਉਂਦਾ ਅਤੇ ਸਾਨੂੰ ਸਭ ਨੂੰ ਪੜ੍ਹਨ ਲਈ ਦਿੰਦਾ। ਵਿਆਹਾਂ ਦੀ ਲੜੀ ਵਿਚ ਸਾਡੀ ਆਪਣੀ ਸੋਝੀ ਵਿਚ ਪਹਿਲਾ ਵਿਆਹ ਮੇਰੇ ਤੋਂ ਵੱਡੀ ਭੈਣ ਗੁਰਮੇਲ ਦਾ ਹੋਇਆ। ਵਿਆਹ ਕਿਉਂਕਿ ਜੂਨ ਮਹੀਨੇ ਦਾ ਸੀ ਸੋ ਹਾੜੀ ਦੀ ਫਸਲ ਕਿਉਂਟਣ ਦੀ ਬਹੁਤ ਕਾਹਲ ਸੀ। ਗੁਰਪਾਲ, ਜੋ ਕਦੇ ਬਿਜਲੀਪੁਰ ਖੇਤ ਰੋਟੀ ਵੀ ਲੈ ਕੇ ਨਹੀਂ ਸੀ ਜਾਂਦਾ ਹੁੰਦਾ, ਉਸ ਨੇ ਘੁੰਗਰਾਲੀ ਰਹਿ ਕੇ ਖੂਬ ਕੰਮ ਕਰਾਇਆ ਅਤੇ ਭੈਣ ਦੇ ਵਿਆਹ 'ਤੇ ਬੜੀ ਖੂਬਸੂਰਤ 'ਸਿੱਖਿਆ' ਲਿਖ ਕੇ ਪੜ੍ਹੀ, ਜਿਸ ਦੇ ਪਰਚੇ ਵੰਡਣ ਲਈ ਆਪ ਹੀ ਕਿਧਰੋਂ ਛਪਵਾ ਕੇ ਲਿਆਇਆ। ਮੇਰੀ ਭੈਣ ਮਸ਼ੀਨ 'ਤੇ ਸਿਲਾਈ ਬਹੁਤ ਚੰਗੀ ਕਰ ਲੈਂਦੀ ਹੈ ਅਤੇ ਅਸੀਂ ਸਭ ਕੁੜੀਆਂ ਆਪਣੇ ਸੂਟ ਸੁਆਉਣ ਲਈ ਭੈਣ ਦੇ ਦੁਆਲੇ ਹੋਈਆਂ ਰਹਿੰਦੀਆਂ। ਗੁਰਪਾਲ ਭੈਣ ਨੂੰ ਛੇੜਦਾ, "ਭੈਣ ਗੁਰਮੇਲ! ਜਦੋਂ ਭਾਈ ਜੀ ਨੇ ਕਹਿਣੈ ਬੀਬੀ ਨੂੰ ਅਨੰਦ ਕਾਰਜਾਂ ਲਈ ਲੈ ਕੇ ਆਉ ਤਾਂ ਤੂੰ ਕਹਿਣੈ ਭਾਈ ਸਾਹਿਬ ਠਹਿਰ ਜਾਉ ਮੈਂ ਕਮੀਜ਼ ਦੀ ਬਾਂਹ ਜੜ ਲਵਾਂ।"

ਜਦੋਂ ਮੈਂ ਕੁਰੂਕਸ਼ੇਤਰ ਯੂਨੀਵਰਸਿਟੀ ਵਿਚ ਐਮ. ਏ. ਫਿਲਾਸਫੀ ਵਿਚ ਦਾਖਲਾ ਲਿਆ ਤਾਂ ਮੇਰਾ ਸਮਾਨ ਛੱਡਣ ਲਈ ਮੇਰਾ ਵੱਡਾ ਭਤੀਜਾ ਹਰਦੇਵ, ਜਿਸ ਦੀ ਗੁਰਪਾਲ ਨਾਲ ਬਹੁਤ ਜ਼ਿਆਦਾ ਬਣਦੀ ਸੀ, ਅਤੇ ਗੁਰਪਾਲ ਦੋਵੇਂ ਗਏ। ਰਾਜਪੁਰੇ ਤੋਂ ਸਾਡੇ ਡੱਬੇ ਵਿਚ ਨਾਭੇ ਦੀਆਂ ਕੁੜੀਆਂ ਵੀ ਚੜ੍ਹ ਗਈਆਂ ਜੋ ਯੂਨੀਵਰਸਿਟੀ ਦੇ ਸਪੋਰਟਸ ਕਾਲਜ ਵਿਚ ਪੜ੍ਹਦੀਆਂ ਸਨ। ਉਨ੍ਹਾਂ ਵਿਚੋਂ ਇੱਕ ਦਾ ਭਾਈ ਉਸ ਨੂੰ ਛੱਡਣ ਜਾ ਰਿਹਾ ਸੀ ਜੋ ਕਿਸੇ ਕਾਲਜ ਵਿਚ ਫਿਲਾਸਫੀ ਦਾ ਲੈਕਚਰਰ ਸੀ। ਉਹ ਮੈਨੂੰ ਪੁੱਛਣ ਲੱਗ ਪਿਆ ਕਿ ਮੈਂ ਕਿਸ ਵਿਸ਼ੇ ਵਿਚ ਦਾਖਲਾ ਲਿਆ ਹੈ। ਜਦੋਂ ਮੈਂ ਕਿਹਾ, 'ਐਮ. ਏ. ਫਿਲਾਸਫੀ' ਤਾਂ ਕਹਿੰਦਾ, 'ਵੈਰੀ ਗੁੱਡ' ਅਤੇ ਜਦੋਂ ਮੈਂ ਦੱਸਿਆ ਕਿ ਮੈਂ ਬੀ. ਏ. ਵਿਚ ਫਿਲਾਸਫੀ ਨਹੀਂ ਪੜ੍ਹੀ ਹੋਈ ਤਾਂ ਕਹਿੰਦਾ, "ਤੇਰੇ ਲਈ ਐਮ. ਏ. ਕਰਨੀ ਬਹੁਤ ਔਖੀ ਹੋਵੇਗੀ। ਜੇ ਬੀ. ਏ. ਵਿਚ ਨਹੀਂ ਪੜ੍ਹੀ ਤਾਂ ਕਿਵੇਂ ਸਮਝੇਂਗੀ?"



ਗੁਰਪਾਲ ਸਿੰਘ ਲਿੱਟ

ਮੈਨੂੰ ਆਪਣੇ ਵਿਭਾਗ ਦੇ ਮੁਖੀ ਡਾਕਟਰ ਏ. ਕੇ. ਸਿਨਹਾ (ਅਜਿਤ ਕੁਮਾਰ ਸਿਨਹਾ) 'ਤੇ ਵੀ ਹੈਰਾਨੀ ਹੋਈ ਜਿਨ੍ਹਾਂ ਨੇ ਕਿਹਾ ਸੀ ਕਿ ਬੀ. ਏ. ਨਾਲ ਬਹੁਤ ਜ਼ਿਆਦਾ ਸਬੰਧ ਨਹੀਂ ਹੁੰਦਾ ਅਤੇ 'ਤੁਮਹੇਂ ਕੋਈ ਮੁਸ਼ਕਿਲ ਨਹੀਂ ਆਏਗੀ। ਹਮ ਸਭ ਹੈਂ ਯਹਾਂ ਪਰ ਤੁਮਹਾਰੀ ਸਹਾਇਤਾ ਕੇ ਲੀਏ।' ਨਾਲ ਹੀ ਮੇਰਾ ਜੀਅ ਕਰੇ ਕਿ ਕੁਰੂਕਸ਼ੇਤਰ ਸਟੇਸ਼ਨ ਤੋਂ ਹੀ ਵਾਪਸੀ ਟਰੇਨ ਫੜ੍ਹ ਕੇ ਘਰ ਚਲੀ ਜਾਵਾਂ। ਇਹ ਗੁਰਪਾਲ ਹੀ ਸੀ ਜਿਸ ਨੇ ਮੇਰਾ ਹੌਸਲਾ ਬੁਲੰਦ ਕੀਤਾ ਅਤੇ ਕਿਹਾ ਕਿ ਉਸ ਮੂਰਖ ਲੈਕਚਰਰ ਦੀਆਂ ਗੱਲਾਂ ਤੋਂ ਮੇਰੇ ਵਰਗੀ ਪੜ੍ਹਨ ਵਾਲੀ ਤੇ ਹਿੰਮਤੀ ਕੁੜੀ ਕਿਉਂ ਘਬਰਾਵੇ?

ਜਦੋਂ ਸਮਾਨ ਛਡਵਾ ਕੇ ਉਹ ਤੇ ਹਰਦੇਵ ਮੁੜਨ ਲੱਗੇ ਤਾਂ ਹੌਲੀ ਦੇਣੇ ਮੈਨੂੰ ਕਹਿੰਦਾ, "ਭੈਣੇ! ਜੇ ਕੋਈ ਨਾਲ ਪੜ੍ਹਦਾ ਮੁੰਡਾ ਚੰਗਾ ਲੱਗ ਗਿਆ ਤਾਂ ਚੁੱਪਚਾਪ ਮੈਨੂੰ ਦੱਸ ਦਈਂ, ਮੈਂ ਆਪੇ ਘਰ ਦਿਆਂ ਨੂੰ ਮਨਾ ਲਊਂਗਾ।" ਗੁਰਪਾਲ ਦੀ ਮੇਰੀ ਪੜ੍ਹਾਈ ਲਈ ਕੀਤੀ ਭਵਿੱਖਬਾਣੀ ਸੱਚ ਵੀ ਹੋਈ। ਮੈਂ ਨਾ ਸਿਰਫ ਫਸਟ ਕਲਾਸ ਵਿਚ ਡਿਗਰੀ ਲਈ ਬਲਕਿ ਯੂਨੀਵਰਸਿਟੀ ਮੈਰਿਟ ਲਿਸਟ ਵਿਚ ਦੂਸਰਾ ਸਥਾਨ ਲਿਆ। ਜਦੋਂ ਮੈਂ ਐਮ. ਏ. ਫਾਈਨਲ ਵਿਚ ਸਾਂ ਤਾਂ ਪੰਜਾਬੀ ਵਿਭਾਗ ਦੇ ਵਿਦਿਆਰਥੀਆਂ ਨੇ ਕੁਰੂਕਸ਼ੇਤਰ ਯੂਨੀਵਰਸਿਟੀ ਵਿਚ ਕਵੀ ਦਰਬਾਰ ਰੱਖਿਆ ਜਿਸ ਵਿਚ ਹਿੱਸਾ ਲੈਣ ਗੁਰਪਾਲ ਨੇ ਵੀ ਆਉਣਾ ਸੀ। ਮੈਂ ਥੋੜ੍ਹੀ ਲੇਟ ਹੋ ਗਈ ਪਰ ਗੁਰਪਾਲ ਦੀ ਵਾਰੀ ਹਾਲੇ ਆਉਣੀ ਸੀ। ਵਾਰੀ ਆਉਣ 'ਤੇ ਉਸ ਨੇ ਲੇਟ ਪਹੁੰਚਣ ਵਾਲੀ ਆਪਣੀ ਸੁਸਤ ਭੈਣ 'ਤੇ ਉਸੇ ਵੇਲੇ ਕਵਿਤਾ ਦੀਆਂ ਕੁਝ ਸਤਰਾਂ ਜੋੜੀਆਂ ਤੇ ਪੜ੍ਹ ਕੇ ਸੁਣਾਈਆਂ; ਫਿਰ ਆਪਣੀ ਅਸਲੀ ਕਵਿਤਾ ਸੁਣਾਉਣੀ ਸ਼ੁਰੂ ਕੀਤੀ।

ਸਾਡੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਪ੍ਰੋਫੈਸਰ ਡਾ. ਸਤੀਸ਼ ਵਰਮਾ ਨੇ ਕੈਂਪਸ ਵਿਚਲੇ ਛੋਟੇ ਬੱਚਿਆਂ ਦਾ ਥਿਏਟਰ ਸ਼ੁਰੂ ਕੀਤਾ ਜਿਸ ਵਿਚ ਮੇਰੀ ਵਿਛੜ ਚੁਕੀ ਧੀ ਪੂਨਮ ਅਤੇ ਬੇਟੇ ਮਨਵੀਰ ਨੂੰ ਵੀ ਸ਼ਾਮਲ ਕਰ ਲਿਆ। ਨਾਟਕ ਸੀ 'ਹਾਏ ਨੀ ਧੀਏ ਮੋਰਨੀਏ' ਜਿਸ ਵਿਚ ਪੂਨਮ ਹਿੱਸਾ ਲੈ ਰਹੀ ਸੀ ਅਤੇ ਮਨਵੀਰ ਕਿਉਂਕਿ ਹਾਲੇ ਛੋਟਾ ਸੀ ਇਸ ਲਈ ਉਹ ਤੇ ਮੈਡਮ ਬਰਾੜ ਦਾ ਬੇਟਾ ਸੂਤਰਧਾਰ ਦਾ ਰੋਲ ਅਦਾ ਕਰ ਰਹੇ ਸਨ। ਟੈਗੋਰ ਥਿਏਟਰ ਚੰਡੀਗੜ੍ਹ ਵਿਚ ਬੱਚਿਆਂ ਦਾ ਨਾਟਕ ਮੁਕਾਬਲਾ ਹੋਣਾ ਸੀ। ਡਾ. ਸਤੀਸ਼ ਵਰਮਾ ਆਪਣੀ ਟੀਮ ਲੈ ਕੇ ਟੈਗੋਰ ਥਿਏਟਰ ਚੰਡੀਗੜ੍ਹ ਗਏ, ਜਿੱਥੇ ਗੁਰਪਾਲ ਵੀ ਖੰਨੇ ਤੋਂ ਆਪਣੇ ਸਕੂਲ ਦੀ ਟੀਮ ਨਾਲ (ਗੁਰਪਾਲ ਨੇ ਆਪਣਾ ਨਿਜ ਦਾ ਸਕੂਲ ਖੋਲ੍ਹਿਆ ਹੋਇਆ ਸੀ ਜਿਸ ਵਿਚ ਉਹ ਤੇ ਭਾਬੀ ਗੁਰਪਾਲ ਪੜ੍ਹਾਉਂਦੇ ਵੀ ਸਨ) ਹਿੱਸਾ ਲੈਣ ਵਾਸਤੇ ਆਇਆ ਹੋਇਆ ਸੀ। ਪੂਨਮ ਦੀ ਅਦਾਕਾਰੀ ਦੇਖ ਕੇ ਉਹ ਏਨਾ ਖੁਸ਼ ਹੋਇਆ ਕਿ ਮਿਲਣ ਲਈ ਉਚੇਚਾ ਪਟਿਆਲੇ ਆਇਆ ਤੇ ਮੈਨੂੰ ਕਹਿੰਦਾ, "ਭੈਣੇ ਮੈਂ ਤਾਂ ਕਦੇ ਸੋਚਿਆ ਵੀ ਨਹੀਂ ਸੀ ਕਿ ਆਪਣੀ ਪੂਨਮ ਏਨੀ ਮੈਚਿਓਰ ਐਕਟਿੰਗ ਕਰਦੀ ਹੈ?"

ਇਸ ਤੋਂ ਪਤਾ ਲਗਦਾ ਹੈ ਕਿ ਆਪਣੇ ਆਲੇ-ਦੁਆਲੇ ਉਹ ਸਾਹਿਤਕ ਗੁਣਾਂ ਦੀ ਕਿੰਨੀ ਕਦਰ ਵੀ ਕਰਦਾ ਅਤੇ ਪ੍ਰੇਰਨਾ ਵੀ ਦਿੰਦਾ ਸੀ। ਸਦਾ ਲਈ ਤੁਰ ਜਾਣ ਤੋਂ ਕੁਝ ਦਿਨ ਪਹਿਲਾਂ ਹੀ ਉਸ ਨੇ ਹਸਪਤਾਲ ਤੋਂ ਛੁੱਟੀ ਹੋ ਜਾਣ ਤੋਂ ਬਾਅਦ ਫੇਸਬੁੱਕ 'ਤੇ ਵੀਡੀਓ ਪਾਈ ਤਾਂ ਉਸ ਦਾ ਏਨਾ ਕਮਜ਼ੋਰ ਚਿਹਰਾ ਦੇਖ ਕੇ ਬਹੁਤ ਤਕਲੀਫ ਹੋਈ। ਫਟਾ ਫਟ ਫੋਨ ਕੀਤਾ ਤਾਂ ਉਸ ਨੇ ਦੱਸਿਆ ਕਿ ਉਹ 15 ਦਿਨ ਪਟਿਆਲੇ ਦੇ ਅਮਰ ਹਸਪਤਾਲ ਤੇ ਫਿਰ 15 ਦਿਨ ਦਇਆਨੰਦ ਹਸਪਤਾਲ, ਲੁਧਿਆਣਾ ਵਿਚ ਲਾ ਕੇ ਆਇਆ ਹੈ ਅਤੇ ਉਸ ਦਾ ਦਿਲ ਸਿਰਫ 20% ਕੰਮ ਕਰ ਰਿਹਾ ਹੈ। ਕਹਿੰਦਾ, "ਭੈਣੇ ਤੂੰ ਮੈਨੂੰ ਫੋਨ ਕਰ ਲਿਆ ਕਰ। ਬਿਮਾਰ ਬੰਦੇ ਦਾ ਜੀਅ ਉਈਂ ਉਦਾਸ ਹੋ ਜਾਂਦੈ।" ਅਗਲੇ ਹਫਤੇ ਫਿਰ ਫੋਨ ਕੀਤਾ ਤਾਂ ਕਹਿੰਦਾ, "ਅੱਜ ਮੈਂ ਭਾਦਸੋਂ ਬੇਟੀ ਕੋਲ ਨਹੀਂ ਗਿਆ। ਮੇਰੀ ਸਕੂਲ ਦੀ ਵਿਦਿਆਰਥਣ ਤੇ ਉਸ ਦਾ ਪਤੀ ਮਿਲਣ ਆਏ ਹਨ ਕਿ ਅੱਜ ਉਹ ਮੇਰੇ ਨਾਲ ਇਥੇ ਆਪ ਖਾਣਾ ਤਿਆਰ ਕਰਨਗੇ ਤੇ ਅਸੀਂ ਇਕੱਠੇ ਬੈਠ ਕੇ ਖਾਵਾਂਗੇ।"

ਜਿਸ ਦਿਨ ਤੁਰ ਜਾਣਾ ਸੀ, ਫੇਸਬੁੱਕ 'ਤੇ ਕਵਿਤਾ ਪੜ੍ਹਦੇ ਦੀ ਵੀਡੀਓ ਪਾਈ। ਸ਼ਾਮ ਨੂੰ ਉਹ ਵੀਡੀਓ ਦੇਖੀ ਅਤੇ ਦੂਜੇ ਦਿਨ ਸਵੇਰੇ ਆਪਣੇ ਭਤੀਜੇ ਦਲੀਪ ਸਿੰਘ ਨੂੰ ਸਮਰਾਲੇ ਹਾਲ-ਚਾਲ ਪੁੱਛਣ ਲਈ ਫੋਨ ਕੀਤਾ ਤੇ ਅੱਗੋਂ ਉਸ ਦਾ ਉਦਾਸੀ ਭਰਿਆ ਪਹਿਲਾ ਹੀ ਵਾਕ ਸੀ, "ਭੂਆ ਜੀ! ਗੁਰਪਾਲ ਲਿੱਟ ਕੱਲ ਤੁਰ ਗਿਆ।" ਇਸ ਵਾਕ ਨੇ ਝੰਜੋੜ ਕੇ ਹੀ ਰੱਖ ਦਿੱਤਾ ਕਿਉਂਕਿ ਇਸ ਤੋਂ ਪਹਿਲੀ ਸ਼ਾਮ ਹੀ ਤਾਂ ਉਸ ਨੂੰ ਫੇਸਬੁੱਕ 'ਤੇ ਸੁਣਿਆ ਅਤੇ ਦੇਖਿਆ ਸੀ; ਹਫਤਾ ਪਹਿਲਾਂ ਹੀ ਤਾਂ ਉਸ ਨਾਲ ਵਾਅਦਾ ਕੀਤਾ ਸੀ ਕਿ ਮੈਂ ਹੁਣ ਹਰ ਹਫਤੇ ਉਸ ਨੂੰ ਫੋਨ ਜ਼ਰੂਰ ਕਰਿਆ ਕਰਾਂਗੀ! ਇਸ ਤਰ੍ਹਾਂ ਅਛੋਪਲੇ ਹੀ ਆਪਣੇ ਹਿੱਸੇ ਦੀਆਂ ਖੁਸ਼ੀਆਂ ਤੇ ਗਮ ਹੰਢਾ ਕੇ ਗੁਰਪਾਲ ਲਿੱਟ ਉਰਫ ਸਾਡਾ 'ਭਾਗ ਵੀਰਾ' ਤੁਰ ਗਿਆ। ਸਿਆਣੇ ਕਹਿੰਦੇ ਹਨ, ਔਲਾਦ ਦੇ ਤੁਰ ਜਾਣ ਦਾ ਗਮ ਬੰਦੇ ਨੂੰ ਅੰਦਰੇ ਅੰਦਰ ਖਾ ਲੈਂਦਾ ਹੈ ਭਾਵੇਂ ਬੰਦਾ ਬਾਹਰੋਂ ਕਿੰਨਾ ਵੀ ਖੁਸ਼ ਨਜ਼ਰ ਕਿਉਂ ਨਾ ਆਵੇ! ਗੁਰਪਾਲ ਲਿੱਟ ਤੇ ਭਾਬੀ ਗੁਰਪਾਲ ਨੂੰ ਵੀ ਪੁੱਤ ਦੀ ਚੜ੍ਹਦੀ ਜੁਆਨੀ ਵਿਚ ਮੌਤ ਨੇ ਵਿਚੇ ਵਿਚ ਖਾ ਲਿਆ।

# ਐਮ. ਐਸ. ਰੰਧਾਵਾ ਉਤਸਵ ਦੀ ਵਿਲੱਖਣਤਾ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਪੰਜਾਬ ਕਲਾ ਪ੍ਰੀਸ਼ਦ, ਚੰਡੀਗੜ੍ਹ ਵਲੋਂ ਰਚਾਇਆ ਗਿਆ ਡਾ. ਐਮ. ਐਸ. ਰੰਧਾਵਾ ਕਲਾ ਤੇ ਸਾਹਿਤਕ ਉਤਸਵ ਬੜਾ ਸ਼ਾਨਾਂ ਮੱਤਾ ਰਿਹਾ। ਪਹਿਲੇ ਦਿਨ ਸਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਪ੍ਰਧਾਨਗੀ ਵਾਲੇ ਸੈਸ਼ਨ ਵਿਚ ਸ. ਰੰਧਾਵਾ ਦੀ ਕਾਰਜਸ਼ੈਲੀ ਤੇ ਦੇਣ ਬਾਰੇ ਲਾਜਵਾਬ ਗੱਲਾਂ ਹੋਈਆਂ। ਉਹਦੀ ਫੈਸਲੇ ਲੈਣ ਦੀ ਮਸ਼ੀਨੀ ਫੁਰਤੀ, ਪ੍ਰਤਾਪ ਸਿੰਘ ਕੈਰੋਂ ਦੀ ਕੁਵੇਲੀ ਮ੍ਰਿਤੂ ਦਾ ਦੁੱਖ, ਪਲਾਨਿੰਗ ਕਮਿਸ਼ਨ ਦੀ ਘੱਟ ਕੰਮ ਵਾਲੀ ਮੈਂਬਰੀ ਸਮੇਂ ਨਿੱਠ ਕੇ ਗੁਰਮੁਖੀ ਲਿਪੀ ਦੀ ਲਿਖਾਈ ਸਿੱਖਣਾ ਅਤੇ ਉਤਰ ਪ੍ਰਦੇਸ਼ ਤੇ ਮੱਧ ਪ੍ਰਦੇਸ਼ ਵਲੋਂ ਵਿਸਾਰੀ ਜਾ ਚੁਕੀ ਉਰਦੂ ਭਾਸ਼ਾ ਨੂੰ ਦੇਸ਼ ਦੀਆਂ ਬਾਕੀ ਭਾਸ਼ਾਵਾਂ ਦੇ ਬਰਾਬਰ ਖੜ੍ਹੀ ਕਰੀ ਰੱਖਣਾ ਆਦਿ। ਸਰੋਤੇ ਅਸ਼ ਅਸ਼ ਕਰ ਉਠੇ।

ਕਲਾ ਪ੍ਰੀਸ਼ਦ ਵਲੋਂ ਇਹ ਸੱਤ ਰੋਜ਼ਾ ਉਤਸਵ ਸਵੇਰ, ਦੁਪਹਿਰ ਤੇ ਸ਼ਾਮ ਲਈ ਉਸਾਰੂ ਪ੍ਰੋਗਰਾਮ ਉਲੀਕ ਕੇ ਰਚਾਇਆ ਗਿਆ। ਸਵੇਰ ਦੇ ਸੈਸ਼ਨਾਂ ਲਈ ਵੱਡੇ ਕਲਾਕਾਰਾਂ ਦੇ ਰੂਬਰੂ, ਸਵਾਲ-ਜਵਾਬ ਤੇ ਸੈਮੀਨਾਰ; ਬਾਅਦ ਦੁਪਹਿਰ ਮਲਵਈ ਗਿੱਧਾ, ਸੰਮੀ, ਝੁਮਰ, ਨਕਲਾਂ, ਤੂੰਬਾ, ਅਲਗੋਜ਼ੇ ਤੇ ਪੁਆਧੀ ਜਲਸਾ ਹੁੰਦਾ। ਦੂਰ ਨੇੜੇ ਦੇ ਵਧੀਆ ਕਲਾਕਾਰਾਂ ਦਾ ਕਲਾ ਭਵਨ ਦੇ ਵਿਹੜੇ ਆ ਕੇ ਅਖਾੜੇ ਲਾਉਣਾ ਖੂਬ ਸਲਾਹਿਆ ਗਿਆ। ਸ਼ਾਮਾਂ ਵੇਲੇ ਸੁੱਖੀ ਬਰਾੜ ਤੇ ਨੀਲੇ ਖਾਂ ਦੀ ਗਾਇਕੀ, ਚੋਣਵੇਂ ਨਾਟਕ ਤੇ ਗੁਰਮੀਤ ਬਾਵਾ ਪਰਿਵਾਰ ਦੇ ਸ਼ਗਨਾਂ ਦੇ ਗੀਤ ਖਿੱਚ ਦਾ ਮੁਕਾਮ ਬਣੇ। ਗੁਰਮੀਤ ਬਾਵਾ ਤੇ ਉਸ ਦੀਆਂ ਬੇਟੀਆਂ ਨੇ ਗੀਤਾਂ ਦੇ ਨਾਲ ਨਾਲ ਲੋਕ ਬੋਲੀਆਂ ਤੇ ਪੀਲੂ ਦੇ ਮਿਰਜ਼ਾ ਸਾਹਿਬਾਂ ਵਿਚੋਂ ਮਨਭਾਉਂਦੇ ਬੋਲ ਲੰਮੀ ਹੇਕ ਨਾਲ ਗਾ ਕੇ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ।

ਇਕ ਸ਼ਾਮ ਸਵਰਾਜਬੀਰ ਦਾ ਲਿਖਿਆ ਅਤੇ ਕੇਵਲ ਧਾਲੀਵਾਲ ਦਾ ਨਿਰਦੇਸ਼ਿਤ ਨਾਟਕ 'ਫਸਲ' ਅਜੋਕੀ ਕਿਸਾਨੀ ਦੀ ਹਿਰਦੇਵੇਦਕ ਦਸ਼ਾ ਨੂੰ ਦਰਸਾ ਗਿਆ। ਇਸ ਨਾਟਕ ਦੀ ਪੇਸ਼ਕਾਰੀ ਤੋਂ ਸਰੋਤਿਆਂ ਨੇ ਮਹਿਸੂਸ ਕੀਤਾ ਕਿ ਇਹ ਨਾਟਕ ਪੰਜਾਬ ਦੇ ਪਿੰਡਾਂ, ਸ਼ਹਿਰਾਂ ਤੇ ਕਸਬਿਆਂ ਵਿਚ ਪਹੁੰਚਣਾ ਚਾਹੀਦਾ ਹੈ ਤਾਂ ਕਿ ਨਸ਼ਿਆਂ ਤੇ ਕਰਜ਼ਿਆਂ ਦੇ ਸ਼ਿਕਾਰ ਹੋਏ ਪੇਂਡੂ ਪਰਿਵਾਰ ਵਿਦੇਸ਼ ਜਾਣ ਦੇ ਜਾਲ ਵਿਚ ਫਸਣ ਦੀ ਥਾਂ ਪੂਰੀ ਮਿਹਨਤ ਕਰਕੇ ਆਪਣੀ ਮਿੱਟੀ ਨੂੰ ਹੁਸੀਨ ਬਣਾਉਣ।

ਇਸ ਉਤਸਵ ਦੇ ਕਵੀ ਦਰਬਾਰ ਵਿਚ ਉਰਦੂ, ਹਿੰਦੀ ਤੇ ਪੰਜਾਬੀ ਦੇ ਉਘੇ ਕਵੀਆਂ ਨੇ ਪੰਜਾਬੀਆਂ ਦੀ ਦਸ਼ਾ ਤੇ ਦਿਸ਼ਾ ਦਾ ਵਾਸਤਾ ਪਾ ਕੇ ਸਮੁੱਚੇ ਪੰਜਾਬੀਆਂ ਨੂੰ ਉਸਾਰੂ ਸੋਚ ਅਪਨਾਉਣ ਲਈ ਪ੍ਰੇਰਿਆ ਤੇ ਸਮੇਂ ਦੇ ਹਾਕਮਾਂ ਨੂੰ ਮਹਿੰਦਰ ਸਿੰਘ ਰੰਧਾਵਾ ਦੀ ਕਾਰਜ ਸ਼ੈਲੀ ਅਪਨਾਉਣ ਲਈ ਵੰਗਾਰਿਆ। ਇਨ੍ਹਾਂ ਵਿਚੋਂ ਤਰਲੋਚਨ ਲੋਚੀ, ਮਨਜੀਤ ਇੰਦਰਾ, ਮਨਮੋਹਨ ਸਿੰਘ ਦਾਊਂ, ਗੁਰਭਜਨ ਗਿੱਲ, ਬਲਵਿੰਦਰ ਸੰਧੂ, ਸੁਰਿੰਦਰ ਗਿੱਲ, ਸੁਖਵਿੰਦਰ ਅੰਮ੍ਰਿਤ, ਵਿਜੇ ਵਿਵੇਕ, ਮਾਧਵ ਕੌਸ਼ਿਕ ਤੇ ਸਰਦਾਰ ਪੰਛੀ ਖੂਬ ਛਾਏ। ਇਹ ਗੱਲ ਵੀ ਨੋਟ ਕੀਤੀ ਗਈ ਕਿ ਕਲਾ ਪ੍ਰੀਸ਼ਦ ਦੇ ਅਧਿਕਾਰੀਆਂ ਸੁਰਜੀਤ ਪਾਤਰ, ਲਖਵਿੰਦਰ ਜੌਹਲ ਤੇ ਸਰਬਜੀਤ ਸੋਹਲ ਨੇ ਨੈਤਿਕਤਾ ਦਾ ਪਾਲਣ ਕਰਦਿਆਂ ਇਸ ਉਤਸਵ ਵਿਚ ਆਪਣੇ ਆਪ ਨੂੰ ਉਭਾਰਨ ਦੀ ਥਾਂ ਦੂਜੇ ਕਵੀਆਂ ਨੂੰ ਹੀ ਪੇਸ਼ ਕੀਤਾ।

ਇਸ ਉਤਸਵ ਦੀ ਇੱਕ ਖੂਬੀ ਇਹ ਵੀ ਰਹੀ ਕਿ ਇਥੇ ਬੀ. ਐਨ. ਗੋਸਵਾਮੀ, ਵਰਿਆਮ ਸੰਧੂ ਤੇ ਜਤਿੰਦਰ ਦੀ ਕਲਾ, ਸਾਹਿਤ ਤੇ ਰੰਗ ਮੰਚ ਵਿਚ ਪਾਏ ਯੋਗਦਾਨ ਲਈ ਉਨ੍ਹਾਂ ਨੂੰ ਪੰਜਾਬ ਗੌਰਵ ਸਨਮਾਨ ਨਾਲ ਨਿਵਾਜਿਆ ਗਿਆ।

ਦੋ ਤੋਂ ਅੱਠ ਫਰਵਰੀ ਤੱਕ ਚੱਲੇ ਇਸ ਉਤਸਵ ਵਿਚ ਦੀਵਾਨ ਮੰਨਾ ਵਲੋਂ ਤਿਆਰ ਕੀਤੀ ਗਈ ਰੰਧਾਵਾ ਦੀ ਜੀਵਨ ਸ਼ੈਲੀ ਦੀਆਂ ਤਸਵੀਰਾਂ ਦੀ ਨੁਮਾਇਸ਼ ਸੱਤ ਦਿਨ ਖਿੱਚ ਦਾ ਕਾਰਨ ਬਣੀ। ਉਨ੍ਹਾਂ ਦੇ ਮੁਲਕ ਰਾਜ ਅਨੰਦ, ਡਬਲਯੂ. ਜੀ. ਆਰਚ, ਅੰਮ੍ਰਿਤਾ ਪ੍ਰੀਤਮ, ਮੋਹਨ ਸਿੰਘ ਤੇ ਪੰਡਿਤ ਨਹਿਰੂ ਵਰਗੀਆਂ ਹਸਤੀਆਂ ਨਾਲ ਮੇਲ-ਮਿਲਾਪ ਦੀਆਂ ਵਧੀਆ ਤਸਵੀਰਾਂ ਸਨ, ਖਾਸ ਕਰਕੇ ਕੈਰੋਂ, ਇੰਦਰਾ ਗਾਂਧੀ ਤੇ ਪੰਡਿਤ ਨਹਿਰੂ ਹੀ ਨਹੀਂ, ਵਿਦੇਸ਼ੀ ਹਸਤੀਆਂ ਦੇ ਬਰਾਬਰ ਦਾ ਹੋ ਕੇ ਵਿਚਰਨ ਵਾਲੀਆਂ ਵੀ। ਦਰਸ਼ਕਾਂ ਨੇ ਇਹ ਵੀ ਨੋਟ ਕੀਤਾ ਕਿ ਇਕ ਤਸਵੀਰ ਵਿਚ ਕਿਸੇ ਸਮਾਗਮ ਸਮੇਂ ਸ. ਰੰਧਾਵਾ ਏਨੇ ਤੇਜ਼ ਤੁਰ ਰਹੇ ਹਨ ਕਿ ਪੰਡਿਤ ਨਹਿਰੂ ਉਨ੍ਹਾਂ ਨਾਲ ਭੱਜ ਕੇ ਰਲਦੇ ਦਿਖਾਈ ਦਿੰਦੇ ਹਨ।



ਡਾ. ਰੰਧਾਵਾ ਯਾਦਗਾਰੀ ਮੇਲੇ 'ਚ ਵਰਿਆਮ ਸੰਧੂ (ਖੱਬਿਓਂ ਚੌਥੇ) ਦਾ ਸਨਮਾਨ

**ਮੋਰਨੀ ਦੇ ਟਿੱਲਿਆਂ ਦੀ ਹਰਿਆਵਲ ਦਾ ਭਗਵਾਂਕਰਨ:** ਬੀਤੇ ਹਫਤੇ ਪੰਚਕੂਲਾ ਤੋਂ ਰਾਇਪੁਰ ਰਾਣੀ ਜਾਂਦਿਆਂ ਮੋਰਨੀ ਦੇ ਟਿੱਲਿਆਂ ਨੂੰ ਖਰੋਚ ਕੇ ਉਸ ਮਾਰਗ ਨੂੰ ਚੌੜਾ ਹੁੰਦਾ ਵੇਖ ਕੇ ਅਨੰਦ ਆ ਗਿਆ। ਖੁਦਾਈ ਕਾਰਨ ਗੱਡੀ ਨੂੰ ਕਈ ਵਾਰੀ ਏਧਰ ਓਧਰ ਕਰਨ ਦੇ ਬਾਵਜੂਦ ਜਾਪਦਾ ਸੀ ਕਿ ਇਸ ਮਾਰਗ ਦੀ ਪਹਿਲੀ ਵਾਰ ਸੁਣੀ ਗਈ ਹੈ। ਪਤਝੜ ਦੀ ਰੁੱਤੇ ਖੱਬੇ-ਸੱਜੇ ਦੀ ਹਰਿਆਵਲ ਮਾਣਨ ਵਾਲੀ ਹੈ। ਸਰਕਾਰ ਨੂੰ ਥਾਪੜਾ ਦੇਣ ਲਈ ਦਿਲ ਕਰਦਾ ਹੈ। ਸ਼ਾਂਤ, ਸੁੰਦਰ ਤੇ ਸੁੰਨੀਆਂ ਪਹਾੜੀਆਂ ਦਾ ਦ੍ਰਿਸ਼ ਸੱਚ ਮੁੱਚ ਹੀ ਵੇਖਣ ਤੇ ਮਾਣਨ ਵਾਲਾ ਹੈ। ਪੁੱਛ-ਗਿੱਛ ਤੋਂ ਪਤਾ ਲੱਗਾ ਕਿ ਥੰਨਡੋਗ ਬਲਾਕ ਦੇ ਸੱਤ ਏਕੜ ਸਾਫ ਕਰਕੇ ਵਿਸ਼ਵ ਹਿੰਦੂ ਪ੍ਰੀਸ਼ਦ ਇਥੇ ਚਿੰਤਨ ਤੇ ਖੋਜ ਕੇਂਦਰ ਸਥਾਪਤ ਕਰ ਰਹੀ ਹੈ। ਸਾਡੀ ਯਾਤਰਾ ਤੋਂ ਪਹਿਲਾਂ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਉਚੇਚੇ ਤੌਰ 'ਤੇ ਖੱਟਰ ਕਾਮਿਆਂ ਨੂੰ ਕੰਮ ਕਰਦੇ ਵੇਖ ਕੇ ਗਿਆ ਹੈ। ਇਥੇ ਭਗਤਾਂ ਦੀ ਅਰਾਧਨਾ ਲਈ ਚਾਰ ਬਲਾਕਾਂ ਤੋਂ ਬਿਨਾ ਇੱਕ ਲਾਇਬਰੇਰੀ ਵੀ ਸਥਾਪਤ ਹੋਵੇਗੀ। ਭਾਵ ਇਹ ਕਿ ਮੋਰਨੀ ਦੀ ਹਰਿਆਲੀ ਪੂਰੇ ਤੌਰ 'ਤੇ ਭਗਵੀਂ ਕੀਤੀ ਜਾਵੇਗੀ। ਸੰਘ ਪਰਿਵਾਰ ਨੂੰ ਉਨ੍ਹਾਂ ਦੀ ਧਾਰਨਾ ਮੁਬਾਰਕ!

**ਵਿਨੇ ਕਟੀਆਰ ਦੀ ਬੇਤੁਕੀ:** ਭਾਜਪਾ ਸੰਸਦ ਮੈਂਬਰ ਵਿਨੇ ਕਟੀਆਰ ਨੇ ਇਕ ਖਤਰਨਾਕ ਸ਼ੋਸ਼ਾ ਛੱਡਿਆ ਹੈ ਕਿ ਭਾਰਤ ਦੇ ਮੁਸਲਮਾਨਾਂ ਨੂੰ ਪਾਕਿਸਤਾਨ ਤੇ ਬੰਗਲਾ ਦੇਸ਼ ਵਿਚ ਚਲੇ ਜਾਣਾ ਚਾਹੀਦਾ ਹੈ। ਦਲੀਲ ਇਹ ਕਿ ਉਨ੍ਹਾਂ ਨੇ 1947 ਵਿਚ ਧਰਮ ਦੇ ਆਧਾਰ ਉਤੇ ਦੇਸ਼ ਦੇ ਟੁਕੜੇ ਕਰਵਾਏ ਸਨ। ਉਹ ਭੁੱਲ ਜਾਂਦਾ ਹੈ ਕਿ ਦੇਸ਼ ਵੰਡ ਦੇ ਜਿੰਮੇਵਾਰ ਕੇਵਲ ਮੁਸਲਿਮ ਨੇਤਾ ਹੀ ਨਹੀਂ, ਹਿੰਦੂ ਨੇਤਾ ਵੀ ਸਨ। ਉਂਜ ਵੀ ਵਸੋਂ ਦੇ ਤਬਾਦਲੇ ਸਮੇਂ ਹਿੰਦੂਆਂ ਜਾਂ ਮੁਸਲਮਾਨਾਂ ਦੀ ਗਿਣਤੀ ਨੂੰ ਆਧਾਰ ਕੇਵਲ ਪੰਜਾਬ ਤੇ ਬੰਗਾਲ ਦੀ ਵੰਡ ਲਈ ਬਣਾਇਆ ਗਿਆ ਸੀ, ਸਾਰੇ ਭਾਰਤ ਲਈ ਨਹੀਂ। ਇਸ ਵਿਸ਼ੇ ਨੂੰ ਵਾਰ ਵਾਰ ਉਭਾਰਨਾ ਭਾਰਤ ਦੀ ਮੁਸਲਿਮ, ਸਿੱਖ ਅਤੇ ਈਸਾਈ ਘੱਟ ਗਿਣਤੀ ਲਈ ਅਤਿਅੰਤ ਭਿਆਨਕ ਹੈ। ਸੈਕੂਲਰ ਸੋਚ ਵਾਲੇ ਸਾਵਧਾਨ ਰਹਿਣ।

ਅੰਤਿਕਾ: (ਮੌਲਾ ਬਖਸ਼ ਕੁਸ਼ਤਾ)
ਦੀਵਾ ਮੰਦਿਰ ਵਿਚ ਬਲੇ ਮਸੀਤ ਵਿਚ ਜਾਂ
ਮੇਰੇ ਲਈ ਹੈ ਦੋਹਾਂ ਦੀ ਜੋਤ ਇੱਕੋ।
ਅਜੇ ਤੀਕ ਨਾ ਹੀ ਮੈਨੂੰ ਪਤਾ ਲੱਗਿਆ
ਹਿੰਦੂ ਦਿਲ ਹੈ ਕਿ ਮੁਸਲਮਾਨ ਮੇਰਾ।

# ਆਓ ਚੱਲੀਏ ਹਰਫਾਂ ਦੇ ਮੇਲੇ

ਕਲਾ ਪਰਿਕਰਮਾ

ਖਰੀਦੋ-ਰੱਖੋ, ਪੜ੍ਹੋ ਨਾ ਪੜ੍ਹੋ
ਘਰ ਦੇ ਰੈਕ 'ਚ ਰੱਖੋ
ਰੱਖੋ ਤੇ ਭੁੱਲ ਜਾਓ
ਜੇ ਤੁਸੀਂ ਪੜ੍ਹ ਨਹੀਂ ਸਕਦੇ
ਯਾਦ ਨਹੀਂ ਰੱਖ ਸਕਦੇ
ਸੌਣ ਦਿਓ ਕਿਤਾਬ ਨੂੰ
ਮਹੀਨੇ ਸਾਲ ਪੀੜ੍ਹੀ ਦਰ ਪੀੜ੍ਹੀ
ਉਡੀਕ ਕਰੋ, ਜਾਗੇਗੀ ਕਿਤਾਬ।

ਸਵਰਨਜੀਤ ਸਵੀ ਦੀ ਇਸ ਕਵਿਤਾ ਵਿਚ ਵੱਡਾ ਸੱਚ ਸਮਾਇਆ ਹੋਇਆ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੰਜਾਬੀ ਵਿਭਾਗ ਦਾ ਮੁਖੀ ਬਣਿਆ ਤਾਂ ਇਕ ਚਿੱਠੀ ਮਿਲੀ, "ਮੈਂ ਤੁਹਾਡਾ ਨਾਟਕ 'ਕੱਲ੍ਹ ਅੱਜ ਤੇ ਭਲਕ' ਪੜ੍ਹਿਆ, ਪਸੰਦ ਆਇਆ, ਖੇਡਣਾ ਚਾਹੁੰਦਾ ਹਾਂ, ਕਿਰਪਾ ਕਰ ਕੇ ਇਜ਼ਾਜਤ ਦਿਓ।" ਮੈਂ ਨਾਟਕ ਲਿਖਦਾ

**ਪ੍ਰੋ. ਰਾਜਿੰਦਰ ਪਾਲ ਸਿੰਘ ਬਰਾੜ**
**ਫੋਨ: 91-98150-50617**

ਸੀ, ਪਰ ਛਪਵਾਇਆ ਕੋਈ ਨਹੀਂ ਸੀ। 'ਕੱਲ੍ਹ ਅੱਜ ਤੇ ਭਲਕ' ਨਾਟਕ ਵੀ ਮੇਰਾ ਨਹੀਂ ਸੀ, ਸਗੋਂ ਡਾ. ਹਰਚਰਨ ਸਿੰਘ ਦਾ ਲਿਖਿਆ ਸੀ।

ਇਹ ਚਿੱਠੀ ਮੈਨੂੰ ਕਿਉਂ ਆਈ? ਅਚਾਨਕ ਮੇਰੀ ਨਜ਼ਰ ਸਾਹਮਣੇ ਵਿਭਾਗ ਮੁਖੀਆਂ ਦੇ ਬੋਰਡ 'ਤੇ ਪਈ। ਡਾ. ਹਰਚਰਨ ਸਿੰਘ ਪੰਜਾਬੀ ਵਿਭਾਗ ਦੇ ਲੰਮਾ ਸਮਾਂ ਮੁਖੀ ਰਹੇ ਸਨ। ਮੈਨੂੰ ਕਹਾਣੀ ਸਮਝ ਆ ਗਈ। ਤੁਰੰਤ ਲਾਇਬਰੇਰੀ ਵਿਚੋਂ ਨਾਟਕ ਮੰਗਵਾਇਆ। ਇਸ 'ਤੇ ਪ੍ਰੋ. ਹਰਚਰਨ ਸਿੰਘ ਦਾ ਪੰਜਾਬੀ ਵਿਭਾਗ ਦੇ ਮੁਖੀ ਵਜੋਂ ਪਤਾ ਦਰਜ ਸੀ। ਕਿਸੇ ਬੰਦੇ ਨੇ ਹੁਣ ਪੁਸਤਕ ਪੜ੍ਹੀ ਤੇ ਚਿੱਠੀ ਪਾ ਦਿੱਤੀ। ਸੱਚਮੁੱਚ ਕਿਤਾਬ ਦੀ ਇਹੀ ਖੂਬਸੂਰਤੀ ਹੈ ਕਿ ਉਹ ਕਿਸੇ ਸਮੇਂ ਵੀ ਜਾਗ ਸਕਦੀ ਹੈ। ਇਸੇ ਲਈ ਕਿਸੇ ਨੇ ਲਾਇਬਰੇਰੀ ਵਿਚ ਪਈਆਂ ਪੁਸਤਕਾਂ ਨੂੰ ਲੋਕ ਕਹਾਣੀਆਂ ਦੇ ਦਿਓ ਦੀ ਕੈਦ ਵਿਚ ਪਈਆਂ ਪਰੀਆਂ ਨਾਲ



ਤੁਲਨਾਇਆ ਹੈ, ਜੋ ਆਪਣੇ ਪਾਠਕ ਰੂਪੀ ਰਾਜ ਕੁਮਾਰ ਨੂੰ ਮਿੰਟ-ਘੰਟੇ ਨਹੀਂ, ਦਿਨ, ਮਹੀਨੇ-ਸਾਲ ਨਹੀਂ, ਸਦੀਆਂ ਤੱਕ ਉਡੀਕਦੀਆਂ ਹਨ ਕਿ ਕੋਈ ਆਵੇ ਤੇ ਆਜ਼ਾਦ ਕਰਵਾਏ। ਕੁਝ ਸੱਜਣਾਂ ਨੇ ਕਿਤਾਬਾਂ ਨੂੰ ਗੌਤਮ ਰਿਸ਼ੀ ਦੇ ਸਰਾਪ ਨਾਲ ਸਿਲ ਪੱਥਰ ਹੋ ਗਈ ਅਹੱਲਿਆ ਨਾਲ ਵੀ ਤੁਲਨਾਇਆ ਹੈ, ਜੋ ਪਾਠਕ ਛੋਹ ਨੂੰ ਤਰਸਦੀ ਹੈ।

ਗ੍ਰੰਥ ਕੇਵਲ ਪੱਤਰਿਆਂ ਜਾਂ ਕਾਗਜ਼ਾਂ ਦੀ ਬੰਨ੍ਹੀ ਗੰਢ ਮਾਤਰ ਨਹੀਂ ਹੁੰਦਾ। ਕਾਗਜ਼ 'ਤੇ ਛਪੇ ਅੱਖਰ ਵਿਚਾਰਾਂ ਦੇ ਸਮੁੰਦਰ ਦੀ ਦੱਸ ਪਾਉਂਦੇ ਹਨ। ਗੁਰੂ ਨਾਨਕ ਦੇਵ ਤੇ ਹੋਰ ਗੁਰੂ ਸਾਹਿਬਾਨ, ਭਗਤਾਂ ਤੇ ਸੂਫੀਆਂ ਨੇ ਸ਼ਬਦ ਉਚਾਰੇ, ਗੁਰੂ ਅਰਜਨ ਦੇਵ ਨੇ ਉਨ੍ਹਾਂ ਨੂੰ ਗ੍ਰੰਥ ਦਾ ਰੂਪ ਦਿੱਤਾ, ਜਿਸ ਨੂੰ ਗੁਰੂ ਗੋਬਿੰਦ ਸਿੰਘ ਨੇ ਗੁਰੂ ਦੀ ਪਦਵੀ ਦਿੱਤੀ। ਇਹ ਸ਼ਬਦ ਗੁਰੂ ਦੀ ਤਾਕਤ ਸੀ ਕਿ ਲਹਿਰ ਪੈਦਾ ਹੋਈ ਜਿਸ ਨੇ ਸਿੱਖ ਇਨਕਲਾਬ ਕੀਤਾ। ਜ਼ੋਰੀ ਦਾਨ ਮੰਗਣ ਵਾਲੇ ਬਾਬਰ ਦੀ ਔਲਾਦ ਦੇ ਰਾਜ ਦੀਆਂ ਜੜ੍ਹਾਂ ਹਿੱਲ ਗਈਆਂ। ਇਹ ਸ਼ਬਦ ਦੀ ਕਰਾਮਾਤ ਸੀ। ਭੂਰਿਆਂ ਵਾਲੇ ਰਾਜੇ ਹੋਏ, ਗਰੀਬਨ ਕੋ ਪਾਤਸ਼ਾਹੀ ਮਿਲੀ, ਰਾਹਕ ਮੁਜ਼ਾਰੇ ਜਮੀਨਾਂ ਦੇ ਮਾਲਕ ਬਣੇ ਸਰਦਾਰ ਹੋ ਗਏ। ਪੰਜਾਬ 'ਚ ਹੇਠਲੇ ਪੌਡੇ 'ਤੇ ਬੈਠੇ ਜੱਟ ਜਮੀਨਾਂ ਦੇ ਮਾਲਕ ਬਣੇ। ਇਹ ਸਭ ਸ਼ਬਦ ਦਾ ਪ੍ਰਤਾਪ ਸੀ, ਸ਼ਬਦਾਂ ਨੇ ਗੁਲਾਮਾਂ ਦੀ ਮਾਨਸਿਕਤਾ ਬਦਲ ਦਿੱਤੀ।

ਪੰਜਾਬ ਵਿਚ ਜਗੀਰਦਾਰੀ ਵਿਰੁਧ ਸੰਘਰਸ਼ ਹੋਇਆ। ਸ਼ਬਦਾਂ ਨਾਲ ਵਰੋਸਾਏ ਲੋਕਾਂ 'ਚ ਜਾਗ੍ਰਤੀ ਤੇ ਹਿੰਮਤ ਆਈ। ਉਂਜ, ਸ਼ਬਦ ਨੂੰ ਗੁਰੂ ਸਮਝਣ ਵਾਲੇ ਲੋਕ ਅੱਜ ਸ਼ਬਦਾਂ ਵੱਲ ਪਿੱਠ ਕਰੀ ਖੜ੍ਹੇ ਹਨ। ਪੁਜਾਰੀਆਂ ਨੇ ਸ਼ਬਦ ਨੂੰ ਪੂਜਣਯੋਗ ਥਾਂ ਬਣਾ ਦਿੱਤਾ, ਪਰ ਵਿੱਦਿਆ ਨੂੰ ਵਿਚਾਰਨ ਦੀ ਥਾਂ ਕੇਵਲ ਅਡੰਬਰੀ ਕਿਸਮ ਦੇ ਸਤਿਕਾਰ ਦਾ ਪਾਤਰ ਬਣਾ ਦਿੱਤਾ। ਲੋੜ ਹੈ ਕਿ ਅੱਜ ਪਿਓ ਦਾਦੇ ਦਾ ਖਜ਼ਾਨਾ ਮੁੜ ਖੋਲ੍ਹਿਆ ਜਾਵੇ।

ਪੱਛਮ 'ਚ ਮਾਰਕਸ ਤੇ ਏਂਗਲਜ਼ ਨੇ ਸ਼ਬਦਾਂ ਦੇ ਦੀਵੇ ਜਗਾਏ। ਕੋਈ ਅੱਧੀ ਸਦੀ ਬਾਅਦ ਅੱਧੇ ਗਲੋਬ 'ਤੇ ਇਨਕਲਾਬ ਆਏ। ਦੁਨੀਆਂ ਲਾਲ ਰੰਗ ਵਿਚ ਰੰਗੀ ਗਈ। ਦੁਨੀਆਂ ਬਦਲ ਗਈ, ਮਜ਼ਦੂਰਾਂ ਨੂੰ ਹੱਕ ਮਿਲੇ। ਮਾਰਕਸ ਆਰਥਿਕ ਵਿਸ਼ਲੇਸ਼ਣ ਕਰਦਾ ਸੀ, ਪਰ ਉਸ ਨੂੰ ਕਵਿਤਾ ਲਿਖਣੀ ਚੰਗੀ ਲੱਗਦੀ ਸੀ। ਕਵਿਤਾ ਦੀ ਤਾਕਤ ਤੋਂ ਪਲੈਟੋ ਤੇ ਅਰਸਤੂ ਜਾਣੂ ਸਨ, ਪਰ ਪਹਿਲਾ ਕਵਿਤਾ ਦੀ ਨਾਬਰੀ ਅਤੇ ਸੱਤਾ ਨੂੰ ਦਿੱਤੀ ਚੁਣੌਤੀ ਤੋਂ ਘਬਰਾ ਕੇ ਕਵੀਆਂ ਨੂੰ ਦੇਸ਼ ਬਦਰ ਕਰਨ ਨੂੰ ਫਿਰਦਾ ਸੀ, ਦੂਜਾ ਉਸੇ ਦਾ ਚੇਲਾ ਸ਼ਬਦਾਂ ਦੇ ਦੁੱਖਾਂ 'ਤੇ ਮੱਲ੍ਹਮ ਲਾਉਣ ਦੇ ਕਥਾਰਸੀ ਕੰਮ ਤੋਂ ਜਾਣੂ ਸੀ ਤੇ ਕਵੀਆਂ ਦੇ ਪੱਖ ਵਿਚ ਸੀ। ਭਾਰਤੀ ਅਚਾਰੀਆ ਅਨੁਸਾਰ ਕਾਵਿ ਧਰਮ, ਅਰਥ, ਕਾਮ ਤੇ ਮੋਕਸ਼-ਚਾਰੇ ਜੀਵਨ ਉਦੇਸ਼ਾਂ ਦੀ ਪੂਰਤੀ ਕਰਦੇ ਹਨ। ਸਤਿ ਚਿੱਤ ਆਨੰਦ ਦੀ ਅਵਸਥਾ ਵਿਚ ਲੈ ਜਾਂਦਾ ਹੈ। ਜੀਵ ਵਿਗਿਆਨੀ ਤੋਂ ਮਨੋਵਿਗਿਆਨੀ ਬਣੇ ਇਬਰਾਹਿਮ ਟੀ ਕਾਵੂਰ ਦੀ ਪੁਸਤਕ ਦੇ ਪੰਜਾਬੀ ਅਨੁਵਾਦ ਨੇ ਪੰਜਾਬ ਵਿਚ ਲਹਿਰ ਖੜ੍ਹੀ ਕਰ ਦਿੱਤੀ ਸੀ ਜਿਸ ਨੇ ਸਦੀਆਂ ਤੋਂ ਲੱਗੇ ਵਹਿਮਾਂ ਭਰਮਾਂ ਦੇ ਹਨੇਰੇ ਜਾਲਿਆਂ ਨੂੰ ਗਿਆਨ ਤੇ ਤਰਕ ਦੀ ਰੋਸ਼ਨੀ ਨਾਲ ਹੂੰਝ ਸੁੱਟਿਆ ਸੀ। ਅਨੁਵਾਦ ਨਾਲ ਅਸੀਂ ਸੱਤ ਸਮੁੰਦਰੋਂ ਪਾਰ ਦੇ ਦੇਸ਼ ਦੇਸ਼ਾਂਤਰਾਂ ਦੇ ਤਾਲਸਤਾਏ, ਦੋਸਤੋਵਸਕੀ, ਹਕਸਲੇ, ਰਸੂਲ ਹਮਜ਼ਾਤੋਵ, ਤੁਰਗਨੇਵ, ਸ਼ੈਕਸਪੀਅਰ, ਬਰਨਾਰਡ ਸ਼ਾਅ, ਚੈਖਵ, ਗੋਰਕੀ ਵਰਗਿਆਂ ਨੂੰ ਇਉਂ ਜਾਣਨ ਲੱਗਦੇ ਹਾਂ, ਜਿਵੇਂ ਸਾਡੇ ਘਰ ਦੇ ਜੀਅ ਹੋਣ।

ਪੁਸਤਕਾਂ ਮਹਿੰਗੀਆਂ ਹਨ, ਪਰ ਐਨੀਆਂ ਵੀ ਨਹੀਂ, ਜਿੰਨੀ ਸ਼ਰਾਬ ਹੈ। ਕਿਸੇ ਮਲਟੀਪਲੈਕਸ ਸਿਨੇਮੇ ਦੇ ਫਿਲਮ ਦੀਆਂ ਟਿਕਟਾਂ ਜਾਂ ਜਾਣੇ ਪਛਾਣੇ ਨਾਂਵਾਂ ਵਾਲੇ ਫੂਡ ਜੁਆਇੰਟ 'ਤੇ ਇਕ ਸਮੇਂ ਦੇ ਖਾਣੇ ਜਿੰਨੀਆਂ ਜਾਂ ਇੱਕ ਸਮੇਂ ਦੇ ਫੇਸ਼ੀਅਲ ਜਿੰਨੀਆਂ ਵੀ ਮਹਿੰਗੀਆਂ ਨਹੀਂ। ਇਹ ਸਭ ਚੀਜ਼ਾਂ ਕੁਝ ਮਿੰਟਾਂ-ਘੰਟਿਆਂ, ਦਿਨਾਂ, ਹਫਤਿਆਂ, ਕੁਝ ਮਹੀਨਿਆਂ ਵਿਚ ਖਤਮ ਹੋ ਜਾਂਦੀਆਂ ਹਨ। ਪੁਸਤਕ ਸਦਾ ਸਲਾਮਤ ਰਹਿੰਦੀ ਹੈ। ਇਹ ਪੜ੍ਹਨ ਨਾਲ ਘਟਦੀ ਨਹੀਂ, ਸਗੋਂ ਵਧਦੀ ਹੈ।

ਸ਼ਰਾਬ ਪੀਣ ਵਾਲੇ ਜਾਣਦੇ ਹਨ ਕਿ ਪੀਣ ਵਾਲੇ ਵੱਧ ਹੋ ਜਾਣ ਤਾਂ ਹਰ ਇੱਕ ਦੇ ਹਿੱਸੇ ਥੋੜ੍ਹਾ ਨਸ਼ਾ ਆਉਂਦਾ ਹੈ। ਉਸ ਦੇ ਉਲਟ ਇਕੋ ਕਿਤਾਬ ਨੂੰ ਜੇ ਵੱਧ ਲੋਕਾਂ ਨੇ ਪੜ੍ਹਿਆ ਹੋਵੇ ਤਾਂ ਵਿਚਾਰਾਂ ਦਾ ਨਸ਼ਾ ਸਿਰ ਚੜ੍ਹ ਕੇ ਬੋਲਦਾ ਹੈ। ਪੀਣ ਨਾਲ ਬੋਤਲ ਖਾਲੀ ਹੋ ਜਾਂਦੀ ਹੈ, ਪਰ ਕਿਤਾਬ ਪਾਠਕ ਦੇ ਪੜ੍ਹਨ ਨਾਲ ਵੀ ਉਵੇਂ ਭਰੀ ਦੀ ਭਰੀ ਰਹਿੰਦੀ ਹੈ। ਪੁਸਤਕ ਆਪਣੇ ਹਰ ਪਾਠਕ ਦੇ ਮਨ ਨੂੰ ਭਰ ਦੇਣ ਦੇ ਸਮਰੱਥ ਹੈ। ਪੰਜਾਬ ਵਿਚ ਗੁਰਸ਼ਰਨ ਸਿੰਘ ਭਾਜੀ ਹੋਰਾਂ ਨੇ ਬਲਰਾਜ ਸਾਹਨੀ ਯਾਦਗਾਰੀ ਪੁਸਤਕਮਾਲਾ ਪ੍ਰਕਾਸ਼ਨ ਅਧੀਨ ਕਲਾਤਮਕ ਅਤੇ ਉਤਮ ਵਿਚਾਰਾਂ ਵਾਲੀਆਂ ਪੁਸਤਕਾਂ ਸਸਤੀ ਦਰ 'ਤੇ ਘਰ ਘਰ ਪਹੁੰਚਾਉਣ ਦਾ ਖੂਬਸੂਰਤ ਤਜਰਬਾ ਕੀਤਾ ਸੀ। ਸੋਵੀਅਤ ਰੂਸ ਦੇ ਯੂਨੀਅਨ ਹੋਣ ਸਮੇਂ ਸਸਤੀ ਦਰ 'ਤੇ ਅਨੁਵਾਦ ਸਾਹਿਤ ਸਾਡੇ ਤੱਕ ਪਹੁੰਚਿਆ ਸੀ। ਸ਼ੁਰੂ ਵਿਚ ਸਰਕਾਰੀ ਅਦਾਰੇ ਭਾਸ਼ਾ ਵਿਭਾਗ, ਨੈਸ਼ਨਲ ਬੁੱਕ ਟਰਸਟ ਅਤੇ ਯੂਨੀਵਰਸਿਟੀ ਦੀਆਂ ਪੁਸਤਕਾਂ ਮੁਕਾਬਲਤਨ ਸਸਤੀਆਂ ਸਨ। ਪੁਸਤਕਾਂ ਦਾ ਮਹਿੰਗਾ ਹੋਣਾ ਜ਼ਿੰਦਗੀ ਤੋਂ ਭੱਜੇ ਭਗੌੜਿਆਂ ਦਾ ਬਹਾਨਾ ਮਾਤਰ ਹੈ। ਲਾਇਬੇਰੀਆਂ ਤੋਂ ਇਲਾਵਾ ਹਰ ਸ਼ਹਿਰ ਵਿਚ ਚੰਦ ਸਾਹਿਤ ਰਸੀਏ ਜ਼ਰੂਰ ਹੁੰਦੇ ਹਨ ਜੋ ਪੁਸਤਕਾਂ ਉਧਾਰ ਦੇਣ ਦਾ ਪੁੰਨ ਖੱਟਦੇ ਹਨ। ਸ਼ੱਕਰ ਖੋਰਿਆਂ ਨੂੰ ਸ਼ੱਕਰ ਦਾ ਘਾਟਾ ਨਹੀਂ। ਛੋਟੇ ਛੋਟੇ ਬਹਾਨੇ ਛੱਡ ਕੇ ਆਪਣੇ ਘਰਾਂ ਨੂੰ ਪੁਸਤਕਾਂ ਨਾਲ ਸਜਾਈਏ। ਪੁਸਤਕ ਉਸ ਦੀ ਪ੍ਰੇਮਿਕਾ ਨਹੀਂ ਜੋ ਉਸ ਨੂੰ ਕੈਦ ਕਰ ਕੇ ਰੱਖਦਾ ਹੈ। ਪੁਸਤਕ ਤਾਂ ਦਰਿਆ ਦਿਲ ਪ੍ਰੇਮਿਕਾ ਹੈ, ਜਿਹੜਾ ਵੀ ਪੜ੍ਹਨਾ ਸ਼ੁਰੂ ਕਰ ਦੇਵੇ, ਉਸੇ ਦੀ ਹੋ ਜਾਂਦੀ ਹੈ। ਪੁਸਤਕ ਪਾਠਕ ਦੇ ਸੋਚ ਦਿਸਹੱਦਾ ਵਿਸ਼ਾਲ ਕਰ ਦਿੰਦੀ ਹੈ। ਕੋਈ ਲੇਖਕ ਪੜ੍ਹਨ ਨਾਲ ਤੁਸੀਂ ਉਸ ਦੀ ਸਾਰੀ ਸਿਆਣਪ ਦਾ ਰਸ ਪੀ ਜਾਂਦੇ ਹੋ।

ਜੇ ਬੰਦਾ ਹਾਦਸੇ ਦਾ ਝੰਬਿਆ ਪਿਆ ਹੋਵੇ ਤਾਂ ਉਸ ਨੂੰ 'ਅਸਲੀ ਇਨਸਾਨ ਦੀ ਕਹਾਣੀ' ਪੜ੍ਹਾਓ। ਵਹਿਮਾਂ ਭਰਮਾਂ ਦੇ ਚੱਕਰ ਵਿਚ ਪਿਆ ਹੈ ਤਾਂ 'ਦੇਵ ਪੁਰਸ਼ ਹਾਰ ਗਏ' ਪੜ੍ਹਾ ਦਿਓ। ਜੇ ਦੁੱਖ ਭਾਰਾ ਹੈ ਤਾਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਕਥਾ ਪੜ੍ਹਾ ਦਿਓ। ਪੁਸਤਕਾਂ ਤੁਹਾਨੂੰ ਉਸ ਦੇਸ਼ ਲੈ ਜਾਂਦੀਆਂ ਹਨ ਜਿਹੜੇ ਦੇਸ਼ ਜਾਣ ਦਾ ਨਾ ਤੁਹਾਡੇ ਕੋਲ ਵੀਜ਼ਾ ਹੈ ਤੇ ਨਾ ਹੀ ਟਿਕਟਾਂ ਲੈਣ ਲਈ ਪੈਸੇ ਹਨ। ਪੁਸਤਕ ਖੁੱਲ੍ਹਦਿਆਂ ਹੀ ਗਿਆਨ ਦਾ ਦਰਵਾਜ਼ਾ ਖੁੱਲ੍ਹ ਜਾਂਦਾ ਹੈ। ਪੁਸਤਕਾਂ ਤੋਂ ਵੱਡਾ ਕੋਈ ਮਿੱਤਰ ਨਹੀਂ ਜੋ ਆਪਣਾ ਹੀ ਨਹੀਂ ਤੁਹਾਡੇ ਸਮੇਂ ਦਾ ਖਿਆਲ ਖਿਆਲ ਰੱਖਦਾ ਹੈ। ਪਾਠ ਪੁਸਤਕਾਂ ਸਕੂਲ ਦਾ ਇਮਤਿਹਾਨ ਪਾਸ ਕਰਵਾਉਂਦੀਆਂ ਹਨ, ਪਰ ਸਾਹਿਤਕ ਪੁਸਤਕਾਂ ਜ਼ਿੰਦਗੀ ਦੇ ਇਮਤਿਹਾਨ ਵਿਚ ਅਵਲ ਆਉਣ ਦਾ ਗੁਰ ਸਿਖਾਉਂਦੀਆਂ ਹਨ। ਪੁਰਾਣੀ ਸ਼ਰਾਬ ਵਿਚ ਨਸ਼ਾ ਵਧੇਰੇ ਹੁੰਦਾ ਹੈ, ਪਰ ਪੁਰਾਣੀਆਂ ਪੁਸਤਕਾਂ ਵਿਚ ਗਿਆਨ ਵਧੇਰੇ ਹੁੰਦਾ ਹੈ। ਪੁਸਤਕਾਂ ਪੜ੍ਹਨ ਲਈ ਕਈ ਵਾਰ ਐਨਕਾਂ ਦੀ ਜ਼ਰੂਰਤ ਪੈਂਦੀ ਹੈ, ਪਰ ਪੁਸਤਕਾਂ ਜਿਹੜੀ ਨਜ਼ਰ ਤੁਹਾਨੂੰ ਦਿੰਦੀਆਂ ਹਨ, ਸਾਰੀ ਉਮਰ ਕੰਮ ਆਉਂਦੀ ਹੈ। ਅਸੀਂ ਤਨ ਲਈ ਪੌਸ਼ਟਿਕ ਭੋਜਨ ਅਤੇ ਸੁਆਦਲੇ ਭੋਜਨ ਦੀ ਤਲਾਸ਼ ਵਿਚ ਰਹਿੰਦੇ ਹਾਂ, ਮਨ ਲਈ ਵੀ ਉਚੇ ਅਤੇ ਕਲਾਤਮਕ ਵਿਚਾਰਾਂ ਵਾਲੀਆਂ ਪੁਸਤਕਾਂ ਦੀ ਲੋੜ ਪੈਂਦੀ ਹੈ।

ਜੇ ਅਸੀਂ ਚਾਹੁੰਦੇ ਹਾਂ ਕਿ ਪੰਜਾਬ ਦੀ ਜਵਾਨੀ ਨਸ਼ੇ ਨਾ ਕਰੇ, ਗੈਂਗਸਟਰ ਨਾ ਬਣੇ ਤਾਂ ਉਸ ਨੂੰ ਕਿਤਾਬ ਦਾ ਨਸ਼ਾ ਲਗਾਉਣ ਦੀ ਜ਼ਰੂਰਤ ਹੈ। ਉਸ ਨੂੰ ਸ਼ਾਸਤਰ ਪੜ੍ਹਾਓ, ਸ਼ਸਤਰ ਉਹ ਆਪਣੇ ਆਪ ਛੱਡ ਦੇਵੇਗਾ। ਅਸੀਂ ਅੱਖੀਂ ਵੇਖਿਆ ਹੈ ਕਿ ਜਿਹੜੇ ਗੈਂਗਸਟਰ ਵਜੋਂ ਬਦਨਾਮ ਨੌਜਵਾਨਾਂ ਨੇ ਪੁਸਤਕਾਂ ਨਾਲ ਮੋਹ ਪਾ ਲਿਆ, ਪਾਠਕ ਬਣ ਕੇ, ਹੌਲੀ ਹੌਲੀ ਚੰਗੇ ਇਨਸਾਨ ਬਣ ਗਏ, ਕਈ ਲੇਖਕ ਵੀ ਬਣ ਗਏ। ਜੇ ਅਸੀਂ ਬੱਚਿਆਂ ਨੂੰ ਇਸ ਪਾਸੇ ਲਗਾ ਦੇਈਏ, ਬੱਚੇ ਨਾ ਕੇਵਲ ਭਾਸ਼ਾ ਸੰਚਾਰ ਵਿਚ ਮਾਹਰ ਹੋ ਜਾਣਗੇ, ਸਗੋਂ ਮੌਲਿਕ ਸਿਰਜਨਾਤਮਕ ਸੋਚਣ ਦੇ ਸਮਰੱਥ ਹੋਣਗੇ। ਸਰਦਾਰ ਭਗਤ ਸਿੰਘ ਦੀ ਜੇਲ੍ਹ ਡਾਇਰੀ ਅਨੁਵਾਦ ਕਰਦਿਆਂ ਮੈਂ ਹੈਰਾਨ ਹੋ ਗਿਆ ਕਿ ਇੰਨੀ ਛੋਟੀ ਉਮਰ ਵਿਚ ਉਨ੍ਹਾਂ ਨੇ ਇੰਨੀਆਂ ਕਿਤਾਬਾਂ ਪੜ੍ਹੀਆਂ ਸਨ। ਅੱਜ ਲੋੜ ਹੈ ਪੰਜਾਬ ਦੀ ਜਵਾਨੀ ਨੂੰ ਕਿ ਉਸ ਪੰਨੇ ਤੋਂ ਅੱਗੇ ਪੜ੍ਹਨਾ ਸ਼ੁਰੂ ਕਰੇ, ਜਿਥੋਂ ਭਗਤ ਸਿੰਘ ਨੇ ਛੱਡਿਆ ਸੀ। ਪੰਜਾਬ ਵਿਚ ਪੁਸਤਕ ਸਭਿਆਚਾਰ ਨਾ ਪਨਪਣ ਦਾ ਵੱਡਾ ਕਾਰਨ ਮਾਪੇ ਹਨ। ਮਾਪੇ ਆਪਣੀ ਅਣਜਾਣਤਾ ਵਿਚ ਬੱਚਿਆਂ ਨੂੰ ਸਿਲੇਬਸ ਤੋਂ ਬਾਹਰ ਪੜ੍ਹਨ ਤੋਂ ਵਰਜਦੇ ਰਹਿੰਦੇ ਹਨ। ਪੁਸਤਕ ਲਾਇਬਰੇਰੀ ਵਿਚੋਂ ਲੈ ਕੇ ਪੜ੍ਹੀ ਜਾ ਸਕਦੀ ਹੈ, ਉਧਾਰ ਮੰਗੀ ਜਾ ਸਕਦੀ ਹੈ, ਦੁਕਾਨ ਤੋਂ ਖਰੀਦੀ ਜਾ ਸਕਦੀ ਹੈ, ਆਨਲਾਈਨ ਮੰਗਵਾਈ ਜਾ ਸਕਦੀ ਹੈ, ਪਰ ਜੋ ਮਜ਼ਾ ਪੁਸਤਕ ਮੇਲੇ ਵਿਚ ਜਾ ਕੇ ਪੁਸਤਕ ਵੇਖਣ ਖਰੀਦਣ ਅਤੇ ਫਿਰ ਪੜ੍ਹਨ ਤੋਂ ਪ੍ਰਾਪਤ ਹੁੰਦਾ ਹੈ, ਉਹ ਵੱਖਰਾ ਹੈ। ਉਥੇ ਤੁਹਾਨੂੰ ਅਹਿਸਾਸ ਹੁੰਦਾ ਹੈ ਕਿ ਤੁਸੀਂ ਇਕੱਲੇ ਕਮਲੇ ਨਹੀਂ ਹੋ, ਦੁਨੀਆਂ ਵਿਚ ਹੋਰ ਬਥੇਰੇ ਕਮਲੇ ਹਨ। ਹੋਰ ਕਮਲਿਆਂ ਨੂੰ ਮਿਲ ਕੇ ਸਿਆਣਪ ਦੀ ਉਚਾਈ ਅਤੇ ਡੂੰਘਾਈ, ਦੋਨਾਂ ਦਾ ਅਹਿਸਾਸ ਹੁੰਦਾ ਹੈ। ਉਥੇ ਤੁਸੀਂ ਮਨਪਸੰਦ ਲੇਖਕਾਂ ਦੇ ਰੂ-ਬ-ਰੂ ਹੁੰਦੇ ਹੋ, ਪੁਸਤਕ ਨੂੰ ਛੋਹ ਕੇ ਵੇਖਦੇ ਹੋ। ਆਓ ਸ਼ਾਸ਼ਤਰਾਂ ਦੇ ਸੰਸਾਰ ਵਿਚ ਪ੍ਰਵੇਸ਼ ਕਰੀਏ ਅਤੇ ਸੰਸਾਰ ਨੂੰ ਸ਼ਸਤਰਾਂ ਤੋਂ ਮੁਕਤ ਕਰੀਏ। ਆਓ ਹਰਫਾਂ ਦੇ ਮੇਲੇ ਚਲੀਏ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 4 ਮਾਰਚ 2018 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-314



*ਗਲੀ 'ਚ ਮੰਜੇ ਉਤੇ ਚੜ੍ਹ ਕੇ ਬੈਠਾ ਝੋਟਾ ਵਾਂਗ ਪ੍ਰਾਹੁਣੇ।*
*ਦੇਖੋ ਯਾਰੋ ਅਜਬ ਤਮਾਸ਼ਾ ਇਹ ਦਿਨ ਵੀ ਸੀ ਆਉਣੇ।*

## ਕੈਪਸ਼ਨ ਮੁਕਾਬਲਾ-312



ਲੈਣਾ ਹੋਊ ਕੋਈ ਕੰਮ ਮੇਰੇ ਤੋਂ
ਐਵੇਂ ਨੀ ਗੋਦੀ ਲੈ ਬਹਿੰਦੇ।
ਝੂਟੇ ਦੇਣ 'ਚ ਰਾਜ ਹੈ ਕੋਈ
ਐਵੇਂ ਨਹੀਂ ਟੀਟਣੇ ਸਹਿੰਦੇ।
ਵੋਟ ਵਟੋਰੂਆਂ ਵਰਗੇ ਇਹ ਨੇ
ਲੋੜ ਪੈਣ 'ਤੇ ਬਾਪੂ ਕਹਿੰਦੇ।

***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਜੁਗਾਂ ਤੋਂ ਬੜਾ ਅਹਿਸਾਨ ਬੰਦੇ 'ਤੇ
ਚੁੱਪ ਚਪੀਤੇ ਭਾਰ ਢੋਂਦਾ ਆਇਆ।
ਬੀਮਾਰ ਗਧੇ ਨੂੰ ਗੋਦੀ ਲੈ ਤਾਂਈਓਂ
ਬੰਬੂ ਕਾਟ 'ਤੇ ਚੁੱਕ ਬਿਠਾਇਆ।
ਹੈ ਤਾਂ ਗਧੇ ਨੂੰ ਲੂਣ ਦੇਣ ਬਰਾਬਰ
ਭਾਵੇਂ ਦੁਲੱਤੇ 'ਤੇ ਦੁਲੱਤਾ ਚਲਾਵੇ।
ਕਿਤੇ ਅਕ੍ਰਿਤਘਣ ਨਾ ਕਹਾਈਏ ਆਪਾਂ
ਮਤਾਂ ਬਿਨਾ ਇਲਾਜ ਮਰ ਜਾਵੇ।

***-ਸੇਵਾ ਸਿੰਘ ਨੂਰਪੁਰੀ, ਬੰਗਾ***
***ਫੋਨ: 91-98786-91079***

---

ਕੈਸਾ ਜ਼ਮਾਨਾ ਆਇਆ ਦੇਖੋ
ਖੋਤਾ ਮੌਜਾ ਕਰਦਾ ਹੈ।
ਬੰਦਾ ਜਾਨ ਆਪਣੀ ਖਤਰੇ 'ਚ ਪਾ ਕੇ
ਉਸ ਨੂੰ ਹੱਥ 'ਚ ਫੜ੍ਹਦਾ ਹੈ।
ਭਾਰ ਢੋਣ ਤੋਂ ਹੋਈ ਖਲਾਸੀ
ਬੰਬੂਕਾਟ 'ਤੇ ਸੈਰ ਕਰਦਾ ਹੈ।
ਖੋਤੇ ਦੇ ਨਾਂ 'ਤੇ ਕਰਜਾ ਲੈ ਕੇ
ਮੋੜਨ ਵੇਲੇ ਲਾਹਣਤਾਂ ਮੜ੍ਹਦਾ ਹੈ।

***-ਜਗਜੀਤ ਕੌਰ ਤੂਰ, ਚੰਡੀਗੜ੍ਹ***

---

ਖੋਤਾ ਲੱਦਿਆ ਬਾਈਕ 'ਤੇ
ਜਿਵੇਂ ਬਾਰਡਰ 'ਤੇ ਲੈ ਕੇ ਜਾਣ।
ਨਾਲੇ ਓਵਰਲੋਡ, ਨਾ ਕੋਈ ਹੈਲਮਟ।
ਨਾ ਡਰ ਕਿਸੇ ਦਾ ਕਿ ਹੋਊ ਚਲਾਣ।
ਜਾਨਵਰ ਦਾ ਕੀ ਪਤਾ ਕਦੋਂ ਮਾਰ ਟੀਟਣੇ
ਖਤਰੇ 'ਚ ਸਭ ਦੀ ਜਾਨ ਪਾਈ ਜਾਣ।
ਮਹਾਨ ਖਿਲਾੜੀ ਖਤਰਿਆਂ ਦੇ
ਮੁਸਕਰਾਹਟਾਂ ਵੀ ਬਿਖੇਰਦੇ ਜਾਣ।

***-ਅਮਰਜੀਤ ਸਿੰਘ ਤੂਰ***
***ਫੋਨ: 91-98784-69639***

---

ਭਾਰ ਢੋਵਣਾ ਕੰਮ ਸੀ ਜੀਹਦਾ
ਅਸਾਂ ਰਾਜ ਗੱਦੀ ਦਿੱਤੀ ਸੰਭਾਲ।
ਹੁਣ ਸਾਡੇ ਕਦੇ ਹੱਥ ਨਾ ਆਵਣ
ਕੱਢ ਦਿਓ ਮਨੋਂ ਇਹ ਖਿਆਲ।
ਅਚਿੰਤ ਬੈਠਿਆਂ ਦੁਲੱਤੀ ਜਦ ਮਾਰੀ
ਆਪਣਾ ਆਪ ਤੁਹਾਥੋਂ ਹੋਣਾ ਨਾ ਸੰਭਾਲ।

***-ਦਵਿੰਦਰ ਕੌਰ***

---

ਇਹ ਹੈ ਹਮਾ ਤੁਮਾ ਘੜੰਮ ਚੌਧਰੀ
ਜੋ ਲਟਕਦੇ ਧੂੜ ਫੱਕਦੇ
ਇਸ਼ਤਿਹਾਰੀ ਟਰੱਕਾਂ ਪਿਛੇ।
ਬਣ ਵਿਧਾਇਕ ਗੱਦੀਆਂ 'ਤੇ ਬੈਠਦੇ
ਲੋਕਾਂ ਨਾਲ ਦਰਦ ਨਹੀਂ ਕੋਈ
ਅਮੀਰ ਹੋ ਟੀਸੀ 'ਤੇ ਪਹੁੰਚ ਜਾਂਦੇ।
ਹੱਲ ਨਹੀਂ ਹੋਣਾ ਇਸ ਨਾਲ ਦੋਸਤੋ
ਜਦ ਤੱਕ ਥੱਲਾ ਉਤੇ ਨਹੀਂ ਹੋ ਜਾਂਦਾ।
ਲੋੜ ਹੈ ਕ੍ਰਾਂਤੀ ਦੀ
ਮਜ਼ਦੂਰ ਕਿਸਾਨ ਦੀ ਵਾਗਡੋਰ ਥੱਲੇ।

***-ਦਰਸ਼ਨਪਾਲ ਦੋਸਾਂਝ***

---

ਸ਼ਹੀਦਾਂ ਦੇ ਸੁਪਨੇ ਰਹੇ ਅਧੂਰੇ
ਦੇਸ਼ ਹੱਥ ਚੋਰਾਂ ਦੇ ਆਇਆ।
ਨੀਲੇ ਚਿੱਟੇ ਸਾਰੇ ਠੱਗ ਨੇ
ਲੋਕਰਾਜ ਦਾ ਹੋਇਆ ਸਫਾਇਆ।
ਗਿਰਗਿਟ ਵਾਗੂੰ ਰੰਗ ਬਦਲਦੇ
ਲੀਡਰਾਂ ਦਾ ਤਾਂ ਆਵਾ ਹੀ ਊਤ।
ਵੋਟਾਂ ਦਾ ਛੱਡ ਇਹ ਝਮੇਲਾ
ਲੋਕ ਲਹਿਰਾਂ ਨਾਲ ਕਰੀਏ ਸੂਤ।

***-ਗੁਰਦੇਵ ਸਿੰਘ ਘਿਪਾਲੀ, ਬਠਿੰਡਾ***
***ਫੋਨ: 91-94176-49275***

---

ਪਿਓ-ਦਾਦੇ ਕੀਤੀ ਬੜੀ ਢੁਆ ਢੁਆਈ
ਬੜੀ ਉਨ੍ਹਾਂ ਨੇ ਸੀ ਕੁੱਟ ਖਾਈ।
ਸਾਰੇ ਦਿਨ ਕੰਮ ਸੀ ਕਰਵਾਉਂਦੇ
ਸ਼ਾਮ ਨੂੰ ਢੇਰ ਉਤੇ ਸੀ ਲਿਟਾਉਂਦੇ।
ਪਰ ਕਿਸਮਤ ਮੇਰੀ ਬੜੀ ਨਿਆਰੀ
ਕਰਵਾ 'ਤੀ ਸਕੂਟਰ ਉਪਰ ਸਵਾਰੀ।

***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

# ਬੰਗਲਾਦੇਸ਼ੀ ਗੁਰਧਾਮਾਂ ਦੇ ਦਰਸ਼ਨਾਂ ਲਈ ਹਰ ਸਾਲ ਜਾਣਗੇ ਜਥੇ

**ਪਟਿਆਲਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬੰਗਲਾਦੇਸ਼ ਸਥਿਤ ਇਤਿਹਾਸਕ ਗੁਰਧਾਮਾਂ ਦੇ ਦਰਸ਼ਨਾਂ ਲਈ ਜਥੇ ਭੇਜਣ ਦਾ ਫੈਸਲਾ ਲਿਆ ਹੈ। ਇਹ ਫੈਸਲਾ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਵਿਖੇ ਗੋਬਿੰਦ ਸਿੰਘ ਲੌਂਗੋਵਾਲ ਦੀ ਪ੍ਰਧਾਨਗੀ ਹੇਠ ਹੋਈ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਦੌਰਾਨ ਲਿਆ ਗਿਆ। ਇਕੱਤਰਤਾ ਤੋਂ ਬਾਅਦ ਸ਼੍ਰੋਮਣੀ ਕਮੇਟੀ ਪ੍ਰਧਾਨ ਸ. ਲੌਂਗੋਵਾਲ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਬੰਗਲਾਦੇਸ਼ ਵਿਚ ਇਤਿਹਾਸਕ ਗੁਰਧਾਮਾਂ ਦੇ ਦਰਸ਼ਨਾਂ ਲਈ ਹਰ ਸਾਲ ਜਥੇ ਭੇਜੇ ਜਾਣਗੇ।

ਉਨ੍ਹਾਂ ਦੱਸਿਆ ਕਿ ਇਸ ਸਾਲ 101 ਸ਼ਰਧਾਲੂਆਂ ਦਾ ਪਹਿਲਾ ਜਥਾ ਜਾਵੇਗਾ ਅਤੇ ਇਸ ਦੀ ਅਗਵਾਈ ਅੰਤ੍ਰਿੰਗ ਕਮੇਟੀ ਮੈਂਬਰ ਗੁਰਮੀਤ ਸਿੰਘ ਤ੍ਰਿਲੋਕੇਵਾਲਾ ਅਤੇ ਹਰਦੇਵ ਸਿੰਘ ਰੋਗਲਾ ਕਰਨਗੇ। ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਸਮੇਂ ਸੋਨੇ ਅਤੇ ਚਾਂਦੀ ਦੇ ਯਾਦਗਾਰੀ ਸਿੱਕੇ ਤਿਆਰ ਕੀਤੇ ਜਾਣਗੇ। ਭਾਈ ਲੌਂਗੋਵਾਲ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਪ੍ਰਬੰਧ ਹੇਠਲੇ ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਹੋਰ ਸੁਚਾਰੂ ਬਣਾਉਣ ਲਈ ਆਨ ਲਾਈਨ ਕੈਮਰਿਆਂ ਦਾ ਪ੍ਰਬੰਧ ਕੀਤਾ ਜਾਵੇਗਾ।




ਇਸ ਰਾਹੀਂ ਗੋਲਕ ਦੀ ਗਿਣਤੀ ਅਤੇ ਸਟੋਰ ਆਦਿ ਦੀ ਆਨ ਲਾਈਨ ਨਿਗਰਾਨੀ ਕੀਤੀ ਜਾਵੇਗੀ, ਜਿਸ ਨੂੰ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਅੰਮ੍ਰਿਤਸਰ ਨਾਲ ਜੋੜਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਗੁਰਦੁਆਰਿਆਂ ਦੇ ਮੈਨੇਜਰਾਂ, ਅਕਾਉਂਟੈਂਟਾਂ ਅਤੇ ਸਟੋਰ ਕੀਪਰਾਂ ਨੂੰ ਤਿੰਨ ਸਾਲ ਤੋਂ ਵਧ ਇਕੋ ਸਥਾਨ ਉਤੇ ਤਾਇਨਾਤ ਨਹੀਂ ਕੀਤਾ ਜਾਵੇਗਾ ਅਤੇ ਤਿੰਨ ਸਾਲ ਤੋਂ ਵਧ ਸੇਵਾ ਵਾਲਿਆਂ ਦੇ ਤਬਾਦਲੇ ਯਕੀਨੀ ਬਣਾਏ ਜਾਣਗੇ।

ਕਮੇਟੀ ਅਧੀਨ ਵੱਖ-ਵੱਖ ਗੁਰਦੁਆਰਿਆਂ ਲਈ ਰਸਦਾਂ ਅਤੇ ਹੋਰ ਖਰੀਦ ਸਬੰਧੀ ਤਿੰਨ ਕੇਂਦਰੀ ਸਟੋਰ ਸਥਾਪਤ ਕੀਤੇ ਜਾਣਗੇ ਜਿਥੋਂ ਹਰੇਕ ਗੁਰਦੁਆਰੇ ਲਈ ਖਰੀਦ ਕੀਤੀ ਜਾ ਸਕੇਗੀ। ਇਹ ਤਿੰਨ ਸਟੋਰ ਅੰਮ੍ਰਿਤਸਰ, ਆਨੰਦਪੁਰ ਸਾਹਿਬ ਅਤੇ ਤਖਤ ਦਮਦਮਾ ਸਾਹਿਬ ਵਿਚ ਬਣਾਏ ਜਾਣਗੇ। ਸ਼੍ਰੋਮਣੀ ਕਮੇਟੀ ਦੇ ਸਮੁੱਚੇ ਰਿਕਾਰਡ ਦਾ ਕੰਪਿਊਟਰੀਕਰਨ ਕੀਤੇ ਜਾਣ ਦਾ ਵੀ ਫੈਸਲਾ ਲਿਆ ਗਿਆ ਹੈ।

# ਸ਼੍ਰੋਮਣੀ ਕਮੇਟੀਆਂ ਦੀਆਂ ਵਿੱਦਿਅਕ ਸੰਸਥਾਵਾਂ ਦਾ ਹੋਵੇਗਾ ਆਡਿਟ

**ਅਨੰਦਪੁਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਆਉਂਦੇ ਵਿੱਦਿਅਕ ਅਦਾਰਿਆਂ ਦਾ ਅਕਾਦਮਿਕ ਆਡਿਟ ਕਰਵਾਇਆ ਜਾਵੇਗਾ। ਜਿਸ ਦੀ ਰਿਪੋਰਟ ਆਉਣ ਤੋਂ ਬਾਅਦ ਟੀਚਿੰਗ, ਨਾਨ-ਟੀਚਿੰਗ ਅਸਾਮੀਆਂ ਦੀ ਰੈਸ਼ਨੇਲਾਈਜ਼ੇਸ਼ਨ ਕੀਤੀ ਜਾਵੇਗੀ ਤਾਂ ਜੋ ਬੇਲੋੜਾ ਸਟਾਫ ਸੰਸਥਾ ਉਤੇ ਆਰਥਿਕ ਬੋਝ ਨਾ ਪਾ ਸਕੇ। ਸ਼੍ਰੋਮਣੀ ਕਮੇਟੀ ਦੇ ਸਿੱਖਿਆ ਡਾਇਰੈਕਟਰ ਡਾ. ਜਤਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੀਆਂ ਵਿੱਦਿਅਕ ਸੰਸਥਾਵਾਂ 'ਚ ਦਾਖਲਾ ਲੈਣ ਲਈ ਵਿਦਿਆਰਥੀਆਂ ਵਿਚ ਦੌੜ ਲੱਗਣੀ ਚਾਹੀਦੀ ਹੈ।

'ਕਾਨਵੈਂਟ ਸੰਸਥਾਵਾਂ ਵਾਂਗ ਹੀ ਸਾਡੀਆਂ ਸੰਸਥਾਵਾਂ ਵਿਚ ਵੀ ਵਿੱਦਿਅਕ ਵਾਤਾਵਰਨ ਹੋਣ ਦੇ ਨਾਲ-ਨਾਲ ਸਾਨੂੰ ਪੂਰੀ ਸੰਜੀਦਗੀ ਦੇ ਨਾਲ ਪੜ੍ਹਾਈ ਕਰਵਾਉਣੀ ਪਵੇਗੀ।' ਡਾ. ਸਿੱਧੂ ਨੇ ਦੱਸਿਆ ਕਿ ਇਕ ਸਰਵੇਖਣ ਅਨੁਸਾਰ ਦੋ ਦਰਜਨ ਦੇ ਕਰੀਬ ਅਜਿਹੇ ਅਦਾਰੇ ਹਨ ਜੋ ਆਰਥਿਕ ਤੌਰ ਉਤੇ ਵੱਡੇ ਘਾਟੇ ਦਾ ਸ਼ਿਕਾਰ ਹਨ। ਇਨ੍ਹਾਂ ਘਾਟੇ 'ਚ ਚੱਲ ਰਹੀਆਂ ਸੰਸਥਾਵਾਂ ਨੂੰ ਨੇੜਲੀਆਂ ਸੰਸਥਾਵਾਂ ਵਿਚ ਰਲਾ ਦਿੱਤਾ ਜਾਵੇਗਾ। ਪੰਜਾਬ ਸਰਕਾਰ ਵੱਲੋਂ ਜਾਰੀ ਕੀਤੀ ਜਾਣ ਵਾਲੇ ਅਨੁਸੂਚਿਤ ਜਾਤੀ ਸਕਾਲਰਸ਼ਿਪ ਬਾਰੇ ਡਾ. ਸਿੱਧੂ ਨੇ ਕਿਹਾ ਕਿ ਕਰੋੜਾਂ ਰੁਪਇਆ ਸਰਕਾਰ ਵੱਲੋਂ ਜਾਰੀ ਕੀਤਾ ਜਾਣਾ ਹੈ। ਜੇਕਰ ਸਾਨੂੰ ਉਸ ਵਿਚੋਂ ਕੁਝ ਹਿੱਸਾ ਵੀ ਜਾਰੀ ਹੋ ਜਾਂਦਾ ਹੈ ਤਾਂ ਕਾਫੀ ਸੰਸਥਾਵਾਂ ਆਪਣੇ ਪੈਰਾਂ ਸਿਰ ਹੋ ਜਾਣਗੀਆਂ।

## ਨਿਯੁਕਤੀਆਂ ਤੇ ਤਰੱਕੀਆਂ ਦੀ ਹੋਵੇਗੀ ਜਾਂਚ

**ਪਟਿਆਲਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਹੈ ਕਿ ਸਿਰਫ ਪਿਛਲੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਦੇ ਕਾਰਜਕਾਲ ਦੌਰਾਨ ਹੋਈਆਂ ਨਿਯੁਕਤੀਆਂ ਤੇ ਤਰੱਕੀਆਂ ਦੀ ਹੀ ਨਹੀਂ, ਬਲਕਿ ਪਿਛਲੇ ਸਮੇਂ ਰਹੇ ਹੋਰ ਪ੍ਰਧਾਨਾਂ ਸਮੇਂ ਵੀ ਹੋਈਆਂ ਅਜਿਹੀਆਂ ਬੇਨਿਯਮੀਆਂ ਦੀ ਜਾਂਚ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਨਿਯੁਕਤੀਆਂ ਤੇ ਤਰੱਕੀਆਂ ਸਬੰਧੀ ਗਠਿਤ ਸਬ-ਕਮੇਟੀ ਵੱਲੋਂ ਹਾਲੇ ਪੜਤਾਲ ਕੀਤੀ ਜਾ ਰਹੀ ਹੈ। ਜਦ ਵੀ ਪੜਤਾਲੀਆ ਰਿਪੋਰਟ ਉਨ੍ਹਾਂ ਕੋਲ ਆ ਗਈ ਤਾਂ ਇਸ ਮਗਰੋਂ ਹੀ ਅਗਲਾ ਫੈਸਲਾ ਲਿਆ ਜਾਵੇਗਾ। ਅੱਗੇ ਤੋਂ ਜੋ ਵੀ ਨਿਯੁਕਤੀਆਂ ਤੇ ਤਰੱਕੀਆਂ ਕੀਤੀਆਂ ਜਾਣਗੀਆਂ, ਉਨ੍ਹਾਂ ਸਬੰਧੀ ਠੋਸ ਨਿਯਮ ਤੈਅ ਕੀਤੇ ਜਾ ਰਹੇ ਹਨ।

# ਜ਼ੈਨਬ ਅਨਸਾਰੀ ਦੇ ਕਾਤਲ ਨੂੰ ਸਜ਼ਾ-ਏ-ਮੌਤ

**ਲਾਹੌਰ:** ਪਾਕਿਸਤਾਨ ਦੀ ਅਤਿਵਾਦ ਵਿਰੋਧੀ ਅਦਾਲਤ ਨੇ ਮੁਲਕ ਦੇ ਇਤਿਹਾਸ ਵਿਚ ਮਹਿਜ਼ ਚਾਰ ਦਿਨਾਂ ਅੰਦਰ ਸੱਤ ਸਾਲਾ ਬੱਚੀ ਨਾਲ



ਬਲਾਤਕਾਰ ਤੇ ਹੱਤਿਆ ਮਾਮਲੇ ਦੀ ਸੁਣਵਾਈ ਦਾ ਨਿਬੇੜਾ ਕਰਦਿਆਂ ਸਿਲਸਿਲੇਵਾਰ ਕਤਲ ਕਰਨ ਵਾਲੇ ਹਤਿਆਰੇ ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਇਥੇ ਕੋਟ ਲਖਪਤ ਜੇਲ੍ਹ 'ਚ ਕੈਮਰੇ ਦੀ ਨਿਗਰਾਨੀ ਵਿਚ ਉਚ ਸੁਰੱਖਿਆ ਹੇਠ ਚੱਲੇ ਟਰਾਇਲ ਦੌਰਾਨ ਜੱਜ ਸੱਜਾਦ ਹੁਸੈਨ ਨੇ 23 ਸਾਲਾ ਇਮਰਾਨ ਅਲੀ ਨੂੰ ਬੱਚੀ ਦੇ ਕਤਲ, ਅਗਵਾ, ਬਲਾਤਕਾਰ ਤੇ ਗੈਰਕੁਦਰਤੀ ਵਰਤਾਰੇ ਦਾ ਦੋਸ਼ੀ ਦੱਸਦਿਆਂ ਮੌਤ ਦੀ ਸਜ਼ਾ ਸੁਣਾਈ। ਇਸ ਦੇ ਨਾਲ ਹੀ ਨਾਬਾਲਗ ਦੀ ਲਾਸ਼ ਦੀ ਬੇਹੁਰਮਤੀ ਕਰਨ ਦੇ ਦੋਸ਼ 'ਚ ਮੁਜਰਮ ਨੂੰ ਸੱਤ ਸਾਲ ਦੀ ਜੇਲ੍ਹ ਦੇ ਨਾਲ 10 ਲੱਖ ਰੁਪਏ ਦਾ ਜੁਰਮਾਨਾ ਵੀ ਲਾਇਆ ਗਿਆ ਹੈ।


ਬੱਚੀ ਦੇ ਪਿਤਾ ਮੁਹੰਮਦ ਅਮੀਨ ਨੇ ਜਿਥੇ ਫੈਸਲੇ ਉਤੇ ਤਸੱਲੀ ਜ਼ਾਹਰ ਕੀਤੀ ਹੈ, ਉਥੇ ਮਾਂ ਨੇ ਕਿਹਾ ਕਿ ਮੁਲਜ਼ਮ ਨੂੰ ਸਰੇਬਾਜ਼ਾਰ ਫਾਹੇ ਲਾਇਆ ਜਾਵੇ ਜਾਂ ਪੱਥਰ ਮਾਰ ਕੇ ਮਾਰ ਦਿੱਤਾ ਜਾਵੇ। ਕਾਬਲੇਗੌਰ ਹੈ ਕਿ ਅਲੀ ਨੂੰ ਜ਼ੈਨਬ ਨਾਂ ਦੀ ਸੱਤ ਸਾਲਾ ਬੱਚੀ ਨਾਲ ਜਨਵਰੀ 'ਚ ਜਬਰ ਜਨਾਹ ਤੇ ਉਹਦੀ ਲਾਸ਼ ਕਸੂਰ ਸ਼ਹਿਰ ਵਿਚ ਕੂੜੇ ਦੇ ਢੇਰ ਵਿਚ ਸੁੱਟਣ ਦੇ ਦੋ ਹਫਤਿਆਂ ਮਗਰੋਂ ਕਾਬੂ ਕੀਤਾ ਗਿਆ ਸੀ। ਇਹ ਮਾਮਲਾ ਸਾਹਮਣੇ ਆਉਣ ਮਗਰੋਂ ਪੂਰੇ ਮੁਲਕ ਦੇ ਲੋਕ ਸੜਕਾਂ ਉਤੇ ਉਤਰ ਆਏ ਸਨ। ਉਂਜ ਪਿਛਲੇ ਇਕ ਸਾਲ ਦੇ ਅਰਸੇ ਦੌਰਾਨ ਕਸੂਰ ਸ਼ਹਿਰ ਦੇ ਦਸ ਕਿਲੋਮੀਟਰ ਦੇ ਘੇਰੇ 'ਚ ਘਟੀ ਇਹ ਅਜਿਹੀ 12ਵੀਂ ਘਟਨਾ ਸੀ। ਅਲੀ ਦੀ ਗ੍ਰਿਫਤਾਰੀ ਨਾਲ 8 ਅਜਿਹੇ ਹੋਰ ਮਾਮਲੇ ਸਾਹਮਣੇ ਆਉਣ ਮਗਰੋਂ ਮੁਲਜ਼ਮ ਨੂੰ ਸਰੇਬਾਜ਼ਾਰ ਫਾਹੇ ਲਾਉਣ ਦੀ ਮੰਗ ਉਠਣ ਲੱਗੀ ਸੀ।

## ਹੈਲੀਕਾਪਟਰ ਲੋਕਾਂ 'ਤੇ ਜਾ ਡਿੱਗਿਆ, 13 ਮਰੇ

**ਮੈਕਸੀਕੋ:** ਮੈਕਸੀਕੋ ਦੇ ਦੱਖਣੀ ਸੂਬੇ ਓਕਸਾਕਾ ਦੇ ਇਕ ਛੋਟੇ ਜਿਹੇ ਕਸਬੇ ਵਿਚ ਭੂਚਾਲ ਨਾਲ ਹੋਏ ਨੁਕਸਾਨ ਦਾ ਸਰਵੇਖਣ ਕਰਨ ਲਈ ਉਚ ਅਧਿਕਾਰੀਆਂ ਨੂੰ ਲਿਜਾ ਰਿਹਾ ਫੌਜ ਦਾ ਹੈਲੀਕਾਪਟਰ ਉਤਰਦੇ ਸਮੇਂ ਹਾਦਸਾਗ੍ਰਸਤ ਹੋ ਗਿਆ, ਜਿਸ ਨਾਲ ਜ਼ਮੀਨ 'ਤੇ ਤਿੰਨ ਬੱਚਿਆਂ ਸਮੇਤ ਘੱਟੋ ਘੱਟ 13 ਵਿਅਕਤੀ ਮਾਰੇ ਗਏ। ਹੈਲੀਕਾਪਟਰ ਵਿਚ ਮੈਕਸੀਕੋ ਦਾ ਗ੍ਰਿਹ ਮੰਤਰੀ ਤੇ ਸੂਬੇ ਦਾ ਗਵਰਨਰ ਸਵਾਰ ਸਨ ਪਰ ਉਹ ਵਾਲ-ਵਾਲ ਬਚ ਗਏ।

# ਟਾਈਟਲਰ ਦੀ ਗ੍ਰਿਫਤਾਰੀ ਲਈ ਮੁੰਬਈ ਵਿਚ ਵੀ ਮੁਜ਼ਾਹਰੇ

**ਅੰਮ੍ਰਿਤਸਰ:** ਪੰਜਾਬ ਅਤੇ ਦਿੱਲੀ ਤੋਂ ਬਾਅਦ ਹੁਣ ਮੁੰਬਈ ਵਿਚ ਵੀ ਸਿੱਖ ਸੰਗਤਾਂ ਵੱਲੋਂ ਸਿੱਖ ਕਤਲੇਆਮ ਮਾਮਲੇ ਵਿਚ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਦੀ ਗ੍ਰਿਫਤਾਰੀ ਦੀ ਮੰਗ ਨੂੰ



ਲੈ ਕੇ ਰੋਸ ਵਿਖਾਵਾ ਕੀਤਾ ਗਿਆ। ਮੁੰਬਈ ਦੀਆਂ ਸਿੱਖ ਸੰਗਤਾਂ ਵੱਲੋਂ ਆਜ਼ਾਦ ਮੈਦਾਨ ਵਿਚ ਮਹਾਰਾਸ਼ਟਰਾ ਸਿੱਖ ਐਸੋਸੀਏਸ਼ਨ ਅਤੇ ਸੁਪਰੀਮ ਕੌਂਸਲ ਨਵੀਂ ਮੁੰਬਈ ਗੁਰਦੁਆਰਾ ਦੀ ਅਗਵਾਈ 'ਚ ਰੋਸ ਵਿਖਾਵਾ ਕੀਤਾ ਗਿਆ। ਇਸ ਮੌਕੇ ਮੁਜ਼ਾਹਰਾਕਾਰੀਆਂ ਨੇ ਮੁੰਬਈ ਦੇ ਰਾਜਪਾਲ ਅਤੇ ਮੁੱਖ ਮੰਤਰੀ ਨੂੰ ਮੰਗ ਪੱਤਰ ਸੌਂਪੇ।

ਮਹਾਰਾਸ਼ਟਰ ਸਿੱਖ ਐਸੋਸੀਏਸ਼ਨ ਦੇ ਪ੍ਰਧਾਨ ਦਲਜੀਤ ਸਿੰਘ ਬੱਲ ਅਤੇ ਸੁਪਰੀਮ ਕੌਂਸਲ ਦੇ ਚੇਅਰਮੈਨ ਜਸਪਾਲ ਸਿੰਘ ਸਿੱਧੂ ਨੇ ਦੱਸਿਆ ਰੋਸ ਧਰਨੇ ਦੌਰਾਨ ਮੰਗ ਕੀਤੀ ਗਈ ਹੈ ਕਿ ਕਾਂਗਰਸੀ ਆਗੂ ਨੂੰ ਤੁਰਤ ਗ੍ਰਿਫਤਾਰ ਕੀਤਾ ਜਾਵੇ ਅਤੇ ਸਖਤ ਸਜ਼ਾ ਦਿੱਤੀ ਜਾਵੇ ਤਾਂ ਕਿ ਸਿੱਖ ਕੌਮ ਨੂੰ ਇਨਸਾਫ ਮਿਲ ਸਕੇ। ਇਸ ਮੌਕੇ ਕਤਲੇਆਮ ਦੇ ਸ਼ਿਕਾਰ ਹੋਏ ਪੀੜਤ ਪਰਿਵਾਰਾਂ ਦੇ ਮੈਂਬਰਾਂ ਨੇ ਵੀ ਆਪ ਬੀਤੀ ਬਿਆਨ ਕੀਤੀ। ਸਿੱਖ ਆਗੂਆਂ ਨੇ ਦੱਸਿਆ 7 ਮਾਰਚ ਨੂੰ ਇਕ ਵਾਰ ਹੋਰ ਰੋਸ ਵਿਖਾਵਾ ਕੀਤਾ ਜਾਵੇਗਾ।

ਵਿਖਾਵਾਕਾਰੀਆਂ ਨੇ ਕਾਂਗਰਸੀ ਆਗੂ ਖਿਲਾਫ ਨਾਅਰੇਬਾਜ਼ੀ ਵੀ ਕੀਤੀ। ਉਨ੍ਹਾਂ ਹੱਥਾਂ ਵਿਚ ਤਖਤੀਆਂ ਫੜੀਆਂ ਹੋਈਆਂ ਸਨ, ਜਿਨ੍ਹਾਂ 'ਤੇ ਜਗਦੀਸ਼ ਟਾਈਟਲਰ ਨੂੰ ਫਾਂਸੀ ਦੇਣ, ਗ੍ਰਿਫਤਾਰ ਕਰਨ, ਸਿੱਖਾਂ ਨੂੰ ਇਨਸਾਫ ਦਿਓ, ਕੀ ਸਿੱਖ ਕੌਮ ਨੂੰ '84 ਦਾ ਇਨਸਾਫ ਮਿਲੇਗਾ? ਆਦਿ ਨਾਅਰੇ ਲਿਖੇ ਹੋਏ ਸਨ।

# ਸਿੰਜਾਈ ਘੁਟਾਲਾ: ਅਫਸਰਸ਼ਾਹੀ ਤੇ ਸਿਆਸਤਦਾਨਾਂ ਦੀ ਮਿਲੀਭੁਗਤ ਦੀ ਖੁੱਲ੍ਹੀ ਪੋਲ

**ਚੰਡੀਗੜ੍ਹ:** ਪੰਜਾਬ ਦੇ ਸਿੰਜਾਈ ਵਿਭਾਗ ਵਿਚ ਹੋਏ ਬਹੁਕਰੋੜੀ ਘੁਟਾਲੇ ਦੀ ਤਫਤੀਸ਼ ਦੌਰਾਨ ਵਿਵਾਦਤ ਠੇਕੇਦਾਰ ਗੁਰਿੰਦਰ ਸਿੰਘ ਉਰਫ 'ਭਾਪਾ' ਦੇ ਖੁਲਾਸਿਆਂ ਨੇ ਅਫਸਰਸ਼ਾਹੀ ਅਤੇ ਸਿਆਸਤਦਾਨਾਂ ਦੇ ਗੱਠਜੋੜ ਨੂੰ ਬੇਪਰਦ ਕਰ ਦਿੱਤਾ ਹੈ। ਪਿਛਲੀ ਸਰਕਾਰ ਦੌਰਾਨ ਸਰਕਾਰੀ ਖਜ਼ਾਨੇ ਨੂੰ ਚੂਨਾ ਲਾਉਣ ਦੇ ਮਾਮਲੇ ਵਿਚ ਅਫਸਰਾਂ ਤੇ ਸਿਆਸਤਦਾਨਾਂ ਨੇ ਖੁੱਲ੍ਹੀ ਖੇਡ ਖੇਡੀ।

ਵਿਜੀਲੈਂਸ ਸੂਤਰਾਂ ਤੋਂ ਹਾਸਲ ਦਸਤਾਵੇਜ਼ ਮੁਤਾਬਕ ਬਾਦਲਾਂ ਦੇ ਰਾਜ ਦੌਰਾਨ ਸਿੰਜਾਈ ਵਿਭਾਗ ਰਾਹੀਂ ਸਰਕਾਰੀ ਖਜ਼ਾਨੇ ਦੀ ਭਰਵੀਂ ਲੁੱਟ ਹੋਈ। ਠੇਕੇਦਾਰ ਤੋਂ ਪੁੱਛਗਿੱਛ ਵਿਚ ਸਾਹਮਣੇ ਆਇਆ ਹੈ ਕਿ ਕਿਸ ਤਰ੍ਹਾਂ ਉਸ ਨੇ ਵਿਭਾਗ ਦੇ ਟੈਂਡਰਾਂ ਦੀ ਅਲਾਟਮੈਂਟ ਕਰਾਉਣ ਤੇ ਬਿਲ ਪਾਸ ਕਰਾਉਣ ਬਦਲੇ ਸੀਨੀਅਰ ਆਈ.ਏ.ਐਸ. ਅਧਿਕਾਰੀਆਂ, ਇੰਜੀਨੀਅਰਾਂ ਤੇ ਸਿਆਸਤਦਾਨਾਂ ਨੂੰ ਕਰੋੜਾਂ ਰੁਪਏ ਦੀ ਰਿਸ਼ਵਤ ਉਨ੍ਹਾਂ (ਅਫਸਰਾਂ) ਦੇ ਘਰ ਜਾ ਕੇ ਹੱਥੋ ਹੱਥੀਂ ਦਿੱਤੀ। ਹੈਰਾਨੀਜਨਕ ਤੱਥ ਇਹ ਵੀ ਸਾਹਮਣੇ ਆਇਆ ਹੈ ਕਿ ਪੰਜਾਬ ਦੀ ਅਫਸਰਸ਼ਾਹੀ ਵਿਚ ਜਿਸ ਆਈ.ਏ.ਐਸ. ਅਫਸਰ ਵੱਲੋਂ ਇਮਾਨਦਾਰੀ ਦਾ ਢੰਡੋਰਾਬਰਦਾਰ ਹੋਣ ਦਾ ਦਾਅਵਾ ਕੀਤਾ ਜਾਂਦਾ ਹੈ, ਠੇਕੇਦਾਰ ਵੱਲੋਂ ਇਸ ਅਫਸਰ ਦੇ ਘਰ ਜਾ ਕੇ 7 ਕਰੋੜ ਰੁਪਏ ਦੀ ਰਿਸ਼ਵਤ ਦੇਣ ਦਾ ਖੁਲਾਸਾ ਕੀਤਾ ਗਿਆ ਹੈ।

ਵਿਜੀਲੈਂਸ ਬਿਊਰੋ ਵੱਲੋਂ ਅਕਾਲੀ-ਭਾਜਪਾ ਸਰਕਾਰ ਸਮੇਂ ਸਿੰਜਾਈ ਵਿਭਾਗ ਵਿਚ 1,000 ਕਰੋੜ ਰੁਪਏ ਦਾ ਘੁਟਾਲਾ ਹੋਣ ਦਾ ਦਾਅਵਾ ਕੀਤਾ ਗਿਆ ਹੈ। ਠੇਕੇਦਾਰ ਵੱਲੋਂ ਕੀਤੇ ਖੁਲਾਸਿਆਂ ਤੋਂ



ਇਕ ਗੱਲ ਤਾਂ ਸਾਫ ਹੈ ਕਿ ਘੁਟਾਲੇ ਦਾ ਇਹ ਪੈਸਾ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਦੋ ਸਿਆਸਤਦਾਨਾਂ, ਤਿੰਨ ਆਈ.ਏ.ਐਸ. ਅਧਿਕਾਰੀਆਂ, ਠੇਕੇਦਾਰਾਂ, ਸਿੰਜਾਈ ਵਿਭਾਗ ਦੇ ਇੰਜੀਨੀਅਰਾਂ ਅਤੇ ਮੰਤਰੀਆਂ ਦੇ ਨਿੱਜੀ ਸਹਾਇਕਾਂ ਨੇ ਵੰਡ ਕੇ ਛਕਿਆ ਹੈ।

ਠੇਕੇਦਾਰ ਦੇ ਖੁਲਾਸਿਆਂ ਮੁਤਾਬਕ ਸਿੰਜਾਈ ਵਿਭਾਗ ਦਾ ਇਕ ਚੀਫ ਇੰਜੀਨੀਅਰ ਅਫਸਰਾਂ ਤੇ ਸਿਆਸਤਦਾਨਾਂ ਨਾਲ ਗੁਰਿੰਦਰ ਸਿੰਘ ਦਾ ਤੁਆਰਫ ਕਰਾਉਂਦਾ ਹੈ ਤੇ ਮਗਰੋਂ ਸਿੱਧੀ ਸੌਦੇ ਦੀ ਹੀ ਗੱਲ ਹੁੰਦੀ ਹੈ। ਵਿਭਾਗ ਦੇ ਪ੍ਰਮੁੱਖ ਸਕੱਤਰ ਰਹੇ ਇਕ ਆਈ.ਏ.ਐਸ. ਅਫਸਰ ਬਾਰੇ ਤਾਂ ਇਹ ਵੀ ਖੁਲਾਸਾ ਕੀਤਾ ਗਿਆ ਹੈ ਕਿ ਉਸ ਨੇ ਸਿੰਜਾਈ ਵਿਭਾਗ ਵਿਚਲੇ ਗੋਰਖਧੰਦੇ ਨੂੰ ਚਲਦਾ ਰੱਖਣ ਲਈ ਇਕ ਵਿਸ਼ੇਸ਼ ਮੋਬਾਈਲ ਫੋਨ ਦਿੱਤਾ। ਇਹ ਸੈਲੂਲਰ ਫੋਨ ਹਰ ਛੇ ਮਹੀਨਿਆਂ ਵਿਚ ਬਦਲ ਦਿੱਤਾ ਜਾਂਦਾ ਸੀ। ਸੂਤਰਾਂ ਮੁਤਾਬਕ ਇਹ ਮੋਬਾਈਲ ਫੋਨ ਹੀ ਸਾਰੇ ਗੁਪਤ ਧੰਦਿਆਂ ਦਾ ਭੇਤ ਹੈ। ਇਨ੍ਹਾਂ ਫੋਨਾਂ ਦੀ ਕਾਲ ਡਿਟੇਲਜ਼ ਰਾਹੀਂ ਵਿਜੀਲੈਂਸ ਸਬੰਧਤ ਅਧਿਕਾਰੀ ਨੂੰ ਸੌਖਿਆਂ ਹੀ ਹੱਥ ਪਾ ਸਕਦੀ ਹੈ। ਇਹ ਵੀ ਪਤਾ ਲੱਗਾ ਹੈ ਕਿ ਇਸ ਅਫਸਰ ਨੂੰ ਟਰੈਂਚਿੰਗ ਮਸ਼ੀਨਾਂ ਦੀ ਖਰੀਦ ਮੌਕੇ 50 ਲੱਖ ਰੁਪਏ ਦੀ ਰਿਸ਼ਵਤ ਘਰ ਜਾ ਕੇ ਦਿੱਤੀ ਗਈ।

ਠੇਕੇਦਾਰ ਵੱਲੋਂ ਇਸ ਵਿਵਾਦਤ ਅਫਸਰ ਨੂੰ ਸਿੰਜਾਈ ਵਿਭਾਗ ਵਿਚ ਦਿੱਤੇ ਕੰਮਾਂ ਦੀ 'ਮਿਹਰਬਾਨੀ' ਵਜੋਂ ਕੋਈ 8 ਕਰੋੜ ਰੁਪਏ ਦੀ ਰਿਸ਼ਵਤ ਦੇਣ ਦਾ ਖੁਲਾਸਾ ਕੀਤਾ ਗਿਆ ਹੈ। ਇਸੇ ਤਰ੍ਹਾਂ ਇਕ ਹੋਰ ਆਈ.ਏ.ਐਸ. ਅਫਸਰ ਨੂੰ 5.5 ਕਰੋੜ ਰੁਪਏ ਦੇਣ ਦਾ ਖੁਲਾਸਾ ਕੀਤਾ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਇਕ ਆਗੂ ਨੂੰ 10 ਕਰੋੜ ਰੁਪਏ ਦੀ ਰਿਸ਼ਵਤ ਦੇਣ ਬਾਰੇ ਵੀ ਠੇਕੇਦਾਰ ਨੇ ਇੰਕਸਾਫ ਕੀਤਾ ਹੈ।

# ਆਮਦਨ ਟੈਕਸ ਵਿਭਾਗ ਵੱਲੋਂ ਰਾਣੇ ਦੇ ਪਰਿਵਾਰ ਨੂੰ ਘੇਰਾ

**ਚੰਡੀਗੜ੍ਹ:** ਆਮਦਨ ਟੈਕਸ ਵਿਭਾਗ ਦੀਆਂ ਟੀਮਾਂ ਨੇ ਵਿਵਾਦਾਂ ਵਿਚ ਘਿਰੇ ਸਾਬਕਾ ਮੰਤਰੀ ਰਾਣਾ ਗੁਰਜੀਤ ਸਿੰਘ ਦੇ ਪਰਿਵਾਰ ਦੀਆਂ ਕੰਪਨੀਆਂ, ਉਨ੍ਹਾਂ ਦੇ ਚਾਰਟਰਡ ਅਕਾਊਂਟੈਂਟ ਅਤੇ ਭਾਈਵਾਲ ਕੈਪਟਨ ਜੇ.ਐਸ.ਰੰਧਾਵਾ ਦੀਆਂ ਕੰਪਨੀਆਂ ਉਤੇ ਛਾਪੇ ਮਾਰੇ ਤੇ ਜਾਂਚ ਪੜਤਾਲ ਕੀਤੀ। ਟੀਮਾਂ ਨੇ ਸਵੇਰੇ ਤਕਰੀਬਨ ਸਾਢੇ ਨੌਂ ਵਜੇ ਰਾਣਾ ਗਰੁੱਪ ਦੀਆਂ ਕੰਪਨੀਆਂ ਦੇ ਸੈਕਟਰ ਅੱਠ ਵਿਚਲੇ ਦਫਤਰਾਂ ਉਤੇ ਛਾਪੇ ਮਾਰੇ। ਇਨ੍ਹਾਂ ਕੰਪਨੀਆਂ ਵਿਚ ਰਾਣਾ ਸ਼ੂਗਰ, ਰਾਣਾ ਪੋਲੀਕੋਟ, ਰਾਣਾ ਡਿਸਟਿਲਰੀਜ਼ ਅਤੇ ਰਾਣਾ ਇਨਫਾਰਮੈਟਿਕਸ ਸ਼ਾਮਲ ਹਨ। ਇਨ੍ਹਾਂ ਟੀਮਾਂ ਦੀ ਅਗਵਾਈ ਆਈ.ਟੀ. ਵਿਭਾਗ ਦੇ ਵਧੀਕ ਕਮਿਸ਼ਨਰ ਇਨਵੈਸਟੀਗੇਸ਼ਨ ਮਹੇਸ਼ ਸਰੀਨ ਨੇ ਕੀਤੀ।

ਟੀਮਾਂ ਨੇ ਛਾਪੇ ਮਾਰਨ ਤੋਂ ਬਾਅਦ ਕੰਪਨੀਆਂ ਦੇ ਮੁਲਾਜ਼ਮਾਂ ਨੂੰ ਦਫਤਰਾਂ ਦੇ ਅੰਦਰ ਨਹੀਂ ਜਾਣ ਦਿੱਤਾ। ਛਾਪਿਆਂ ਦੀ ਜਾਣਕਾਰੀ ਮਿਲਣ ਤੋਂ ਬਾਅਦ ਸਾਬਕਾ ਮੰਤਰੀ ਦਾ ਪੁੱਤਰ ਤੇ ਕੰਪਨੀਆਂ ਦਾ ਐਮ.ਡੀ. ਰਾਣਾ ਇੰਦਰ ਪ੍ਰਤਾਪ ਸਿੰਘ ਵੀ ਮੌਕੇ ਉਤੇ ਪਹੁੰਚ ਗਿਆ।

ਪਤਾ ਲੱਗਾ ਹੈ ਕਿ ਟੀਮ ਨੇ ਸਾਬਕਾ ਮੰਤਰੀ ਦੇ ਸੈਕਟਰ ਚਾਰ ਵਿਚਲੇ ਘਰ ਦੀ ਵੀ ਤਲਾਸ਼ੀ ਲੈਣ ਦੇ ਨਾਲ-ਨਾਲ ਉਨ੍ਹਾਂ ਦੇ ਚਾਰਟਰਡ ਅਕਾਊਂਟੈਂਟ ਤ੍ਰਿਲੋਕੀ ਨਾਥ ਸਿੰਘਲ ਦੇ ਘਰ ਅਤੇ ਭਾਈਵਾਲ ਕੈਪਟਨ ਜੇ.ਐਸ.ਰੰਧਾਵਾ ਦੀਆਂ ਕੰਪਨੀਆਂ ਦੇ ਸੈਕਟਰ ਅੱਠ ਵਿਚ ਸਥਿਤ ਦਫਤਰਾਂ ਦੀ ਤਲਾਸ਼ੀ ਲਈ। ਚੰਡੀਗੜ੍ਹ ਤੋਂ ਇਲਾਵਾ ਰਾਣਾ ਦੇ ਅੰਮ੍ਰਿਤਸਰ ਅਤੇ ਕਪੂਰਥਲਾ ਵਿਚਲੀਆਂ ਕਾਰੋਬਾਰੀ ਥਾਵਾਂ ਉਤੇ ਵੀ ਛਾਪੇ ਮਾਰੇ ਗਏ।

# ਭਾਰਤ ਵਿਚ ਗੂੜ੍ਹੇ ਹੋ ਰਹੇ ਫਾਸ਼ੀਵਾਦ ਦੇ ਪਰਛਾਂਵੇਂ

ਸਵਾ ਕੁ ਸਾਲ ਪਹਿਲਾਂ ਦੀ ਗੱਲ ਹੈ, ਬਜ਼ੁਰਗ ਫਰਾਂਸੀਸੀ ਦੋਸਤ ਨੂੰ ਮਿਲਣ ਦਿੱਲੀ ਗਿਆ ਸਾਂ, ਜੋ ਆਪਣੀ ਸਾਲਾਨਾ ਭਾਰਤ ਫੇਰੀ ਉਤੇ ਆਈ ਹੋਈ ਸੀ। ਭਾਰਤ ਵਿਚ ਕਈ ਲੋਕਾਰਥੀ ਕੰਮ ਵਿੱਢਣ ਵਾਲੀ ਇਕ ਸੰਸਥਾ ਨਾਲ ਜੁੜੀ ਇਹ ਬੀਬੀ ਨਾ ਸਿਰਫ ਸਾਡੇ ਮੁਲਕ ਬਾਰੇ ਡੂੰਘਾ ਗਿਆਨ ਰੱਖਦੀ ਹੈ, ਬਹੁਤ ਸਾਰੇ ਸਰਕਰਦਾ ਭਾਰਤੀਆਂ ਨੂੰ ਨੇੜਿਓਂ ਵੀ ਜਾਣਦੀ ਹੈ। ਉਸ ਦੀ ਇਸ ਭਾਰਤ ਫੇਰੀ ਤੋਂ ਕੁਝ ਹੀ ਸਮਾਂ ਪਹਿਲਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਫਰਾਂਸ ਹੋ ਕੇ ਮੁੜਿਆ ਸੀ, ਜਿਥੇ ਉਸ ਨੇ ਪੈਰਿਸ ਰਹਿੰਦੇ ਭਾਰਤੀਆਂ ਅਤੇ ਭਾਰਤ-

**ਸੁਕੀਰਤ**

ਹਿਤੈਸ਼ੀਆਂ ਨੂੰ ਵੀ ਸੰਬੋਧਨ ਕੀਤਾ ਸੀ। ਉਸ ਖਾਸ ਸਮਾਗਮ ਵਿਚ ਸ਼ਮੂਲੀਅਤ ਦਾ ਸੱਦਾ ਮੇਰੀ ਇਸ ਮਿੱਤਰ ਨੂੰ ਵੀ ਮਿਲਿਆ ਸੀ। ਉਹ ਦੱਸ ਰਹੀ ਸੀ ਕਿ ਉਸ ਸਮਾਗਮ ਨੂੰ ਦੇਖ ਕੇ ਉਸ ਨੂੰ ਫਾਸ਼ਿਜ਼ਮ ਦੇ ਦਿਨ ਚੇਤੇ ਆ ਗਏ, ਜਦੋਂ ਬੁਲਾਰਿਆਂ ਦੇ ਭਾਸ਼ਣਾਂ ਵਿਚ ਆਪਣੀ ਕੌਮ ਦੀ ਵਡਿਆਈ ਦੇ ਸ਼ਬਦਾਂ ਵਿਚ ਵਲੇਟ ਕੇ ਪਰੋਸੀ ਗਈ ਨਿਰੋਲ ਸਵੈ-ਪ੍ਰਸੰਸਾ ਹੁੰਦੀ ਸੀ ਅਤੇ ਚੋਣਵੇਂ ਸਰੋਤਿਆਂ ਵੱਲੋਂ ਮਿਥੇ ਸਮੇਂ ਉਤੇ ਤਾੜੀਆਂ ਮਾਰਨ ਦਾ ਤਾਲਮੇਲ, ਬਾਕੀਆਂ ਨੂੰ ਗੂੰਜਵੀਆਂ ਤਾੜੀਆਂ ਮਾਰਨ ਲਈ ਉਕਸਾਉਂਦਾ ਜਾਂ ਇਸ਼ਾਰਾ ਕਰਦਾ ਸੀ। ਮੇਰੀ ਮਿੱਤਰ ਦਾ ਮੰਨਣਾ ਸੀ ਕਿ ਮੋਦੀ ਨੂੰ 'ਸੁਪਰੀਮ ਲੀਡਰ' ਵਜੋਂ ਸਥਾਪਤ ਕਰਨ ਦੇ ਉਪਰਾਲੇ ਹੋ ਰਹੇ ਹਨ, ਜੋ ਭਾਰਤੀ ਸ਼ਹਿਰੀਆਂ ਨੂੰ ਅਜੇ ਨਾ ਵੀ ਦਿਸਦੇ ਹੋਣ, ਫਾਸ਼ੀਵਾਦ ਦੇ ਇਤਿਹਾਸ ਨਾਲ ਜੁੜੇ ਯੂਰਪੀ ਬਾਸ਼ਿੰਦਿਆਂ ਨੂੰ ਸਪਸ਼ਟ ਦਿਸਦੇ ਸਨ।

ਹੁਣ ਲੰਘੇ ਹਫਤੇ ਹਾਲੈਂਡ ਤੋਂ ਆਏ ਮਿੱਤਰ ਜੋਗਿੰਦਰ ਬਾਠ ਰਾਹੀਂ ਉਸ ਦੇ ਦੋ ਜਰਮਨ/ਡੱਚ ਸਾਥੀਆਂ ਨਾਲ ਮੁਲਾਕਾਤ ਹੋਈ। ਸੱਤਰਾਂ ਨੂੰ ਟੱਪ ਚੁੱਕੀ ਇਸ ਫਿਰੰਤੂ ਜੋੜੀ ਦਾ ਤਜਰਬਾ ਵੀ ਵਿਸ਼ਾਲ ਹੈ; ਬੜੀ ਦੁਨੀਆ ਉਨ੍ਹਾਂ ਗਾਹੀ ਹੋਈ ਹੈ। ਜਦੋਂ ਉਹ ਮੈਨੂੰ ਮਿਲੇ, ਵਾਹਗਾ ਬਾਰਡਰ ਦੀ ਝੰਡਾ ਰਸਮ ਦੇਖ ਕੇ ਮੁੜੇ ਸਨ ਅਤੇ ਬਹੁਤ ਪਸ਼ੇਮਾਨ ਸਨ। ਜਿਸ ਕਿਸਮ ਦਾ 'ਰਾਸ਼ਟਰਵਾਦੀ' ਉਭਾਰ ਅਤੇ ਗੁਆਂਢੀ ਮੁਲਕ ਲਈ ਨਫਰਤ ਦਾ ਇਜ਼ਹਾਰ ਉਨ੍ਹਾਂ ਨੂੰ ਉਸ ਦਿਨ, ਇਸ ਰਸਮ ਦੌਰਾਨ ਦੇਖਣ ਨੂੰ ਮਿਲਿਆ, ਉਨ੍ਹਾਂ ਨੂੰ ਫਾਸ਼ਿਜ਼ਮ ਦੇ ਦਿਨਾਂ ਦੀ ਯਾਦ ਕਰਾਉਂਦਾ ਜਾਪਿਆ। "ਇਹੋ ਜਿਹੀ ਹਿੰਸਾਤਮਕ ਮਾਨਸਿਕਤਾ ਕਿਸੇ ਵੀ ਦਿਨ ਸੱਚਮੁੱਚ ਦੀ ਹਿੰਸਾ ਵਿਚ ਤਬਦੀਲ ਹੋ ਸਕਦੀ ਹੈ... ਅਸੀਂ ਫਾਸ਼ਿਜ਼ਮ ਦੇਖਿਆ ਹੋਇਆ ਹੈ, ਤੁਹਾਨੂੰ ਲੋਕਾਂ ਨੂੰ ਇਸ ਖਤਰੇ ਬਾਰੇ ਸੁਚੇਤ ਹੋਣ ਦੀ ਲੋੜ ਹੈ", ਇਨ੍ਹਾਂ ਸੁਹਿਰਦ ਮਿੱਤਰਾਂ ਦੀ ਤੌਖਲੇ ਭਰਪੂਰ ਚਿਤਾਵਨੀ ਸੀ।

ਉਨ੍ਹਾਂ ਦੀ ਇਹ ਟਿੱਪਣੀ ਸੁਣ ਕੇ ਮੈਨੂੰ ਆਪਣੀ ਫਰਾਂਸੀਸੀ ਮਿੱਤਰ ਦੀ ਹੀ ਨਹੀਂ, ਵਿਦਿਆਰਥੀ ਆਗੂ ਕਨ੍ਹਈਆ ਕੁਮਾਰ ਦੀ ਕਹੀ ਗੱਲ ਵੀ ਚੇਤੇ ਆ ਗਈ। ਦੋ ਸਾਲ ਪਹਿਲਾਂ, ਜਦੋਂ ਉਸ ਦੀ ਗ੍ਰਿਫਤਾਰੀ ਅਤੇ ਉਸ ਉਪਰ ਅਦਾਲਤ ਵਿਚ ਹੋਏ ਹਮਲੇ ਤੋਂ ਬਾਅਦ ਮੈਂ ਉਸ ਨਾਲ ਮੁਲਾਕਾਤ ਕਰਨ ਗਿਆ ਸਾਂ ਤਾਂ ਉਸ ਨੇ ਕਿਹਾ ਸੀ, "ਇਹ ਰਾਸ਼ਟਰਵਾਦ ਜਾਂ ਦੇਸ਼ ਪ੍ਰੇਮ ਨਹੀਂ, ਰਾਸ਼ਟਰਵਾਦ ਦੀ ਆੜ ਵਿਚ ਤਾਨਾਸ਼ਾਹੀ ਲਿਆਉਣ ਦਾ ਉਪਰਾਲਾ ਹੈ।"

ਅੱਜ ਇਹ ਸਾਰੀਆਂ ਗੱਲਾਂ ਮੈਨੂੰ ਇਕੱਠੀਆਂ ਹੋ ਕੇ ਮੁੜ ਚੇਤੇ ਇਸ ਲਈ ਵੀ ਆ ਰਹੀਆਂ ਹਨ, ਕਿਉਂਕਿ ਜਿਉਂ ਜਿਉਂ ਅਜੋਕੀ ਸਰਕਾਰ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਦੀ ਹੋਣ ਦੇ ਆਸਾਰ ਨਜ਼ਰ ਆਉਣੇ ਸ਼ੁਰੂ ਹੋਏ ਹਨ, ਰਾਜ ਕਰਨ ਵਾਲਿਆਂ ਵੱਲੋਂ ਆਪਣੇ ਪੈਰ ਪਟਕ-ਪਟਕ ਕੇ ਜ਼ਮੀਨ ਵਿਚ ਧਸ ਕੇ ਰੱਖਣ ਦੇ ਉਪਰਾਲੇ ਹੋਰ ਤੇਜ਼ ਹੋਏ ਹਨ। ਗੁਜਰਾਤ ਅਤੇ ਰਾਜਸਥਾਨ ਤੋਂ ਆਏ ਚੋਣ ਨਤੀਜਿਆਂ ਨੇ ਹੁਣ ਉਨ੍ਹਾਂ ਨੂੰ ਆਪਣੇ ਭੱਥੇ ਵਿਚਲਾ ਹਰ ਤੀਰ, ਆਪਣੀ ਸੈਨਾ ਵਿਚਲੇ ਹਰ ਜਰਨੈਲ ਨੂੰ ਖੁੱਲ੍ਹ ਕੇ ਵਰਤਣ ਵੱਲ ਧੱਕਿਆ ਹੈ।

ਇਕ ਪਾਸੇ ਪ੍ਰਧਾਨ ਮੰਤਰੀ ਮੋਦੀ ਹੈ, ਜੋ ਪਿਛਲੇ ਚਾਰ ਸਾਲਾਂ ਦੀ ਆਪਣੀ ਕਾਰਗੁਜ਼ਾਰੀ ਬਾਰੇ ਤਾਂ ਸਿਰਫ ਭਰਮਾਊ ਦਮਗਜੇ ਹੀ ਮਾਰ ਸਕਦਾ ਹੈ, ਕਿਉਂਕਿ ਜ਼ਮੀਨੀ ਹਕੀਕਤਾਂ ਉਸ ਦਾ ਸਾਥ ਨਹੀਂ ਦੇ ਰਹੀਆਂ; ਇਸ ਲਈ ਉਹ ਆਪਣੇ ਰਾਜ-ਪ੍ਰਬੰਧ ਦੀ ਨੁਕਤਾਚੀਨੀ ਤੋਂ ਧਿਆਨ ਹਟਾਉਣ ਲਈ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਖਿਲਾਫ ਮੋਰਚਾ ਖੋਲ੍ਹ ਬੈਠਾ ਹੈ। ਭਾਰਤ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਹੈ ਕਿ ਰਾਸ਼ਟਰਪਤੀ ਦੇ ਭਾਸ਼ਣ ਦੇ ਧੰਨਵਾਦ ਲਈ ਜਵਾਬੀ ਰਸਮੀ ਭਾਸ਼ਣ ਨੂੰ ਕਿਸੇ ਪ੍ਰਧਾਨ ਮੰਤਰੀ ਨੇ ਚੋਣ ਰੈਲੀ ਦੇ ਬੇਮੁਹਾਰੇ ਬੱਕੜਵਾਹ ਵਾਂਗ ਵਰਤਿਆ ਹੈ। ਪਹਿਲੀ ਵਾਰ ਹੋਇਆ ਹੈ ਕਿ ਇਸ ਭਾਸ਼ਣ ਵਿਚ ਆਪਣੀ ਸਰਕਾਰ ਦੇ ਸਾਰਥਕ ਪਹਿਲੂ ਗਿਣਾਉਣ ਦੀ ਥਾਂ ਪ੍ਰਧਾਨ ਮੰਤਰੀ ਨੇ ਪੂਰਾ ਟਿਲ ਅੱਧੀ ਸਦੀ ਤੋਂ ਵੀ ਪਹਿਲਾਂ ਜਾ ਚੁੱਕੇ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਨੂੰ ਛੁਟਿਆਉਣ ਵਿਚ ਲਾ ਦਿੱਤਾ। ਅਨਿਨ ਭਗਤਾਂ ਨੂੰ ਇਹੋ ਜਿਹਾ ਭਾਸ਼ਣ ਭਾਵੇਂ ਮੰਤਰ-ਮੁਗਧ ਕਰਦਾ ਹੋਵੇ, ਹਰ ਸੋਚਵਾਨ ਭਾਰਤੀ ਨੂੰ ਇਹੋ ਜਿਹਾ ਭਾਸ਼ਣ ਪ੍ਰਧਾਨ ਮੰਤਰੀ ਦੇ ਅਹੁਦੇ ਨੂੰ ਹੀ ਛੁਟਿਆਉਂਦਾ ਜਾਪਿਆ ਹੈ ਅਤੇ ਇਸ ਦੀ ਕਰੜੀ ਆਲੋਚਨਾ ਹੋਈ ਹੈ। ਨਹਿਰੂ ਦਾ ਸਥਾਨ ਤਾਂ ਇਤਿਹਾਸ ਵਿਚ ਜੋ ਹੈ ਸੋ ਹੈ, ਅਜੋਕੇ ਪ੍ਰਧਾਨ ਮੰਤਰੀ ਨੇ ਇਕ ਵਾਰ ਫੇਰ ਆਪਣਾ ਕੱਦ ਹੋਰ ਘਟਾ ਲਿਆ ਹੈ। ਨਾਲ ਹੀ ਇਸ ਭਾਸ਼ਣ ਦੀ ਸੁਰ ਅਤੇ ਸੇਧ ਨੇ ਇਹ ਗੱਲ ਵੀ ਸਾਹਮਣੇ ਲੈ ਆਂਦੀ ਹੈ ਕਿ 2019 ਦੀਆਂ ਚੋਣਾਂ ਵੀ ਸੁਖਾਵੇਂ ਮਾਹੌਲ ਵਿਚ ਨਹੀਂ ਲੜੀਆਂ ਜਾਣਗੀਆਂ।

ਦੂਜੇ ਪਾਸੇ, ਰਾਸ਼ਟਰੀ ਸੋਇਮਸੇਵਕ ਸੰਘ (ਆਰ.ਐਸ.ਐਸ.) ਦੇ ਮੁਖੀ ਮੋਹਨ ਭਾਗਵਤ ਨੇ ਮੁਜ਼ੱਫਰਪੁਰ ਵਿਚ ਇਹ ਬਿਆਨ ਦੇ ਮਾਰਿਆ ਕਿ ਮੁਲਕ ਨੂੰ ਲੋੜ ਪੈਣ ਦੀ ਹਾਲਤ ਵਿਚ ਆਰ.ਐਸ.ਐਸ. ਸਿਰਫ ਤਿੰਨ ਦਿਨਾਂ ਵਿਚ ਆਪਣੀ 'ਸੈਨਾ' ਖੜ੍ਹੀ ਕਰ ਸਕਦੀ ਹੈ, ਜਦਕਿ ਫੌਜ ਨੂੰ ਇਹੋ ਕੰਮ ਕਰਨ ਵਿਚ ਛੇ ਤੋਂ ਸੱਤ ਮਹੀਨੇ ਲੱਗ ਜਾਣਗੇ। ਜਦੋਂ ਫੌਜ ਨੂੰ ਛੁਟਿਆਉਂਦੇ ਜਾਪਦੇ ਇਸ ਬਿਆਨ ਦੀ ਤਿੱਖੀ ਆਲੋਚਨਾ ਹੋਈ ਤਾਂ ਇਹ ਸਪਸ਼ਟੀਕਰਨ ਵੀ ਨਾਲ ਹੀ ਆ ਗਿਆ ਕਿ ਮੋਹਨ ਭਾਗਵਤ ਦਾ ਕਹਿਣ ਤੋਂ ਭਾਵ ਇਹ ਸੀ ਕਿ ਫੌਜ ਨੂੰ ਆਮ ਲੋਕਾਂ ਨੂੰ ਟਰੇਨਿੰਗ ਦੇਣ ਵਿਚ ਏਨਾ ਸਮਾਂ ਲੱਗ ਜਾਵੇਗਾ, ਜਦਕਿ ਆਰ.ਐਸ.ਐਸ. ਤਿੰਨ ਦਿਨਾਂ ਵਿਚ ਇਹ ਕੰਮ ਕਰਨ ਲਈ ਤਿਆਰ ਹੈ। ਜੇ ਪਹਿਲੀ ਨਜ਼ਰੇ ਇਸ ਬਿਆਨ ਵਿਚੋਂ ਫੌਜ ਦੇ ਮਹੱਤਵ ਨੂੰ ਘਟਾ ਕੇ ਪੇਸ਼ ਕਰਨ ਦੀ ਸੋਂਘ ਆਉਂਦੀ ਸੀ, ਤਾਂ ਇਸ ਸਪਸ਼ਟੀਕਰਨ ਵਿਚੋਂ ਸਗੋਂ ਸਿੱਧੇ ਫਾਸ਼ੀਵਾਦ ਦੀ ਧਮਕੀ ਨਜ਼ਰ ਆਉਂਦੀ ਹੈ। ਜਿਵੇਂ ਮੋਹਨ ਭਾਗਵਤ ਇਸ ਗੱਲ ਦਾ ਇੰਕਸ਼ਾਫ ਕਰ ਰਿਹਾ ਹੋਵੇ ਕਿ 'ਲੋੜ ਪੈਣ ਤੇ' ਆਰ.ਐਸ.ਐਸ. ਸਿਰਫ ਤਿੰਨ ਦਿਨਾਂ ਵਿਚ ਆਪਣੇ ਨੀਮ ਫੌਜੀ ਦਸਤੇ ਤਿਆਰ ਕਰਨ ਦੇ ਸਮਰੱਥ ਹੈ, ਜਿਸ ਪੱਖੋਂ ਵੀ ਵਿਚਾਰਿਆ ਜਾਵੇ, ਇਹ ਬਿਆਨ ਡਾਢਾ ਬੇਚੈਨੀ-ਉਪਜਾਊ ਹੈ। ਜੇ ਆਰ.ਐਸ.ਐਸ. ਸਿਰਫ ਸਮਾਜਕ-ਸਭਿਆਚਾਰਕ ਸੰਸਥਾ ਹੈ, ਜਿਵੇਂ ਉਸ ਦਾ ਹਮੇਸ਼ਾ ਦਾਅਵਾ ਰਿਹਾ ਹੈ, ਤਾਂ ਮੋਹਨ ਭਾਗਵਤ ਦਾ ਇਹ ਬਿਆਨ ਅੰਦਰ-ਖਾਤੇ ਹੋਣ ਵਾਲੀਆਂ ਤਿਆਰੀਆਂ ਬਾਰੇ ਸੋਚ-ਸਮਝ ਕੇ ਦਿੱਤਾ ਗਿਆ ਇਕਬਾਲੀਆ ਬਿਆਨ ਹੈ। ਤੇ ਜੇ ਇਹ ਅਣਭੋਲ ਮੂੰਹੋਂ ਕਿਰੀ ਸੂਚਨਾ ਹੈ, ਤਾਂ ਵੀ ਇਹ ਘੱਟ ਚਿੰਤਾ-ਕਰਾਊ ਨਹੀਂ। ਇਹ ਕੋਈ ਲੁਕੀ-ਛੁਪੀ ਗੱਲ ਨਹੀਂ ਕਿ ਆਰ.ਐਸ.ਐਸ. ਨਾ ਸਿਰਫ ਰਾਜ ਕਰ ਰਹੀ ਧਿਰ ਦੀ ਮਾਰਗ-ਦਰਸ਼ਕ ਵਿਚਾਰਧਾਰਾ ਹੈ, ਉਸ ਦੇ ਰਾਜ-ਪਾਟ ਦੀ ਅਸਲੀ ਤਾਕਤ ਵੀ ਹੈ। ਸਿਰਫ ਸਰਕਾਰੇ-ਦਰਬਾਰੇ ਹੀ ਉਸ ਦੀ ਪਹੁੰਚ ਨਹੀਂ, ਮੰਤਰੀ ਮੰਡਲ ਦੇ ਫੈਸਲਿਆਂ ਨੂੰ ਪ੍ਰਭਾਵਿਤ ਕਰਨ (ਬਲਕਿ ਉਲਟਾਉਣ ਤੱਕ ਦਾ ਵੀ) ਰਸੂਖ ਹੈ। ਬਹੁ-ਸ਼ਾਖਾਈ ਰਵਾਇਤੀ ਹਿੰਦੂ ਧਰਮ ਨੂੰ ਸੌੜੇ ਹਿੰਦੂਤਵ ਵਿਚ ਤਬਦੀਲ ਕਰਨ ਅਤੇ ਸੈਕੂਲਰ ਦੇਸ਼-ਪ੍ਰੇਮ ਨੂੰ ਸੰਕੀਰਨ ਰਾਸ਼ਟਰਵਾਦ ਵਿਚ ਤਬਦੀਲ ਕਰਨ ਦੀ ਕੋਸ਼ਿਸ਼ ਕਰਨ ਵਿਚ ਇਹ ਸੰਸਥਾ ਮੋਹਰੀ ਰਹੀ ਹੈ। ਜਦੋਂ ਦੇਸ਼ ਵਿਚ ਅਜਿਹੀ ਸੰਸਥਾ ਨੂੰ ਮੱਥਾ ਟੇਕਣ ਵਾਲੀ ਧਿਰ ਰਾਜ ਕਰ ਰਹੀ ਹੋਵੇ ਤਾਂ ਉਸ ਵੱਲੋਂ ਆਪਣੇ ਕੋਲ ਨੀਮ ਫੌਜੀ ਦਸਤਿਆਂ ਜਿਹੀ ਸਮਰੱਥਾ ਹੋਣ ਦਾ ਇੰਕਸ਼ਾਫ ਕਰਨਾ ਧਮਕੀ ਨਹੀਂ ਤਾਂ ਹੋਰ ਕੀ ਸਮਝਿਆ ਜਾਵੇ।



ਇਹ ਗੱਲ ਹੁਣ ਕਿਸੇ ਕੋਲੋਂ ਵੀ ਲੁਕੀ ਨਹੀਂ ਕਿ ਹਰ ਮੰਤਰਾਲੇ ਵਿਚ ਆਰ.ਐਸ.ਐਸ. ਦੇ ਨੁਮਾਇੰਦੇ ਬਿਠਾਏ ਗਏ ਹਨ। ਭਾਜਪਾ ਦੇ ਰਾਜ ਵਾਲੇ ਸੂਬਿਆਂ ਵਿਚ ਮੁੱਖ ਮੰਤਰੀਆਂ ਦੀ ਚੋਣ ਸਮੇਂ ਪਹਿਲ ਆਰ.ਐਸ.ਐਸ. ਦੇ ਪ੍ਰਚਾਰਕਾਂ ਨੂੰ ਦਿੱਤੀ ਜਾਂਦੀ ਹੈ।

ਲੰਘੇ ਹਫਤੇ ਲਖਨਊ ਤੋਂ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਛਤਰ-ਛਾਇਆ ਹੇਠ ਰਾਮ ਰਾਜ ਰੱਥ ਯਾਤਰਾ ਸ਼ੁਰੂ ਕੀਤੀ ਗਈ ਹੈ। ਅਯੁੱਧਿਆ ਵਿਚ ਰਾਮ ਮੰਦਰ ਦੀ ਉਸਾਰੀ ਦਾ ਮੁੱਦਾ ਇਸ ਵੇਲੇ ਸੁਪਰੀਮ ਕੋਰਟ ਦੇ ਵਿਚਾਰਅਧੀਨ ਹੋਣ ਕਾਰਨ ਭਾਜਪਾ ਸਿੱਧੇ ਤੌਰ ਉਤੇ ਇਸ ਨੂੰ ਚੁੱਕਣ ਤੋਂ ਅਸਮਰੱਥ ਹੈ, ਪਰ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਢਾਲ ਹੇਠ ਉਸ ਨੇ ਮੁੜ ਫਿਰਕੂ ਭਾਵਨਾਵਾਂ ਉਭਾਰਨ ਅਤੇ ਹਿੰਦੂਤਵ ਦੇ ਨਾਂ ਉਤੇ ਵੋਟਾਂ ਬਟੋਰਨ ਦਾ ਉਪਰਾਲਾ ਅਸਿੱਧੇ ਤੌਰ ਉਤੇ ਵਿੱਢ ਲਿਆ ਹੈ।

ਜੇ ਅਜੇ ਵੀ ਕੋਈ ਕਸਰ ਬਾਕੀ ਸੀ ਤਾਂ 'ਮਹਾਂਸ਼ਿਵਰਾਤਰੀ' ਮੌਕੇ ਦੇਸ਼ ਦੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਰਾਜਧਾਨੀ ਵਿਚ ਇੰਡੀਆ ਗੇਟ ਤੋਂ 'ਜਲ ਮਿੱਟੀ ਰੱਥ ਯਾਤਰਾ' ਨੂੰ ਹਰੀ ਝੰਡੀ ਦਿਖਾਈ ਹੈ। ਇਹ ਯਾਤਰਾ ਦੇਸ਼ ਦੇ ਵੱਖ ਵੱਖ ਹਿੱਸਿਆਂ ਤੋਂ ਮਿੱਟੀ ਅਤੇ ਜਲ ਇਕੱਠਾ ਕਰੇਗੀ, ਤਾਂ ਜੋ ਰਾਜਧਾਨੀ ਵਿਚ 'ਮਹਾਂਯੱਗ' ਲਈ 108 ਹਵਨ ਕੁੰਡ ਬਣਾਏ ਜਾ ਸਕਣ। ਭਾਜਪਾ ਸੰਸਦ ਮੈਂਬਰ ਮਹੇਸ਼ ਗਿਰੀ ਦੀ ਅਗਵਾਈ ਹੇਠ 18 ਤੋਂ 25 ਮਾਰਚ ਤੱਕ ਲਾਲ ਕਿਲ੍ਹੇ ਵਿਖੇ ਅੱਠ ਦਿਨਾ 'ਰਾਸ਼ਟਰ ਰਕਸ਼ਾ ਮਹਾਂ ਯੱਗ' ਕਰਾਇਆ ਜਾ ਰਿਹਾ ਹੈ, ਜਿਸ ਲਈ ਇਹ ਸਭ ਹਵਨ ਕੁੰਡ ਲੋੜੀਂਦੇ ਹਨ। ਇਸ ਮਹਾਂ ਯੱਗ ਵਿਚ ਪਹਿਲੀ ਆਹੂਤੀ ਦੇਸ਼ ਦਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇਵੇਗਾ ਅਤੇ 51,000 ਪੁਰੋਹਿਤ ਇਸ ਵਿਚ ਹਿੱਸਾ ਲੈਣਗੇ। ਪ੍ਰਚਾਰਿਆ ਜਾ ਰਿਹਾ ਹੈ ਕਿ ਇਹ ਮਹਾਂ ਯੱਗ ਦੇਸ਼ ਦੀ ਰੱਖਿਆ ਲਈ ਅਤੇ ਸਮਾਜ ਵਿਚ ਨਵੀਂ ਊਰਜਾ ਦੇ ਸੰਚਾਰ ਲਈ ਹੈ। ਸ਼ਾਇਦ ਆਰ.ਐਸ.ਐਸ. ਦੇ ਨੀਮ ਫੌਜੀ ਦਸਤੇ (ਤੇ ਸਾਡੀਆਂ ਫੌਜਾਂ) ਦੇਸ਼ ਦੀ ਸੁਰੱਖਿਆ ਲਈ ਕਾਫੀ ਨਹੀਂ ਹਨ, ਇਸ ਲਈ ਇਹ ਮਹਾਂ ਯੱਗ ਕਰਾਉਣਾ ਜ਼ਰੂਰੀ ਹੋ ਗਿਆ ਜਾਪਦਾ ਹੈ। 'ਸਭ ਕੇ ਵਿਕਾਸ' ਦਾ ਦਾਅਵਾ ਖੋਖਲਾ ਪੈ ਗਿਆ ਹੋਣ ਕਾਰਨ ਇਸ ਮਹਾਂ ਯੱਗ ਰਾਹੀਂ ਨਵੀਂ ਊਰਜਾ ਦਾ ਸੰਚਾਰ ਕਰਨਾ ਪੈ ਰਿਹਾ ਹੈ।

ਕੁਝ ਦਿਨ ਪਹਿਲਾਂ ਸ਼ਤਰੂਘਨ ਸਿਨਹਾ ਨੇ ਆਪਣੇ ਤਨਜ਼ ਭਰਪੂਰ ਅੰਦਾਜ਼ ਵਿਚ ਭਾਜਪਾ ਨੂੰ 'ਇਕ ਆਦਮੀ ਦਾ ਸ਼ੋਅ' ਅਤੇ 'ਦੋ ਬੰਦਿਆਂ ਦੀ ਫੌਜ' ਵਾਲੀ ਪਾਰਟੀ ਗਰਦਾਨਿਆ ਸੀ। ਉਸ ਦੇ ਕਥਨ ਨਾਲ ਅਸਹਿਮਤੀ ਨਹੀਂ, ਪਰ ਇਸ ਤੋਂ ਵੀ ਖਤਰਨਾਕ ਗੱਲ ਇਹ ਹੈ ਕਿ ਇਸ 'ਵਨ ਮੈਨ ਸ਼ੋਅ' ਨੂੰ ਕਾਇਮ ਰੱਖਣ ਲਈ ਸਾਡੇ ਦੇਸ਼ ਵਿਚ ਹੁਣ ਨਵੀਂ ਕਿਸਮ ਦਾ ਫਾਸ਼ੀਵਾਦ ਸਿਰਜਿਆ ਜਾ ਰਿਹਾ ਹੈ। ਹਿੰਦੂਤਵ ਆਧਾਰਤ ਰਾਸ਼ਟਰਵਾਦ ਅਤੇ ਸਮਾਜ ਦੇ ਫੌਜੀਕਰਨ ਦਾ ਸਹਾਰਾ ਲਿਆ ਜਾ ਰਿਹਾ ਹੈ। ਇਨ੍ਹਾਂ ਦੋ ਗੱਲਾਂ ਦਾ ਇਹੋ ਜਿਹਾ ਰਲੇਵਾਂ ਅੰਧ-ਵਿਸ਼ਵਾਸਾਂ ਭਰਪੂਰ ਧਾਰਮਿਕਤਾ ਅਤੇ ਵਿਚਾਰਧਾਰਕ ਵਿਰੋਧੀਆਂ ਵੱਲ ਹਿੰਸਾਤਮਕ ਰੁਖ ਰੱਖਣ ਵਾਲੇ ਇਸ ਮਾਹੌਲ ਵਿਚ ਵਿਸਫੋਟਕ ਹੀ ਸਾਬਤ ਹੋਵੇਗਾ।

# ਬੌਧਿਕ ਤੌਰ 'ਤੇ ਬੌਣਾ ਹੋ ਰਿਹੈ ਪੰਜਾਬ


ਲੰਘੀ 10 ਫਰਵਰੀ ਨੂੰ ਪੰਜਾਬੀ ਭਾਸ਼ਾ ਦੇ ਸਰੋਕਾਰਾਂ ਦੀ ਚਿੰਤਾ ਕਰਨ ਵਾਲੀਆਂ ਪੰਜਾਬ ਦੀਆਂ ਕਈ ਜਥੇਬੰਦੀਆਂ ਨੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਸਮਾਗਮ ਕੀਤਾ ਅਤੇ ਦੱਸਿਆ ਕਿ ਪੰਜਾਬ ਦੀ ਸਿੱਖਿਆ ਦੇ ਖੇਤਰ ਵਿਚ ਪੰਜਾਬੀ ਨਾਲ ਬੇਇਨਸਾਫੀ ਹੋ ਰਹੀ ਹੈ ਪਰ ਮਹਿਸੂਸ ਕੀਤਾ ਗਿਆ ਕਿ ਜਿਹੜੀ ਗੱਲ ਕਰਨ ਵਾਲੀ ਹੈ, ਉਹ ਨਹੀਂ ਹੋ ਰਹੀ। ਸਮਝਿਆ ਜਾਂਦਾ ਹੈ, ਪੰਜਾਬੀ ਮਾਂ-ਭਾਸ਼ਾ ਨੂੰ ਸਿੱਖਿਆ ਦਾ ਮਾਧਿਅਮ ਬਣਾਉਣ ਦੀ

**ਪਿਆਰਾ ਸਿੰਘ ਭੋਗਲ**

ਥਾਂ ਅੰਗਰੇਜ਼ੀ ਭਾਸ਼ਾ ਨੂੰ ਮਾਧਿਅਮ ਬਣਾ ਕੇ ਖ਼ੁਸ਼ਹਾਲ ਵਰਗ ਪੰਜਾਬੀ ਭਾਸ਼ਾ ਦਾ ਹੱਕ ਮਾਰ ਰਿਹਾ ਹੈ। ਪੰਜਾਬੀ ਮਾਂ-ਭਾਸ਼ਾ ਵਿਤਕਰੇ ਦਾ ਸ਼ਿਕਾਰ ਹੈ। ਉਸ ਨੂੰ ਵਧਣ-ਫੁੱਲਣ ਦਾ ਮੌਕਾ ਨਹੀਂ ਮਿਲ ਰਿਹਾ, ਪਰ ਸੱਚੀ ਗੱਲ ਇਹ ਹੈ ਕਿ ਅੰਗਰੇਜ਼ੀ ਭਾਸ਼ਾ ਨੂੰ ਸਿੱਖਿਆ ਦਾ ਮਾਧਿਅਮ ਬਣਾ ਕੇ ਵੀ ਪੰਜਾਬ ਦੇ ਲੋਕਾਂ ਨਾਲ ਜ਼ੁਲਮ ਹੀ ਹੋ ਰਿਹਾ ਹੈ। ਉਨ੍ਹਾਂ ਦਾ ਸਹੀ ਬੌਧਿਕ ਤੇ ਸਭਿਆਚਾਰਕ ਵਿਕਾਸ ਨਹੀਂ ਹੋ ਰਿਹਾ।

ਪੰਜਾਬ ਅਤੇ ਸਮੁੱਚੇ ਭਾਰਤ ਦੇ ਬੱਚਿਆਂ ਨੂੰ ਅੰਗਰੇਜ਼ੀ ਇਉਂ ਪੜ੍ਹਾਈ ਜਾ ਰਹੀ ਹੈ, ਜਿਵੇਂ ਇਹ ਉਨ੍ਹਾਂ ਦੀ ਮਾਂ-ਬੋਲੀ ਹੈ। ਅੰਗਰੇਜ਼ੀ ਭਾਰਤ ਦੇ ਕਿਸੇ ਖਿੱਤੇ ਦੀ ਭਾਸ਼ਾ ਨਹੀਂ। ਯੂ.ਐਨ.ਓ. ਦੀ ਸੰਸਥਾ ਯੂਨੇਸਕੋ ਕਹਿੰਦੀ ਹੈ ਕਿ ਬੱਚੇ ਦੀ ਮੁੱਢਲੀ ਸਿੱਖਿਆ ਜੇ ਮਾਂ-ਭਾਸ਼ਾ ਵਿਚ ਨਹੀਂ ਹੁੰਦੀ ਤਾਂ ਬੱਚੇ ਦਾ ਸਹੀ ਬੌਧਿਕ ਵਿਕਾਸ ਨਹੀਂ ਹੁੰਦਾ। ਉਸ ਦੀ ਪੜ੍ਹਨ-ਯੋਗਤਾ ਅਤੇ ਸਿੱਖਣ-ਯੋਗਤਾ ਠੀਕ ਢੰਗ ਨਾਲ ਪ੍ਰਫੁੱਲਤ ਨਹੀਂ ਹੁੰਦੀ। ਬੱਚਾ ਪਹਿਲਾਂ ਆਪਣੀ ਮਾਂ-ਭਾਸ਼ਾ ਦੀਆਂ ਪ੍ਰਗਟਾਓ-ਜੁਗਤਾਂ ਸਿੱਖਦਾ ਹੈ। ਫਿਰ, ਇਨ੍ਹਾਂ ਪ੍ਰਗਟਾਓ-ਜੁਗਤਾਂ ਦੀਆਂ ਬੁਨਿਆਦਾਂ ਉੱਤੇ ਹੀ ਦੂਜੀ ਜਾਂ ਤੀਜੀ ਭਾਸ਼ਾ ਦੀਆਂ ਪ੍ਰਗਟਾਓ-ਜੁਗਤਾਂ ਸਿੱਖੀਆਂ ਜਾਂਦੀਆਂ ਹਨ।

ਅੱਖੀਂ ਦੇਖੀ ਮਿਸਾਲ ਦਿੰਦਾ ਹਾਂ। ਮੈਂ ਆਪਣੇ ਮੁਹੱਲੇ ਦੀ ਜਿਸ ਦੁਕਾਨ ਤੋਂ ਕਿਰਿਆਨੇ ਦਾ ਸਾਮਾਨ ਖਰੀਦਦਾ ਹਾਂ, ਉਸ ਦੇ ਮਾਲਕ ਪਤੀ-ਪਤਨੀ ਦੇ ਦੋ ਬੱਚੇ ਅੰਗਰੇਜ਼ੀ ਮਾਧਿਅਮ ਵਾਲੇ ਕਾਫੀ ਮਹਿੰਗੇ ਸਕੂਲ ਵਿਚ ਪੜ੍ਹਦੇ ਹਨ। ਕੋਟ ਪਤਲੂਨ ਤੇ ਟਾਈ ਪਹਿਨੀ ਬੱਚੇ ਸਕੂਲ ਆਉਂਦੇ ਜਾਂਦੇ ਹਨ। ਕਦੇ ਕਦੇ ਦੁਪਹਿਰ ਨੂੰ ਵਾਪਸ ਆਏ ਬੱਚੇ ਮਾਤਾ-ਪਿਤਾ ਦੀ ਦੁਕਾਨ ਵਿਚ ਮੈਨੂੰ ਵੀ ਮਿਲ ਜਾਂਦੇ ਹਨ। ਇਕ ਦਿਨ ਮੈਂ ਉਨ੍ਹਾਂ ਨੂੰ ਚਾਰ ਵਾਕ ਬੋਲ ਕੇ ਸੁਣਾਏ। ਮੈਂ ਕਿਤਾਬ ਪੜ੍ਹਦਾ ਹਾਂ। ਮੈਂ ਕਿਤਾਬ ਪੜ੍ਹ ਰਿਹਾ ਹਾਂ। ਮੈਂ ਕਿਤਾਬ ਪੜ੍ਹ ਲਈ ਹੈ। ਮੈਂ ਪਿਛਲੇ ਇਕ ਘੰਟੇ ਤੋਂ ਕਿਤਾਬ ਪੜ੍ਹਦਾ ਰਿਹਾ ਹਾਂ। ਕਿਹਾ, ਇਨ੍ਹਾਂ ਚਾਰ ਵਾਕਾਂ ਨੂੰ ਅੰਗਰੇਜ਼ੀ ਭਾਸ਼ਾ ਵਿਚ ਲਿਖ ਕੇ ਜਾਂ ਬੋਲ ਕੇ ਸੁਣਾਓ। ਛੇਵੀਂ ਜਮਾਤ ਵਿਚ ਪੜ੍ਹਦਾ ਬੱਚਾ ਕੋਈ ਵਾਕ ਵੀ ਨਾ ਠੀਕ ਲਿਖ ਸਕਿਆ, ਨਾ ਬੋਲ ਸਕਿਆ। ਅਸਲ ਵਿਚ ਉਨ੍ਹਾਂ ਨੂੰ ਪਹਿਲੇ ਦੋ ਵਾਕਾਂ (ਮੈਂ ਕਿਤਾਬ ਪੜ੍ਹਦਾ ਹਾਂ, ਮੈਂ ਕਿਤਾਬ ਪੜ੍ਹ ਰਿਹਾ ਹਾਂ) ਦਾ ਫਰਕ ਹੀ ਪਤਾ ਨਹੀਂ ਸੀ। ਕਾਰਨ ਇਹ ਸੀ, ਭਾਵੇਂ ਉਨ੍ਹਾਂ ਦੀ ਮਾਂ-ਭਾਸ਼ਾ ਪੰਜਾਬੀ ਹੀ ਹੈ, ਘਰ ਵਿਚ ਮਾਤਾ-ਪਿਤਾ ਪੰਜਾਬੀ ਹੀ ਬੋਲਦੇ ਹਨ, ਪਰ ਕਿਉਂਕਿ ਉਨ੍ਹਾਂ ਨੂੰ ਉਮਰ ਦੇ ਪਹਿਲੇ ਸਾਲਾਂ ਵਿਚ ਪੰਜਾਬੀ ਮਾਂ-ਭਾਸ਼ਾ ਪੜ੍ਹਾਈ ਹੀ ਨਹੀਂ ਗਈ, ਇਸ ਦੀਆਂ ਪ੍ਰਗਟਾਓ-ਜੁਗਤਾਂ ਸਿਖਾਈਆਂ ਹੀ ਨਹੀਂ ਗਈਆਂ, ਇਸ ਕਰ ਕੇ ਅੰਗਰੇਜ਼ੀ ਦੀਆਂ ਪ੍ਰਗਟਾਓ-ਜੁਗਤਾਂ ਵੀ ਉਨ੍ਹਾਂ ਨੇ ਨਹੀਂ ਸਿੱਖੀਆਂ।



ਭਾਰਤ ਜਾਂ ਪੰਜਾਬ ਦੇ ਬੱਚਿਆਂ ਨੂੰ ਜਿਸ ਤਰ੍ਹਾਂ ਅੰਗਰੇਜ਼ੀ ਸਿਖਾਈ ਜਾ ਰਹੀ ਹੈ, ਇਹ ਤਰੀਕਾ ਔਖਾ ਅਤੇ ਗ਼ਲਤ ਹੈ। ਇਸ ਨਾਲ ਅੰਗਰੇਜ਼ੀ 33 ਕੁ ਫੀਸਦੀ ਕੁੜੀਆਂ-ਮੁੰਡੇ ਤਾਂ ਸਿੱਖ ਜਾਂਦੇ ਹਨ, 66 ਫੀਸਦੀ ਵਿਦਿਆਰਥੀ ਗੁਜ਼ਾਰਾ ਕਰਨ ਜੋਗੀ ਹੀ ਅੰਗਰੇਜ਼ੀ ਸਿਖਦੇ ਹਨ। ਇਹੋ ਕਾਰਨ ਹੈ, ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਦੇ ਵਿਦਿਆਰਥੀ ਸਕੂਲ ਦੀ ਪੜ੍ਹਾਈ ਅਤੇ ਕਦੇ ਕਦੇ ਕਾਲਜ ਦੀ ਪੜ੍ਹਾਈ ਪੂਰੀ ਕਰ ਕੇ ਕਿਸੇ ਵਿਸ਼ੇ ਦੇ ਮਾਹਰ ਨਹੀਂ ਬਣਦੇ, ਕਿਉਂਕਿ ਉਨ੍ਹਾਂ ਦੀ ਬੁੱਧੀ ਤੇ ਗਿਆਨ ਦਾ ਵਿਕਾਸ ਹੀ ਨਹੀਂ ਹੋਇਆ ਹੁੰਦਾ, ਭਾਸ਼ਾ ਦੀ ਪ੍ਰਗਟਾਓ-ਯੋਗਤਾ ਵੀ ਪ੍ਰਾਪਤ ਨਹੀਂ ਕੀਤੀ ਹੁੰਦੀ, ਉਹ ਪੜ੍ਹ-ਲਿਖ ਕੇ ਦੁਕਾਨਦਾਰੀ ਜਾਂ ਜੇ ਮਾਪਿਆਂ ਪਾਸ ਨਿਵੇਸ਼ ਲਈ ਧਨ ਹੈ, ਫੈਕਟਰੀ-ਮਾਲਕ ਹੀ ਬਣਦੇ ਹਨ। ਅਮੀਰ ਘਰਾਂ ਦੇ ਇਹੋ ਜਿਹੇ ਕਾਕੇ ਅਪਰਾਧ-ਜਗਤ ਵਿਚ ਵੀ ਪ੍ਰਵੇਸ਼ ਕਰਦੇ ਹਨ। ਰਾਹ ਜਾਂਦੀਆਂ ਔਰਤਾਂ ਦੀਆਂ ਚੇਨੀਆਂ ਤੇ ਪਰਸ ਝਪਟ ਕੇ ਬਹੁਤ ਕੀਮਤੀ ਮੋਟਰਸਾਈਕਲ ਉੱਤੇ ਦੌੜਦੇ ਨੌਜਵਾਨ ਅਕਸਰ ਅੰਗਰੇਜ਼ੀ-ਮਾਧਿਅਮ ਵਾਲੇ ਸਕੂਲਾਂ ਤੋਂ ਪੜ੍ਹ ਕੇ ਨਿਕਲੇ ਵਿਹਲੜ ਸ਼ਹਿਜ਼ਾਦੇ ਹੁੰਦੇ ਹਨ।

ਇਕ ਹੋਰ ਹਕੀਕਤ ਵੀ ਯਾਦ ਰੱਖਣ ਯੋਗ ਹੈ। ਬਹੁਤੀਆਂ ਭਾਸ਼ਾਵਾਂ ਪੜ੍ਹਨ ਦਾ ਰੁਝਾਨ ਵੀ ਸੰਸਾਰ ਭਰ ਵਿਚ 33 ਕੁ ਫੀਸਦੀ ਲੋਕਾਂ ਵਿਚ ਹੀ ਹੁੰਦਾ ਹੈ। 66 ਫੀਸਦੀ ਲੋਕ ਸਿਰਫ ਆਪਣੀ ਭਾਸ਼ਾ ਹੀ ਠੀਕ ਬੋਲਣ ਤੇ ਲਿਖਣ ਦੇ ਯੋਗ ਹੁੰਦੇ ਹਨ। ਇਸੇ ਕਰ ਕੇ ਸੰਸਾਰ ਭਰ ਵਿਚ ਵਿਕਸਤ ਦੇਸ਼ ਸਭ ਲੋਕਾਂ ਨੂੰ ਆਪਣੀ ਭਾਸ਼ਾ ਹੀ ਪੜ੍ਹਾਉਂਦੇ ਹਨ। ਸਾਰਾ ਗਿਆਨ ਆਪਣੀ ਭਾਸ਼ਾ ਵਿਚ ਹੀ ਦਿੰਦੇ ਹਨ। ਇਸ ਨਾਲ ਇਨ੍ਹਾਂ ਵਿਕਸਤ ਦੇਸ਼ਾਂ ਦੀ ਜਨਤਾ ਵੱਧ ਆਤਮ-ਵਿਸ਼ਵਾਸ, ਵੱਧ ਸਿਆਣੀ ਅਤੇ ਆਪਣੇ-ਆਪਣੇ ਕਿੱਤੇ ਵਿਚ ਵੱਧ ਨਿਪੁੰਨਤਾ ਪ੍ਰਾਪਤ ਕਰਦੀ ਹੈ। ਇਹੋ ਜਿਹੇ ਲੋਕ ਗ਼ਰੀਬੀ ਅਤੇ ਬੇਰੁਜ਼ਗਾਰੀ ਦੀ ਦਲਦਲ ਵਿਚ ਨਹੀਂ ਖੁੱਭੇ ਰਹਿੰਦੇ। ਉਨ੍ਹਾਂ ਦਾ ਕਿੱਤਾ ਭਾਵੇਂ ਮਜ਼ਦੂਰੀ ਹੋਵੇ, ਜੁੱਤੀ ਬਣਾਉਣ ਦਾ ਹੋਵੇ, ਕੱਪੜੇ ਸੀਊਣ ਦਾ ਹੋਵੇ, ਉਹ ਖ਼ੁਸ਼ਹਾਲੀ ਪ੍ਰਾਪਤ ਕਰ ਲੈਂਦੇ ਹਨ।

ਸਾਡੇ ਦੇਸ਼ ਵਿਚ ਇਹ ਵੱਡਾ ਭੁਲੇਖਾ ਹੈ, ਅੰਗਰੇਜ਼ੀ ਮਾਧਿਅਮ ਵਿਚ ਪੜ੍ਹਾਈ ਕਰ ਕੇ ਹੀ ਖ਼ੁਸ਼ਹਾਲ ਹੋਇਆ ਜਾ ਸਕਦਾ ਹੈ। ਇਨ੍ਹਾਂ ਸਕੂਲਾਂ ਵਿਚ ਪੜ੍ਹੇ ਵਰਗ ਦਾ ਇਕ ਛੋਟਾ ਹਿੱਸਾ ਹੀ ਖ਼ੁਸ਼ਹਾਲੀ ਹਾਸਲ ਕਰਦਾ ਹੈ। ਇਸ ਦੀ ਥਾਂ ਜੇ ਸਮੂਹ ਜਨਤਾ ਆਪਣੀ ਮਾਂ-ਬੋਲੀ ਦੇ ਮਾਧਿਅਮ ਰਾਹੀਂ ਸਿੱਖਿਆ ਹਾਸਲ ਕਰੇ ਤਾਂ ਮਾਪੇ ਚਾਹੇ ਅਮੀਰ ਹੋਣ, ਜਾਂ ਗ਼ਰੀਬ ਹੋਣ, ਸੱਭ ਬੱਚਿਆਂ ਦੀ ਬੁੱਧੀ ਅਤੇ ਗਿਆਨ ਪ੍ਰਾਪਤ ਕਰਨ ਦੀ ਯੋਗਤਾ ਬਚਪਨ ਵਿਚ ਹੀ ਪ੍ਰਫੁੱਲਤ ਹੋ ਜਾਏਗੀ। ਅਧਿਆਪਕ ਯੋਗ ਹੋਣ, ਸਕੂਲ ਦਾ ਵਾਤਾਵਰਨ ਠੀਕ ਹੋਵੇ, ਸਿੱਖਣ-ਸਿਖਾਉਣ ਦੇ ਸਾਧਨ ਪ੍ਰਾਪਤ ਹੋਣ, ਬੱਚਿਆਂ ਦੀ ਭਾਰੀ ਬਹੁਗਿਣਤੀ ਆਤਮ-ਵਿਸ਼ਵਾਸ ਅਤੇ ਨਿਪੁੰਨਤਾ ਪ੍ਰਾਪਤ ਕਰ ਲਏਗੀ। ਵੱਡੇ ਹੋ ਕੇ ਇਹ ਬੱਚੇ ਕਿਸੇ ਕਿੱਤੇ ਵਿਚ ਵੀ ਜਾਣ, ਖ਼ੁਸ਼ਹਾਲ ਜੀਵਨ ਜਿਊਣ ਦੇ ਯੋਗ ਹੋ ਜਾਣਗੇ।

ਇਸ ਵੇਲੇ ਜਿਵੇਂ ਪੰਜਾਬ ਦੇ ਅਮੀਰ ਮਾਪੇ ਮਹਿੰਗੇ ਸਕੂਲਾਂ ਵਿਚ ਬੱਚੇ ਭੇਜਦੇ ਹਨ, ਉਸ ਨਾਲ ਇਨ੍ਹਾਂ ਬੱਚਿਆਂ ਦੀ ਬਹੁਗਿਣਤੀ ਅੰਗਰੇਜ਼ੀ ਠੀਕ ਤਰ੍ਹਾਂ ਲਿਖਣ-ਬੋਲਣ ਦੇ ਯੋਗ ਨਹੀਂ ਬਣਦੀ, ਗਿਆਨ ਵੀ ਬਹੁਤਾ ਪ੍ਰਾਪਤ ਨਹੀਂ ਹੁੰਦਾ, ਇਸ ਨਾਲ ਇਹ ਵਰਗ ਬੁੱਧੀ ਦੇ ਵਿਕਾਸ ਅਤੇ ਗਿਆਨ ਦੀ ਪ੍ਰਾਪਤੀ ਵਿਚ ਬੌਣਾ ਰਹਿ ਜਾਂਦਾ ਹੈ। ਜਿਹੜੇ ਮਾਪੇ ਗ਼ਰੀਬ ਹਨ, ਉਹ ਜਿਹੋ ਜਿਹੇ ਪੰਜਾਬੀ ਮਾਧਿਅਮ ਵਾਲੇ ਸਕੂਲਾਂ ਵਿਚ ਬੱਚੇ ਭੇਜਦੇ ਹਨ, ਜਿੱਥੇ ਅਧਿਆਪਕ ਵੀ ਪੂਰੇ ਨਹੀਂ, ਸਹੂਲਤਾਂ ਵੀ ਕਾਫੀ ਨਹੀਂ, ਇਨ੍ਹਾਂ ਸਕੂਲਾਂ ਵਿਚ ਪੜ੍ਹਨ ਵਾਲੇ ਬੱਚੇ ਵੀ ਆਤਮ-ਵਿਸ਼ਵਾਸੀ ਨਹੀਂ ਬਣਦੇ। ਉਹ ਬੌਧਿਕ ਤੌਰ 'ਤੇ ਗ਼ਰੀਬੜੇ ਬਣੇ ਰਹਿੰਦੇ ਹਨ।

ਜ਼ਾਹਰ ਹੈ, ਪੰਜਾਬ ਦੀ ਸਿੱਖਿਆ ਨੀਤੀ ਨਾ ਅਮੀਰ ਵਰਗ ਲਈ ਯੋਗ ਹੈ, ਨਾ ਗ਼ਰੀਬ ਵਰਗ ਲਈ। ਇਹ ਪੰਜਾਬ ਦੇ ਲੋਕਾਂ ਵਿਚ ਸਹੀ ਆਤਮ-ਵਿਸ਼ਵਾਸ ਪੈਦਾ ਨਹੀਂ ਕਰ ਰਹੀ। ਗਿਆਨ-ਪ੍ਰਾਪਤੀ ਵਿਚ ਪੰਜਾਬ ਪਛੜ ਰਿਹਾ ਹੈ, ਇਸ ਦਾ ਵੱਡਾ ਪ੍ਰਮਾਣ ਇਹ ਹੈ, ਭਾਵੇਂ ਸਭ ਪਾਰਟੀਆਂ ਵਿਚ ਹਜ਼ਾਰਾਂ ਨੌਜਵਾਨ ਰਾਜਨੀਤੀ ਵਿਚ ਆ ਰਹੇ ਹਨ, ਤਾਂ ਵੀ ਨਵੀਂ, ਸਿਆਣੀ, ਦੂਰ-ਦ੍ਰਿਸ਼ਟੀ ਵਾਲੀ ਅਤੇ ਪੰਜਾਬ ਦੀ ਆਰਥਿਕਤਾ ਨੂੰ ਸਹੀ ਦਿਸ਼ਾ ਵਿਚ ਲਿਜਾਣ ਵਾਲੀਆਂ ਨਵੀਆਂ ਸੋਚਾਂ ਸੋਚਣ ਵਾਲੀ ਲੀਡਰਸ਼ਿਪ ਬਿਲਕੁਲ ਹੀ ਪੈਦਾ ਨਹੀਂ ਹੋ ਰਹੀ।




# ਢਾਡੀ ਸਰਵਣ ਸਿੰਘ-ਸ਼ੌਂਕੀ ਦਾ ਮੁੱਖ ਜੋਟੀਦਾਰ

ਮਨੁੱਖੀ ਤੇ ਜੀਵਨ ਫਿਲਾਸਫੀ ਦੀ ਸਭ ਤੋਂ ਵੱਡੀ ਬੁਨਿਆਦ ਇਹ ਹੀ ਰਹੇਗੀ ਕਿ ਹਾਲਾਤ ਲੱਖ ਬਦਲ ਜਾਣ, ਕਿਉਂਕਿ ਇਨ੍ਹਾਂ ਨੇ ਬਦਲਣਾ ਹੀ ਹੁੰਦਾ ਹੈ ਪਰ ਸੰਦਰਭ ਨਹੀਂ ਬਦਲਣੇ ਚਾਹੀਦੇ। ਅਜੋਕਾ ਮਨੁੱਖ ਇਸੇ ਸਿਧਾਂਤ 'ਚੋਂ ਬਾਹਰ ਹੋਣ ਕਰਕੇ ਸਮਾਜ ਨੂੰ ਖੋਖਲੀਆਂ ਕਰ ਰਿਹਾ ਹੈ। ਮਿਸਾਲ ਵਜੋਂ ਏਦਾਂ ਵੀ ਕਹਿ ਸਕਦੇ ਹਾਂ ਕਿ ਕੱਲ ਜਿਹੜਾ ਤੁਹਾਡਾ ਮਿੱਤਰ ਸੀ, ਜੇ ਹਾਲਤ ਨਹੀਂ ਰਹੇ ਤਾਂ ਜ਼ੁਬਾਨ ਤਾਂ ਚੱਲੋ ਘੁੱਟ ਲਵੋ, ਦੋਸਤੀ ਨੂੰ ਦੁਸ਼ਮਣੀ ਦੀਆਂ ਵਲਗਣਾਂ ਵਿਚ ਤਾਂ ਨਾ ਲਪੇਟੋ। ਸੰਗੀਤ ਦੀਆਂ ਕੋਮਲ ਕਲਾਵਾਂ ਤੇ ਮਰਿਆਦਾਵਾਂ ਨੂੰ ਸਮਝਣ ਵਾਲੇ ਜਾਣਦੇ ਹਨ ਕਿ ਢਾਡੀ ਕਲਾ ਤੇ ਰਾਗ ਦਾ ਸਤਿਕਾਰ ਸਦਾ ਇਸ ਕਰਕੇ ਬਣਿਆ ਰਹੇਗਾ ਕਿ ਇਹ ਸਿੱਖ ਇਤਿਹਾਸ ਦੀ ਵਿਆਖਿਆ ਦਾ ਜੁਝਾਰੂ ਪੱਖ ਹੈ। ਬੰਸਰੀ ਸੁਣਨ ਵੱਲ ਵੀ ਧਿਆਨ ਰੱਖੋ ਪਰ ਵਾਦਕ ਨੂੰ ਵੀ ਨਾ ਵਿਸਾਰੋ। ਪੰਜਾਬ ਦੇ ਸੰਗੀਤਕ ਖਾਸ ਤੌਰ 'ਤੇ ਢਾਡੀ ਹਲਕਿਆਂ ਵਿਚ ਅਮਰ ਸਿੰਘ ਸ਼ੌਂਕੀ ਦਾ ਜੇ ਸਦਾ ਮਾਣ ਬਣਿਆ ਰਹੇਗਾ ਤਾਂ ਉਹਦਾ ਇਹ ਪੱਖ ਵੀ ਹਮੇਸ਼ਾ ਉਘੜਦਾ ਰਹੇਗਾ ਕਿ ਉਹਨੂੰ ਸਿਖਰ ਦੀਆਂ ਬੁਲੰਦੀਆਂ ਦਿਖਾਉਣ ਵਿਚ ਜਿਸ ਢਾਡੀ ਦਾ ਸਭ ਤੋਂ ਵੱਡਾ ਯੋਗਦਾਨ ਸੀ ਤੇ ਰਹੇਗਾ, ਉਹ ਢਾਡੀ ਸਰਵਣ ਸਿੰਘ ਸੀ, ਜਿਸ ਦੀ ਬਾਤ ਅੱਜ ਪਾਉਣ ਵਿਚ ਮੈਂ ਵੀ ਫਖਰ ਸਮਝਦਾ ਹਾਂ ਕਿਉਂਕਿ ਦੂਜਿਆਂ ਦੀ ਕਦਰ ਕੀਤੇ ਬਿਨਾ ਸਿਕੰਦਰ ਅਖਵਾਉਣਾ ਵੀ ਔਖਾ ਹੁੰਦਾ ਹੈ।

ਮਰਨ ਤੋਂ ਬਾਅਦ ਇੱਕ ਕੰਮ ਸਾਰਿਆਂ ਦਾ ਸਾਂਝਾ ਹੈ, ਉਹ ਹੈ, ਸਸਕਾਰ। ਫਰਕ ਏਨਾ ਹੋ ਸਕਦਾ ਹੈ ਕਿ ਕੁਝ ਚੰਦਨ ਨਾਲ ਸੁਗੰਧਤ ਅੱਗ 'ਚ ਸੜਨਗੇ ਤੇ ਕੁਝ ਇੱਕ ਕਿੱਕਰ ਦੀਆਂ ਫਾੜਾਂ ਨਾਲ। ਕੁਝ ਲੋਕਾਂ ਦੇ ਗੁਣਾਂ ਦਾ ਗਾਇਨ ਕਰਨ ਲਈ ਸ਼ਰਧਾਂਜਲੀ ਸਮਾਗਮ ਵੀ ਹੋਣਗੇ ਪਰ ਯਾਦ ਰੱਖਣਯੋਗ ਲੋਕਾਂ ਵਿਚ ਉਹ ਹੀ ਕੁਝ ਲੋਕ ਰਹਿਣਗੇ ਜਿਨ੍ਹਾਂ ਨੇ ਪੈੜਾਂ ਵੀ ਪਾਈਆਂ ਤੇ ਕੁਝ ਲੋਕਾਂ ਨੂੰ ਇਨ੍ਹਾਂ ਪੈੜਾਂ 'ਤੇ ਤੁਰਨ ਲਈ ਪ੍ਰੇਰਿਤ ਵੀ ਕੀਤਾ। ਇਸੇ ਕਰਕੇ ਢਾਡੀ ਸਰਵਣ ਸਿੰਘ ਦੀ ਗੱਲ ਭਾਵੇਂ ਘੱਟ ਹੋਵੇ ਪਰ ਮਾਣ ਵੱਧ ਹੁੰਦਾ ਰਹੇਗਾ।

ਆਪਣੇ ਵੇਲਿਆਂ ਦੇ ਅਮਰ ਢਾਡੀ ਅਮਰ ਸਿੰਘ ਸ਼ੌਂਕੀ ਦੇ ਪ੍ਰਮੁੱਖ ਜੋਟੀਦਾਰਾਂ, ਸਲਾਹਕਾਰਾਂ, ਸੁਰ-ਕਾਰਾਂ 'ਚੋਂ ਸਰਵਣ ਸਿੰਘ ਇੱਕ ਰਿਹਾ ਹੈ। ਸ਼ੌਂਕੀ ਨੂੰ ਉਮਰ ਨੇ ਭਾਵੇਂ ਬਹੁਤਾ ਸਾਥ ਨਾ ਵੀ ਦਿੱਤਾ ਹੋਵੇ ਪਰ ਇਸ ਖੇਤਰ ਵਿਚ ਜਿਹੜਾ ਉਹਨੇ ਟੀਸੀ ਵਾਲਾ ਬੇਰ ਤੋੜਿਆ ਸੀ, ਉਹਦੇ ਲਈ ਲੰਬੀ ਬਾਂਹ ਖਿਚਣ ਵਿਚ ਢਾਡੀ ਸਰਵਣ ਸਿੰਘ ਨੂੰ ਮੋਢੀ ਮੰਨਿਆ ਜਾਂਦਾ ਰਹੇਗਾ। ਜਾਣਨ ਵਾਲੇ ਮੰਨਦੇ ਹਨ ਤੇ ਇਹਦੇ ਬਾਰੇ ਦੋ ਧਾਰਨਾਵਾਂ ਵੀ ਕਦੇ ਨਹੀਂ ਪੈਦਾ ਹੋਣਗੀਆਂ ਕਿ ਗਿਆਨੀ ਸਰਵਣ ਸਿੰਘ ਨੇ ਸ਼ੌਂਕੀ ਨੂੰ ਸਿਰੇ ਦਾ ਜਾਂ ਚੋਟੀ ਦਾ ਢਾਡੀ ਬਣਾਉਣ ਵਿਚ ਮੁਹਾਰ ਖਿੱਚੀ ਸੀ। ਭਾਵੇਂ ਕਿ ਸਰਵਣ ਸਿੰਘ ਨਾਲੋਂ ਸ਼ੌਂਕੀ ਵੱਧ ਨੰਬਰ ਵੀ ਲੈ ਗਿਆ ਸੀ। ਠੀਕ ਹੈ ਕਿ ਮੈਂ ਦੋਹਾਂ ਢਾਡੀਆਂ ਦੇ ਮੁਕੰਮਲ ਪਰਿਵਾਰਾਂ ਤੱਕ ਨੂੰ ਜਾਣਦਾ ਹਾਂ ਪਰ ਇੱਕ ਗੱਲ ਹੋਰ ਕਰਨ ਵਿਚ ਵੀ ਮੈਂ ਭਿੰਨ ਭੇਦ ਨਹੀਂ ਸਮਝਾਂਗਾ ਕਿ ਸਰਵਣ ਸਿੰਘ ਵਧੀਆ ਢਾਡੀ ਹੀ ਨਹੀਂ, ਸਾਫ ਸੁਥਰਾ ਵੀ ਬਹੁਤ ਸੀ ਤੇ ਇਹੋ ਅਲੰਕਾਰ ਉਹਦੀ ਜੀਵਨ ਭਰ ਦੀ ਸ਼ੈਲੀ ਵਿਚ ਵਡਿਆਈ ਬਣਾਉਂਦਾ ਰਿਹਾ। ਜੇ ਕੋਈ ਪੁੱਛਣ ਵਾਲਾ ਕਹੇ ਕਿ ਉਹ ਕਿਉਂ? ਤਾਂ ਜੁਆਬ ਦਿਆਂਗਾ ਕਿ ਪੰਥਕ ਤੇ ਸਿੱਖ ਧਾਰਨਾਵਾਂ 'ਤੇ ਇਸ ਇਨਸਾਨ ਨੇ ਪਹਿਰਾ ਹੀ ਬਹੁਤ ਨਹੀਂ ਦਿੱਤਾ ਸਗੋਂ ਨੀਲੀ ਦਸਤਾਰ ਦੇ ਮਾਣ ਤੇ ਸਤਿਕਾਰ ਲਈ ਵੀ ਸਭ ਕੁਝ ਕੀਤਾ ਹੈ। ਦੋ ਮਾਣ ਉਹਦੀ ਆਦਮ-ਕੱਦ ਸ਼ਖ਼ਸੀਅਤ ਨਾਲ ਜੁੜੇ ਰਹਿਣਗੇ-ਪਹਿਲਾ, ਉਹਨੇ ਕਦਮ ਸਾਰੇ ਦੇ ਸਾਰੇ ਨਰੋਏ ਬੜੇ ਰੱਖੇ ਤੇ ਦੂਜਾ, ਉਹ ਸ਼ੌਂਕੀ ਦਾ ਸਾਥੀ ਹੋਣ 'ਤੇ ਵੀ ਉਚਾ ਹੁੰਦਾ ਰਿਹਾ।

ਕਰੀਬ 74 ਵਰ੍ਹਿਆਂ ਦੀ ਉਮਰ ਹੰਢਾ ਲਈ ਸੀ ਢਾਡੀ ਸਰਵਣ ਸਿੰਘ ਨੇ ਜਦੋਂ ਹੋਣੀ ਨੇ ਉਹਦਾ ਹੱਥ ਘੁੱਟਿਆ। ਮੌਤ ਦੀ ਘਟਨਾ ਖਾਸ ਨਹੀਂ ਹੁੰਦੀ ਕਿਉਂਕਿ ਇਸ ਨੇ ਵਾਪਰਨਾ ਹੀ ਹੁੰਦਾ ਹੈ, ਖਾਸ ਇਹ ਸੀ ਕਿ ਸਰੀਰਕ ਬਣਤਰ ਪੱਖੋਂ ਉਹ ਦੁਆਬੀਆ ਨਹੀਂ, ਮਝੈਲ ਲੱਗਦਾ ਸੀ। ਬਹੁਤੇ ਘਰਾਂ ਦੇ ਦਰਵਾਜੇ ਉਹਦੇ ਕੱਦ ਤੋਂ ਨੀਵੇਂ ਹੋ ਜਾਂਦੇ ਸਨ, ਉਹ ਢਾਡੀਆਂ ਵਿਚ ਸਭ ਤੋਂ ਜੁਆਨ ਕੱਦ ਸੀ, ਨਿਰਾ ਸਰੂ ਵਰਗਾ ਤੇ ਸ਼ਾਇਦ ਇਸੇ ਕਰਕੇ ਪ੍ਰਾਣ ਖਿਚਣ ਵੇਲੇ ਹੋਣੀ ਨੂੰ ਵੀ ਕਾਫੀ ਜੱਦੋ-ਜਹਿਦ ਕਰਨੀ ਪਈ।

ਜੇ ਕੋਈ ਆਖੇ ਕਿ ਸਰਵਣ ਸਿੰਘ ਦੀ ਗੱਲ ਦੋ ਸਤਰਾਂ ਵਿਚ ਕਰਕੇ ਵਿਖਾ ਤਾਂ ਕਹਾਂਗਾ ਕਿ ਉਹ ਉਨ੍ਹਾਂ 'ਚੋਂ ਇੱਕ ਸੀ ਜਿਨ੍ਹਾਂ ਦੀ ਗੱਲ ਹੱਦਾਂ 'ਚ ਨਹੀਂ, ਸਰਹੱਦਾਂ ਤੋਂ ਬਾਹਰ ਵੀ ਹੁੰਦੀ ਸੀ। ਉਹਨੇ ਬੜੇ ਵਿਦੇਸ਼ੀ ਟੂਰ ਕੀਤੇ ਪਰ ਸਫਲਤਾ ਨਾਲ ਕੀਤੇ। ਕੁਝ ਲੋਕ ਪੱਛਮੀ ਸੰਗੀਤ ਦੇ ਬਹਾਨੇ ਹੇਠ ਕਹਿ ਤਾਂ ਝੱਟ ਦੇਣੀ ਦਿੰਦੇ ਹਨ ਕਿ ਢਾਡੀਆਂ ਦੀ ਹੁਣ ਉਹ ਗੱਲ ਨਹੀਂ ਰਹੀ ਪਰ ਢਾਡੀ ਵਿਰਸੇ ਨਾਲ ਮੋਹ ਤਾਂ ਪਾਓ, ਪਰਤਾਂ ਉਤਰਨਗੀਆਂ ਤਾਂ ਇਸ ਮਹਾਨ ਸੁਰ ਦੀ ਹਸਤੀ ਆਪਣੇ ਆਪ ਉਭਰ ਆਵੇਗੀ। ਉਹ ਨਾ ਕਦੇ ਡੋਲਿਆ, ਨਾ ਥਿੜਕਿਆ, ਨਾ ਸਮਝੌਤਾ ਕੀਤਾ ਤੇ ਨਾ ਪਿਛਾਂਹ ਮੁੜ ਕੇ ਵੇਖਿਆ। ਇੱਕ ਵਾਰ ਉਹਨੇ ਸ਼ੌਂਕੀ ਨਾਲੋਂ ਨਖੇੜਾ ਵੀ ਕਰ ਲਿਆ ਪਰ ਢਾਡੀ ਇਤਿਹਾਸ ਵੱਲ ਪਿੱਠ ਨਹੀਂ, ਮੂੰਹ ਹੀ ਕਰੀ ਰੱਖਿਆ। ਇੱਕ ਦੁੱਖ ਵਾਲੀ ਗੱਲ ਮੇਰੇ ਲਈ ਇਹ ਰਹੇਗੀ ਕਿ ਜਦੋਂ 1989 ਵਿਚ ਅਸੀਂ ਸ਼ੌਂਕੀ ਮੇਲਾ ਸ਼ੁਰੂ ਕੀਤਾ ਤਾਂ ਉਹ ਮੇਰੇ ਸੰਪਰਕ 'ਚੋਂ ਖਿਸਕ ਗਿਆ, ਉਹ ਉਦੋਂ ਆਪਣੇ ਪੁੱਤਰ ਜਸਵਿੰਦਰ ਗਿੱਲ ਕੋਲ ਕੈਲੀਫੋਰਨੀਆ ਆ ਗਿਆ ਸੀ। ਮੇਲੇ ਦੀ ਚੜ੍ਹਾਈ ਬਾਬਤ ਵੀ ਸਾਡਾ ਕਦੇ ਵਿਚਾਰ-ਵਟਾਂਦਰਾ ਨਾ ਹੋ ਸਕਿਆ ਤੇ ਦੁੱਖ ਤੋਂ ਵੱਡੀ ਪੀੜਾ ਇਹ ਸੀ ਕਿ ਵੇਖਦਿਆਂ ਵੇਖਦਿਆਂ ਹੀ ਫਿਰ ਉਹਦੇ ਸ਼ਰਧਾਂਜਲੀ ਸਮਾਗਮ 'ਤੇ ਬੋਲਣਾ ਪੈ ਗਿਆ।

ਸੰਨ 1944 ਦੇ ਕਰੀਬ ਢਾਡੀ ਸਰਵਣ ਸਿੰਘ ਨੇ ਗਾਉਣਾ ਅਰੰਭ ਕੀਤਾ ਪਰ ਫੇਰ ਪਿਛਾਂਹ ਨਹੀਂ ਵੇਖਿਆ। ਘਰਦਿਆਂ ਦਾ ਵਰਜਣਾ ਪਹਿਲਾਂ ਉਹਦੇ ਲਈ ਲਾਪ੍ਰਵਾਹੀ ਸੀ ਜੋ ਬਾਅਦ ਵਿਚ ਪ੍ਰਸ਼ੰਸਾ ਬਣ ਗਈ। ਪਹਿਲੀ ਅਕਤੂਬਰ 1918 ਨੂੰ ਜਨਮੇ ਇਸ ਢਾਡੀ ਨੇ ਸ਼ੁਰੂ ਸ਼ੁਰੂ ਵਿਚ ਸੁਭਾਨਪੁਰੀਏ ਬਚਿੱਤ ਸਿੰਘ ਨੂੰ ਸਾਰੰਗੀ 'ਤੇ ਜੋੜ ਕੇ ਅਤੇ ਨਿਰੰਜਣ ਸਿੰਘ ਨੂੰ ਢੱਡ 'ਤੇ ਲਾ ਕੇ ਜਥਾ ਬਣਾਇਆ। ਉਸ ਵਕਤ ਦੀ ਹੇਰ-ਫੇਰ ਵਿਚ ਉਹਦੇ ਨਾਲ ਸਾਰੰਗੀ 'ਤੇ ਮੋਹਣ ਸਿੰਘ ਬਿੰਡਾ ਤੇ ਸੋਹਣ ਸਿੰਘ ਸੰਧੂ ਅਤੇ ਢੱਡ 'ਤੇ ਸਾਧੂ ਸਿੰਘ ਸਾਥ ਦਿੰਦੇ ਰਹੇ। ਉਹ ਰੇਡੀਓ 'ਤੇ ਇੱਕ ਵਾਰ ਹੀ ਸ਼ੌਂਕੀ ਨਾਲ ਗਿਆ ਸੀ। ਭਾਵੇਂ ਅਸੀਂ ਨਹੀਂ ਆਮ ਤੌਰ 'ਤੇ ਹੀ ਮੰਨ ਲਿਆ ਜਾਂਦਾ ਹੈ ਕਿ ਉਹ ਅਮਰ ਸਿੰਘ ਸ਼ੌਂਕੀ ਦਾ ਸਮਕਾਲੀ ਸੀ ਪਰ ਉਹ ਇਹ ਆਖਦਾ ਹੁੰਦਾ ਸੀ ਕਿ ਸ਼ੌਂਕੀ ਨੂੰ ਪਹਿਲਾਂ ਉਹਨੇ ਹੀ ਆਪਣੇ ਜਥੇ ਨਾਲ ਵਿਆਹ ਸ਼ਾਦੀਆਂ ਜਾਂ ਅਨੰਦ ਕਾਰਜਾਂ 'ਤੇ ਨਾਲ ਲਿਜਾਣਾ ਅਰੰਭ ਕੀਤਾ ਸੀ। ਖੈਰ! ਇਸ ਗੱਲ ਨੂੰ ਉਹ ਸਵੀਕਾਰਦਾ ਰਿਹਾ ਹੈ ਕਿ ਸ਼ੌਂਕੀ ਦੇ ਗਲੇ ਵਿਚ ਗਾਇਕੀ ਜਾਂ ਰਾਗ ਦਾ ਉਹ ਰਸ ਸੀ ਕਿ ਉਹਨੇ ਸ਼ੋਹਰਤ ਦੀਆਂ ਪੌੜੀਆਂ ਵਾਹੋ-ਦਾਹੀ ਚੜ੍ਹ ਕੇ ਸਭ ਨੂੰ ਪਿੱਛੇ ਧੱਕ ਦਿੱਤਾ।



ਢਾਡੀ ਸਰਵਣ ਸਿੰਘ ਦਾ ਇਕ ਚਿੱਤਰ

ਉਨ੍ਹਾਂ ਦਿਨਾਂ 'ਚ ਰਟੈਂਡੇ ਵਾਲਾ ਦੀਦਾਰ ਸਿੰਘ ਹੀ ਕੁੱਤਾ ਮਾਰਕਾ ਕੰਪਨੀ ਐਚ. ਐਮ. ਵੀ. ਦਾ ਪ੍ਰਵਾਨਤ ਢਾਡੀ ਸੀ। ਸਰਵਣ ਸਿੰਘ ਨੂੰ ਵੀ ਝੱਸ ਉਠਿਆ ਤੇ ਉਹ ਆਪਣਾ ਜਥਾ ਲੈ ਕੇ ਦਿੱਲੀ ਜਾ ਪੁੱਜਿਆ। ਘਟਨਾ ਦਾ ਵੇਰਵਾ ਦੇਖੋ, ਰਾਤ ਦਿੱਲੀ ਸੀਸ ਗੰਜ ਗੁਰਦੁਆਰੇ ਕੱਟੀ, ਸਵੇਰੇ ਉਠ ਕੇ ਸਾਰੰਗੀ 'ਤੇ ਗਿੱਲਾ ਕੱਪੜਾ ਫੇਰਿਆ, ਗਜ ਧੋਤਾ, ਪ੍ਰਸਾਦ ਕਰਵਾਇਆ ਤੇ ਅਰਦਾਸ ਕੀਤੀ 'ਸੱਚਿਆ ਪਾਤਸ਼ਾਹ ਲਾਜ ਰੱਖੀਂ', ਪੰਥ ਦੇ ਸੰਗੀਤਕ ਵਾਰਸਾਂ ਦਾ ਕਾਫਲਾ ਗੁਰੂ ਦੀਆਂ ਲਾਡਲੀਆਂ ਫੌਜਾਂ ਵਾਂਗ ਚੜ੍ਹਾਈ ਕਰਨ ਲੱਗੇ, ਚੜ੍ਹਦੀ ਕਲਾ ਬਖਸ਼ੀਂ। ਜਾ ਚੜ੍ਹਿਆ ਜਥਾ ਲੈ ਕੇ ਦਰੀਆਗੰਜ ਐਚ. ਐਮ. ਵੀ. ਦੀਆਂ ਪੌੜੀਆਂ। ਸੰਤ ਰਾਮ ਵਿਜ ਉਦੋਂ ਕੰਪਨੀ ਦਾ ਮੈਨੇਜਰ ਹੁੰਦਾ ਸੀ। ਉਹ ਪਿੰਡੇ 'ਤੇ ਪਾਣੀ ਨਾ ਪੈਣ ਦੇਵੇ, ਸਰਵਣ ਸਿੰਘ ਖਿਝ ਕੇ ਪੈ ਨਿਕਲਿਆ, 'ਲਾਲਾ ਇੱਕ ਵਾਰ ਸੁਣ ਕੇ ਤਾਂ ਵੇਖੋ।' ਤੇ ਯਕੀਨ ਕਰੋ ਸਰਵਣ ਸਿੰਘ ਤੇ ਅਮਰ ਸਿੰਘ ਨੇ ਏਨਾ ਵਧੀਆ ਗਾਇਆ ਕਿ ਉਸੇ ਕੰਪਨੀ ਨੇ ਫਿਰ ਅੱਠ ਪੱਕੇ ਰਿਕਾਰਡ ਭਰੇ। ਇੱਥੋਂ ਉਹ ਦਿਨ ਚੱਲੇ ਕਿ ਜਿੰਨਾ ਚਿਰ ਫਿਰ ਸ਼ੌਂਕੀ ਜਿਉਂਦਾ ਰਿਹਾ, ਕੰਪਨੀ ਨੇ ਦੋਹਾਂ ਦੀਆਂ ਰਿਕਾਰਡਿੰਗ ਲਈ ਪੇਸ਼ਕਸ਼ਾਂ ਮੁੱਕਣ ਨਾ ਦਿੱਤੀਆਂ ਤੇ ਵਿਸ਼ਵ ਪ੍ਰਸਿੱਧ ਇਸ ਕੰਪਨੀ ਦੇ ਢਾਡੀ ਰਾਗ ਲਈ ਸਿਤਾਰੇ ਬਣ ਕੇ ਨਵੇਂ ਢਾਡੀਆਂ ਲਈ ਸਾਰੇ ਬੂਹੇ ਖੋਲ੍ਹਣ ਵਿਚ ਸਫਲ ਹੋ ਗਏ।

ਆਪਣੇ ਕੱਦ ਨਾਲੋਂ ਵੀ ਸੁਭਾਅ ਦਾ ਖੁੱਲ੍ਹਾ-ਡੁੱਲ੍ਹਾ ਹੋਣ ਕਰਕੇ ਢਾਡੀ ਸਰਵਣ ਸਿੰਘ ਹਮੇਸ਼ਾ ਉਚੀ ਸੁਰ ਵਿਚ ਆਖਦਾ ਰਿਹਾ ਕਿ ਜੇ ਅਕਾਲੀ ਤੇ ਹੋਰ ਧਾਰਮਿਕ ਸਿੱਖ ਜਥੇਬੰਦੀਆਂ ਢਾਡੀਆਂ ਦੇ ਗਲਾਂ 'ਚ ਹਾਰ ਵੀ ਪਾਉਂਦੀਆਂ, ਗਲ ਨਾਲ ਵੀ ਲਾਉਂਦੀਆਂ ਤਾਂ ਪੰਜਾਬ 'ਚ ਇਸ ਕਲਾ ਦਾ ਭਵਿੱਖ ਕੁਝ ਹੋਰ ਹੀ ਹੋਣਾ ਸੀ ਤੇ ਲੁੱਚ-ਪਹੁ ਦੀ ਖੇਹ ਨਹੀਂ ਉਡਣੀ ਸੀ।

ਅਕਾਲੀ ਤਾਂ ਢਾਡੀਆਂ ਨੂੰ ਹੁਣ ਚੋਣਾਂ ਵੇਲੇ ਵੀ ਇਸ ਕਰਕੇ ਸੱਦਣੋਂ ਹਟਦੇ ਜਾ ਰਹੇ ਹਨ ਕਿ ਲੋਕਾਂ ਨੂੰ ਭੀੜ ਸਮਝ ਕੇ ਉਹ ਬੀਬੀਆਂ ਨੂੰ ਗਾਉਣ ਲਈ ਪੰਥਕ ਸਟੇਜਾਂ ਵੀ ਦੇਣ ਲੱਗ ਪਏ ਹਨ। ਧਾਰਮਿਕ ਦੀਵਾਨਾਂ ਨੇ ਚਲੋ ਢਾਡੀਆਂ ਦੀ ਕੁਝ ਪੁੱਛ-ਪ੍ਰਤੀਤ ਬਣਾਈ ਰੱਖੀ ਹੈ, ਵਰਨਾ ਜੋ ਸਾਹ ਆਉਂਦਾ, ਉਹ ਵੀ ਨਹੀਂ ਸੀ ਆਉਣਾ।

ਇਸੇ ਕਰਕੇ ਲੱਗਦਾ ਰਿਹਾ ਕਿ ਉਹਨੇ ਖਫਾ ਹੋ ਕੇ ਹੀ ਰਿਕਾਰਡਿੰਗ ਕੰਪਨੀਆਂ ਵਲੋਂ ਵੀ ਕੰਨੀ ਖਿੱਚ ਲਈ ਸੀ ਪਰ ਫਿਰ ਵੀ ਕੁਝ ਵੰਨਗੀਆਂ ਦਾ ਜ਼ਿਕਰ ਕਰਨਾ ਹੀ ਬਣਦਾ ਹੈ, ਜਿਨ੍ਹਾਂ 'ਚੋਂ ਗਿਆਨੀ ਸਰਵਣ ਸਿੰਘ ਦੀ ਸੰਭਾਲੀ ਆਵਾਜ਼ ਲੱਭੀ ਜਾ ਸਕਦੀ ਹੈ ਜਾਂ ਇਹ ਕਹਿਣ ਲਈ ਕਿ ਸੁਣੋ ਜ਼ਰਾ ਸ਼ੌਂਕੀ ਦਾ ਜੋਟੀਦਾਰ ਕਿਵੇਂ ਗਾਉਂਦਾ ਹੁੰਦਾ ਸੀ:

-ਮਤਲਬ ਦੀ ਇਹ ਦੁਨੀਆਂ ਕੋਈ ਕਿਸੇ ਦਾ ਯਾਰ ਨਹੀਂ।

-ਵਾਹ ਗੜ੍ਹੀਏ ਚਮਕੌਰ ਦੀਏ।

-ਦੋ ਤਾਰਾ ਵੱਜਦਾ ਵੇ ਰਾਂਝਣਾਂ ਨੂਰਮਹਿਲ ਦੀ ਮੋਰੀ।

-ਛੋਟੇ ਲਾਲ ਦੋ ਪਿਆਰੇ ਵਿਛੜੇ ਸਰਸਾ ਦੇ ਕਿਨਾਰੇ।

ਇਹ ਢਾਡੀ ਰਾਗ ਦੀ ਸ਼ੌਂਕੀ ਨਾਲ ਜੁਗਲਬੰਦੀ ਸਦਾ ਅਮਰ ਹੀ ਰਹੇਗੀ।

ਢਾਡੀ ਸਰਵਣ ਸਿੰਘ ਦਾ ਵਿਆਹ ਬੀਬੀ ਸਵਰਨ ਕੌਰ ਨਾਲ ਹੋਇਆ। ਉਹਨੇ ਉਹਦੀ ਕਲਾ ਵਿਚ ਪੂਰੀ ਹੱਲਾਸ਼ੇਰੀ ਰੱਖੀ। ਉਹਦੇ ਦੋ ਪੁੱਤਰਾਂ-ਪਰਮਿੰਦਰ ਸਿੰਘ, ਜੋ ਪੰਜਾਬ ਐਂਡ ਸਿੰਧ ਬੈਂਕ 'ਚ ਮੈਨੇਜਰ ਸੀ ਤੇ ਦੂਜਾ ਜਸਵਿੰਦਰ ਸਿੰਘ ਗਿੱਲ, ਜੋ ਕੈਲੀਫੋਰਨੀਆ 'ਚ ਚੰਗਾ ਵਪਾਰਕ ਕਾਰੋਬਾਰ ਚਲਾ ਰਿਹਾ ਹੈ, ਢਾਡੀ ਹੀ ਨਹੀਂ ਬਣ ਸਕੇ ਸਗੋਂ ਇਧਰੋਂ ਪਛੜ ਹੀ ਗਏ। ਹਾਂ, ਉਹਦੀ ਵੱਡੀ ਨੂੰਹ ਸੀਤਲ ਕੌਰ ਚੰਗੀ ਤੇ ਵਧੀਆ ਸ਼ਾਇਰੀ ਕਰਦੀ ਰਹੀ ਤੇ ਇਨ੍ਹਾਂ 'ਚੋਂ ਪਰਮਿੰਦਰ ਸਿੰਘ ਦੀ ਕੁਝ ਵਰ੍ਹੇ ਪਹਿਲਾਂ ਮੌਤ ਹੋ ਗਈ ਹੈ।

ਢਾਡੀ ਸਰਵਣ ਸਿੰਘ ਇਹ ਮਾਣ ਹਾਸਲ ਕਰਨ ਵਿਚ ਕਦੇ ਵੀ ਹੀਲ-ਹੁੱਜਤ ਨਹੀਂ ਕਰਦਾ ਸੀ ਕਿ ਉਹਨੇ ਢਾਡੀ ਬਣ ਕੇ ਨਾਂ ਵੀ ਕਮਾਇਆ ਹੈ ਤੇ ਮਾਇਆ ਵੀ ਕਮਾਈ ਹੈ। ਪਰ ਪਹਿਲਾਂ ਘਾਲਣਾ ਬੜੀ ਘਾਲਣੀ ਪਈ। ਜਮੀਨ ਜਾਇਦਾਦ ਬਹੁਤੀ ਨਹੀਂ ਸੀ ਪਰ ਫਿਰ ਵੀ ਕਦੇ ਉਹਨੇ ਆਰਥਿਕ ਤੰਗੀ ਨਹੀਂ ਸੀ ਵੇਖੀ। ਮਾਹਿਲਪੁਰ ਲਾਗੇ ਦੋ ਜੁੜਵੇਂ ਕਰਕੇ ਬੋਲੇ ਜਾਂਦੇ ਪਿੰਡ ਖੈੜ-ਅੱਛਰਵਾਲ 'ਚੋਂ ਅੱਛਰਵਾਲ ਉਹਦਾ ਪਿੰਡ ਸੀ ਤੇ ਪਰਿਵਾਰ ਨੇ ਹੁਣ ਸਿਰਫ ਉਹ ਘਰ ਹੀ ਸਰਵਣ ਸਿੰਘ ਤੇ ਢਾਡੀ ਕਲਾ ਦੀ ਵਿਰਾਸਤ ਵਜੋਂ ਸੰਭਾਲਿਆ ਹੈ। ਉਹ ਆਪ ਤਾਂ ਗੁਜਾਰੇ ਜੋਗਾ ਹੀ ਪੜ੍ਹਿਆ ਸੀ ਪਰ ਪੁੱਤਰ ਬਹੁਤ ਪੜ੍ਹਾਏ। ਮੇਰੇ ਨਾਲ ਉਹਦੀ ਸਾਂਝ ਮੁਹੱਬਤ ਤੋਂ ਸਿਵਾ ਇਹ ਵੀ ਸੀ ਕਿ ਉਹਦਾ ਵੱਡਾ ਪੁੱਤਰ ਪਰਮਿੰਦਰ ਵੀ ਮੇਰਾ ਮਿੱਤਰ ਰਿਹਾ, ਉਹਦੀ ਨੂੰਹ ਸੀਤਲ ਕੌਰ ਮੇਰੇ ਸਕੂਲ 'ਚ ਪੜ੍ਹਾਉਂਦੀ ਰਹੀ, ਜਿੱਥੇ ਕੋਟ ਫਤੂਹੀ 'ਚ ਮੈਂ ਅੱਠ ਸਾਲ ਪੜ੍ਹਾਇਆ ਤੇ ਛੋਟੇ ਜਸਵਿੰਦਰ ਗਿੱਲ ਨੂੰ ਮੈਂ ਅਮਰੀਕਾ ਆ ਕੇ ਹੀ ਜਾਣਨ ਲੱਗਾ।

ਉਹ ਰੱਜ ਕੇ ਦੁੱਧ-ਘਿਓ ਖਾਣ ਦੀ ਸ਼ਰਤ 'ਤੇ ਵੀ ਪ੍ਰੋਗਰਾਮ ਕਰਨ ਚਲੇ ਜਾਂਦੇ ਸਨ। ਇਸ ਲਈ ਛੇ ਫੁੱਟਾ ਸਰੀਰ ਛੇਤੀ ਬੁੱਢਾ ਤਾਂ ਨਹੀਂ ਸੀ ਹੋਇਆ ਪਰ ਇੱਕ ਨਾਮੁਰਾਦ ਬਿਮਾਰੀ ਐਸੀ ਆਈ ਕਿ ਖਾਲੀ ਹੱਥੀਂ ਨਾ ਪਰਤੀ ਤੇ ਢਾਡੀ ਰਾਗ ਦਾ ਇੱਕ ਅਮਿੱਟ ਹਸਤਾਖਰ 5 ਮਈ 1992 ਨੂੰ ਸਾਥੋਂ ਸਦਾ ਲਈ ਆਪਣੇ ਛੋਟੇ ਬੇਟੇ ਜਸਵਿੰਦਰ ਗਿੱਲ ਕੋਲ ਅਮਰੀਕਾ 'ਚ ਸੁਆਸ ਛੱਡ ਗਿਆ।

ਹੁਸ਼ਿਆਰਪੁਰ ਜ਼ਿਲ੍ਹੇ ਦੇ ਉਕਤ ਪਿੰਡ ਵਿਚ ਪਿਤਾ ਸਰਦਾਰ ਹਰਨਾਮ ਸਿੰਘ ਦੇ ਘਰ ਜਨਮਿਆ ਢਾਡੀ ਸਰਵਣ ਸਿੰਘ, ਸ਼ੌਂਕੀ ਬਾਰੇ ਵੀ ਇੱਕ ਨੁਕਤਾ ਸਾਡੇ ਨਾਲ ਸਾਂਝਾ ਕਰਦਾ ਹੁੰਦਾ ਸੀ ਕਿ ਸ਼ੌਂਕੀ ਉਹਦਾ ਜੋਟੀਦਾਰ ਸੀ, ਗੱਲ ਸਿਰਫ ਇਹੀ ਫਖਰ ਵਾਲੀ ਨਹੀਂ ਸੀ ਸਗੋਂ ਇਹ ਵੀ ਉਹ ਆਪਣੀ ਮਿਸਾਲ ਆਪ ਸੀ। ਕਦੇ ਨਹੀਂ ਕਿਹਾ ਜਾਵੇਗਾ ਕਿ ਸ਼ੌਂਕੀ ਫਲਾਣੇ ਵਾਂਗ ਗਾਉਂਦਾ ਸੀ ਜਾਂ ਉਹ ਓਸ ਵਰਗਾ ਢਾਡੀ ਸੀ, ਸਗੋਂ ਉਹ ਇੱਕ ਸੀ ਤੇ ਉਹ ਸਿਰਫ ਆਪਣੇ ਵਰਗਾ ਹੀ ਸੀ। ਪਰ ਹਉਕਾ ਭਰ ਕੇ ਕਹਿੰਦਾ ਰਿਹਾ ਕਿ ਚੰਗੇ ਕਲਾਕਾਰਾਂ ਦੀਆਂ ਉਮਰਾਂ ਲੰਮੀਆਂ ਨਹੀਂ ਹੁੰਦੀਆਂ ਤੇ ਸ਼ੌਂਕੀ ਜਿਹੇ ਕਿਤੇ ਥੋੜ੍ਹਾ ਪੜ੍ਹਿਆ ਹੁੰਦਾ ਤਾਂ ਉਹਦੀ ਢਾਡੀ ਕਲਾ ਨੇ ਇੱਕ ਹੋਰ ਹੀ ਇਤਿਹਾਸਕ ਗੇੜਾ ਦੇਣਾ ਸੀ।

ਧਰਮ ਵੀ ਰਹੇਗਾ, ਵਿਰਸਾ ਵੀ ਤੇ ਪੰਥ ਦੀ ਮਹਾਨ ਕਲਾ ਢਾਡੀ ਪਰੰਪਰਾ ਵੀ ਪਰ ਜਦੋਂ ਸਰਵਣ ਸਿੰਘ ਦਾ ਚੇਤਾ ਆਵੇਗਾ ਤਾਂ ਮੋਹ ਦੀਆਂ ਆਂਦਰਾਂ ਵਿਯੋਗ ਦਾ ਰਾਗ ਗਾਉਣ ਹੀ ਲੱਗ ਪੈਣਗੀਆਂ।

# ਸਿਆਸਤ ਦੇ ਰਾਹਾਂ ਤੋਂ ਗਾਇਬ ਹੁੰਦੇ ਅਸਲ ਮੁੱਦੇ

ਡਾ. ਨਿਸ਼ਾਨ ਸਿੰਘ ਰਾਠੌਰ
ਫੋਨ: 91-75892-33437

ਸੰਸਦ ਤੋਂ ਲੈ ਕੇ ਟੀ. ਵੀ. ਚੈਨਲਾਂ ਦੀ ਬਹਿਸ ਤੱਕ ਬੇਲੋੜੀ ਅਤੇ ਵਾਧੂ ਦੀ ਚਰਚਾ ਭਾਰੂ ਹੈ, ਪਰ ਲੋਕ ਹਿੱਤਾਂ ਵਾਲੇ ਅਸਲ ਮੁੱਦੇ ਗਾਇਬ ਹਨ। ਕਾਰਨ ਕੁਝ ਵੀ ਹੋ ਸਕਦੇ ਹਨ, ਹੈਨ ਬਹੁਤ ਗੰਭੀਰ। ਲੋਕ ਹਿੱਤਾਂ ਦੀ ਗੱਲ ਨਾ ਤਾਂ ਸਰਕਾਰਾਂ ਸੁਣਨਾ ਚਾਹੁੰਦੀਆਂ ਹਨ ਅਤੇ ਨਾ ਹੀ ਆਮ ਜਨਤਾ ਸੁਣਾਉਣਾ ਚਾਹੁੰਦੀ ਹੈ। ਹਰ ਪਾਸੇ ਵਾਧੂ ਦਾ ਸ਼ੋਰ ਹੈ। ਟੀ. ਵੀ. ਅਤੇ ਅਖਬਾਰ ਹਰ ਰੋਜ਼ ਖਬਰਾਂ ਨਾਲ ਭਰੇ ਹੁੰਦੇ ਹਨ ਪਰ ਲੋਕ ਹਿੱਤਾਂ ਵਾਲੇ ਅਸਲ ਮੁੱਦੇ ਇਨ੍ਹਾਂ ਵਿਚੋਂ ਅਸਲੋਂ ਹੀ ਗਾਇਬ ਹਨ।

ਅਜੋਕੇ ਸਮੇਂ ਭਾਰਤੀ ਸਿਆਸਤ ਵਿਚ ਲੀਡਰ ਕੇਵਲ ਇੱਕ-ਦੂਜੇ 'ਤੇ ਨਿਜੀ ਹਮਲੇ ਕਰਨ ਵਿਚ ਹੀ ਮਸ਼ਗੂਲ ਹਨ। ਲੋਕਾਂ ਨੂੰ ਧਰਮ, ਜਾਤ, ਖੇਤਰ ਦੇ ਨਾਂ 'ਤੇ ਵੰਡਿਆ ਜਾ ਰਿਹਾ ਹੈ। ਬੇਰੁਜ਼ਗਾਰੀ, ਗਰੀਬੀ, ਕਿਸਾਨੀ ਖੁਦਕੁਸ਼ੀਆਂ, ਭਰੂਣ ਹੱਤਿਆ, ਵਿੱਦਿਆ ਦਾ ਨਿਜੀਕਰਨ, ਭਾਈ-ਭਤੀਜਾਵਾਦ, ਘਪਲੇ, ਸੀਮਾ ਵਿਵਾਦ ਆਦਿ ਸਭ ਗੰਭੀਰ ਮੁੱਦੇ ਗਾਇਬ ਹਨ।

ਭਾਰਤੀ ਲੋਕ ਅਸਲ ਵਿਚ ਚਾਹੁੰਦੇ ਕੀ ਹਨ? ਭਾਰਤੀ ਲੋਕਾਂ ਦੀਆਂ ਮੁੱਖ ਮੰਗਾਂ ਵਿਕਾਸ ਨਾਲ ਸਬੰਧਤ ਹਨ ਜਾਂ ਫਿਰ ਵੱਖਵਾਦ ਨਾਲ। ਲੋਕਾਂ ਦੀ ਇਸ ਮਾਨਸਿਕਤਾ ਨੂੰ ਅਜੋਕਾ ਲੀਡਰ ਸਮਾਜ ਜਾਣ ਗਿਆ ਹੈ ਤੇ ਉਹ ਉਨ੍ਹਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਹਟਾ ਕੇ ਫਜ਼ੂਲ ਦੀ ਚਰਚਾ ਵੱਲ ਆਸਾਨੀ ਨਾਲ ਮੋੜ ਦਿੰਦਾ ਹੈ ਅਤੇ ਲੋਕ ਇਸ ਵਹਿਣ ਵਿਚ ਵਹਿ ਜਾਂਦੇ ਹਨ।

ਭਾਰਤੀ ਸਿਆਸਤ ਦਾ ਮੂੰਹ-ਮੁਹਾਂਦਰਾ ਅਸਲੋਂ ਬਦਲ ਗਿਆ ਹੈ। ਇਹ ਲੋਕ ਪੱਖੀ ਨਾ ਹੋ ਕੇ ਸਵੈ-ਪੱਖੀ ਹੋ ਗਿਆ ਹੈ। ਹਰ ਪਾਰਟੀ, ਹਰ ਲੀਡਰ ਆਪਣਾ ਤੇ ਪਰਿਵਾਰ ਦਾ ਮੁਨਾਫਾ ਚਾਹੁੰਦਾ ਹੈ। ਲੋਕ ਹਿੱਤਾਂ ਦੀ ਗੱਲ ਬੀਤੇ ਜ਼ਮਾਨੇ ਦੀ ਗੱਲ ਹੋ ਗਈ ਹੈ। ਕੋਈ ਚੰਗਾ ਲੀਡਰ ਜੇ ਸਰਕਾਰ ਤੋਂ ਆਪਣੇ ਹਲਕੇ, ਆਪਣੇ ਲੋਕਾਂ ਦੀ ਗੱਲ ਕਰਦਾ ਵੀ ਹੈ ਤਾਂ ਸਰਕਾਰੀ ਪੱਖ ਉਸ ਲੀਡਰ ਦੇ ਨਿਜੀ ਜੀਵਨ 'ਤੇ ਇੰਨੀ ਤੇਜ਼ੀ ਨਾਲ ਹਮਲਾ ਕਰਦਾ ਹੈ ਕਿ ਭਵਿੱਖ ਵਿਚ ਉਹ ਲੀਡਰ ਆਪਣੇ ਲੋਕਾਂ ਦੀ ਗੱਲ ਭੁੱਲ ਕੇ ਵੀ ਨਹੀਂ ਕਰਦਾ। ਉਤੋਂ ਬਦਕਿਸਮਤੀ ਇਹ ਕਿ ਲੋਕ ਵੀ ਅਜਿਹੇ ਚੰਗੇ ਲੀਡਰ ਤੋਂ ਆਪਣਾ ਮੁੱਖ ਮੋੜ ਲੈਂਦੇ ਹਨ। ਇਸ ਲਈ ਭਾਰਤੀ ਸਿਆਸਤ ਵਿਚ ਚੰਗੇ ਅਤੇ ਸਾਫ ਦਿੱਖ ਵਾਲੇ ਜੋ ਲੀਡਰ ਸਰਗਰਮ ਹਨ, ਉਹ ਵੀ ਚੁਪ ਕਰਕੇ ਬੈਠ ਜਾਂਦੇ ਹਨ। ਇਹ ਵੀ ਇਕ ਕਾਰਨ ਹੈ, ਅਸਲ ਮੁੱਦਿਆਂ ਦੇ ਗਾਇਬ ਹੋਣ ਦਾ।

ਹੈਰਾਨੀ ਹੈ ਕਿ ਲੋਕ ਸਭਾ, ਰਾਜ ਸਭਾ ਅਤੇ ਵਿਧਾਨ ਸਭਾ ਵਿਚ ਲੋਕ ਪੱਖੀ ਮੁੱਦੇ ਛੇੜੇ ਹੀ ਨਹੀਂ ਜਾਂਦੇ ਸਗੋਂ ਲੋਕਤੰਤਰ ਦੇ ਇਨ੍ਹਾਂ ਮੰਦਿਰਾਂ ਨੂੰ ਕੇਵਲ ਘਪਲਿਆਂ ਅਤੇ ਆਪਸੀ ਦੂਸ਼ਣਬਾਜ਼ੀ ਤੱਕ ਹੀ ਸੀਮਤ ਕਰਕੇ ਰੱਖ ਦਿੱਤਾ ਗਿਆ ਹੈ। ਚੋਣਾਂ ਵਿਚ ਲੋਕਾਂ ਨੂੰ ਮੁਫਤ ਚੀਜ਼ਾਂ ਦਾ ਲਾਲਚ ਦਿੱਤਾ ਜਾਂਦਾ ਹੈ। ਕਦੇ ਮੋਬਾਈਲ ਫੋਨ, ਕਦੇ ਲੈਪਟਾਪ, ਕਦੇ ਸਾਈਕਲ ਅਤੇ ਕਦੇ ਘੜੀ। ਪਰ ਲੋਕਾਂ ਨੂੰ ਇਹ ਜਾਣਕਾਰੀ ਕਿੱਥੋਂ ਮਿਲੇ ਕਿ ਸਾਰਾ ਕੁਝ ਸਰਕਾਰ ਕਿਸ ਖਾਤੇ ਵਿਚੋਂ ਦੇਵੇਗੀ? ਟੈਕਸਾਂ ਰਾਹੀਂ ਇਕੱਠਾ ਕੀਤਾ ਪੈਸਾ, ਸਰਕਾਰ ਅਤੇ ਸਿਆਸੀ ਪਾਰਟੀਆਂ ਲੋਕਾਂ ਨੂੰ ਲਾਲਚ ਦੇਣ ਲਈ ਵਰਤਦੀਆਂ ਹਨ ਪਰ ਆਮ ਲੋਕ ਉਨ੍ਹਾਂ ਦੀ ਇਹ ਸਿਆਸਤ ਸਮਝ ਨਹੀਂ ਪਾਉਂਦੇ। ਇਸ ਲਈ ਜਦੋਂ ਉਸ ਪਾਰਟੀ ਦੀ ਸਰਕਾਰ ਬਣਦੀ ਹੈ ਤਾਂ ਉਹ ਲੋਕ ਪੱਖੀ ਮੁੱਦਿਆਂ ਵੱਲ ਧਿਆਨ ਨਹੀਂ ਦਿੰਦੀ।

ਕਿਸੇ ਵੀ ਟੀ. ਵੀ. ਚੈਨਲ ਅਤੇ ਅਖਬਾਰ ਨੇ ਇਹ ਸਰਵੇ ਅੱਜ ਤੱਕ ਨਹੀਂ ਕੀਤਾ ਹੋਣਾ ਕਿ ਕਿਸੇ ਯੂਨੀਵਰਸਿਟੀ ਦੇ ਕਿੰਨੇ ਪੀਐਚ. ਡੀ. ਪਾਸ ਵਿਦਿਆਰਥੀ ਰੁਜ਼ਗਾਰ 'ਤੇ ਲੱਗੇ ਅਤੇ ਕਿੰਨੇ ਅਜੇ ਬੇਰੁਜ਼ਗਾਰ ਘੁੰਮ ਰਹੇ ਹਨ? ਜਦੋਂ ਅਸੀਂ ਸਿੱਖਿਆ ਦੇ ਖੇਤਰ ਵਿਚ ਅਜਿਹੇ ਸਰਵੇਖਣ ਨਹੀਂ ਕਰ ਸਕਦੇ, ਫਿਰ ਕਿਸਾਨੀ ਅਤੇ ਹੋਰ ਖੇਤਰਾਂ ਵਿਚ ਆਸ ਹੀ ਨਹੀਂ ਕੀਤੀ ਜਾ ਸਕਦੀ।

ਕਿਸਾਨੀ ਖੁਦਕੁਸ਼ੀਆਂ, ਭਰੂਣ ਹੱਤਿਆ, ਗੈਂਗਸਟਰ, ਨਸ਼ਾ, ਬੇਰੁਜ਼ਗਾਰੀ, ਕਰਜ਼ਾ ਮੁਆਫੀ ਆਦਿ ਮੁੱਦੇ ਠੰਡੇ ਬਸਤੇ ਵਿਚ ਪਏ ਹੋਏ ਹਨ ਅਤੇ ਆਮ ਲੋਕ ਡੰਡੇ ਚੁੱਕ ਕੇ ਸਰਕਾਰਾਂ ਦੀਆਂ ਨੀਤੀਆਂ ਦੀ ਵਡਿਆਈ ਕਰਨ ਲਈ ਡਟੇ ਹੋਏ ਹਨ। ਚੁਸਤ ਸਰਕਾਰਾਂ ਵੱਲੋਂ ਆਮ ਲੋਕਾਂ ਦਾ ਧਿਆਨ ਵਾਧੂ ਦੀਆਂ ਖਬਰਾਂ ਅਤੇ ਮੁੱਦਿਆਂ ਵਾਲੇ ਪਾਸੇ ਟਿਕਾ ਦਿੱਤਾ ਜਾਂਦਾ ਹੈ। ਇਸ ਲਈ ਅਸਲ ਮੁੱਦੇ ਗਾਇਬ ਹਨ।

## ਕਾਵਿ ਵਿਅੰਗ

### ਨੇਤਾ

ਜਿੱਤਣ ਬਾਅਦ ਪਰਾਇਆ ਲੱਗਦੈ।
ਚੋਣਾਂ ਵਿਚ ਹਮਸਾਇਆ ਲੱਗਦੈ।
ਠੰਡਾ ਸੀ ਚੋਣਾਂ ਤੋਂ ਪਹਿਲਾਂ,
ਮੀਡੀਆ ਨੇ ਭੜਕਾਇਆ ਲੱਗਦੈ।
ਪੱਤਰਕਾਰਾਂ ਨੂੰ ਕਰੇ ਸਵਾਲ,
ਗੈਰਾਂ ਸਬਕ ਪੜ੍ਹਾਇਆ ਲੱਗਦੈ।
ਥੱਕ ਟੁੱਟ ਕੇ ਸੌਂ ਗਿਆ ਨੇਤਾ,
ਵੋਟਰ ਨੇ ਘੁਰਕਾਇਆ ਲੱਗਦੈ।
ਲੋੜ ਪੈਣ 'ਤੇ ਨਜ਼ਰਾਂ ਫੇਰੇ,
ਉਸ ਨਾ ਦਰਦ ਹੰਢਾਇਆ ਲੱਗਦੈ।
ਡਰੇ ਹੋਏ ਨੂੰ ਹੋਰ ਡਰਾਵੇ,
'ਖਾਕੀ' ਭੂਤ ਦਾ ਸਾਇਆ ਲੱਗਦੈ।
ਅਮਰੀਕਾ ਦੀ ਜ਼ਾਲਮ ਧਰਤ 'ਤੇ,
'ਟਰੰਪ' ਵੀ ਹੁਣ ਪਰਾਇਆ ਲੱਗਦੈ।
ਰਾਮ-ਰਹੀਮ ਵੀ 'ਗਿੱਲ' ਤੋਂ ਡਰਦਾ,
ਧਰਮ ਏਨਾ ਘਬਰਾਇਆ ਲੱਗਦੈ।
ਖੁਦ ਨੂੰ ਜੋ ਕਹਾਉਂਦਾ 'ਈਸ਼ਾ',
ਹਿੰਸਾ 'ਗਿੱਲ' ਫਸਾਇਆ ਲੱਗਦੈ।

-ਜੁਗਰਾਜ ਗਿੱਲ ਅਬੋਹਰਵੀ
ਫੋਨ: 704-257-6693

## ਗੁਰਮਤਿ ਵਿਚਾਰ

# ਜਪੁਜੀ ਦਾ ਰੱਬ

***ਆਪਣੇ ਇਸ ਲੰਮੇ ਲੇਖ ਵਿਚ ਡਾ. ਗੋਬਿੰਦਰ ਸਿੰਘ ਸਮਰਾਓ ਨੇ ਜਪੁਜੀ ਸਾਹਿਬ ਦੇ ਹਵਾਲੇ ਨਾਲ ਗੁਰਬਾਣੀ ਦੇ ਤਰਕਸ਼ੀਲ ਤੇ ਵਿਗਿਆਨਕ ਸੱਚ ਉਤੇ ਚਾਨਣਾ ਪਾਇਆ ਹੈ। ਲੇਖ ਵਿਚ ਉਨ੍ਹਾਂ ਕਈ ਥਾਂ ਆਮ ਸਿੱਖਾਂ ਦੀ ਸ਼ਰਧਾਲੂ ਸੋਚ ਤੋਂ ਵਿਪਰੀਤ ਗੱਲਾਂ ਵੀ ਕੀਤੀਆਂ ਹਨ ਜਿਨ੍ਹਾਂ ਨਾਲ ਹੋ ਸਕਦਾ ਹੈ, ਕੁਝ ਪਾਠਕ ਸਹਿਮਤ ਨਾ ਵੀ ਹੋਣ ਪਰ ਡਾ. ਸਮਰਾਓ ਵਲੋਂ ਪੇਸ਼ ਕੀਤੇ ਗਏ ਤਰਕ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਪਾਠਕਾਂ ਦੀ ਨਜ਼ਰ ਹੈ, ਲੇਖ ਦੀ ਅਗਲੀ ਕਿਸ਼ਤ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਮੂਲ-ਮੰਤਰ ਵਿਚ ਵਰਣਨ ਕੀਤੀਆਂ ਪਰਮ-ਸੱਤ ਦੀਆਂ ਅਗਲੀਆਂ ਦੋ ਵਡਿਆਈਆਂ ਨਿਰਭਉ ਤੇ ਨਿਰਵੈਰ ਹਨ। ਗੁਰਬਾਣੀ ਵਿਚ ਭਉ ਤੇ ਭਾਉ ਦੋ ਸ਼ਬਦ ਆਏ ਹਨ ਜੋ ਦੇਖਣ ਨੂੰ ਇਕੋ ਝਲਕ ਦੇ ਲਗਦੇ ਹਨ ਪਰ ਅਰਥ ਵੱਖੋ ਵੱਖ ਹਨ। ਭਉ ਦਾ ਅਰਥ ਡਰ, ਭੈ, ਦਬਾਅ ਆਦਿ ਹੈ ਅਤੇ ਭਾਉ ਦਾ ਅਰਥ ਲਾਭ, ਫਾਇਦਾ ਜਾਂ ਆਸਰਾ। ਇੱਥੇ ਭਉ ਸ਼ਬਦ ਭੈ ਤੇ ਦਬਾਅ ਦਾ ਪ੍ਰਤੀਕ ਹੈ ਜਿਸ ਦਾ ਅਭਾਵ ਪਰਮ-ਸੱਤ ਦੀ ਪ੍ਰਮੁੱਖ ਵਿਲੱਖਣਤਾ ਦੱਸਿਆ ਗਿਆ ਹੈ।

ਪਰਮ-ਸਤਿ ਦੇ ਨਿਰਭਉ ਹੋਣ ਦਾ ਭਾਵ ਹੈ, ਪਰਮ-ਸੱਤ ਕਦੇ ਕਿਸੇ ਦੇ ਡਰ ਜਾਂ ਪ੍ਰਭਾਵ ਅਧੀਨ ਕੰਮ ਨਹੀਂ ਕਰਦਾ। ਉਹ ਸੰਪੂਰਣ ਤੌਰ

**ਡਾ. ਗੋਬਿੰਦਰ ਸਿੰਘ ਸਮਰਾਓ**
**ਫੋਨ: 408-634-2310**

'ਤੇ ਸੁਤੰਤਰ ਹੈ ਤੇ ਕਿਸੇ ਦੀ ਇੱਛਾ ਅਨੁਸਾਰ ਨਹੀਂ ਚਲਦਾ। ਉਸ ਦੇ ਆਪਣੇ ਨਿਯਮ (ਹੁਕਮ) ਹਨ ਜੋ ਕਿਸੇ ਭੈ ਜਾਂ ਦਬਾਉ ਹੇਠ ਨਹੀਂ ਬਣਦੇ ਬਦਲਦੇ। ਉਸ ਦੇ ਇਹ ਨਿਯਮ ਪੱਕੇ ਤੇ ਨਿਰਲੇਪ ਹਨ ਜਿਨ੍ਹਾਂ 'ਤੇ ਚਲਦਾ ਉਹ ਕਦੇ ਡੋਲਦਾ ਨਹੀਂ। ਇਹ ਨਿਯਮ ਪਾਰਦਰਸ਼ੀ ਵੀ ਹਨ। ਭਾਵ ਇਹ ਕਿ ਉਸ ਦੀ ਆਪਣੀ ਵੀ ਕੋਈ ਇੱਛਾ ਨਹੀਂ, ਬੱਸ ਇੱਛਾ ਦੀ ਥਾਂ ਨਿਯਮ ਹਨ। ਉਹ ਆਪ ਕੁਝ ਨਹੀਂ ਕਰਦਾ, ਉਸ ਦੇ ਨਿਰਪੱਖ ਤੇ ਪਾਰਦਰਸ਼ੀ ਹੁਕਮ ਭਾਵ ਨਿਯਮ ਕਰਦੇ ਹਨ। ਉਹ ਬਾਦਸ਼ਾਹ ਵਾਂਗ ਨਹੀਂ, ਰਾਸ਼ਟਰਪਤੀ ਵਾਂਗ ਹੈ। ਇਹੀ ਉਸ ਦਾ ਸੰਵਿਧਾਨ ਹਨ ਤੇ ਇਹੀ ਉਸ ਦੇ ਅਮਲ ਦੀ ਰੂਪ-ਰੇਖਾ। ਉਹ ਸਦਾ ਤੋਂ ਇੱਦਾਂ ਦਾ ਹੀ ਹੈ। ਇਹੀ ਉਸ ਦੀ ਵੱਡੀ ਵਡਿਆਈ ਹੈ ਤੇ ਇਸੇ ਨੂੰ ਸਮਝਣ 'ਚ ਵੱਡੇ ਤੋਂ ਵੱਡੇ ਗਿਆਨੀ ਗਲਤੀ ਕਰ ਗਏ ਹਨ।

ਇਸ ਵਡਿਆਈ ਦੀ ਪਛਾਣ ਕਰਨਾ ਗੁਰੂ ਸਾਹਿਬ ਦੀ ਬੜੀ ਵੱਡੀ ਵਿਗਿਆਨਕ ਦੇਣ ਹੈ। ਜੇ ਪਰਮ-ਸੱਤ ਆਪਣੀ ਨਿਜੀ ਇੱਛਾ ਅਨੁਸਾਰ ਚਲਦਾ ਹੁੰਦਾ ਤਾਂ ਕਿਸੇ ਤਰ੍ਹਾਂ ਦੇ ਨਿਯਮ ਸੰਭਵ ਨਹੀਂ ਸਨ ਹੋਣੇ ਤੇ ਨਿਯਮਾਂ ਦੀ ਅਣਹੋਂਦ ਵਿਚ ਵਿਗਿਆਨ ਸੰਭਵ ਨਾ ਹੁੰਦਾ। ਜੇ ਪ੍ਰਕ੍ਰਿਤੀ ਦਾ ਨਿਜ਼ਾਮ ਉਸ ਦੀ ਇੱਛਾ ਅਨੁਸਾਰ ਚਲਦਾ ਤਾਂ ਪਾਣੀ ਕਦੇ ਉਚਾਈ ਵਲ ਚਲਦਾ, ਕਦੇ ਨਿਵਾਣ ਵਲ। ਕੋਈ ਸਾਲ ਸੌ ਦਿਨ ਦਾ ਹੁੰਦਾ ਤੇ ਕੋਈ ਪੰਜ ਸੌ ਦਿਨ ਦਾ। ਕਿਸੇ ਦਾ ਦਿਲ ਛਾਤੀ ਵਿਚ ਲੱਗਿਆ ਹੁੰਦਾ, ਕਿਸੇ ਦਾ ਪੈਰ ਵਿਚ। ਕਈ ਲੋਕ ਉਸ ਅੱਗੇ ਅਰਦਾਸਾਂ ਕਰ ਕਰ ਕੇ ਆਪੂੰ ਧਨਾਢ ਬਣ ਜਾਂਦੇ ਤੇ ਦੂਜਿਆਂ ਨੂੰ ਸਦੀਵੀ ਤੌਰ 'ਤੇ ਕੰਗਾਲ ਕਰ ਦਿੰਦੇ। ਕਈ ਸ਼ਰਧਾਲੂ ਬਿਨੰਤੀਆਂ ਕਰ ਕੇ ਮਾਰੂਥਲਾਂ ਵਿਚ ਮੀਂਹ ਪਵਾ ਲੈਂਦੇ, ਕਈ ਪੱਥਰਾਂ 'ਤੇ ਰੁੱਖ ਉਗਵਾ ਲੈਂਦੇ ਅਤੇ ਕਈ ਸਮੁੰਦਰਾਂ 'ਤੇ ਘਰ ਬਣਾ ਲੈਂਦੇ ਤੇ ਉਥੇ ਹੀ ਖੇਤੀ ਕਰਦੇ। ਜੰਤਰਾਂ ਮੰਤਰਾਂ ਵਾਲੇ ਕਾਲੇ ਜਾਦੂਗਰਾਂ ਦੀ ਤੂਤੀ ਬੋਲਦੀ ਤੇ ਹੱਥ ਮਲ ਕੇ ਹਨੇਰੀ ਲਿਆਉਣ ਵਾਲੇ ਨਾਥ ਜੋਗੀ ਸਰਬ-ਪ੍ਰਧਾਨ ਬਣੇ ਹੁੰਦੇ। ਮਨੁੱਖੀ ਇਕਸੁਰਤਾ ਤੇ ਇਕਸਾਰਤਾ ਮੂਲੋਂ ਹੀ ਗਾਇਬ ਹੁੰਦੇ ਅਤੇ ਸਮਾਜ ਵਿਚ ਨਿਆਂ ਬਿਲਕੁਲ ਹੀ ਸੰਭਵ ਨਾ ਹੁੰਦਾ।

ਪਰਮ-ਸੱਤ ਦੀ ਇਹ ਵਿਲੱਖਣਤਾ ਇਸ ਕਰਕੇ ਵੀ ਅਹਿਮ ਹੈ ਕਿ ਇਸ ਵਿਚ ਗੁਰੂ ਨਾਨਕ ਦੇ ਇਸ ਸੰਕਲਪ ਦਾ ਇਕ ਹੋਰ ਗੁੱਝਾ ਭੇਤ ਛੁਪਿਆ ਹੋਇਆ ਹੈ। ਉਹ ਇਹ ਕਿ ਜਿਸ ਸੱਚਾਈ ਨੂੰ ਕਿਸੇ ਨੇ ਵੇਖਿਆ ਪਰਖਿਆ ਨਹੀਂ ਹੈ, ਜਿਸ ਦਾ ਕੋਈ ਨਾਮ ਪਤਾ ਵੀ ਮਾਲੂਮ ਨਹੀਂ ਤੇ ਜਿਸ ਨੂੰ ਉਨ੍ਹਾਂ ਨੇ 'ਸਤਿ' ਕਹਿ ਕੇ ਹੀ ਸੰਬੋਧਨ ਕੀਤਾ ਹੈ, ਉਹ ਸਭ ਤੋਂ ਆਖਰਲੀ ਭਾਵ ਪਾਰਲੀ ਤੇ ਸਰਬਸ਼ਕਤੀਮਾਨ ਸੱਚਾਈ ਹੈ। ਪਰ ਸਭ ਤੋਂ ਸ਼ਕਤੀਸ਼ਾਲੀ ਇਹ ਤਾਂ ਹੀ ਹੋ ਸਕਦੀ ਹੈ ਜੇ ਇਹ ਕਿਸੇ ਹੋਰ ਦੇ ਡਰ ਭੈ ਵਿਚ ਨਾ ਹੋਵੇ ਤੇ ਕਿਸੇ ਦੇ ਪ੍ਰਭਾਵ ਅਧੀਨ ਕੰਮ ਨਾ ਕਰਦੀ ਹੋਵੇ। ਜੇ ਇਹ ਕਿਸੇ ਹੋਰ ਦਾ ਡਰ, ਭੈ ਜਾਂ ਪ੍ਰਭਾਵ ਕਬੂਲ ਕਰਦੀ ਹੋਵੇ ਜਾਂ ਕੋਈ ਹੋਰ ਪਾਰਲੀ ਤੇ ਉਚੀ ਤਾਕਤ ਇਸ ਨੂੰ ਨਿਰਦੇਸ਼ ਦਿੰਦੀ ਹੋਵੇ ਤਾਂ ਫਿਰ ਇਹ ਪਰਮ-ਸੱਤ ਦੀ ਉਪਾਧੀ ਦੀ ਹੱਕਦਾਰ ਨਹੀਂ ਹੋ ਸਕਦੀ। ਇਹ ਅਹੁਦਾ ਫਿਰ ਉਸ ਸੱਚਾਈ ਜਾਂ ਹਸਤੀ ਕੋਲ ਚਲਾ ਜਾਵੇਗਾ ਜੋ ਇਸ ਤੋਂ ਉਪਰਲੀ ਜਾਂ ਪਰ੍ਹਾਂ ਦੀ ਹੈ ਅਤੇ ਇਸ ਨੂੰ ਨਿਰਦੇਸ਼ ਦੇਣ ਤੇ ਚਲਾਉਣ ਦੀ ਸਮਰੱਥਾ ਰੱਖਦੀ ਹੈ। ਇਸ ਲਈ ਸਤਿ ਭਾਵ ਪਰਮ-ਸੱਤ ਸਦਾ ਸੁਤੰਤਰ ਹੈ, ਪ੍ਰਭਾਵ-ਮੁਕਤ (sovereign) ਹੈ, ਸਰਬ-ਉਚ ਹੈ, ਪਰਾ-ਪੂਰਬਲਾ (ultimate) ਹੈ, ਅ-ਬਦਲ ਹੈ ਅਤੇ ਲਾਸਾਨੀ ਹੈ। ਸੋ, ਇਹ ਗੱਲ ਸਿੱਧ ਕਰਦੀ ਹੈ ਕਿ ਗੁਰੂ ਨਾਨਕ ਦੀ ਪ੍ਰਤੀਬੱਧਤਾ ਸੱਚ ਨਾਲ ਹੈ, ਕਿਸੇ ਹੋਰ ਚੀਜ਼ ਨਾਲ ਨਹੀਂ। ਉਹ ਸੱਚ ਦੀ ਭਾਲ ਵਿਚ ਅੰਤ ਤੀਕ ਜਾਂਦੇ ਹਨ ਤੇ ਨਿਰਭਰ ਤਾਕਤਾਂ 'ਤੇ ਟੇਕ ਨਹੀਂ ਰੱਖਦੇ। ਇਸੇ ਕਾਰਨ ਉਹ ਅਦਵੈਤਵਾਦੀ ਹਨ ਕਿਉਂਕਿ ਦਵੈਤਵਾਦ ਵਿਚ ਪਰਮ-ਸਤਿ ਦੀ ਨਿਰਭੈਤਾ ਭੰਗ ਹੁੰਦੀ ਹੈ। ਇਹ ਗੱਲ ਉਨ੍ਹਾਂ ਲੋਕਾਂ ਲਈ ਸੋਚ-ਵਿਚਾਰ ਦਾ ਵਿਸ਼ਾ ਹੈ ਜੋ ਆਪਣੇ ਸਵਾਰਥ ਅਧੀਨ ਸੱਚ ਦਾ ਪੱਲਾ ਛੱਡ ਕੇ ਝੂਠੇ ਧਾਰਮਿਕ ਆਗੂਆਂ ਜਾਂ ਸਿਆਸੀ ਆਕਾਵਾਂ ਦੀ ਸ਼ਰਣ ਪੈ ਜਾਂਦੇ ਹਨ।

ਜਿਵੇਂ ਉਪਰ ਜ਼ਿਕਰ ਕੀਤਾ ਗਿਆ ਹੈ, ਪਰਮ-ਸੱਤ ਦੀ ਇਸ ਵਿਲੱਖਣਤਾ ਦੀ ਇਕ ਹੋਰ ਮਹਾਨਤਾ ਇਹ ਹੈ ਕਿ ਇਸ ਦੇ ਨਿਯਮ, ਜਿਨ੍ਹਾਂ ਨੂੰ ਗੁਰੂ ਸਾਹਿਬ ਨੇ ਹੁਕਮ ਦੀ ਸੰਗਿਆ ਦਿੱਤੀ ਹੈ, ਪਕੇ (immutable), ਨਿਰਪੱਖ, ਸਦੀਵੀ ਤੇ ਵਿਸ਼ਵ-ਵਿਆਪਕ ਹਨ। ਕਿਉਂਕਿ ਪਰਮਸੱਤ ਪ੍ਰਭੂਸੱਤਾਧਾਰੀ ਹੈ ਪਰ ਇੱਛਾਧਾਰੀ ਨਹੀਂ, ਇਸ ਲਈ ਉਹ ਆਪ ਵੀ ਇਨ੍ਹਾਂ ਨਿਯਮਾਂ ਵਿਚ ਕਦੇ ਕੋਈ ਤੋੜ-ਭੰਨ, ਤਬਦੀਲੀ ਜਾਂ ਛੇੜ-ਛਾੜ ਨਹੀਂ ਕਰਦਾ। ਉਸ ਦੇ ਨਿਯਮ ਸਦੀਆਂ ਤੋਂ ਓਹੀ ਹਨ ਤੇ ਇਹ ਸੰਸਾਰ ਦੇ ਸਭ ਜੀਵਾਂ ਅਤੇ ਵਸਤਾਂ 'ਤੇ ਨਿਰੰਤਰ ਲਾਗੂ ਰਹਿੰਦੇ ਹਨ। ਮਿਸਾਲ ਵਜੋਂ ਪਾਣੀ ਦੀ ਰਚਨਾ ਦੋ ਗੈਸਾਂ ਹਾਈਡਰੋਜਨ ਤੇ ਆਕਸੀਜਨ ਦੋ-ਇੱਕ ਦੇ ਅਨੁਪਾਤ ਵਿਚ ਮਿਲ ਕੇ ਹੁੰਦੀ ਹੈ ਤੇ ਇਹ ਨਿਯਮ ਆਦਿ ਕਾਲ ਤੋਂ ਕਦੇ ਬਦਲਿਆ ਨਹੀਂ ਹੈ। ਆਦਿ ਕਾਲ ਤੋਂ ਹੀ ਧਰਤੀ ਸਭ ਵਸਤਾਂ ਨੂੰ ਆਪਣੇ ਵੱਲ ਖਿੱਚਦੀ ਆਈ ਹੈ। ਇਸ ਨਿਯਮ ਵਿਚ ਕਦੇ ਕੋਈ ਤਬਦੀਲੀ ਨਹੀਂ ਆਈ। ਕੁਦਰਤ ਦੇ ਇਨ੍ਹਾਂ ਨਿਯਮਾਂ ਦੀ ਪਾਲਣਾ ਕਿਸੇ ਦਾ ਇੱਛਕ ਕਾਰਜ ਨਹੀਂ, ਲਾਜ਼ਮੀ ਕਰਤਵ ਹੈ। ਕਿਉਂਕਿ ਸੰਸਾਰ ਦੀਆਂ ਸਭ ਵਸਤਾਂ ਹਮੇਸ਼ਾ ਇਨ੍ਹਾਂ ਦੀ ਆਗਿਆ ਵਿਚ ਰਹਿੰਦੀਆਂ ਹੀ ਹਨ, ਇਸ ਲਈ ਜੋ ਸਿੱਖ ਵਿਦਵਾਨ ਤੇ ਪ੍ਰਚਾਰਕ ਲੋਕਾਂ ਨੂੰ ਅਕਾਲ ਪੁਰਖ ਦੇ ਹੁਕਮ ਉਤੇ ਚਲਣ ਦਾ ਉਪਦੇਸ਼ ਦਿੰਦੇ ਹਨ, ਉਹ ਅਤਿ-ਕਥਨੀ ਕਰਦੇ ਹਨ। ਕਿਸੇ ਦੀ ਮਜ਼ਾਲ ਹੀ ਕੀ ਹੈ ਕਿ ਉਹ ਕਿਸੇ ਅਜਿਹੇ ਨਿਯਮ ਤੋਂ ਜਰਾ ਭਰ ਵੀ ਅਵੇਸਲਾ ਹੋ ਸਕੇ!

ਸਦੀਆਂ ਦੇ ਨਿਰਪੱਖ ਸਰਵੇਖਣ ਤੋਂ ਪਤਾ ਲਗਦਾ ਹੈ ਕਿ ਕਦੇ ਵੀ ਕੋਈ ਪਰਮ-ਸੱਤ ਦੇ ਮਾਯਾਵੀ ਰੂਪ ਭਾਵ 'ਕੁਦਰਤ' ਦੇ ਨਿਯਮਾਂ ਦੀ ਉਲੰਘਣਾ ਨਹੀਂ ਕਰ ਸਕਿਆ ਭਾਵੇਂ ਉਹ ਕਿੰਨਾ ਵੀ ਸ਼ਕਤੀਸ਼ਾਲੀ ਕਿਉਂ ਨਾ ਹੋਵੇ। ਨਾ ਕੋਈ ਇਨ੍ਹਾਂ ਨੂੰ ਵਸ ਕਰ ਸਕਿਆ ਅਤੇ ਨਾ ਹੀ ਇਨ੍ਹਾਂ ਤੋਂ ਬਾਹਰ ਹੋ ਸਕਿਆ। ਜੋ ਵੀ ਪਹਾੜ ਤੋਂ ਡਿਗਦਾ ਹੈ, ਉਹ ਮਰ ਜਾਂਦਾ ਹੈ ਅਤੇ ਜੋ ਸਮੁੰਦਰ ਵਿਚ ਡਿੱਗਦਾ ਹੈ, ਉਹ ਵੀ ਜਿਉਂਦਾ ਨਹੀਂ ਬਚਦਾ। ਅਗਨੀ ਵਿਚ ਡਿਗ ਕੇ ਸਭ ਕੁਝ ਭਸਮ ਹੋ ਜਾਂਦਾ ਹੈ ਭਾਵੇਂ ਉਹ ਲੋਹਾ ਹੀ ਕਿਉਂ ਨਾ ਹੋਵੇ। ਪਾਣੀ, ਹਵਾ, ਅਗਨੀ, ਪ੍ਰਕਾਸ਼, ਬਿਜਲੀ, ਚੁੰਬਕ, ਧਰਤੀ ਆਦਿ ਦੇ ਅਜਿਹੇ ਪੱਕੇ ਕਾਇਦੇ ਹਨ ਜਿਨ੍ਹਾਂ ਨੂੰ ਤੋੜਨ ਵਿਚ ਕੋਈ ਕਾਮਯਾਬ ਨਹੀਂ ਹੋਇਆ। ਇਨ੍ਹਾਂ ਅੱਗੇ ਕੋਈ ਅਰਦਾਸ, ਫਰਿਆਦ, ਮੰਨਤ, ਸਿਫਾਰਿਸ਼ ਜਾਂ ਰਿਸ਼ਵਤ ਨਹੀਂ ਚਲਦੀ। ਇਨ੍ਹਾਂ ਦੀ ਪਕੜ ਤੇ ਜਕੜ ਸਭ ਲਈ ਬਰਾਬਰ ਹੈ। ਜਿਨ੍ਹਾਂ ਨੇ ਇਨ੍ਹਾਂ ਨਿਯਮਾਂ ਤੋਂ ਕੁਝ ਨਿਜ਼ਾਤ ਪਾਈ ਹੈ, ਉਹ ਉਲੰਘਣਾ ਕਰ ਕੇ ਨਹੀਂ ਸਗੋਂ ਅਕਲ ਵਰਤ ਕੇ ਪਾਈ ਹੈ। ਉਨ੍ਹਾਂ ਨੇ ਪ੍ਰਕਿਰਤੀ ਦੇ ਇਕ ਨਿਯਮ ਨੂੰ ਕਿਸੇ ਦੂਜੇ ਨਿਯਮ ਨਾਲ ਬੇਅਸਰ ਕੀਤਾ ਹੈ। ਜੇ ਭਾਰੀ ਪਦਾਰਥ ਪਾਣੀ ਵਿਚ ਡੁੱਬ ਜਾਂਦੇ ਹਨ ਤਾਂ ਆਰਕੀਮੀਡਸ ਦੇ ਸਿਧਾਂਤ (Archimedes` principle) ਅਨੁਸਾਰ ਇਨ੍ਹਾਂ ਨੂੰ ਪਾਣੀ ਦੀ ਸੱਤਹ 'ਤੇ ਤੈਰਾਇਆ ਜਾ ਸਕਦਾ ਹੈ। ਜੇ ਧਰਤੀ ਦੇ ਗੁਰੂਤਾ ਆਕਰਸ਼ਣ ਕਾਰਨ ਚੀਜ਼ਾਂ ਹਵਾ ਵਿਚ ਨਹੀਂ ਉਡ ਸਕਦੀਆਂ ਤਾਂ ਬਰਨੌਲੀ ਦੇ ਸਿਧਾਂਤ (Bernoulli`s principle) ਅਨੁਸਾਰ ਉਨ੍ਹਾਂ ਨੂੰ ਉਡਾਇਆ ਜਾ ਸਕਦਾ ਹੈ। ਜੇ ਬਰਨੌਲੀ ਦੇ ਸਿਧਾਂਤ ਅਨੁਸਾਰ ਵਾਯੂ-ਮੰਡਲ ਤੋਂ ਬਾਹਰ ਉਡਣਾ ਸੰਭਵ ਨਹੀਂ ਤਾਂ ਨਿਊਟਨ ਦਾ ਤੀਜਾ ਨਿਯਮ (Newton`s Third Law of Motion) ਪੁਲਾੜੀ ਉਡਾਣਾਂ ਸੰਭਵ ਬਣਾਉਂਦਾ ਹੈ। ਇਸੇ ਤਰ੍ਹਾਂ ਤਾਪ ਦਾ ਨਿਯਮ (Law of Conduction of Heat) ਬਰਫ ਦੇ ਘਰਾਂ (Igloos) ਰਾਹੀਂ ਅਤਿ ਬਰਫੀਲੇ ਇਲਾਕਿਆਂ ਵਿਚ ਰਿਹਾਇਸ਼ ਸੰਭਵ ਕਰਦਾ ਹੈ।

ਸਾਰ ਇਹ ਹੈ ਕਿ ਭਾਵੇਂ ਪਰਮ-ਸੱਤ ਦੇ ਮਾਯਾਵੀ ਨਿਯਮਾਂ ਦੀ ਉਲੰਘਣਾ ਨਹੀਂ ਕੀਤੀ ਜਾ ਸਕਦੀ ਪਰ ਇਸ ਦੇ ਇਕ ਨਿਯਮ ਦੀ ਮਦਦ ਨਾਲ ਦੂਜੇ 'ਤੇ ਕਾਬੂ ਪਾਇਆ ਜਾ ਸਕਦਾ ਹੈ। ਇਸ ਲਈ ਪੁਰਾਣੇ ਨਿਯਮਾਂ ਦੇ ਹਾੜੇ ਨਵੇਂ ਨਿਯਮ ਲੱਭਣਾ ਭਾਵ ਨਵੇਂ ਹੁਕਮ ਪਛਾਨਣਾ ਤੇ ਉਨ੍ਹਾਂ ਨੂੰ ਮਾਨਵ ਕਲਿਆਣ ਲਈ ਵਰਤਣਾ ਮਨੁੱਖੀ ਅਕਲ ਤੇ ਵਿਗਿਆਨ ਦਾ ਕੰਮ ਹੈ। ਜਿੱਥੇ ਕੁਦਰਤ ਆਪਣੇ ਨਿਯਮਾਂ ਦੀ ਪਾਲਣਾ ਪ੍ਰਤੀ ਬੜੀ ਦ੍ਰਿੜ ਹੈ, ਉਥੇ ਇਨ੍ਹਾਂ ਨੂੰ ਬੇਅਸਰ ਕਰਨ ਲਈ ਮਨੁੱਖ ਦਾ ਸਿਰੜ ਵੀ ਕੋਈ ਘੱਟ ਨਹੀਂ। ਲੱਖਾਂ ਵਿਗਿਆਨੀ ਨਵੇਂ

***ਸਦੀਆਂ ਦੇ ਨਿਰਪੱਖ ਸਰਵੇਖਣ ਤੋਂ ਪਤਾ ਲਗਦਾ ਹੈ ਕਿ ਕਦੇ ਵੀ ਕੋਈ ਪਰਮ-ਸੱਤ ਦੇ ਮਾਯਾਵੀ ਰੂਪ ਭਾਵ 'ਕੁਦਰਤ' ਦੇ ਨਿਯਮਾਂ ਦੀ ਉਲੰਘਣਾ ਨਹੀਂ ਕਰ ਸਕਿਆ ਭਾਵੇਂ ਉਹ ਕਿੰਨਾ ਵੀ ਸ਼ਕਤੀਸ਼ਾਲੀ ਕਿਉਂ ਨਾ ਹੋਵੇ। ਨਾ ਕੋਈ ਇਨ੍ਹਾਂ ਨੂੰ ਵਸ ਕਰ ਸਕਿਆ ਅਤੇ ਨਾ ਹੀ ਇਨ੍ਹਾਂ ਤੋਂ ਬਾਹਰ ਹੋ ਸਕਿਆ। ਜੋ ਵੀ ਪਹਾੜ ਤੋਂ ਡਿਗਦਾ ਹੈ, ਉਹ ਮਰ ਜਾਂਦਾ ਹੈ ਅਤੇ ਜੋ ਸਮੁੰਦਰ ਵਿਚ ਡਿੱਗਦਾ ਹੈ, ਉਹ ਵੀ ਜਿਉਂਦਾ ਨਹੀਂ ਬਚਦਾ। ਅਗਨੀ ਵਿਚ ਡਿਗ ਕੇ ਸਭ ਕੁਝ ਭਸਮ ਹੋ ਜਾਂਦਾ ਹੈ ਭਾਵੇਂ ਉਹ ਲੋਹਾ ਹੀ ਕਿਉਂ ਨਾ ਹੋਵੇ। ਪਾਣੀ, ਹਵਾ, ਅਗਨੀ, ਪ੍ਰਕਾਸ਼, ਬਿਜਲੀ, ਚੁੰਬਕ, ਧਰਤੀ ਆਦਿ ਦੇ ਅਜਿਹੇ ਪੱਕੇ ਕਾਇਦੇ ਹਨ ਜਿਨ੍ਹਾਂ ਨੂੰ ਤੋੜਨ ਵਿਚ ਕੋਈ ਕਾਮਯਾਬ ਨਹੀਂ ਹੋਇਆ।***

ਨਿਯਮ ਲੱਭਣ ਲਈ ਦਿਨ ਰਾਤ ਖੋਜਾਂ ਵਿਚ ਰੁੱਝੇ ਹੋਏ ਹਨ ਤਾਂ ਜੋ ਉਨ੍ਹਾਂ ਨੂੰ ਇਕ ਦੂਜੇ ਵਿਰੁਧ ਵਰਤ ਕੇ ਮਨੁੱਖਤਾ ਦੀ ਸੁਤੰਤਰਤਾ ਤੇ ਉਨਤੀ ਦਾ ਘੇਰਾ ਵਧਾਇਆ ਜਾ ਸਕੇ। ਕੁਦਰਤ ਨੂੰ ਨਿਰਭਉ ਤੇ ਇਸ ਦੇ ਨਿਯਮਾਂ ਨੂੰ ਅਟੱਲ ਕਹਿਣਾ ਗੁਰੂ ਨਾਨਕ ਦੀ ਡੂੰਘੀ ਵਿਗਿਆਨਕ ਸੂਝ-ਬੂਝ ਦਾ ਪ੍ਰਤੀਕ ਹੈ। ਇਹ ਸੋਚ ਉਨ੍ਹਾਂ ਦੇ ਮੱਧ-ਕਾਲੀਨ ਸਮਕਾਲੀਆਂ ਅਤੇ ਸਮਕਾਲੀਨ ਪੈਰੋਕਾਰਾਂ ਵਿਚ ਕਿਤੇ ਦੂਰ ਦੂਰ ਤੀਕ ਦਿਖਾਈ ਨਹੀਂ ਦਿੰਦੀ।

ਮੂਲਮੰਤਰ ਵਿਚ ਨਿਰਭਉ ਤੋਂ ਅੱਗੇ ਨਿਰਵੈਰ ਸ਼ਬਦ ਲਿਖ ਕੇ ਗੁਰੂ ਜੀ ਨੇ ਦੱਸਿਆ ਹੈ ਕਿ ਸਤਿ ਅਤੇ ਇਸ ਦੇ ਨਿਯਮ (ਹੁਕਮ) ਵੈਰ-ਮੁਕਤ ਹਨ। ਪਰਮ-ਸੱਤ ਦੇ ਨਿਰਵੈਰ ਹੋਣ ਦੀ ਵਡਿਆਈ (ਵਿਲਖਣਤਾ) ਦੇ ਤਿੰਨ ਅਹਿਮ ਪਹਿਲੂ ਹਨ-ਪਹਿਲਾ, ਇਸ ਨੂੰ ਕਿਸੇ ਨਾਲ ਕੋਈ ਵੈਰ ਨਹੀਂ ਹੈ। ਵੈਰ ਸਭ ਨਾਲ ਵੀ ਹੋ ਸਕਦਾ ਹੈ ਤੇ ਕੁਝ ਇਕ ਨਾਲ ਵੀ। ਪਰ ਇਸ ਨੂੰ ਕਿਸੇ ਨਾਲ ਵੀ ਨਹੀਂ। ਭਾਵ ਇਹ ਪੱਖਪਾਤ-ਰਹਿਤ ਤੇ ਭੇਦ-ਭਾਵ ਤੋਂ ਉਪਰ ਹੈ। ਇਹ ਕਿਸੇ ਦਾ ਵੈਰੀ ਨਹੀਂ ਭਾਵ ਆਪ ਉਦਮ ਕਰ ਕੇ ਕਿਸੇ ਦਾ ਨੁਕਸਾਨ ਨਹੀਂ ਕਰਦਾ। ਸਭ ਨੂੰ ਜੀਵਨ ਦਿੰਦਾ ਹੈ ਤੇ ਕਿਸੇ ਨੂੰ ਮਿੱਥ ਕੇ ਮਾਰਦਾ ਨਹੀਂ। ਇਹ ਸਭ ਨਾਲ ਸਮਾਨ ਵਿਹਾਰ ਕਰਦਾ ਹੈ ਪਰ ਆਪਣੇ ਨਿਯਮਾਂ ਦੇ ਉਲੰਘਣ ਦੀ ਸਜ਼ਾ ਵੀ ਸਭ ਨੂੰ ਜਰੂਰ ਦਿੰਦਾ ਹੈ। ਇਹ ਸਜ਼ਾ ਵੀ ਸਭਨਾਂ ਲਈ ਇਕੋ ਜਿਹੀ ਤੇ ਉਲੰਘਣਾ ਦੀ ਗੰਭੀਰਤਾ ਦੇ ਅਨੁਪਾਤ ਵਿਚ ਹੁੰਦੀ ਹੈ। ਮਿਸਾਲ ਵਜੋਂ ਪਰਮ-ਸੱਤ ਕਿਸੇ ਨੂੰ ਘਸੀਟ ਕੇ ਅੱਗ ਵਿਚ ਨਹੀਂ ਸੁੱਟਦਾ ਪਰ ਇਸ ਦਾ ਅਟੱਲ ਹੁਕਮ ਹੈ ਕਿ ਅੱਗ ਵਿਚ ਪੈ ਕੇ ਹਰ ਜੀਵ ਜਲ ਜਾਂਦਾ ਹੈ। ਜਿੰਨਾ ਚਿਰ ਉਹ ਅੱਗ ਵਿਚ ਰਹਿੰਦਾ ਹੈ, ਉਸੇ ਅਨੁਪਾਤ ਵਿਚ ਹੀ ਝੁਲਸਿਆ ਜਾਂਦਾ ਹੈ। ਇਹੀ ਹੁਕਮ ਉਨ੍ਹਾਂ ਸਾਰੇ ਜੀਵਾਂ 'ਤੇ ਲਾਗੂ ਹੁੰਦਾ ਹੈ ਜੋ ਤੈਰਨ ਦੀ ਕਲਾ ਤੋਂ ਬਗੈਰ ਪਾਣੀ ਵਿਚ ਛਾਲ ਮਾਰਦੇ ਹਨ। ਪਰ ਇਹ ਪਾਣੀ ਵਿਚ ਰਹਿਣ ਵਾਲੇ ਜੀਵਾਂ ਨੂੰ ਪ੍ਰਭਾਵਿਤ ਨਹੀਂ ਕਰਦਾ। ਉਨ੍ਹਾਂ ਲਈ ਇੱਦਾਂ ਦਾ ਹੀ ਦੂਜਾ ਨਿਯਮ ਹੈ। ਉਹ ਉਦੋਂ ਮਰਦੇ ਹਨ ਜਦੋਂ ਉਨ੍ਹਾਂ ਨੂੰ ਲੰਬੇ ਸਮੇਂ ਲਈ ਪਾਣੀ ਤੋਂ ਬਾਹਰ ਕੱਢਿਆ ਜਾਂਦਾ ਹੈ। ਇਹੀ ਹਿਸਾਬ ਦੂਜੇ ਸਭ ਕੁਦਰਤੀ ਵਰਤਾਰਿਆਂ ਦਾ ਹੈ। ਮੀਂਹ, ਤੁਫਾਨ, ਹੜ੍ਹ, ਭੁਚਾਲ, ਮੌਸਮ, ਸਮਾਂ, ਫਾਸਲਾ, ਗੁਰੁਤਾ ਆਦਿ ਕੁਦਰਤੀ ਵਰਤਾਰੇ ਸਮਾਨ ਹਾਲਤਾਂ ਵਿਚ ਸਭ ਨੂੰ ਸਮਾਨ ਤੌਰ 'ਤੇ ਪ੍ਰਭਾਵਿਤ ਕਰਦੇ ਹਨ। ਭਾਵ ਪੈਂਦੇ ਮੀਂਹ ਵਿਚ ਜਾ ਕੇ ਹਰ ਕੋਈ ਭਿੱਜ ਜਾਂਦਾ ਹੈ ਭਾਵੇਂ ਉਹ ਚਰਚ ਦਾ ਪਾਦਰੀ ਹੋਵੇ ਜਾਂ ਮੰਦਿਰ ਦਾ ਪੁਜਾਰੀ, ਜਾਂ ਫਿਰ ਗੁਰਦੁਆਰੇ ਦਾ ਭਾਈ ਹੋਵੇ। ਵਾਹਨਾਂ ਦੀ ਟੱਕਰ ਹੋਵੇ ਤਾਂ ਸਭ ਯਾਤਰੀ ਮਰ ਜਾਂਦੇ ਹਨ ਭਾਵੇਂ ਉਹ ਵੈਸ਼ਨੋ ਦੇਵੀ ਨੂੰ ਜਾਂਦੇ ਹੋਣ ਜਾਂ ਮੱਕੇ ਨੂੰ ਜਾਂ ਹਰਿਮੰਦਰ ਸਾਹਿਬ ਨੂੰ। ਹੁਕਮ ਜਾਂ ਨਿਯਮ ਸਾਹਮਣੇ ਕਿਸੇ ਦਵੈਸ਼ ਜਾਂ ਪੱਖਪਾਤ ਦੀ ਕੋਈ ਗੁੰਜਾਇਸ਼ ਨਹੀਂ।

ਨਿਰਵੈਰਤਾ ਦਾ ਦੂਜਾ ਪੱਖ ਮੇਰ ਜਾਂ ਮਦਦ ਨਾ ਕਰਨ ਦਾ ਹੈ। ਜੇ ਨਿਰਵੈਰਤਾ ਹੈ ਤਾਂ ਪੱਖਪਾਤ ਨਹੀਂ ਤੇ ਜੇ ਪੱਖਪਾਤ ਨਹੀਂ ਤਾਂ ਕੁਝ ਇਕ ਨਾਲ ਹਮਦਰਦੀ ਭਾਵ ਨੇੜਤਾ ਵੀ ਨਹੀਂ। ਇਕ ਦਾ ਪੱਖ ਪੂਰਨਾ ਤੇ ਦੂਜੇ ਦਾ ਨਾ ਪੂਰਨਾ ਨਿਰਵੈਰਤਾ ਨਹੀਂ ਹੁੰਦੀ। ਇਹ ਵੈਰ ਦੀ ਹੀ ਇਕ ਕਿਸਮ ਹੁੰਦੀ ਹੈ ਜਿਸ ਵਿਚ ਇਕ ਤੇ ਇਕ ਹੁਕਮ ਲਾ ਕੇ ਬਖਸ਼ਿਸ਼ ਕੀਤੀ ਜਾਵੇ ਤੇ ਦੂਜੇ ਨੂੰ ਇਸ ਤੋਂ ਵਾਂਝਾ ਰੱਖਿਆ ਜਾਵੇ। ਹਾਂ ਜੇ ਇਸ ਪੱਖ-ਪਾਤ ਦੀ ਕੋਈ ਨਿਰਪੱਖ ਵਜ੍ਹਾ ਹੈ ਤਾਂ ਹੋਰ ਗੱਲ ਹੈ। ਕਿਸੇ ਨਾਲ ਅਜਾਈਂ ਹਮਦਰਦੀ ਤੇ ਨੇੜਤਾ ਰੱਖਣਾ ਪੱਖਪਾਤ ਦੀ ਨਿਸ਼ਾਨੀ ਹੈ। ਇਨ੍ਹਾਂ ਤੋਂ ਉਪਜੀ ਮਿਹਰ ਨਿਰਵੈਰਤਾ ਦੀ ਦੁਸ਼ਮਣ ਹੈ। ਇਸ ਸੱਚਾਈ ਨੂੰ ਉਨ੍ਹਾਂ ਉਮੀਦਵਾਰਾਂ, ਬੇਰੁਜ਼ਗਾਰਾਂ, ਕਰਮਚਾਰੀਆਂ ਤੇ ਵਿਦਿਆਰਥੀਆਂ ਤੋਂ ਵੱਧ ਕੋਈ ਨਹੀਂ ਜਾਣਦਾ ਜਿਹੜੇ ਭਾਈ-ਭਤੀਜਾਵਾਦ, ਸਿਫਾਰਿਸ਼, ਲਿਹਾਜ਼, ਰਿਸ਼ਵਤ ਤੇ ਮੁਲਾਹਜ਼ੇਦਾਰੀ ਆਦਿ ਪੱਖਪਾਤ ਦਾ ਸ਼ਿਕਾਰ ਹੁੰਦੇ ਹਨ। ਇਸ ਸੱਚਾਈ ਤੋਂ ਸਭ ਤੋਂ ਵੱਧ ਅਣਜਾਣ ਉਹ ਵਿਅਕਤੀ ਹਨ ਜੋ ਬਾਣੀ ਪੜ੍ਹਦੇ-ਸੁਣਦੇ ਵੀ ਕਿਸੇ ਨਾ ਕਿਸੇ 'ਤੇ 'ਮਿਹਰ-ਭਰਿਆ ਹੱਥ ਰੱਖਣ' ਦੀ ਅਰਜ਼ੋਈ ਕਰਦੇ ਹਨ।

ਅਜਿਹੇ ਲੋਕਾਂ ਨੂੰ ਇਹ ਭੀ ਜਾਣ ਲੈਣਾ ਚਾਹੀਦਾ ਹੈ ਕਿ ਕੁਦਰਤ ਦੇ ਰਾਜ ਵਿਚ ਅਜਿਹਾ ਨਹੀਂ ਹੁੰਦਾ। ਸਤਿ ਹਰ ਤਰ੍ਹਾਂ ਦੇ ਪੱਖ ਪਾਤ ਤੋਂ ਦੂਰ ਹੈ। ਉਹ ਨੈਤਿਕਤਾ ਤੋਂ ਵੀ ਦੂਰ ਹੈ ਭਾਵ ਅਨੈਤਿਕ ਹੈ। ਉਹ ਕਿਸੇ ਜਾਲਮ ਨੂੰ ਖਾਣਾ-ਪਾਣੀ ਰੋਕ ਕੇ ਮਾਰਦਾ ਨਹੀਂ ਤੇ ਨਾ ਹੀ ਕਿਸੇ ਮਰ ਰਹੇ ਧਰਮਾਤਮਾ ਨੂੰ ਬਚਾਉਣ ਲਈ ਉਸ ਦਾ ਭੋਜਨ ਚੁੱਕ ਕੇ ਉਸ ਦੇ ਮੂੰਹ ਵਿਚ ਪਾਉਂਦਾ ਹੈ। ਜੰਗਲ ਵਿਚ ਜਾਨਵਰਾਂ ਦੇ ਜਾਨਵਰਾਂ ਨੂੰ ਖਾਣ ਦੀ ਸ਼੍ਰਿੰਖਲਾ ਬਣੀ ਹੋਈ ਹੈ, ਇਸ ਲਈ ਕਦੇ ਕਿਸੇ ਨੇ ਬਘਿਆੜ ਨੂੰ ਖਰਗੋਸ਼ ਖਾਣ ਦਾ ਦੋਸ਼ੀ ਨਹੀਂ ਮੰਨਿਆ। ਕੁਦਰਤ ਦੇ ਰਾਜ ਵਿਚ ਕੁਦਰਤੀ ਨਿਯਮਾਂ ਦਾ ਰਾਜ ਹੈ ਤੇ ਨੈਤਿਕਤਾ ਦਾ ਅਭਾਵ ਹੈ। ਮਨੁੱਖੀ ਸਮਾਜ ਵਿਚ ਇੱਦਾਂ ਨਹੀਂ ਹੈ। ਸਮਾਜਕ ਜੀਵ ਹੋਣ ਕਰਕੇ ਮਨੁੱਖ ਨੂੰ ਆਪਣੇ ਬਣਾਏ ਨਿਯਮ ਤੇ ਨੈਤਿਕ ਕਦਰਾਂ ਕੀਮਤਾਂ ਦੀ ਲੋੜ ਪੈਂਦੀ ਹੈ। ਇਨ੍ਹਾਂ ਦੀ ਉਲੰਘਣਾ ਦੀ ਸਜ਼ਾ ਵੀ ਉਹ ਆਪ ਨਿਸ਼ਚਿਤ ਕਰਦਾ ਹੈ। ਪਰ ਇਹ ਸਮਾਜ ਜਾਂ ਰਾਜ ਵਲੋਂ ਦਿੱਤੀਆਂ ਜਾਂਦੀਆਂ ਹਨ, ਸਤਿ ਵਲੋਂ ਨਹੀਂ। ਸਤਿ ਤਾਂ ਇੱਥੇ ਵੀ ਨੈਤਿਕਤਾ ਤੋਂ ਉਪਰ ਹੈ। ਪਰਮ-ਸਤਿ ਦੇ ਨਿਯਮਾਂ ਤੇ ਮਨੁੱਖੀ ਸੋਚ ਪ੍ਰਕ੍ਰਿਤੀ ਵਿਚ ਡੂੰਘਾ ਅੰਤਰ ਹੈ। ਪਰਮ-ਸਤਿ ਦੇ ਨਿਯਮ ਮਨੁੱਖ 'ਤੇ ਲਾਗੂ ਹੁੰਦੇ ਹਨ, ਮਨੁੱਖ ਦੇ ਨਿਯਮ ਪਰਮ-ਸਤਿ 'ਤੇ ਨਹੀਂ।

ਪਰਮ-ਸਤਿ ਦੇ ਨਿਰਵੈਰ, ਨਿਰਪੱਖ ਤੇ ਅਨੈਤਿਕ ਹੋਣ ਦੀ ਗੱਲ ਇਕ ਸਦੀਵੀ ਸੱਚ ਹੈ। ਗਿਆਨੀ ਤੇ ਵਿਗਿਆਨੀ ਸਦੀਆਂ ਤੋਂ ਇਸ ਨੂੰ ਰੱਜ ਕੇ ਪਰਤਿਆਂਦੇ ਆ ਰਹੇ ਹਨ ਪਰ ਇਹ ਕਦੇ ਵੀ ਗਲਤ ਨਹੀਂ ਨਿਕਲਿਆ। ਵਿਗਿਆਨ ਦੇ ਸਭ ਨਿਯਮ ਤੇ ਰਾਜ ਦੇ ਸਮਾਨਤਾ 'ਤੇ ਆਧਾਰਤ ਸਾਰੇ ਕਾਨੂੰਨ ਇਸੇ ਵਡਿਆਈ ਵਿਚੋਂ ਨਿਕਲੇ ਹੋਏ ਹਨ। ਇਸ ਨਿਯਮ ਨੂੰ ਸਤਿ ਦੀ ਵੱਡੀ ਵਡਿਆਈ ਦੇ ਰੂਪ ਵਿਚ ਪਛਾਨਣਾ ਗੁਰੂ ਨਾਨਕ ਦੀ ਵਿਗਿਆਨ ਤੇ ਸਮਾਜ-ਸਾਸ਼ਤਰ ਨੂੰ ਅਦੁੱਤੀ ਦੇਣ ਹੈ।

ਨਿਰਵੈਰ ਦਾ ਤੀਜਾ ਅਰਥ ਬੇ-ਦਖਲ ਰਹਿ ਕੇ ਕਾਰਵਾਈ ਨੂੰ ਨਿਯਮਾਂ ਅਨੁਸਾਰ ਚਲਣ ਦੇਣਾ ਹੈ। ਇਸ ਦਾ ਭਾਵ ਜਿੱਥੇ ਕਾਰਵਾਈ ਨੂੰ ਬੇ-ਰੋਕ ਚਲਣ ਦੇਣ ਦਾ ਹੈ, ਉਥੇ ਵਿਕਾਸ ਦੇ ਹਾਂ-ਪੱਖੀ ਪ੍ਰੋਤਸਾਹਨ ਦਾ ਵੀ ਹੈ। ਸਪਸ਼ਟ ਹੈ ਕਿ ਚਲਦੀ ਕਾਰਵਾਈ ਰੋਕਣ ਨਾਲ ਹੀ ਰੁਕੇਗੀ, ਨਹੀਂ ਤਾਂ ਚਲਦੀ ਜਾਵੇਗੀ। ਵੈਰ ਵਿਰੋਧ ਕਾਰਨ ਵਿਕਾਸ ਰੁਕਦਾ ਹੈ ਤੇ ਇਸ ਦੀ ਅਣਹੋਂਦ ਵਿਚ ਇਹ ਪ੍ਰਫੁਲਿਤ ਹੁੰਦਾ ਹੈ। ਇਸ ਲਈ ਪਰਮ-ਸਤਿ ਦੀ ਨਿਰਵੈਰ ਰਹਿਣ ਦੀ ਪ੍ਰਕਿਰਤੀ ਸੰਸਾਰਕ ਪ੍ਰਗਤੀ ਦੀ ਪ੍ਰਤੀਕ ਹੈ, ਤਬਾਹੀ ਦੀ ਨਹੀਂ। ਗੁਰੂ ਨਾਨਕ ਦੀ ਨਜ਼ਰ (ਨਦਰ) ਚੜ੍ਹੀ ਇਹ ਗੱਲ ਪੁਸ਼ਟੀ ਦੀ ਕਾਇਲ ਨਹੀਂ। ਜਦੋਂ ਤੋਂ ਸ੍ਰਿਸ਼ਟੀ ਬਣੀ ਹੈ, ਇਹ ਅੱਗੇ ਹੀ ਅੱਗੇ ਪ੍ਰਗਤੀ ਕਰਦੀ ਜਾ ਰਹੀ ਹੈ। ਪਿੱਛੇ ਜਾਣ ਦਾ ਰਾਹ ਹੀ ਕੋਈ ਨਹੀਂ। ਸਮੇਂ ਨੂੰ ਪੁੱਠਾ ਘੁਮਾਉਣ ਵਾਲੀ ਕੋਈ ਵਿਵਸਥਾ ਨਹੀਂ। ਵਿਗਿਆਨ ਵੀ ਕਾਲ ਜੰਤਰ (Time Machine) ਦੀ ਕਾਢ ਨਹੀਂ ਕੱਢ ਸਕਿਆ। ਜੀਵ ਜੰਤੂ ਤੇ ਵਨਸਪਤੀ ਛੋਟੇ ਤੋਂ ਵੱਡੇ ਹੀ ਹੁੰਦੇ ਹਨ, ਵੱਡੇ ਤੋਂ ਛੋਟੇ ਨਹੀਂ। ਧਰਤੀ ਕਦੇ ਮੁੜ ਅੱਗ ਦਾ ਗੋਲਾ ਨਹੀਂ ਬਣੀ ਤੇ ਨਾ ਮਨੁੱਖ ਮੁੜ ਬਾਂਦਰ ਬਣਿਆ। ਨਿਰਵੈਰ ਰਹਿ ਕੇ ਪਰਮ-ਸਤਿ ਪ੍ਰਕਿਰਤੀ ਦੇ ਵਿਕਾਸ 'ਚ ਸਹਾਈ ਹੁੰਦਾ ਹੈ, ਕਦੇ ਇਸ ਦੇ ਖਾਤਮੇ ਵਲ ਰੁੱਖ ਨਹੀਂ ਕਰਦਾ। ਪਰਮ-ਸਤਿ ਦੀ ਇਹ ਵਡਿਆਈ ਇਸ ਦੇ ਚੜ੍ਹਦੀ ਕਲਾ ਵਾਲਾ ਗੁਣ ਦਰਸਾਉਂਦੀ ਹੈ ਜਿਸ ਕਾਰਨ ਕੁਦਰਤ ਦੇ ਵਰਤਾਰੇ ਨਿਰਵਿਘਨ ਅੱਗੇ ਤੋਂ ਅੱਗੇ ਘਟਦੇ ਜਾਂਦੇ ਹਨ।

ਗੁਰੂ ਨਾਨਕ ਦਾ ਇਸ ਗੁਣ ਨੂੰ ਪਛਾਣ ਕੇ ਪਰਮ-ਸਤਿ ਦੀਆਂ ਪ੍ਰਮੁੱਖ ਵਿਸ਼ੇਸ਼ਤਾਈਆਂ ਵਿਚ ਸ਼ਾਮਲ ਕਰਨਾ, ਉਨ੍ਹਾਂ ਦੀ ਅਨੋਖੀ ਪ੍ਰਤਿਭਾ ਦੀ ਸੂਚਕ ਹੈ। ਭਾਵੇਂ ਹੀਗਲ (Hegel) ਨੇ ਵੀ ਗੁਰੂ ਨਾਨਕ ਨੂੰ ਪੜ੍ਹਿਆ ਤਾਂ ਨਹੀਂ ਹੋਵੇਗਾ ਪਰ ਉਸ ਨੇ ਮੰਨਿਆ ਹੈ ਕਿ ਸੰਸਾਰ ਵਿਕਾਸ ਦਾ ਰੁਖ ਪ੍ਰਗਤੀਵਾਦੀ ਹੈ। ਉਸ ਰਾਹੀਂ ਪਰਮ-ਸਤਿ ਦੇ ਇਸ ਗੁਣ ਦੀ ਪ੍ਰੋੜਤਾ ਗੁਰੂ ਸਾਹਿਬ ਦੇ ਵਿਗਿਆਨਕ ਵਿਚਾਰਾਂ ਤੇ ਬੌਧਿਕ ਮਹਾਨਤਾ ਨੂੰ ਇਕ ਸ਼ਰਧਾਂਜਲੀ ਹੈ।

***(ਚਲਦਾ)***

## ਸ਼ਰਧਾ ਅਤੇ ਤਰਕ

ਸ਼ਰਧਾ ਤਾਂ ਸ਼ਰਧਾਲੂ ਘੜਦੀ,
ਸੱਚ, ਨਿਯਮ ਦੇ ਸਿਖਰ ਖੜਾ ਹੈ।
ਗੁਰਮਤਿ ਖੜਦੀ ਸੱਚ-ਤਰਕ 'ਤੇ,
ਸ਼ਰਧਾ 'ਤੇ ਤਾਂ ਬਿਪਰ ਖੜਾ ਹੈ।

ਸ਼ਬਦ ਗੁਰੂ ਦਾ ਬਣ ਕੇ ਚੇਲਾ,
ਗਿਆਨ ਰਤਨ ਤੋਂ ਖਾਲੀ ਫਿਰਦਾ।
ਜਿਸ ਨੂੰ ਨਿੱਤ ਅਰਦਾਸੀਂ ਮੰਗੇ,
ਉਸ ਬਿਬੇਕ ਨੂੰ ਵਿਸਰ ਖੜਾ ਹੈ।

ਸਿੱਖ ਦੀ ਪੂਜਾ ਸੇਵਾ ਜੱਗ ਦੀ,
ਬਿਪਰੀ ਪੂਜਾ ਝਾਕ ਖਿਆਲੀ।
ਅੰਧ-ਵਿਸ਼ਵਾਸ ਵਧਾਵਣ ਵਾਲਾ,
ਮਿਥਿਹਾਸਕ ਜੋ ਜ਼ਿਕਰ ਖੜਾ ਹੈ।

ਸਿੱਖ ਦੀ ਰਹਿਤ ਹੈ ਸਭ ਤੋਂ ਵੱਖਰੀ,
ਸਿੱਖ ਦੀ ਪੂਜਾ ਜੱਗੋਂ ਨਿਆਰੀ।
ਹਿੰਦ-ਸਾਗਰ ਵਿਚ ਡੁੱਬਣ ਵਾਲਾ,
ਫਿਰ ਭੀ ਕਾਹਤੋਂ ਫਿਕਰ ਖੜਾ ਹੈ।

ਅੱਜ ਦੇ ਇਸ ਵਿਗਿਆਨਕ ਯੁੱਗ 'ਚ,
ਬੋਲੇ ਜਿਹੜਾ ਗੱਪ-ਕਥਾਵਾਂ।
ਗਿਆਨ-ਤਰਕ ਦੇ ਤੀਰਾਂ ਵਰਗੇ,
ਸਮਝੋ ਖਾਈਂ ਛਿੱਤਰ ਖੜਾ ਹੈ।

ਧਰਮ ਆਖ ਕੇ ਸ਼ਰਧਾਵਾਨਾਂ,
ਮਜਹਬੀਂ-ਵਰਗੀਂ ਉਲਝੀ ਜਾਣਾ।
ਸੁਰਤ ਦੀ ਥਾਂ 'ਤੇ ਸ਼ਰਧਾ-ਉਲੂ,
ਅੱਖਾਂ ਮੀਚੀ ਜਿੱਚਰ ਖੜਾ ਹੈ।

***-ਗੁਰਮੀਤ ਸਿੰਘ ਬਰਸਾਲ***

# ਸ਼ਰਧਾ ਦੀ ਸਿਆਸਤ

***ਪ੍ਰਥਮ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਅਗਲੇ ਸਾਲ ਮਨਾਇਆ ਜਾਣਾ ਹੈ। ਗੁਰੂ ਜੀ ਦੇ ਸੁਨੇਹੇ ਦੇ ਉਲਟ ਪ੍ਰਕਾਸ਼ ਪੁਰਬ ਨੂੰ ਲੈ ਕੇ ਸਿਆਸਤ ਸ਼ੁਰੂ ਵੀ ਹੋ ਚੁਕੀ ਹੈ। ਇਸ ਲੇਖ ਵਿਚ ਡਾ. ਬਲਕਾਰ ਸਿੰਘ ਨੇ ਸਿਆਸਤ ਤੋਂ ਉਪਰ ਉਠ ਕੇ ਪ੍ਰਕਾਸ਼ ਪੁਰਬ ਸਿੱਖੀ ਭਾਵਨਾ ਨਾਲ ਮਨਾਉਣ ਦਾ ਸੁਨੇਹਾ ਦਿੱਤਾ ਹੈ। -ਸੰਪਾਦਕ***



**ਪ੍ਰੋ. ਬਲਕਾਰ ਸਿੰਘ ਪਟਿਆਲਾ**
**ਫੋਨ: 91-93163-01328**

ਬਿਜਲਈ ਮੀਡੀਆ ਨੇ ਜਿਸ ਤਰ੍ਹਾਂ ਦਾ ਮਾਹੌਲ ਪੈਦਾ ਕਰ ਦਿੱਤਾ ਹੈ ਉਸ ਨੂੰ ਲੈ ਕੇ ਪ੍ਰਿੰਟ ਮੀਡੀਆ ਵੀ ਸ਼ਰਮਸਾਰ ਹੋਇਆ ਮਹਿਸੂਸ ਕਰਨ ਲੱਗ ਪਿਆ ਹੈ। ਚੈਨਲਾਂ ਦੇ ਐਂਕਰ, ਜਿਵੇਂ ਨਿਮੰਤ੍ਰਿਤ ਬੁਲਾਰਿਆਂ ਨਾਲ ਵਧੀਕੀਆਂ ਕਰਦੇ ਨਜ਼ਰ ਆਉਂਦੇ ਹਨ, ਉਸ ਨਾਲ ਇਹ ਲੱਗਣ ਲੱਗ ਪੈਂਦਾ ਹੈ ਕਿ ਮਿੰਟਾਂ ਵਾਸਤੇ ਘੰਟੇ ਬਰਬਾਦ ਕਰਨ ਵਾਲੇ ਬੁਲਾਰੇ ਕਿਸ ਮਜਬੂਰੀ ਦੀ ਸਜ਼ਾ ਭੁਗਤ ਰਹੇ ਹਨ?

ਮੁੱਦਾ ਕੋਈ ਵੀ ਹੋਵੇ, ਵੱਖ ਵੱਖ ਪਾਰਟੀਆਂ ਦੇ ਨੁਮਾਇੰਦੇ ਆਪੋ ਆਪਣਾ ਸਿਆਸੀ ਰਾਗ ਅਲਾਪਦੇ ਅਲਾਪਦੇ ਏਨੇ ਸ਼ੋਰੀਲੇ ਹੋ ਜਾਂਦੇ ਹਨ ਕਿ ਕੁਝ ਵੀ ਸਮਝ ਸਕਣ ਦਾ ਸਵਾਲ ਪਾਸੇ ਹੀ ਰਹਿ ਜਾਂਦਾ ਹੈ। ਇਸ 'ਤੇ ਉਸੇ ਭਾਈਚਾਰੇ ਵਿਚੋਂ ਰਵੀਸ਼ ਨੂੰ ਇਹ ਕਹਿਣਾ ਪਿਆ ਸੀ ਕਿ ਸੁਣਨਾ ਬੰਦ ਵੀ ਕਰ ਦਿੱਤਾ ਜਾਵੇ ਤਾਂ ਵੀ ਕੋਈ ਨੁਕਸਾਨ ਨਹੀਂ ਹੋਣ ਵਾਲਾ। ਸਿਆਸੀ ਪ੍ਰਤੀਨਿਧਾਂ ਨੂੰ ਸੱਦ ਕੇ ਅਜਿਹੇ ਮੁੱਦਿਆਂ 'ਤੇ ਬਹਿਸ ਕਰਾਉਣ ਦਾ ਮਤਲਬ ਇਹੀ ਨਿਕਲੇਗਾ ਕਿ ਜਿਸ ਨੂੰ ਜਿੰਨਾ ਘੱਟ ਪਤਾ ਹੈ, ਉਸ ਨੂੰ ਓਨਾ ਹੀ ਵੱਧ ਬੋਲਣ ਦਾ ਹੱਕ ਹੈ। ਇਸ ਵਰਤਾਰੇ ਨੂੰ ਸਾਦਗੀ ਜਾਂ ਬਾਲ ਬੁੱਧ ਨਹੀਂ ਕਿਹਾ ਜਾ ਸਕਦਾ ਕਿਉਂਕਿ ਸਿਆਸਤ ਦੇ ਬੋਲਬਾਲਿਆਂ ਨੇ ਇਸ ਵਾਸਤੇ ਕੋਈ ਥਾਂ ਹੀ ਨਹੀਂ ਛੱਡੀ।

ਗੁਰੂ ਨਾਨਕ ਦੇਵ ਜੀ ਦੇ 550ਵੇਂ ਗੁਰਪੁਰਬ ਨੂੰ ਲੈ ਕੇ ਜਿਸ ਤਰ੍ਹਾਂ ਦਾ ਘੜਮੱਸ ਪੈਦਾ ਹੁੰਦਾ ਜਾ ਰਿਹਾ ਹੈ, ਉਸ ਬਾਰੇ ਉਸਾਰੂ ਸੰਵਾਦ ਦੀਆਂ ਸੰਭਾਵਨਾਵਾਂ ਪ੍ਰਿੰਟ ਮੀਡੀਆ ਵਿਚ ਹੀ ਸੰਭਵ ਹੋ ਸਕਦੀਆਂ ਹਨ। ਇਹ ਇਸ ਲਈ ਵੀ ਕਹਿ ਰਿਹਾ ਹਾਂ ਕਿਉਂਕਿ ਵਰਤਮਾਨ ਸਿਆਸਤਦਾਨ ਸੰਵਾਦ ਵਿਚ ਉਲਝਣ ਦਾ ਜੋਖਮ ਇਕ ਤੋਂ ਵੱਧ ਕਾਰਨਾਂ ਕਰਕੇ ਨਹੀਂ ਉਠਾਉਣਾ ਚਾਹੁੰਦਾ। ਸੰਵਾਦ 550ਵੇਂ ਗੁਰਪੁਰਬ ਦੀ ਯੋਜਨਾ, ਨੀਤੀ ਅਤੇ ਆਦਰਸ਼ ਨੂੰ ਲੈ ਕੇ ਕੀਤੇ ਜਾਣ ਦੀ ਲੋੜ ਹੈ। ਇਸ ਦੀਆਂ ਅੱਗੋਂ ਬਾਣੀ ਪਰਤਾਂ ਅਤੇ ਇਤਿਹਾਸਕ ਪਰਤਾਂ ਵੀ ਫਰੋਲੀਆਂ ਜਾ ਸਕਦੀਆਂ ਹਨ। ਅਜਿਹਾ ਕਰਦਿਆਂ ਇਹ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਇਸ ਦੀਆਂ ਸਿਆਸੀ ਪਰਤਾਂ ਦੀਆਂ ਸੰਭਾਵਨਾਵਾਂ ਬਹੁਤ ਹੀ ਮੱਧਮ ਹਨ ਕਿਉਂਕਿ ਸਿਆਸਤ ਬਾਰੇ ਗੁਰੂ ਨਾਨਕ ਦੇਵ ਜੀ ਦੀਆਂ ਟਿਪਣੀਆਂ ਬਹੁਤ ਸਪਸ਼ਟ ਹਨ। ਇਨ੍ਹਾਂ ਟਿਪਣੀਆਂ ਨੂੰ ਵਿਦੇਸ਼ੀ ਹਮਲਾਵਰਾਂ ਬਾਰੇ ਟਿਪਣੀਆਂ ਸਮਝਣ ਦੀ ਕੋਸ਼ਿਸ਼ ਕਰਾਂਗੇ ਤਾਂ ਬਾਣੀ ਨੂੰ ਇਤਿਹਾਸ ਤੱਕ ਮਹਿਦੂਦ ਕਰਨ ਦੀ ਗਲਤੀ ਕਰ ਰਹੇ ਹੋਵਾਂਗੇ।

ਪੰਜਾਬ ਦੀ ਵਰਤਮਾਨ ਸਰਕਾਰ ਨੇ ਜਿਸ ਤਰ੍ਹਾਂ 550ਵੇਂ ਗੁਰਪੁਰਬ ਨੂੰ ਮਨਾਉਣ ਬਾਰੇ ਸੋਚਿਆ, ਉਸ ਨੂੰ ਸਿਆਸਤ ਮੁਕਤ ਰੱਖਣ ਲਈ ਪੰਜਾਬ ਦੀਆਂ ਸਾਰੀਆਂ ਸਿਆਸੀ ਧਿਰਾਂ ਨੂੰ ਸਰਕਾਰ ਨਾਲ ਸਹਿਯੋਗ ਕਰਨਾ ਚਾਹੀਦਾ ਹੈ। ਇਸ ਵਿਚ ਰੁਕਾਵਟ ਸਿਆਸਤਦਾਨਾਂ ਦੇ ਅਜਿਹੇ ਬਿਆਨ ਹਨ, ਜਿਨ੍ਹਾਂ ਦਾ ਸਬੰਧ ਸਿਆਸੀ ਠਿੱਬੀਆਂ ਲਾਉਣ ਦੀ ਸਿਆਸਤ ਨਾਲ ਹੈ। ਜੇ ਸਰਕਾਰ ਇਸ ਤੋਂ ਉਪਰ ਉਠ ਕੇ ਰਲ-ਮਿਲ ਕੇ ਗੁਰਪੁਰਬ ਮਨਾਉਣ ਦਾ ਸੱਦਾ ਦੇ ਰਹੀ ਹੈ ਤਾਂ ਵੱਖ ਵੱਖ ਰੰਗ ਦੇ ਸਿਆਸਤਦਾਨਾਂ ਨੂੰ ਵੀ ਸਿਆਸੀ ਠਿੱਬੀਆਂ ਤੋਂ ਉਪਰ ਉਠ ਕੇ ਸਹਿਯੋਗ ਕਰਨਾ ਚਾਹੀਦਾ ਹੈ। ਇਸ ਪ੍ਰਸੰਗ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਕੋਲੋਂ ਪਹਿਲ ਹੋ ਗਈ ਹੈ। ਇਸ ਨਾਲ ਪਹਿਲੀ ਵਾਰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਲਿਫਾਫੇ ਵਿਚੋਂ ਨਿਕਲਿਆ ਨਹੀਂ ਲੱਗਿਆ ਅਤੇ ਅਕਾਲੀ ਦਲ ਦੀ ਦਖਲਅੰਦਾਜ਼ੀ ਤੋਂ ਉਪਰ ਵੀ ਉਠਿਆ ਨਜ਼ਰ ਆਇਆ ਹੈ। ਹੋਣਾ ਇਹ ਚਾਹੀਦਾ ਹੈ ਕਿ ਜਿਵੇਂ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸਰਕਾਰ ਨੂੰ ਸਹਿਯੋਗ ਦਾ ਵਿਸ਼ਵਾਸ ਦੁਆਇਆ ਹੈ, ਉਵੇਂ ਹੀ ਪੰਜਾਬ ਸਰਕਾਰ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਮਨਾਏ ਜਾਣ ਵਾਲੇ ਗੁਰਪੁਰਬ ਵਿਚ ਸਹਿਯੋਗ ਦਾ ਵਿਸ਼ਵਾਸ ਦੁਆਉਣਾ ਚਾਹੀਦਾ ਹੈ।

ਬਹੁਤ ਹੀ ਚੰਗਾ ਹੋਵੇ ਜੇ ਕੈਪਟਨ ਅਮਰਿੰਦਰ ਸਿੰਘ, ਭਾਈ ਲੌਂਗੋਵਾਲ, ਸੁਖਬੀਰ ਸਿੰਘ ਬਾਦਲ ਅਤੇ ਸੁਖਪਾਲ ਸਿੰਘ ਖਹਿਰਾ ਇਕੱਠੇ ਹੋ ਕੇ ਪੰਜਾਬੀਆਂ ਨੂੰ ਰਲ-ਮਿਲ ਕੇ ਗੁਰਪੁਰਬ ਮਨਾਉਣ ਦਾ ਪ੍ਰੋਗਰਾਮ ਦੇਣ ਅਤੇ ਦਿੱਤੇ ਹੋਏ ਪ੍ਰੋਗਰਾਮ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਆਪਸੀ ਸਹਿਮਤੀ ਨਾਲ ਜਾਗੇ ਹੋਏ ਪੰਜਾਬੀਆਂ ਦੀ ਸਲਾਹਕਾਰ ਕਮੇਟੀ ਬਣਾ ਦੇਣ। ਇਹ ਮੌਕਾ ਗੁਰੂ ਸਾਹਿਬ ਵੱਲੋਂ ਆਪਣੇ ਨਾਮਲੇਵਿਆਂ ਨੂੰ ਸਿਆਸਤ ਤੋਂ ਉਪਰ ਉਠ ਕੇ ਰਲ ਬੈਠਣ ਦੀ ਬਖਸ਼ਿਸ਼ ਸਮਝਣਾ ਚਾਹੀਦਾ ਹੈ।

ਵਰਤਮਾਨ ਸਿਆਸਤ ਨੇ ਜਾਵੇਦ ਅਖਤਰ ਦੇ ਸ਼ਬਦਾਂ ਵਿਚ ਹਵਾਵਾਂ ਨੂੰ ਕੈਦ ਕਰਨ, ਪਾਣੀਆਂ ਨੂੰ ਹੁਕਮ ਵਿਚ ਵਹਾਉਣ ਅਤੇ ਰੰਗਾਂ ਨੂੰ ਮਰਜ਼ੀ ਮੁਤਾਬਕ ਪ੍ਰਗਟ ਕਰਨ ਦੀਆਂ ਵਧੀਕੀਆਂ ਸਾਹਮਣੇ ਲੈ ਆਂਦੀਆਂ ਹਨ। ਅਜਿਹੇ ਹਾਲਾਤ ਵਿਚ ਵੀ ਡਾ. ਮਨਮੋਹਨ ਸਿੰਘ ਦੀ ਸਰਕਾਰ ਵੇਲੇ ਕੇਂਦਰੀ ਸਰਕਾਰ ਦੇ ਫੰਡਾਂ ਨਾਲ 2008 ਵਿਚ ਨਾਂਦੇੜ ਸਾਹਿਬ ਵਿਚ 'ਤਿੰਨ ਸੌ ਸਾਲ, ਸ਼ਬਦ-ਗੁਰੂ ਦੇ ਨਾਲ' ਮਨਾਉਂਦਿਆਂ ਰਲ-ਮਿਲ ਕੇ ਗੁਰਪੁਰਬ ਮਨਾਉਣ ਦਾ ਸਬੂਤ ਦਿੱਤਾ ਜਾ ਚੁਕਾ ਹੈ। ਬਿਹਾਰ ਦੇ ਮੁਖ ਮੰਤਰੀ ਨਿਤੀਸ਼ ਕੁਮਾਰ ਦੀ ਅਗਵਾਈ ਵਿਚ ਪਟਨਾ ਸਾਹਿਬ ਵਿਖੇ ਦਸਮ ਪਾਤਸ਼ਾਹ ਹਜ਼ੂਰ ਦਾ ਗੁਰਪੁਰਬ ਜਿਸ ਸ਼ਾਨ ਨਾਲ ਨਿਰਵਿਘਨ ਮਨਾਇਆ ਜਾ ਚੁਕਾ ਹੈ, ਉਸ ਦੀ ਨਿਰੰਤਰਤਾ ਵਿਚ 550ਵੇਂ ਗੁਰਪੁਰਬ ਨੂੰ ਮਨਾਏ ਜਾਣ ਦੀ ਜਿੰਮੇਵਾਰੀ ਪੰਜਾਬ ਸਰਕਾਰ ਨੂੰ ਖਾਸ ਕਰ ਕੇ ਅਤੇ ਪੰਜਾਬੀਆਂ ਨੂੰ ਆਮ ਕਰ ਕੇ ਨਿਭਾਉਣੀ ਚਾਹੀਦੀ ਹੈ। ਨਾਂਦੇੜ ਅਤੇ ਪਟਨਾ ਸਾਹਿਬ ਵਿਖੇ ਮਨਾਈਆਂ ਗਈਆਂ ਸ਼ਤਾਬਦੀਆਂ ਨੂੰ ਲੈ ਕੇ ਬਿਜਲਈ ਮੀਡੀਆ ਨੇ ਅਜਿਹਾ ਰੋਲ ਨਹੀਂ ਸੀ ਕੀਤਾ, ਜਿਸ ਤਰ੍ਹਾਂ ਦਾ ਪ੍ਰਭਾਵ 550ਵੇਂ ਗੁਰਪੁਰਬ ਨੂੰ ਲੈ ਕੇ ਪਹਿਲਾਂ ਹੀ ਸਾਹਮਣੇ ਆਉਣ ਲੱਗ ਪਿਆ ਹੈ।

ਇਹ ਠੀਕ ਹੈ ਕਿ ਫੰਡ-ਖਪਾਊ ਫੰਕਸ਼ਨਾਂ ਅਤੇ ਇਕ ਵਾਰੀ ਜਾਂ ਵਕਤੀ ਸੈਲੀਬਰੇਸ਼ਨਾਂ ਤੋਂ ਗੁਰੇਜ ਕਰਨਾ ਚਾਹੀਦਾ ਹੈ। ਅਜਿਹਾ ਤਦ ਹੀ ਹੋ ਸਕਦਾ ਹੈ ਜੇ ਪ੍ਰਾਪਤ ਸਾਧਨਾਂ ਦੀ ਸੁਯੋਗ ਵਰਤੋਂ ਵਾਸਤੇ ਪਲੈਨਿੰਗ ਤੇ ਪ੍ਰੋਗਰਾਮਿੰਗ ਅਗਾਊਂ ਕੀਤੀ ਜਾਵੇ। ਇਸੇ ਵਾਸਤੇ ਜਾਗੇ ਹੋਏ ਪੰਜਾਬੀਆਂ ਦੀ ਸਲਾਹਕਾਰ ਕਮੇਟੀ ਬਾਰੇ ਇਸ਼ਾਰਾ ਕੀਤਾ ਹੈ। ਨਾਨਕ-ਨਾਮਲੇਵਾ ਸਾਰੀ ਦੁਨੀਆਂ ਵਿਚ ਖਿਲਰ ਗਏ ਹਨ, ਪਰ ਸਾਰੀ ਚਰਚਾ ਇਉਂ ਹੋ ਰਹੀ ਹੈ ਜਿਵੇਂ ਇਸ ਨੂੰ ਅੰਬਾਲੇ ਤੱਕ ਰਹਿ ਕੇ ਪੰਜਾਬੀਆਂ ਨੇ ਹੀ ਮਨਾਉਣਾ ਹੈ। ਕਈ ਤਾਂ ਇਸ ਵਿਚੋਂ ਵੀ ਪੰਥਕ ਰੰਗ ਉਘਾੜਨ ਦੀ ਸਿਆਸਤ ਕਰਨ ਲੱਗ ਪਏ ਹਨ।

ਧਿਆਨ ਵਿਚ ਤਾਂ ਇਹ ਰਹਿਣਾ ਚਾਹੀਦਾ ਹੈ ਕਿ ਅਜਿਹੀ ਵਿਉਂਤ ਬਣਾਈ ਜਾਵੇ ਜਿਸ ਨਾਲ ਜਿਥੇ ਵੀ ਨਾਨਕ-ਨਾਮਲੇਵਿਆਂ ਦੀ ਵੱਡੀ ਗਿਣਤੀ ਹੈ, ਉਥੇ ਹੀ 550ਵਾਂ ਗੁਰਪੁਰਬ ਮਨਾਉਣ ਦੀ ਵਿਵਸਥਾ ਹੋ ਜਾਵੇ। ਅਮਰੀਕਾ ਵਾਲੇ ਅਮਰੀਕਾ ਵਿਚ, ਕੈਨੇਡਾ ਵਾਲੇ ਕੈਨੇਡਾ ਵਿਚ, ਇੰਗਲੈਂਡ ਵਾਲੇ ਇੰਗਲੈਂਡ ਵਿਚ ਉਸੇ ਤਰ੍ਹਾਂ ਗੁਰਪੁਰਬ ਮਨਾਉਣ ਜਿਵੇਂ ਬੰਗਾਲੀਆਂ ਨੂੰ ਕਲਕੱਤੇ, ਮਹਾਂਰਾਸ਼ਟਰ ਵਾਲਿਆਂ ਨੂੰ ਬੰਬਈ ਅਤੇ ਯੂ. ਪੀ. ਵਾਲਿਆਂ ਨੂੰ ਯੂ. ਪੀ. ਵਿਚ ਮਨਾਉਣਾ ਚਾਹੀਦਾ ਹੈ। ਵੱਖ ਵੱਖ ਥਾਂਵਾਂ ਦੇ ਸਿੱਖਾਂ ਨੂੰ ਸਾਂਝੀ-ਸਮਝ 'ਤੇ ਪੂਰੀ ਉਤਰਦੀ ਸੋਚੀ ਸਮਝੀ ਵਿਉਂਤਬੰਦੀ ਪੰਜਾਬ ਸਰਕਾਰ ਦੀ ਅਗਵਾਈ ਵਿਚ ਬਣਨ ਵਾਲੀ ਕਮੇਟੀ ਨੂੰ ਕਰਨੀ ਚਾਹੀਦੀ ਹੈ। ਅਜਿਹਾ ਕਰਦਿਆਂ ਇਹ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਸਿਧਾਂਤਕਤਾ ਦੇ ਖੁਲ੍ਹੇਪਨ ਨੂੰ ਸਥਾਨਕਤਾ ਦੇ ਬੰਧਨਾਂ ਤੋਂ ਮੁਕਤ ਰਖਿਆ ਜਾਵੇ।

ਮਸਲਾ ਇਸ ਵੇਲੇ ਅਮੀਰ ਵਿਰਾਸਤ ਦੇ ਗਰੀਬ ਵਾਰਸਾਂ ਦਾ ਹੈ। ਇਥੋਂ ਤੱਕ ਪਹੁੰਚਣ ਦਾ ਸਫਰ ਬੇਸ਼ੱਕ ਬਹੁਤ ਲੰਬਾ ਹੈ। ਕਈ ਵਾਰ ਇਹ ਵੀ ਲੱਗਦਾ ਰਿਹਾ ਹੈ ਕਿ ਅੱਗੇ ਵਧਣ ਦੀ ਥਾਂ ਪਿੱਛਲ ਪੈਰੀਂ ਭੱਜਦੇ ਭੱਜਦੇ ਡਿੱਗਦੇ ਵੀ ਰਹੇ ਹਾਂ ਅਤੇ ਉਠਦੇ ਵੀ ਰਹੇ ਹਾਂ। ਸੰਕਟਾਂ ਸਮੇਂ ਲਹੂ ਵਿਚ ਰਮੀ ਹੋਈ ਸਿੱਖੀ ਬਹੁਤ ਕੰਮ ਆਉਂਦੀ ਰਹੀ ਹੈ। ਸਿੱਖ ਬੇਸ਼ੱਕ ਹਾਰਦਾ ਰਿਹਾ ਹੈ ਪਰ ਸਿੱਖੀ ਸਦਾ ਜਿੱਤਦੀ ਰਹੀ ਹੈ। ਇਕੱਲੇ ਇਕੱਲੇ ਸਿੱਖ ਸੰਸਥਾਵਾਂ ਵਰਗੀ ਭੂਮਿਕਾ ਨਿਭਾਉਂਦੇ ਰਹੇ ਹਨ। ਸਾਂਝਿਆਂ ਅਤੇ ਸ਼ਰੀਕੇ ਵਿਚ ਵੀ ਸਰਬੱਤ ਦੇ ਭਲੇ ਦੀ ਭਾਵਨਾ ਜਗਦੀ ਰਹੀ ਹੈ। ਵੰਡ ਕੇ ਛਕਣ ਨਾਲ ਨਿਭਦਿਆਂ ਗੁਰੂ ਕੇ ਲੰਗਰ ਅਤੁੱਟ ਵਰਤਦੇ ਰਹੇ ਹਨ। ਗੁਰੂ ਦੇ ਅੰਗ-ਸੰਗ ਰਹਿਣ ਲਈ ਜਿੱਥੇ ਵੀ ਸਿੱਖ ਗਿਆ ਹੈ, ਗੁਰਦੁਆਰਾ ਨਾਲ ਲੈ ਕੇ ਗਿਆ ਹੈ। ਜੇ ਕਿਸੇ ਧਰਮ ਦੇ ਨੌਜਵਾਨ ਆਪਣੀ ਧਾਰਮਕ ਸੰਸਥਾ (ਗੁਰਦੁਆਰੇ) ਨਾਲ ਜੁੜੇ ਹੋਏ ਹਨ ਤਾਂ ਉਹ ਸਿੱਖ ਹੀ ਹਨ। ਅਸੀਂ ਥੋੜ੍ਹੇ ਤੋਂ ਬਹੁਤੇ ਹੋਏ ਸੀ ਅਤੇ ਬਹੁਤਿਆਂ ਵਿਚੋਂ ਥੋੜ੍ਹੇ ਰਹਿਣੇ ਹੀ ਹਨ। ਸਮੇਂ ਦੀ ਤਬਦੀਲੀ ਨਾਲ ਆਉਣ ਵਾਲੀਆਂ ਤਬਦੀਲੀਆਂ ਨੂੰ ਸਿੱਖ ਸਦਾ ਹੀ ਹੁੰਗਾਰਾ ਭਰਦੇ ਆਏ ਹਨ। ਮਾੜੀਆਂ ਤਬਦੀਲੀਆਂ ਨਾਲ ਮਾੜੇ ਹੋ ਕੇ ਵੀ ਉਹ ਬਚੇ ਰਹੇ ਹਨ। ਡਿੱਗਣਾ ਸਬਕ ਹੋ ਜਾਂਦਾ ਹੈ, ਜੇ ਡਿੱਗ ਕੇ ਉਠ ਪਈਏ। ਦਿਲਾਂ ਦੇ ਦੀਦਿਆਂ ਨਾਲ ਵੇਖਣ ਦੀ ਕਲਾ ਗੁਰੂ ਆਪਣੇ ਸਿੱਖ ਨੂੰ ਸਦਾ ਬਖਸ਼ਦਾ ਰਹਿੰਦਾ ਹੈ। ਗੁਰਪੁਰਬਾਂ, ਸ਼ਤਾਬਦੀਆਂ ਨੂੰ ਇਸੇ ਭਾਵਨਾ ਵਿਚ ਲੈਣਾ ਚਾਹੀਦਾ ਹੈ। ਸਿੱਖੀ ਸਥਾਨਕਤਾ ਨੂੰ ਸਦਾ ਹੀ ਛੜੱਪਦੀ ਆਈ ਹੈ। ਇਸ ਪਾਸੇ ਰਲ-ਮਿਲ ਕੇ ਤੁਰਨ ਲਈ ਸਾਂਝੀ-ਸਮਝ ਉਸਾਰਨ ਵਾਸਤੇ ਉਨ੍ਹਾਂ ਸਭ ਵਿਧੀਆਂ ਨੂੰ ਵਰਤਣ ਤੋਂ ਗੁਰੇਜ ਕਰਨਾ ਚਾਹੀਦਾ ਹੈ, ਜੋ ਸਿਰ-ਜੋੜਨ ਦੀ ਥਾਂ ਸਿਰ-ਤੋੜਨ ਵਾਲੇ ਪਾਸੇ ਲੈ ਕੇ ਜਾਂਦੀਆਂ ਹਨ। ਅੰਨ੍ਹੀ ਸ਼ਰਧਾ ਵੀ ਇਕ ਕਿਸਮ ਦਾ ਹਉਮੈ ਰੋਗ ਹੀ ਹੈ। ਸਿੱਖੀ ਉਹੀ ਹੈ, ਜੋ ਕਿਸੇ ਨੂੰ ਸਮਝ ਆਉਂਦੀ ਹੈ ਅਤੇ ਸਿੱਖ ਹੋਣ ਵਾਲਿਆਂ ਦੇ ਰਾਹ ਵਿਚ ਰੁਕਾਵਟ ਨਹੀਂ ਬਣਨਾ ਚਾਹੀਦਾ। ਅਜਿਹੇ ਮੰਤਵ ਵਾਸਤੇ ਪੁੱਟਿਆ ਹਰ ਕਦਮ ਗੁਰੂ ਵੱਲ ਜਾਂਦਾ ਹੈ। 550ਵੇਂ ਗੁਰਪੁਰਬ ਦੀ ਸ਼ੁਰੂਆਤ ਗੁਰਬਾਣੀ ਵੱਲ ਪਰਤਣ ਤੋਂ ਕਰਨ ਵਾਸਤੇ 'ਹੋਇ ਇਕਤ੍ਰ ਮਿਲਹੁ ਮੇਰੇ ਭਾਈ...' ਦੇ ਪਾਤਰ ਬਣ ਸਕਣ ਦਾ ਮੌਕਾ ਬਖਸ਼ਿਸ਼ ਵਾਂਗ ਹੰਢਾਉਣਾ ਅਤੇ ਸੇਵਾ ਵਾਂਗ ਵਰਤਣਾ ਚਾਹੀਦਾ ਹੈ।

# ਬੱਬਰ ਦੁੰਮਣ ਸਿੰਘ ਪੰਡੋਰੀ ਮਹਿਤਵਾਂ

**ਵਾਸਦੇਵ ਸਿੰਘ ਪਰਹਾਰ**
**ਫੋਨ: 206-434-1155**

ਬੱਬਰ ਦੁੰਮਣ ਸਿੰਘ ਪੁੱਤਰ ਮੁਨਸ਼ੀ ਰਾਮ ਰਾਠੌਣ ਰਾਜਪੂਤ, ਪਿੰਡ ਪੰਡੋਰੀ ਮਹਿਤਵਾਂ (ਥਾਣਾ ਹਰਿਆਣਾ, ਜ਼ਿਲ੍ਹਾ ਹੁਸ਼ਿਆਰਪੁਰ) ਦਾ ਵਸਨੀਕ ਸੀ। ਇਸ ਪਿੰਡ ਦੀ ਹੱਦਬਸਤ ਨੰਬਰ 197 ਅਤੇ ਰਕਬਾ 581 ਹੈਕਟੇਅਰ ਹੈ। ਇਹ ਕਸਬਾ ਸ਼ਾਮ ਚੁਰਾਸੀ ਤੋਂ ਦੋ ਕੁ ਕਿਲੋਮੀਟਰ ਚੜ੍ਹਦੇ ਪਾਸੇ ਹੈ।

ਪਿੰਡ ਦਾ ਨਾਂ ਪੰਡੋਰੀ ਮਹਿਤਵਾਂ ਇਸ ਪਿੰਡ ਨੂੰ ਬੰਨ੍ਹਣ ਵਾਲੇ ਰਾਠੌਣ ਗੋਤ ਦੇ ਰਾਜਪੂਤਾਂ ਦੇ ਨਾਂ 'ਤੇ ਪਿਆ, ਜਿਨ੍ਹਾਂ ਨੂੰ ਇੱਜਤ ਨਾਲ ਮਹਿਤਾ ਕਿਹਾ ਜਾਂਦਾ ਸੀ। ਗੁਰੂ ਨਾਨਕ ਦੇਵ ਦੇ ਪਿਤਾ ਕਾਲੂ ਬੇਦੀ ਗੋਤ ਦੇ ਖੱਤਰੀ ਸਨ, ਪਰ ਲੋਕ ਉਨ੍ਹਾਂ ਨੂੰ ਮਹਿਤਾ ਕਾਲੂ ਹੀ ਆਖਦੇ ਸਨ। ਜਿਵੇਂ ਗਿੱਲ ਜੱਟਾਂ ਵਾਲੇ ਗੋਤ ਦੇ ਪਿੰਡ ਨੂੰ ਗਿੱਲਾਂ, ਪੰਨੂ ਗੋਤ ਵਾਲਿਆਂ ਦੇ ਪਿੰਡ ਨੂੰ ਪਨਵੀ ਕਿਹਾ ਜਾਂਦਾ ਹੈ, ਇਸੇ ਤਰ੍ਹਾਂ ਮਹਿਤਾ ਰਾਜਪੂਤਾਂ ਦੇ ਪਿੰਡ ਨੂੰ ਪੰਡੋਰੀ ਮਹਿਤਵਾਂ ਕਿਹਾ ਜਾਣ ਲੱਗਾ। ਪ੍ਰਸਿਧ ਇਤਿਹਾਸਕਾਰ ਡਾ. ਬਖਸ਼ੀਸ਼ ਸਿੰਘ ਨੇ ਮੇਰੀ ਪੁਸਤਕ 'ਰਾਜਪੂਤ ਜੋ ਸਿੱਖ ਬਣੇ' ਦੇ ਮੁਖਬੰਦ ਵਿਚ ਲਿਖਿਆ ਹੈ ਕਿ ਦੁਆਬੇ ਦੇ ਸਿੱਖ ਰਾਜਪੂਤ ਅਸਲੀ ਛੱਤੀ ਕੁਲੀ ਰਾਜਪੂਤ ਹਨ ਅਤੇ ਮਹਿਤੇ ਇਨ੍ਹਾਂ ਦੀ ਅੱਲ ਪੈ ਗਈ ਹੈ। ਪਿੰਡ ਵਾਲਿਆਂ ਨੇ ਪਿੰਡ ਦਾ ਨਾਂ ਪੰਡੋਰੀ ਰਾਜਪੂਤਾਂ ਕਰਨ ਦੀ ਸਰਕਾਰ ਨੂੰ ਫਾਈਲ ਭੇਜੀ ਹੋਈ ਹੈ।

ਬੱਬਰ ਦੁੰਮਣ ਸਿੰਘ ਨੇ ਢੱਡੇ ਫਤਿਹ ਸਿੰਘ ਦੇ ਗੱਦਾਰ ਲਾਭ ਸਿੰਘ ਜਿਸ ਨੇ ਬੱਬਰ ਕਿਸ਼ਨ ਸਿੰਘ ਗੜਗੱਜ ਨੂੰ ਗ੍ਰਿਫਤਾਰ ਕਰਵਾਇਆ ਸੀ, ਨੂੰ ਕਤਲ ਕਰਨ ਦੀ ਦੂਜੀ ਕੋਸ਼ਿਸ਼ (17 ਮਾਰਚ 1923) ਵਿਚ ਹਿੱਸਾ ਲਿਆ ਸੀ। ਇਸ ਕੋਸ਼ਿਸ਼ ਦਾ ਪੂਰਾ ਵੇਰਵਾ ਬੱਬਰ ਉਜਾਗਰ ਸਿੰਘ ਬਸਰਾਮਪੁਰ ਦੀ ਜੀਵਨੀ ਵਿਚ ਲਿਖਿਆ ਜਾ ਚੁਕਾ ਹੈ ਕਿ ਕਿਵੇਂ ਬਾਬੂ ਸੰਤਾ ਸਿੰਘ ਨੇ ਬਤਨ ਸਿੰਘ ਪੰਡੋਰੀ ਨਿੱਜਰਾਂ ਰਾਹੀਂ ਬੱਬਰਾਂ ਨੂੰ 17 ਮਾਰਚ 1923 ਨੂੰ ਸ਼ਾਮ ਚੁਰਾਸੀ ਦੇ ਬੇਆਬਾਦ ਭੱਠੇ 'ਤੇ ਇਕੱਠੇ ਹੋਣ ਨੂੰ ਸੁਨੇਹੇ ਭੇਜੇ। ਇਸ ਵਾਰਦਾਤ ਨੂੰ ਅੰਜਾਮ ਦੇਣ ਲਈ 16 ਬੱਬਰ ਬਾਬੂ ਸੰਤ ਸਿੰਘ ਦੀ ਅਗਵਾਈ ਵਿਚ ਪਿੰਡ ਢੱਡੇ ਫਤਿਹ ਸਿੰਘ ਵੱਲ ਚੱਲੇ। ਪਿੰਡ ਕੋਲ ਜਾ ਕੇ ਪਤਾ ਲੱਗਾ ਕਿ ਇਕ ਡਰਪੋਕ ਜਿਸ ਨੂੰ ਬੱਬਰ ਉਜਾਗਰ ਸਿੰਘ ਨਾਲ ਲੈ ਆਇਆ ਸੀ, 'ਹਾਜ਼ਰ ਨਹੀਂ'। ਬੱਬਰਾਂ ਨੇ ਇਹ ਸੋਚ ਕੇ ਕਿ ਇਹ ਡਰਪੋਕ ਸਾਰਾ ਭੇਤ ਖੋਲ੍ਹ ਦੇਵੇਗਾ, ਕਤਲ ਦੀ ਸਕੀਮ ਮੁਲਤਵੀ ਕਰ ਦਿੱਤੀ। ਇਹ ਕੋਸ਼ਿਸ਼ ਭਾਵੇਂ ਨਾਕਾਮ ਰਹੀ, ਪਰ ਇਸ ਵਿਚ ਭਾਗ ਲੈਣ ਵਾਲੇ ਵਾਅਦਾ-ਮੁਆਫ ਗਵਾਹਾਂ-ਬਤਨ ਸਿੰਘ ਪੰਡੋਰੀ ਨਿੱਜਰਾਂ, ਸਾਧੂ ਸਿੰਘ ਪਰਾਗਪੁਰ, ਬੰਤਾ ਸਿੰਘ ਬੋਪਾਰਾਈ (ਕਪੂਰਥਲਾ) ਅਤੇ ਧੰਨਾ ਸਿੰਘ ਕੋਟਲੀ ਬਾਵਾਦਾਸ ਦੀਆਂ ਗਵਾਹੀਆਂ ਕਾਰਨ ਬਹੁਤਿਆਂ ਨੂੰ ਸੱਤ ਸੱਤ ਸਾਲ ਕੈਦ ਦੀਆਂ ਸਖਤ ਸਜ਼ਾਵਾਂ ਹੋਈਆਂ।

ਬੱਬਰ ਦੁੰਮਣ ਸਿੰਘ ਨੂੰ ਵੀ ਸੱਤ ਸਾਲ ਦੀ ਸਜ਼ਾ ਹੋਈ। ਆਪਣੀ ਸਫਾਈ ਵਿਚ ਉਸ ਨੇ ਕਿਹਾ ਕਿ ਬਤਨ ਸਿੰਘ ਨੂੰ ਉਸ ਨੇ ਸੱਤ ਰੁਪਏ ਦਿੱਤੇ ਸਨ ਕਿ ਪੰਡੋਰੀ ਨਿੱਜਰਾਂ ਦੇ ਮੋਚੀ ਤੋਂ ਦੋ ਜੋੜੇ ਜੁੱਤੀਆਂ ਉਸ ਲਈ ਬਣਵਾ ਦੇਵੇ, ਪਰ ਉਸ ਨੇ ਕਿੰਨੀ ਦੇਰ ਨਾ ਤਾਂ ਜੁੱਤੀਆਂ ਬਣਵਾ ਕੇ ਦਿੱਤੀਆਂ ਅਤੇ ਨਾ ਹੀ ਪੈਸੇ ਮੋੜੇ। ਇਕ ਦਿਨ ਜਦੋਂ ਉਹ ਉਸ ਨੂੰ ਸ਼ਾਮ ਚੁਰਾਸੀ ਮਿਲ ਗਿਆ ਤਾਂ ਉਸ ਨੇ ਉਸ ਦੀ ਅਤੇ ਉਸ ਦੇ ਨਾਲ ਦੇ ਇਕ ਹੋਰ ਬੰਦੇ ਦੀ ਪੱਗ ਲਾਹ ਲਈ। ਬਤਨ ਸਿੰਘ ਉਸ ਖਿਲਾਫ ਗਵਾਹੀ ਦੇ ਕੇ ਬੇਇੱਜਤੀ ਦਾ ਬਦਲਾ ਲੈ ਰਿਹਾ ਹੈ। ਦੂਜੇ ਗਵਾਹ ਧੰਨਾ ਸਿੰਘ ਕੋਟਲੀ ਬਾਵਾਦਾਸ ਬਾਰੇ ਬੱਬਰ ਨੇ ਕਿਹਾ ਕਿ ਕਿਸੇ ਜਨਾਨੀ ਨੂੰ ਉਧਾਲਣ ਕਾਰਨ ਉਸ ਦਾ ਧੰਨਾ ਸਿੰਘ ਨਾਲ ਝਗੜਾ ਹੋਇਆ ਸੀ, ਇਸ ਲਈ ਉਹ ਉਸ ਦੇ ਖਿਲਾਫ ਹੈ।

ਬੱਬਰ ਨੂੰ ਸੱਤ ਸਾਲ ਦੀ ਸਜ਼ਾ ਸੁਣਾ ਕੇ ਮੁਲਤਾਨ ਜੇਲ੍ਹ ਭੇਜ ਦਿੱਤਾ ਗਿਆ। ਮੁਲਤਾਨ ਜੇਲ੍ਹ ਦੇ ਸੁਪਰਡੈਂਟ ਦੇ ਅਤਿਆਚਾਰਾਂ ਖਿਲਾਫ ਉਸ ਨੇ ਭੁੱਖ ਹੜਤਾਲ ਕੀਤੀ। ਫਿਰ ਉਸ ਨੂੰ ਕਾਲੇ ਪਾਣੀ ਭੇਜ ਦਿੱਤਾ ਗਿਆ। ਜੇਲ੍ਹ ਅੰਦਰ ਬਿਮਾਰੀ ਕਾਰਨ ਉਸ ਦੀ ਮੌਤ ਹੋ ਗਈ। ਉਸ ਦਾ ਇਕ ਪੁੱਤਰ ਮਲਕੀਅਤ ਸਿੰਘ ਸੀ ਅਤੇ ਉਸ ਦੇ ਅੱਗੇ ਲੜਕੀ ਹੋਈ ਜੋ ਪਿੰਡ ਠੱਕਰਵਾਲ ਵਿਆਹੀ ਹੋਈ ਹੈ। ਪਿੰਡ ਵਿਚ ਬੱਬਰ ਦਾ ਘਰ ਢਹਿ-ਢੇਰੀ ਹੋ ਚੁਕਾ ਹੈ। ਲੇਖਕ 2011 ਵਿਚ ਉਸ ਦੇ ਪਿੰਡ ਵਿਚ ਇਤਿਹਾਸ ਲਿਖਣ ਲਈ ਗਿਆ ਤਾਂ ਦੇਖਿਆ ਕਿ ਮੌਜੂਦਾ ਪੀੜ੍ਹੀ ਨੂੰ ਬੱਬਰ ਦੁੰਮਣ ਸਿੰਘ ਬਾਰੇ ਕੋਈ ਜਾਣਕਾਰੀ ਨਹੀਂ ਅਤੇ ਉਸ ਦੀ ਕੋਈ ਹੋਰ ਔਲਾਦ ਅੱਗੇ ਨਾ ਹੋਣ ਕਰ ਕੇ ਕੋਈ ਉਸ ਨੂੰ ਯਾਦ ਨਹੀਂ ਕਰਦਾ।

# ਤੁਝ ਬਿਨੁ ਘਰੀ ਨ ਜੀਵਨਾ ਧ੍ਰਿਗੁ ਰਹਣਾ ਸੰਸਾਰਿ

## ਗੁਰਬਾਣੀ ਗਿਆਨ

**ਰਾਗੁ ਗਉੜੀ ਬੈਰਾਗਣਿ ਮਹਲਾ ੫**
ੴ ਸਤਿਗੁਰ ਪ੍ਰਸਾਦਿ॥
ਦਯ ਗੁਸਾਈ ਮੀਤੁਲਾ ਤੂ
ਸੰਗਿ ਹਮਾਰੈ ਬਾਸੁ ਜੀਉ॥ ਰਹਾਉ॥
ਤੁਝ ਬਿਨੁ ਘਰੀ ਨ ਜੀਵਨਾ
ਧ੍ਰਿਗੁ ਰਹਣਾ ਸੰਸਾਰਿ॥
ਜੀਅ ਪ੍ਰਾਨ ਸੁਖ ਦਾਤਿਆ
ਨਿਮਖ ਨਿਮਖ ਬਲਿਹਾਰਿ ਜੀ॥
ਹਸਤ ਅਲੰਬਨੁ ਦੇਹੁ ਪ੍ਰਭ
ਗਰਤਹੁ ਉਧਰੁ ਗੋਪਾਲ॥
ਮੋਹਿ ਨਿਰਗੁਨ ਮਤਿ ਥੋਰੀਆ
ਤੂੰ ਸਦ ਹੀ ਦੀਨ ਦਇਆਲ॥
ਕਿਆ ਸੁਖ ਤੇਰੇ ਸੰਮਲਾ
ਕਵਨ ਬਿਧੀ ਬੀਚਾਰ॥
ਸਰਣਿ ਸਮਾਈ ਦਾਸ ਹਿਤ
ਊਚੇ ਅਗਮ ਅਪਾਰ॥
ਸਗਲ ਪਦਾਰਥ ਅਸਟ ਸਿਧਿ
ਨਾਮ ਮਹਾ ਰਸ ਮਾਹਿ॥
ਸੁਪ੍ਰਸੰਨ ਭਏ ਕੇਸਵਾ
ਸੇ ਜਨ ਹਰਿ ਗੁਣ ਗਾਹਿ॥
ਮਾਤ ਪਿਤਾ ਸੁਤ ਬੰਧਪੋ
ਤੂੰ ਮੇਰੇ ਪ੍ਰਾਣ ਅਧਾਰ॥
ਸਾਧਸੰਗਿ ਨਾਨਕੁ ਭਜੈ
ਬਿਖੁ ਤਰਿਆ ਸੰਸਾਰੁ॥

ਗੁਰੂ ਅਰਜਨ ਦੇਵ ਮਿਹਰਬਾਨ ਪ੍ਰਭੂ ਦੀ ਸਿਫਤਿ ਸਾਲਾਹ ਕਰਦਿਆਂ ਬੇਨਤੀ ਕਰਦੇ ਹਨ, ਹੇ ਦਯਾਵਾਨ ਪ੍ਰਭੂ! ਸ੍ਰਿਸ਼ਟੀ ਦੇ ਮਾਲਕ! ਤੂੰ ਮੇਰਾ ਪਿਆਰਾ ਮਿੱਤਰ ਹੈਂ। ਹੇ ਜਗਤ ਦੇ ਮਾਲਕ, ਕਿਰਪਾ ਕਰ ਅਤੇ ਸਦਾ ਸਦਾ ਮੇਰੇ ਨਾਲ ਹੀ ਵੱਸਦਾ ਰਹੁ।

ਤੁਝ ਬਿਨੁ ਘਰੀ ਨ ਜੀਵਨਾ
ਧ੍ਰਿਗੁ ਰਹਣਾ ਸੰਸਾਰਿ॥
ਜੀਅ ਪ੍ਰਾਨ ਸੁਖ ਦਾਤਿਆ
ਨਿਮਖ ਨਿਮਖ ਬਲਿਹਾਰਿ ਜੀ॥

ਹੇ ਮੇਰੇ ਪਿਆਰੇ ਮਿੱਤਰ ਜੀਓ! ਤੈਥੋਂ ਬਿਨ ਘੜੀ ਭਰ ਵੀ ਆਤਮਕ ਜੀਵਨ ਨਹੀਂ ਹੋ ਸਕਦਾ, ਆਤਮਕ ਜੀਵਨ ਤੋਂ ਬਿਨਾ ਤਾਂ ਇਸ ਸੰਸਾਰ ਵਿਚ ਰਹਿਣਾ ਧ੍ਰਿਗ ਭਾਵ ਫਿਟਕਾਰਯੋਗ ਹੈ। ਹੇ ਜਿੰਦ ਦੇਣ ਵਾਲੇ ਪ੍ਰਭੂ, ਹੇ ਸੁਖ ਦੇਣ ਵਾਲੇ ਦਾਤਾਰ ਜੀਓ! ਮੈਂ ਤੈਥੋਂ ਨਿਮਖ ਨਿਮਖ ਸਦਕੇ ਜਾਂਦਾ ਹਾਂ।

ਹਸਤ ਅਲੰਬਨੁ ਦੇਹੁ ਪ੍ਰਭ
ਗਰਤਹੁ ਉਧਰੁ ਗੋਪਾਲ॥
ਮੋਹਿ ਨਿਰਗੁਨ ਮਤਿ ਥੋਰੀਆ
ਤੂੰ ਸਦ ਹੀ ਦੀਨ ਦਇਆਲ॥

ਗੁਰਦੇਵ ਆਖਦੇ ਹਨ, ਹੇ ਮੇਰੇ ਮਿਹਰਬਾਨ ਪ੍ਰਭੂ! ਮਿਹਰ ਕਰ ਅਤੇ ਮੈਨੂੰ ਆਪਣੇ ਹੱਥ ਦਾ ਸਹਾਰਾ ਦੇ ਕੇ ਵਿਕਾਰਾਂ ਦੇ ਟੋਏ ਵਿਚੋਂ ਬਾਹਰ ਕੱਢ ਲੈ। ਹੇ ਗੋਪਾਲ! ਮੈਂ ਨਿਰਗੁਣ ਹਾਂ, ਮੇਰੇ ਵਿਚ ਕੋਈ ਗੁਣ ਨਹੀਂ, ਮੇਰੀ ਮਤਿ ਵੀ ਹੋਛੀ ਹੈ, ਪਰ ਹੇ ਪ੍ਰਭੂ ਜੀਓ! ਤੂੰ ਸਦਾ ਹੀ ਦੀਨਾਂ ਭਾਵ ਗਰੀਬਾਂ ਉਤੇ ਤਾਂ ਦਇਆ ਕਰਨ ਵਾਲਾ ਹੈਂ, ਮੇਰੇ 'ਤੇ ਵੀ ਦਇਆ ਕਰ।

ਕਿਆ ਸੁਖ ਤੇਰੇ ਸੰਮਲਾ
ਕਵਨ ਬਿਧੀ ਬੀਚਾਰ॥
ਸਰਣਿ ਸਮਾਈ ਦਾਸ ਹਿਤ
ਊਚੇ ਅਗਮ ਅਪਾਰ॥

ਗੁਰੂ ਅਰਜਨ ਦੇਵ ਪ੍ਰਭੂ ਉਸਤਤਿ ਕਰਦਿਆਂ ਆਖਦੇ ਹਨ, ਹੇ ਸਭ ਤੋਂ ਉਚੇ ਅਪਹੁੰਚ ਪ੍ਰਭੂ, ਹੇ ਬੇਅੰਤ ਪ੍ਰਭੂ! ਮੈਂ ਤੇਰੇ ਦਿੱਤੇ ਕਿਹੜੇ ਕਿਹੜੇ ਸੁੱਖ ਚੇਤੇ ਕਰਾਂ? ਮਿਹਰਬਾਨ ਪਿਤਾ! ਮੈਂ ਕਿਹੜੇ ਕਿਹੜੇ ਤਰੀਕਿਆਂ ਨਾਲ ਤੇਰੇ ਬਖਸ਼ੇ ਸੁੱਖਾਂ ਦੀ ਵਿਚਾਰ ਕਰਾਂ? ਤੂੰ ਦਾਤਾਂ ਦੇਣ ਵਾਲਾ ਦਾਤਾਰ ਹੈਂ, ਮੈਂ ਤੇਰੇ ਦਿੱਤੇ ਬੇਅੰਤ ਸੁੱਖਾਂ ਦੀ ਗਿਣਤੀ ਨਹੀਂ ਕਰ ਸਕਦਾ।

ਸਗਲ ਪਦਾਰਥ ਅਸਟ ਸਿਧਿ
ਨਾਮ ਮਹਾ ਰਸ ਮਾਹਿ॥
ਸੁਪ੍ਰਸੰਨ ਭਏ ਕੇਸਵਾ
ਸੇ ਜਨ ਹਰਿ ਗੁਣ ਗਾਹਿ॥

ਸਤਿਗੁਰੂ ਸੰਸਾਰਕ ਪਦਾਰਥਾਂ ਬਾਬਤ ਸਮਝਾਉਣਾ ਕਰਦੇ ਆਖਦੇ ਹਨ, ਹੇ ਭਾਈ! ਦੁਨੀਆਂ ਦੇ ਸਾਰੇ ਪਦਾਰਥ ਅਤੇ ਜੋਗੀਆਂ ਦੀਆਂ ਦੱਸੀਆਂ ਅੱਠੇ ਸਿਧੀਆਂ ਸਭ ਤੋਂ ਸ੍ਰੇਸ਼ਟ ਰਸ ਨਾਮ ਰਸ ਵਿਚ ਮੌਜੂਦ ਹਨ। ਹੇ ਭਾਈ, ਜਿਨ੍ਹਾਂ ਵਡਭਾਗੇ ਮਨੁੱਖਾਂ ਉਤੇ ਉਹ ਸੋਹਣੇ ਲੰਮੇ ਕੇਸਾਂ ਵਾਲਾ ਕੇਸਵ ਪ੍ਰਭੂ ਪ੍ਰਸੰਨ ਹੁੰਦਾ ਹੈ, ਉਹ ਬੰਦੇ ਉਸ ਜਗਤ ਦੇ ਮਾਲਕ ਪ੍ਰਭੂ ਦੇ ਗੁਣ ਗਾਉਂਦੇ ਰਹਿੰਦੇ ਹਨ।

ਮਾਤ ਪਿਤਾ ਸੁਤ ਬੰਧਪੋ
ਤੂੰ ਮੇਰੇ ਪ੍ਰਾਣ ਅਧਾਰ॥
ਸਾਧਸੰਗਿ ਨਾਨਕੁ ਭਜੈ
ਬਿਖੁ ਤਰਿਆ ਸੰਸਾਰੁ॥

ਸਤਿਗੁਰੂ ਅਰਦਾਸ ਕਰਦੇ ਹਨ, ਹੇ ਦਇਆਵਾਨ ਮਿਹਰਾਂ ਦੇ ਮਾਲਕ ਪ੍ਰਭੂ, ਹੇ ਮੇਰੇ ਪ੍ਰਾਣਾਂ ਦੇ ਆਸਰੇ ਪ੍ਰਭੂ! ਮੇਰਾ ਮਾਂ ਪਿਉ, ਪੁੱਤਰ ਅਤੇ ਰਿਸ਼ਤੇਦਾਰ ਸਭ ਕੁਝ ਤੂੰ ਹੀ ਹੈਂ। ਤੇਰਾ ਇਹ ਦਾਸ ਨਾਨਕ ਤੇਰੀ ਸਾਧ ਸੰਗਤ ਵਿਚ ਤੇਰੀ ਮਿਹਰ ਨਾਲ ਹੀ ਤੇਰਾ ਭਜਨ ਕਰਦਾ ਹੈ। ਹੇ ਪਿਤਾ! ਜੋ ਮਨੁਖ ਤੇਰੇ ਨਾਮ ਦਾ ਭਜਨ ਕਰਦਾ ਹੈ, ਉਹ ਇਸ ਵਿਕਾਰਾਂ ਦੇ ਜ਼ਹਿਰ ਨਾਲ ਭਰੇ ਸੰਸਾਰ ਸਮੁੰਦਰ ਵਿਚੋਂ ਤੇਰੇ ਨਾਮ ਦੀ ਮਿਹਰ ਸਦਕਾ ਸਹੀ ਸਲਾਮਤ ਉਚਾ-ਸੁੱਚਾ ਜੀਵਨ ਲੈ ਕੇ ਪਾਰ ਲੰਘ ਜਾਂਦਾ ਹੈ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

# ਨਾ ਖਾਊਂਗਾ, ਨਾ ਖਾਨੇ ਦੂੰਗਾ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਨਾਜਾਇਜ਼ ਢੰਗ ਨਾਲ ਨਕਦੀ ਜਾਂ ਤੋਹਫੇ ਦੇ ਨਾਂ 'ਤੇ ਹੋਰ ਮਹਿੰਗੀਆਂ ਵਸਤੂਆਂ ਭੇਟ ਕਰਕੇ ਕਿਸੇ ਅਧਿਕਾਰੀ ਤੋਂ ਕੰਮ ਕਢਵਾ ਲੈਣ ਦੀ ਰੀਤ ਢੇਰ ਪੁਰਾਣੀ ਹੈ ਤੇ ਲਗਭਗ ਹਰ ਮਨੁੱਖੀ ਸਭਿਅਤਾ ਵਿਚ ਪ੍ਰਚਲਿਤ ਰਹੀ ਹੈ। ਪੰਜਾਬੀ ਵਿਚ ਅਜਿਹੇ ਕੁਕਰਮ ਲਈ ਵੱਢੀ, ਰਿਸ਼ਵਤ ਜਾਂ ਘੂਸ ਸ਼ਬਦਾਂ ਦੀ ਵਰਤੋਂ ਹੁੰਦੀ ਹੈ। ਆਖਰੀ ਸ਼ਬਦ ਇਸਤਰੀ ਦੇ ਗੁਪਤ ਅੰਗ ਦਾ ਵੀ ਸੂਚਕ ਹੋਣ ਕਰਕੇ ਸਾਡੀ ਭਾਸ਼ਾ ਵਿਚ ਇਸ ਦੀ ਵਰਤੋਂ ਘਟ ਗਈ ਹੈ। ਮਹਾਨ ਕੋਸ਼ ਸਮੇਤ ਬਹੁਤ ਸਾਰੇ ਪੰਜਾਬੀ ਕੋਸ਼ਾਂ ਵਿਚ ਇਹ ਸ਼ਬਦ ਇਨ੍ਹਾਂ ਹੀ ਅਰਥਾਂ ਵਿਚ ਦਰਜ ਹੈ। ਅੱਜ ਕਲ੍ਹ ਕਈ ਪੰਜਾਬੀ ਅਖਬਾਰਾਂ ਵਿਚ ਇਹ ਸ਼ਬਦ ਵਰਤਿਆ ਮਿਲਦਾ ਹੈ ਭਾਵੇਂ ਇਸ ਦਾ ਕਾਰਨ ਅਖਬਾਰਾਂ ਦੇ ਡੈਸਕਾਂ 'ਤੇ ਬੈਠੇ ਪੰਜਾਬੀ ਭਾਸ਼ਾ ਦੇ ਗਿਆਨ ਤੋਂ ਵਿਹੂਣੇ ਸੰਪਾਦਕ ਹੀ ਹਨ ਜੋ ਹਿੰਦੀ ਵਿਚ ਆਉਂਦੀਆਂ ਬਣੀਆਂ ਬਣਾਈਆਂ ਖਬਰਾਂ ਦਾ ਚਲਾਵਾਂ ਅਨੁਵਾਦ ਕਰ ਲੈਂਦੇ ਹਨ। ਉਹ ਇਹ ਨਹੀਂ ਦੇਖਦੇ ਕਿ ਪੰਜਾਬੀ ਵਿਚ ਕਿਸੇ ਸ਼ਬਦ ਲਈ ਢੁਕਵਾਂ ਸ਼ਬਦ ਕੀ ਹੋ ਸਕਦਾ ਹੈ। ਕਾਫੀ ਪ੍ਰਚਲਿਤ ਰਿਸ਼ਵਤ ਸ਼ਬਦ ਅਰਬੀ 'ਰਸ਼ਵ' ਤੋਂ ਬਣਿਆ ਹੈ ਜਿਸ ਦਾ ਅਰਥ ਵੱਢੀ ਦੇਣਾ ਹੁੰਦਾ ਹੈ। ਅਰਬੀ ਰਾਸ਼ੀ ਦਾ ਮਤਲਬ ਹੈ, ਵੱਢੀ ਦੇਣ ਵਾਲਾ। ਐਪਰ ਇਸ ਮਹਾਨ ਕੰਮ ਲਈ ਪੰਜਾਬੀ ਦਾ ਠੇਠ ਸ਼ਬਦ ਹੈ 'ਵੱਢੀ' ਤੇ ਅੱਜ ਅਸੀਂ ਇਸ ਸ਼ਬਦ ਨੂੰ ਹੀ ਵੱਢਣਾ ਹੈ।

ਗੁਰੂ ਨਾਨਕ ਦੇਵ ਦੇ ਪਦਾਂ ਵਿਚ ਵੱਢੀ ਸ਼ਬਦ ਇਸ ਤਰ੍ਹਾਂ ਆਇਆ ਹੈ, ਕਾਜੀ ਹੋਇ ਕੈ ਬਹੈ ਨਿਆਇ॥ ਫੇਰੇ ਤਸਬੀ ਕਰੇ ਖੁਦਾਇ॥ ਵਢੀ ਲੈ ਕੈ ਹਕੁ ਗਵਾਏ॥ ਜੇ ਕੋ ਪੁਛੈ ਤਾ ਪੜਿ ਸੁਣਾਏ॥; ਲੈ ਕੈ ਵਢੀ ਦੇਨਿ ਉਗਾਹੀ ਦੁਰਮਤਿ ਕਾ ਗਲਿ ਫਾਹਾ ਹੇ॥ ਦੇਸਾ ਸਿੰਘ ਦੇ ਰਹਿਤਨਾਮੇ ਵਿਚ ਹਦਾਇਤ ਹੈ, ਵੱਢੀ ਲੈਕਰ ਨਯਾਯ ਨ ਕਰੀਏ। ਝੂਠੀ ਸਾਖਾ ਕਬਹੁ ਨ ਭਰੀਏ। ਵੱਡੇ ਭਰਾਵਾਂ ਨੇ ਵੱਢੀ ਦੇ ਜ਼ਰੀਏ ਹੀ ਰਾਂਝੇ ਨੂੰ ਬੰਜਰ ਭੋਇੰ ਦਿਵਾ ਦਿੱਤੀ ਸੀ:

ਹਾਜ਼ਿਰ ਕਾਜ਼ੀ ਤੇ ਪੈਂਚ ਸਦਾਇ ਸਾਰੇ,
ਭਾਈਆਂ ਜ਼ਿਮੀਂ ਨੂੰ ਕੱਛ ਪਵਾਈ ਆਹੀ।
ਵੱਢੀ ਦੇ ਕੇ ਜ਼ਿਮੀਂ ਲੈ ਗਏ ਚੰਗੀ,
ਬੰਜਰ ਜ਼ਿਮੀਂ ਰੰਝੇਟੇ ਨੂੰ ਆਈ ਆਹੀ।

'ਮਹਾਨ ਕੋਸ਼' ਵਿਚ ਵੱਢੀ ਸ਼ਬਦ ਦੇ ਇੰਦਰਾਜ ਵਿਚ ਇਸ ਦੀ ਪਰਿਭਾਸ਼ਾ ਇਸ ਪ੍ਰਕਾਰ ਕੀਤੀ ਗਈ ਹੈ, "ਰਿਸ਼ਵਤ, ਜਿਸ ਨੂੰ ਲੈਣ ਵਾਲਾ ਦੂਜੇ ਦਾ ਹੱਕ ਵੱਢ ਦਿੰਦਾ ਹੈ। 'ਵਢੀ ਲੈ ਕੈ ਹਕੁ ਗਵਾਏ॥' (ਮ. ੧. ਵਾਰ ਰਾਮ ੧)।" ਇਸ ਤੋਂ ਸੰਕੇਤ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਵੱਢੀ ਸ਼ਬਦ ਦਾ ਸਬੰਧ ਵੱਢਣਾ ਸ਼ਬਦ ਨਾਲ ਹੈ ਅਰਥਾਤ ਅਜਿਹਾ ਧਨ ਆਦਿ ਜਿਸ ਦਾ ਚੜ੍ਹਾਵਾ ਦੇ ਕੇ ਕਿਸੇ ਹੋਰ ਦਾ ਬਣਦਾ ਹੱਕ ਵੱਢ ਦਿੱਤਾ ਜਾਂਦਾ ਹੈ। ਹਰਭਜਨ ਸਿੰਘ ਦੇਹਰਾਦੂਨ ਅਤੇ ਹੋਰਨਾਂ ਦੀ ਸੰਪਾਦਕੀ ਅਧੀਨ ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਪ੍ਰਕਾਸ਼ਿਤ ਸ੍ਰੀ ਗੁਰੂ ਗ੍ਰੰਥ ਕੋਸ਼ ਵਿਚ ਵੀ ਵੱਢੀ ਇੰਦਰਾਜ ਅਧੀਨ ਇਹ ਲਿਖ ਕੇ 'ਜੋ ਹਕ ਤੇ ਨਿਆਂ ਨੂੰ ਵਢ ਸੁੱਟੇ' ਮਹਾਨ ਕੋਸ਼ ਦੀ ਵਿਆਖਿਆ ਦੀ ਜ਼ੋਰ ਨਾਲ ਪੁਸ਼ਟੀ ਕੀਤੀ ਗਈ ਹੈ। 'ਸਿੱਖ ਮਾਰਗ' ਦੇ ਇਕ ਅੰਕ ਵਿਚ ਜਸਬੀਰ ਸਿੰਘ ਵੈਨਕੂਵਰ ਨੇ 'ਵੱਢੀਖੋਰ' ਨਾਮੀ ਲੇਖ ਸ਼ੁਰੂ ਹੀ ਇਸ ਤਰ੍ਹਾਂ ਕੀਤਾ ਹੈ, "ਵੱਢੀ ਸ਼ਬਦ ਵਢ ਤੋਂ ਬਣਿਆ ਹੈ। ਵਢ ਦਾ ਅਰਥ ਹੈ, ਵਧ ਕਰਨਾ, ਭਾਵ ਕਤਲ ਕਰਨਾ।" ਮੇਰੀ ਜਾਚੇ ਵੱਢੀ ਨੂੰ ਵਢ/ਵਧ ਨਾਲ ਜੋੜਨਾ ਵਧੀਕੀ ਹੈ। ਇਹ ਇਕ ਕਾਵਿਕ ਜਿਹੀ ਵਿਆਖਿਆ ਹੈ ਜੋ ਪ੍ਰਗਟ ਤੌਰ 'ਤੇ ਗੁਰੂ ਨਾਨਕ ਦੇਵ ਦੇ ਉਕਤ ਦਰਜ ਪਦ ਤੋਂ ਪ੍ਰਭਾਵਤ ਹੋਈ ਹੈ।



ਐਪਰ ਵੱਢੀ ਸ਼ਬਦ ਦੀ ਮੁਤਬਾਦਲ ਵਿਆਖਿਆ ਮੌਜੂਦ ਹੈ ਜੋ ਵਧੇਰੇ ਤਾਰਕਿਕ ਪ੍ਰਤੀਤ ਹੁੰਦੀ ਹੈ। ਉਘੇ ਨਿਰੁਕਤ ਸ਼ਾਸਤਰੀ ਗ. ਸ. ਰਿਆਲ ਨੇ ਆਪਣੇ ਨਿਰੁਕਤ ਕੋਸ਼ ਵਿਚ ਇਸੇ ਨੂੰ ਸਵੀਕਾਰ ਕੀਤਾ ਹੈ। ਇਹ ਵਿਆਖਿਆ ਰਾਲਫ ਲਿਲੀ ਟਰਨਰ ਦੇ ਤੁਲਨਾਤਮਕ ਕੋਸ਼ ਵਿਚ ਦਰਜ ਹੈ। ਟਰਨਰ ਇਸ ਨੂੰ ਸੰਸਕ੍ਰਿਤ ਵ੍ਰਿਧਿ ਨਾਲ ਜੋੜਦਾ ਹੈ ਜਿਸ ਦਾ ਅਰਥ ਵਾਧਾ, ਖੁਸ਼ਹਾਲੀ ਆਦਿ ਹੈ। ਇਸ ਦਾ ਧਾਤੂ ਹੈ, 'ਵ੍ਰਧ' ਜਿਸ ਵਿਚ ਵਧਣ ਦੇ ਭਾਵ ਹਨ। ਅਸਲ ਵਿਚ ਪੰਜਾਬੀ ਸ਼ਬਦ ਵਾਧਾ, ਵਧਣਾ, ਵਧਾਈ ਅਤੇ ਬਿਰਧ, ਬੁੱਢਾ, ਬੁੜਾ ਆਦਿ ਵੀ ਇਸ ਧਾਤੂ ਤੋਂ ਵਿਉਤਪਤ ਹੋਏ ਹਨ, ਬੁੱਢਾ, ਬਿਰਧ ਜਾਂ ਬੁੜਾ ਵਿਚ ਵੀ ਉਮਰ ਦੇ ਵਧਣ ਦਾ ਭਾਵ ਹੈ। ਪਾਲੀ ਅਤੇ ਪ੍ਰਾਕ੍ਰਿਤ ਦੇ ਸ਼ਬਦ ਵੱਢੀ, ਵੁੱਢੀ ਅਤੇ ਵੁਧੀ ਜਿਹੇ ਸ਼ਬਦ ਵਾਧਾ ਜਾਂ ਖੁਸ਼ਹਾਲੀ ਤੋਂ ਇਲਾਵਾ ਵਿਆਜ ਜਾਂ ਲਾਭ ਦੇ ਅਰਥਾਵੇਂ ਵੀ ਹਨ। ਭਾਰਤ ਦੀਆਂ ਕਈ ਹੋਰ ਆਰਿਆਈ ਭਾਸ਼ਾਵਾਂ ਵਿਚ ਇਸ ਸ਼ਬਦ ਦੇ ਅਜਿਹੇ ਹੀ ਰੁਪਾਂਤਰਾਂ ਦੇ ਅਜਿਹੇ ਹੀ ਅਰਥ ਉਪਲਭਦ ਹਨ। ਮਰਾਠੀ ਵਾਢ ਵਿਚ ਵਾਧਾ, ਅਤੇ ਵਾਢੀ ਵਿਚ ਫਾਲਤੂ, ਵਾਫਰ ਦੇ ਭਾਵ ਹਨ। ਪੰਜਾਬੀ ਵਿਚ ਰਿਸ਼ਵਤ ਲਈ ਵੱਢੀ ਦੇ ਨਾਲ ਨਾਲ ਵਾਢੀ ਸ਼ਬਦ ਦੀ ਵਰਤੋਂ ਵੀ ਮਿਲਦੀ ਹੈ। ਸਪਸ਼ਟ ਹੈ ਕਿ ਵੱਢੀ ਇਕ ਤਰ੍ਹਾਂ ਉਹ ਰਕਮ ਹੈ ਜੋ ਵਾਧੇ ਵਜੋਂ ਜਾਂ ਉਪਰ ਦੀ ਦਿੱਤੀ ਗਈ ਹੈ। ਵੱਢੀ ਜਾਂ ਭ੍ਰਿਸ਼ਟ ਤਰੀਕਿਆਂ ਨਾਲ ਹਥਿਆਈ 'ਵਾਧੂ' ਦੀ ਆਮਦਨ ਨੂੰ ਉਪਰ ਦੀ ਕਮਾਈ ਵੀ ਕਿਹਾ ਜਾਂਦਾ ਹੈ ਜੋ ਅੱਜ ਕਲ੍ਹ ਅਮੀਰੀ ਦੀ ਅਸਲ ਨਿਸ਼ਾਨੀ ਸਮਝੀ ਜਾਂਦੀ ਹੈ। ਉਂਜ ਵਧਾਉਣ ਦੇ ਸੰਕਲਪ ਵਿਚ ਆਪਣੇ ਕੰਮ ਜਾਂ ਮੁਫਾਦ ਨੂੰ ਅੱਗੇ ਲਿਜਾਣ ਦੇ ਭਾਵ ਵੀ ਹਨ। ਪੰਜਾਬੀ ਵੱਢੀ ਤੋਂ ਇਲਾਵਾ ਬਲੋਚੀ ਦੇ ਵਦਰੀ ਅਤੇ ਪਸ਼ਤੋ ਦੇ ਬੱਡ ਸ਼ਬਦਾਂ ਵਿਚ ਰਿਸ਼ਵਤ ਦੇ ਭਾਵ ਹਨ।

ਅਸਲ ਵਿਚ ਵੱਢੀ ਬਾਰੇ ਲਿਖਣ ਦੀ ਪ੍ਰੇਰਨਾ ਮੈਨੂੰ 'ਨਿਊ ਯਾਰਕ ਟਾਈਮਜ਼' ਦੇ ਹਾਲ ਹੀ ਵਿਚ ਛਪੇ ਇਕ ਆਰਟੀਕਲ ਤੋਂ ਮਿਲੀ। ਇਸ ਵਿਚ ਕਿਹਾ ਗਿਆ ਹੈ ਕਿ ਵੱਢੀ ਦਾ ਖਾਣ ਦੀ ਕ੍ਰਿਆ ਨਾਲ ਬੜਾ ਡੂੰਘਾ ਸਬੰਧ ਹੈ। ਲੇਖਕ ਨੇ ਫੁਰਮਾਇਆ ਹੈ ਕਿ ਬਾਈਬਲ ਅਨੁਸਾਰ ਮਨੁੱਖ ਸਿਰਫ ਰੋਟੀ ਨਾਲ ਹੀ ਨਹੀਂ ਜਿਉਂਦਾ। ਇਸ ਦਾ ਭਾਵ ਹੈ ਕਿ ਉਸ ਨੂੰ ਖਾਣ ਲਈ ਪਾਸਤਾ, ਮੀਟ ਦੇ ਕੋਫਤੇ, ਜੈਮ ਅਤੇ ਵਾਈਨ ਆਦਿ ਜਿਹੇ ਚੋਸੇ ਵੀ ਚਾਹੀਦੇ ਹੁੰਦੇ ਹਨ। ਨਿਸਚੇ ਹੀ ਇਹ ਗੱਲ ਭ੍ਰਿਸ਼ਟ ਸਿਆਸਤਦਾਨਾਂ 'ਤੇ ਲਾਗੂ ਹੁੰਦੀ ਹੈ। ਲੇਖਕ ਨੇ ਦਰਸਾਇਆ ਹੈ ਕਿ ਬਹੁਤ ਸਾਰੀਆ ਸਭਿਅਤਾਵਾਂ ਵਿਚ ਵੱਢੀ ਲਈ ਅਜਿਹੇ ਗੁਪਤ ਸ਼ਬਦ (ਕੋਡ) ਹਨ ਜਿਨ੍ਹਾਂ ਦਾ ਸਬੰਧ ਖਾਣ ਵਾਲੀਆਂ ਚੀਜ਼ਾਂ ਨਾਲ ਹੈ। ਨਿਊ ਯਾਰਕ ਦੇ ਇਕ ਭ੍ਰਿਸ਼ਟ ਕੇਸ ਵਿਚ ਵੱਢੀ ਲਈ ਗੁਪਤ ਸ਼ਬਦ 'ਜ਼ੀਡੀ ਦੇ ਬਕਸੇ' ਵਰਤਿਆ ਗਿਆ ਹੈ। ਜ਼ੀਡੀ ਇਕ ਕਿਸਮ ਦਾ ਇਤਾਲਵੀ ਪਾਸਤਾ ਹੁੰਦਾ ਹੈ। ਪੈਨਸਿਲਵੇਨੀਆ ਦੇ ਇਕ ਕੁਰੱਪਸ਼ਨ ਕੇਸ ਵਿਚ ਦੋ ਬੰਦਿਆਂ ਵਿਚਕਾਰ ਵਾਰਤਾਲਾਪ ਰਿਕਾਰਡ ਕੀਤੀ ਗਈ ਹੈ ਜਿਸ ਵਿਚ 'ਮੀਟ ਦੇ ਕੋਫਤੇ' ਚੁੱਕਣ ਦਾ ਜ਼ਿਕਰ ਆਉਂਦਾ ਹੈ। ਮੈਰੀਲੈਂਡ ਦੇ ਇਕ ਸੈਨੇਟਰ 'ਤੇ ਮੁਕੱਦਮਾ ਕੀਤਾ ਜਾ ਰਿਹਾ ਹੈ ਜਿਸ ਬਾਰੇ ਕਿਹਾ ਗਿਆ ਹੈ ਕਿ ਉਸ ਨੇ ਹਜ਼ਾਰ ਹਜ਼ਾਰ ਡਾਲਰ ਦੀਆਂ ਥੱਦੀਆਂ ਲਈ ਲਾਲੀਪਾਪ ਸ਼ਬਦ ਵਰਤਿਆ ਹੈ।

ਫਰਾਂਸ ਵਿਚ ਵੱਢੀ ਨੂੰ 'ਵਾਈਨ ਦਾ ਮੱਟ' ਕਿਹਾ ਜਾਂਦਾ ਹੈ। ਸਾਡੇ ਮਸ਼ਹੂਰ ਹੈ ਕਿ ਮੁੱਲਾਂ ਵੀ ਮੁਫਤ ਦੀ ਸ਼ਰਾਬ ਪੀ ਲੈਂਦਾ ਹੈ! ਪੁਰਤਗਾਲ ਵਿਚ ਵੱਢੀ ਲਈ ਸੌਫਟ ਡਰਿੰਕ, ਸੀਰੀਆ ਵਿਚ ਕਾਫੀ ਦਾ ਕੱਪ ਅਤੇ ਚੀਨ ਵਿਚ ਚਾਹ ਦਾ ਖਰਚਾ ਜਿਹੇ ਬੋਲੇ ਚਲਦੇ ਹਨ। ਇਸੇ ਤਰ੍ਹਾਂ ਇਟਲੀ ਵਿਚ ਪੀਜ਼ੋ ਸ਼ਬਦ ਹੈ ਜਿਸ ਦਾ ਸ਼ਾਬਦਿਕ ਅਰਥ ਪੀਜ਼ਾ ਨਹੀਂ ਬਲਕਿ 'ਚੁੰਜ ਗਿੱਲੀ ਕਰਨਾ' ਹੈ। ਜਾਪਾਨ ਵਿਚ ਚੌਲਾਂ ਦਾ ਕੋਫਤਾ ਚਲਦਾ ਹੈ। ਵੱਢੀ ਨੂੰ ਜਰਮਨੀ ਵਿਚ ਜੂਸ ਕਿਹਾ ਜਾਂਦਾ ਹੈ। ਰੂਸ ਵਿਚ ਨੋਟਾਂ ਦੀ ਦੱਥੀ ਲਈ ਕਟਲੈਟ ਸ਼ਬਦ ਵਰਤਿਆ ਜਾਂਦਾ ਹੈ। ਕੋਲੰਬੀਆ ਵਿਚ ਰਿਸ਼ਵਤ ਲਈ ਮਰਮਲੇਡ (ਜੈਮ) ਹੈ ਅਤੇ ਮੈਕਸੀਕੋ ਵਿਚ ਬੁਰਕੀ ਹੈ।

ਅਰਬ ਵਿਚ ਨਵੇਂ ਨਵੇਂ ਸੱਤਾ ਵਿਚ ਆਏ ਧੜੇ ਲਈ 'ਹੁਣ ਇਨ੍ਹਾਂ ਦੇ ਖਾਣ ਦੀ ਵਾਰੀ ਹੈ' ਕਿਹਾ ਜਾਂਦਾ ਹੈ। ਅਰਬੀ ਵਿਚ ਰਿਸ਼ਵਤ ਲਈ ਹਲਵਾਨ (ਹਲਵੇ ਤੋਂ) ਸ਼ਬਦ ਵੀ ਚਲਦਾ ਹੈ। ਇਸਰਾਈਲ ਵਿਚ ਕੁਰੱਪਸ਼ਨ ਵਿਚ ਘਿਰੇ ਉਥੋਂ ਦੇ ਪ੍ਰਧਾਨ ਮੰਤਰੀ ਨੈਤਨਯਾਹੂ ਲਈ 'ਸ਼ੈਂਪੇਨ' ਅਤੇ 'ਖਾਣੇ ਦਾ ਆਡਰ' ਜਿਹੇ ਪਦ ਵਰਤੇ ਜਾਂਦੇ ਹਨ। ਪਰ ਨੈਤਨਯਾਹੂ 'ਤੇ ਦੋਸ਼ ਹੈ ਕਿ ਉਸ ਨੇ ਸੱਚਮੁਚ ਇਨ੍ਹਾਂ ਚੀਜ਼ਾਂ ਦਾ ਘਪਲਾ ਕੀਤਾ ਹੈ। ਜਿਵੇਂ ਲਾਲੂ ਪ੍ਰਸ਼ਾਦ ਯਾਦਵ ਸੱਚਮੁੱਚ ਚਾਰੇ ਦੇ ਘਪਲੇ ਵਿਚ ਫਸਿਆ ਹੋਇਆ ਹੈ ਭਾਵੇਂ ਕਿ ਚਾਰਾ ਬੰਦਿਆਂ ਦੇ ਨਹੀਂ, ਪਸ਼ੂਆਂ ਦੇ ਖਾਣ ਵਾਲੀ ਚੀਜ਼ ਹੈ। ਲਾਲੂ ਇਕ ਵਾਰੀ ਆਪਣੇ ਦੋਸ਼ ਤੋਂ ਮੁਨਕਰ ਹੁੰਦਿਆਂ ਲੋਕ ਸਭਾ ਵਿਚ ਜ਼ੋਰ ਸ਼ੋਰ ਨਾਲ ਕਹਿ ਰਿਹਾ ਸੀ, 'ਮੈਂ ਨਹੀਂ ਮਾਖਨ ਖਾਇਓ।'

ਲਾਲੂ ਦੇ ਪ੍ਰਸੰਗ ਤੋਂ ਮੈਂ ਭਾਰਤ ਦੇਸ਼ ਵਿਚ ਵੱਢੀ ਦੇ ਸਬੰਧ ਵਿਚ ਖਾਣ ਦੀ ਕ੍ਰਿਆ ਵੱਲ ਸੰਕੇਤ ਕਰਦੇ ਸ਼ਬਦਾਂ ਬਾਰੇ ਸੋਚਣ ਲੱਗਾ ਤਾਂ ਮੈਨੂੰ ਇਹ ਗੱਲ ਇਸ ਦੇਸ਼ 'ਤੇ ਵਧੇਰੇ ਢੁਕਦੀ ਲੱਗੀ। ਵੱਢੀ ਲੈਣਾ ਨੂੰ ਇਥੇ ਵੱਢੀ ਖਾਣਾ ਕਿਹਾ ਜਾਂਦਾ ਹੈ, ਇਥੋਂ ਤੱਕ ਕਿ ਇਸ ਕੁਕਰਮ ਲਈ ਨਿਰਾ ਖਾਣਾ ਸ਼ਬਦ ਹੀ ਕਾਫੀ ਹੈ। ਉਂਜ ਖਾਣਾ ਸ਼ਬਦ ਵੱਢੀ ਤੋਂ ਵੀ ਉਤੋਂ ਦੀ ਹੈ, ਇਸ ਵਿਚ ਘਪਲਾ, ਘਾਊ ਘੱਪ ਜਾਂ ਗਬਨ ਕਰਨਾ ਦੇ ਅਰਥ ਵੀ ਨਿਹਿਤ ਹਨ। ਯਾਦ ਕਰੋ, ਨਰਿੰਦਰ ਮੋਦੀ ਵਲੋਂ ਆਪਣੀ 56 ਇੰਚ ਦੀ ਛਾਤੀ ਠੋਕ ਠੋਕ ਕੇ ਬੋਲੇ ਸ਼ਬਦ 'ਨਾ ਖਾਊਂਗਾ, ਨਾ ਖਾਨੇ ਦੂੰਗਾ।' ਮਰਾਠੀ ਖਾਊ ਸ਼ਬਦ ਵੱਢੀ ਦਾ ਸੰਕੇਤਕ ਹੈ। ਅਰਬ ਦੀ ਤਰ੍ਹਾਂ ਭਾਰਤ ਵਿਚ ਵੀ ਨਵੇਂ ਸ਼ਾਸਕ ਖਾਣ ਦੀ ਵਾਰੀ ਲੈਂਦੇ ਹਨ। ਵੱਢੀ ਖਾਣ ਵਾਲੇ ਨੂੰ ਵੱਢੀਖੋਰ ਕਿਹਾ ਜਾਂਦਾ ਹੈ। ਇਸ ਵਿਚ ਖੋਰ ਪਿਛੇਤਰ ਫਾਰਸੀ ਦਾ ਹੈ ਜਿਸ ਦਾ ਅਰਥ ਖਾਣਾ ਹੀ ਹੁੰਦਾ ਹੈ। ਇਹ ਖੋਰ ਪਿਛੇਤਰ ਰਿਸ਼ਵਤ ਨਾਲ ਵੀ ਲੱਗ ਕੇ ਰਿਸ਼ਵਤਖੋਰ ਬਣਾਉਂਦਾ ਹੈ। ਚੀਨ ਦੀ ਹੀ ਤਰ੍ਹਾਂ ਭਾਰਤ ਵਿਚ ਵੀ ਛੋਟੀ ਮੋਟੀ ਰਿਸ਼ਵਤ ਲਈ 'ਚਾਹ ਪਾਣੀ ਪਿਲਾਉਣਾ' ਉਕਤੀ ਚਲਦੀ ਹੈ। ਹੋਰ ਸ਼ਬਦ ਹਨ-ਮੂੰਹ ਬੰਦ ਕਰਨਾ, ਝੁਲਸਾਉਣਾ, ਚਟਾਉਣਾ, ਮੂੰਹ ਵਿਚ ਹੱਡੀ ਦੇਣਾ, ਲੱਡੂ ਖੁਆਉਣਾ, ਬੁਰਕੀ ਪਾਉਣਾ, ਮਿੱਠਾ ਮੂੰਹ ਕਰਾਉਣਾ ਆਦਿ। ਕਹਿੰਦੇ ਹਨ ਚੋਰੀ ਦਾ ਗੁੜ ਮਿੱਠਾ ਹੁੰਦਾ ਹੈ, ਏਧਰ ਮਿੱਠਾ ਹੀ ਇਕ ਤਰ੍ਹਾਂ ਚੋਰੀ ਦਾ ਅਰਥਾਵਾਂ ਬਣ ਗਿਆ ਹੈ।

---

# ਮਿੱਠੇ ਦੀ ਸ਼ਾਨ ਹੈ ਤੱਤਾ ਤੱਤਾ ਗੁੜ

ਦੇਸੀ ਖਾਣੇ

ਚਿੱਤ ਕਰਦਾ ਘਲਾੜੀ ਵਾਲਾ ਹਾਣੀਆ,
ਵੇ ਤੱਤਾ ਤੱਤਾ ਗੁੜ ਖਾਣ ਨੂੰ...।

ਗੀਤ ਦੀਆਂ ਇਹ ਸਤਰਾਂ ਪੜ੍ਹਦਿਆਂ ਹੀ ਮੂੰਹ ਵਿਚ ਪਾਣੀ ਆ ਜਾਂਦਾ ਹੈ। ਚੱਕ ਵਿਚ ਤੱਤਾ ਤੱਤਾ ਗੁੜ ਪਿਆ ਦੇਖ ਕੇ ਖਾਣ ਨੂੰ ਦਿਲ ਲਲਚਾ ਜਾਂਦਾ ਹੈ। ਲੱਖ ਰੋਕਾਂ ਵੀ ਪੰਜਾਬੀਆਂ ਨੂੰ ਮਿੱਠਾ ਖਾਣ ਤੋਂ ਨਹੀਂ ਰੋਕ ਸਕਦੀਆਂ, ਪਰ ਜਦੋਂ ਗੁੜ ਹੋਵੇ ਅਤੇ ਉਹ ਵੀ ਗਰਮ ਗਰਮ, ਫਿਰ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ।



ਸਤਨਾਮ ਸਿੰਘ ਮੱਟੂ
ਫੋਨ: 91-97797-08257

ਗੁੜ ਪੰਜਾਬੀ ਸੱਭਿਆਚਾਰ ਦਾ ਅਤੁੱਟ ਅਤੇ ਅਨਿੱਖੜਵਾਂ ਅੰਗ ਹੈ। ਇਹ ਕੁਦਰਤ ਦੀ ਬਖਸ਼ੀ ਨਿਆਮਤ ਹੈ। ਚੀਨੀ ਕਲਚਰ ਤੋਂ ਪਹਿਲਾਂ ਪਿੰਡਾਂ ਵਿਚ ਮਿੱਠੇ ਵਜੋਂ ਗੁੜ ਜਾਂ ਸ਼ੱਕਰ ਦੀ ਸਰਦਾਰੀ ਸੀ। ਗੁੜ ਦੀ ਚਾਹ, ਗੁੜ ਦੇ ਚੌਲ, ਗੁੜ ਜਾਂ ਗੰਨੇ ਦੇ ਰਸ ਦੀ ਖੀਰ ਆਮ ਘਰਾਂ ਵਿਚ ਬਣਾ ਕੇ ਬੜੇ ਚਾਅਵਾਂ ਮਲ੍ਹਾਰਾਂ ਨਾਲ ਖਾਧੇ ਜਾਂਦੇ ਸਨ। ਗੁੜ ਜਾਂ ਸ਼ੱਕਰ ਨਾਲ ਬਣੀ ਚਾਹ ਨੂੰ ਕੱਚੇ ਮਿੱਠੇ ਦੀ ਚਾਹ ਕਿਹਾ ਜਾਂਦਾ ਸੀ ਅਤੇ ਚੀਨੀ ਜਾਂ ਖੰਡ ਨੂੰ ਪੱਕਾ ਮਿੱਠਾ। ਘਰ ਆਏ ਪ੍ਰਾਹੁਣੇ ਨੂੰ ਸਤਿਕਾਰ ਵਜੋਂ ਪੱਕੇ ਮਿੱਠੇ ਦੀ ਚਾਹ ਦਿੱਤੀ ਜਾਂਦੀ ਸੀ। ਜਿਵੇਂ ਹੀ ਸਮੇਂ ਨੇ ਕਰਵਟ ਲਈ ਤਾਂ ਲੋਕਾਂ 'ਚ ਚੀਨੀ ਦੀ ਚਾਹ ਦਾ ਰਿਵਾਜ ਵਧ ਗਿਆ। ਪੰਜਾਬੀ ਦੇਸੀ ਲੋਕਾਂ ਨੇ ਗੁੜ ਬਣਾਉਣਾ ਬੰਦ ਕਰ ਦਿੱਤਾ। ਗੰਨਾ ਖੰਡ ਮਿੱਲਾਂ ਵੱਲ ਜਾਣ ਲੱਗ ਪਿਆ।

ਪਰ ਮਿੱਠੇ 'ਚੋਂ ਗੁੜ ਦੀ ਸਰਦਾਰੀ ਕਾਇਮ ਰਹੀ। ਬੇਸ਼ੱਕ ਦੇਸੀ ਗੁੜ ਬਣਾਉਣ ਦੇ ਕਾਰੀਗਰ ਘਟ ਗਏ, ਪਰ ਯੂ. ਪੀ. ਬਿਹਾਰ ਤੋਂ ਆ ਕੇ ਕਾਰੀਗਰ ਇਸ ਕੰਮ ਵਿਚ ਜੁਟ ਗਏ ਅਤੇ ਗੁੜ, ਸ਼ੱਕਰ ਮੁੜ ਤੋਂ ਪੰਜਾਬੀਆਂ ਦੇ ਘਰਾਂ ਦਾ ਸ਼ਿੰਗਾਰ ਬਣਨ ਲੱਗ ਗਿਆ ਹੈ। ਲੋਕਾਂ ਦਾ ਚੀਨੀ ਵੱਲੋਂ ਰੁਝਾਨ ਘਟ ਕੇ ਗੁੜ-ਸ਼ੱਕਰ ਵੱਲ ਹੋ ਗਿਆ ਹੈ।

ਅੱਜ ਤੁਹਾਡੇ ਨਾਲ ਗੁੜ ਬਣਾਉਣ ਦੀ ਪ੍ਰਕ੍ਰਿਆ ਸਾਂਝੀ ਕਰਨ ਲੱਗਾ ਹਾਂ। ਸਖਤ ਮੁਸ਼ੱਕਤ ਤੋਂ ਬਾਅਦ ਜੀਅ ਲਲਚਾਉਣ ਵਾਲਾ ਤੱਤਾ ਤੱਤਾ ਗੁੜ ਸਾਡੇ ਤੱਕ ਪਹੁੰਚਦਾ ਹੈ। ਦੁਸਹਿਰੇ ਤੋਂ ਬਾਅਦ ਗੰਨੇ ਵਿਚ ਪੂਰਾ ਰਸ ਭਰ ਜਾਂਦਾ ਹੈ। ਸਿਆਲ ਦੀ ਰੁੱਤ ਸ਼ੁਰੂ ਹੁੰਦੇ ਹੀ ਘਲਾੜੀਆਂ (ਵੇਲਣਿਆਂ) ਦੀ ਮੁਰੰਮਤ ਕਰਕੇ ਗੁੜ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਜਾਂਦਾ ਹੈ। ਲਹਿਲਹਾਉਂਦੇ ਕਮਾਦ ਦੇ ਖੇਤ 'ਚੋਂ ਗੰਨੇ ਨੂੰ ਖਪਰੇ ਨਾਲ ਜੜ੍ਹ ਤੋਂ ਵੱਢ ਲਿਆ ਜਾਂਦਾ ਹੈ। ਪਿੰਡਾਂ ਦੇ ਬੇਜਮੀਨੇ ਗਰੀਬ ਲੋਕ ਉਨ੍ਹਾਂ ਕੱਟੇ ਹੋਏ ਗੰਨਿਆਂ ਤੋਂ ਦਾਤੀਆਂ ਨਾਲ ਸੁੱਕੇ ਪੱਤ ਛਿੱਲ ਕੇ ਅਤੇ ਉਪਰੋਂ ਕੱਚਾ ਗੰਨਾ ਤੇ ਹਰੇ ਪੱਤੇ ਵੱਢ ਕੇ ਢੇਰ ਲਾ ਦਿੰਦੇ ਹਨ। ਇਨ੍ਹਾਂ ਸੁੱਕੇ ਪੱਤਿਆਂ ਨੂੰ ਆਮ ਬੋਲੀ 'ਚ ਪੱਤੀ (ਖੋਰੀ) ਕਿਹਾ ਜਾਂਦਾ ਹੈ ਅਤੇ ਹਰੇ ਪੱਤਿਆਂ ਨੂੰ ਆਗ। ਵੱਢੇ ਅਤੇ ਸੰਵਾਰੇ 20-20, 25-25 ਗੰਨਿਆਂ ਨੂੰ ਬੰਨ ਲਿਆ ਜਾਂਦਾ ਹੈ, ਜਿਸ ਨੂੰ ਪੂਲੀਆਂ ਕਿਹਾ ਜਾਂਦਾ ਹੈ। ਛਿੱਲੇ ਗੰਨਿਆਂ ਦੇ ਵੱਢੇ ਪੱਤਿਆਂ ਭਾਵ ਆਗ ਨੂੰ ਪਸ਼ੂਆਂ ਦੇ ਚਾਰੇ ਲਈ ਵਰਤਿਆ ਜਾਂਦਾ ਹੈ। ਮਿਠਾਸ ਹੋਣ ਕਾਰਨ ਪਸ਼ੂ ਇਸ ਦੇ ਟੋਕੇ ਨੂੰ ਬਹੁਤ ਚਾਅ ਨਾਲ ਖਾਂਦੇ ਹਨ। ਗੰਨਿਆਂ ਦੇ ਬੰਨੇ ਪੂਲੇ ਜਾਂ ਬੰਡਲਾਂ ਨੂੰ ਗੱਡਿਆਂ ਜਾਂ ਟਰੈਕਟਰ-ਟਰਾਲੀ 'ਤੇ ਲੱਦ ਕੇ ਘਲਾੜੀ 'ਤੇ ਢੋਹਿਆ ਜਾਂਦਾ ਹੈ। ਕਈ ਜਗ੍ਹਾ ਘਲਾੜੀ ਨੂੰ ਵੇਲਣਾ ਵੀ ਕਹਿੰਦੇ ਹਨ।





ਇਸ ਤੋਂ ਬਾਅਦ ਗੰਨੇ ਨੂੰ ਇਕੱਲਾ ਇਕੱਲਾ ਕਰਕੇ ਘਲਾੜੀ ਵਿਚ ਪੀੜਿਆ ਜਾਂ ਨਪੀੜਿਆ ਜਾਂਦਾ ਹੈ। ਇਸ ਵਿਚੋਂ ਨਿਕਲੇ ਤਰਲ ਪਦਾਰਥ ਨੂੰ ਰਸ ਜਾਂ ਰਹੁ ਕਿਹਾ ਜਾਂਦਾ ਹੈ ਅਤੇ ਰਸ ਕੱਢਣ ਤੋਂ ਬਾਅਦ ਬਚੇ ਸਖਤ ਪਦਾਰਥ ਨੂੰ ਪੱਛੀ ਕਹਿੰਦੇ ਹਨ। ਇਸ ਨੂੰ ਸੁਕਾ ਕੇ ਗੁੜ ਪਕਾਉਣ ਲਈ ਬਾਲਣ ਵਜੋਂ ਵਰਤ ਲਿਆ ਜਾਂਦਾ ਹੈ। ਰਸ ਪੀਣ ਦਾ ਸਵਾਦ ਵੱਖਰਾ ਹੀ ਹੈ। ਅੱਜ ਕਲ੍ਹ ਗੰਨੇ ਦਾ ਰਸ ਬਾਜ਼ਾਰਾਂ ਵਿਚ ਵੀ ਰੇਹੜੀਆਂ 'ਤੇ ਆਮ ਵਿਕਦਾ ਹੈ। ਇਸ ਨੂੰ ਹੋਰ ਸਵਾਦਿਸ਼ਟ ਬਣਾਉਣ ਲਈ ਇਸ ਵਿਚ ਪੁਦੀਨਾ, ਅਦਰਕ, ਨਿੰਬੂ, ਕਾਲਾ ਲੂਣ ਪਾਇਆ ਜਾਂਦਾ ਹੈ, ਜੋ ਸਿਹਤ ਲਈ ਅਣਮੁੱਲੀ ਦਾਤ ਹੈ।

ਗੰਨੇ ਦੇ ਰਸ ਤੋਂ ਬਹੁਤ ਹੀ ਮਜੇਦਾਰ ਖੀਰ ਬਣਾਈ ਜਾ ਸਕਦੀ ਹੈ, ਜਿਸ ਦੇ ਸਵਾਦ ਦਾ ਮੁਕਾਬਲਾ ਵੇਰਕਾ ਜਾਂ ਹੋਰ ਦੁੱਧ ਤੋਂ ਬਣੀ ਖੀਰ ਵੀ ਨਹੀਂ ਕਰ ਸਕਦੀ। ਗੰਨੇ 'ਚੋਂ ਕੱਢੇ ਇਸ ਰਸ ਨੂੰ ਗੁੜ ਬਣਾਉਣ ਲਈ ਕੜਾਹੇ ਵਿਚ ਪਾ ਕੇ ਭੱਠੀ ਉਪਰ ਲੋੜ ਮੁਤਾਬਕ ਗਰਮ ਕੀਤਾ ਜਾਂਦਾ ਹੈ। ਇਸ ਗਰਮ ਰਸ ਨੂੰ ਲਾਹਣ ਕਿਹਾ ਜਾਂਦਾ ਹੈ। ਰਸ ਨੂੰ ਉਸ ਸਮੇਂ ਤਕ ਮੱਠੇ ਮੱਠੇ ਸੇਕ 'ਤੇ ਗਰਮ ਕੀਤਾ ਜਾਂਦਾ ਹੈ, ਜਦੋਂ ਤਕ ਉਹ ਕੜ੍ਹ ਕੇ ਲਾਲ ਜਾਂ ਭੂਰੇ ਰੰਗ ਵਿਚ ਨਾ ਬਦਲ ਜਾਵੇ ਅਤੇ ਗਰੀਸ ਵਰਗਾ ਸੰਘਣਾ ਨਾ ਹੋ ਜਾਵੇ। ਗਰਮ ਕਰਦੇ ਸਮੇਂ ਲਾਹਣ ਉਪਰੋਂ ਮੈਲ ਉਤਾਰਦੇ ਰਹਿਣਾ ਪੈਂਦਾ ਹੈ ਤਾਂ ਕਿ ਗੁੜ ਦਾ ਰੰਗ ਗੂੜ੍ਹੇ ਦੀ ਥਾਂ ਹਲਕਾ ਭੂਰਾ ਹੋ ਜਾਵੇ। ਇਸ ਤਿਆਰ ਹੋਏ ਗੁੜ ਨੂੰ ਲੱਕੜ ਦੇ ਚੱਕ (ਗੰਡ) ਵਿਚ ਪਾ ਕੇ ਠੰਡਾ ਕੀਤਾ ਜਾਂਦਾ ਹੈ ਅਤੇ ਲੋੜ ਮੁਤਾਬਕ ਵੱਡੀਆਂ ਜਾਂ ਛੋਟੀਆਂ ਭੇਲੀਆਂ ਬਣਾਈਆਂ ਜਾਂਦੀਆਂ ਹਨ। ਬੱਸ ਇਸ ਸਮੇਂ ਗਰਮ ਗਰਮ ਗੁੜ ਖਾਣ ਦਾ ਮਜਾ ਹੀ ਅਲੱਗ ਹੈ। ਆਲੂ, ਗਾਜਰ ਜਾਂ ਸ਼ਕਰਕੰਦੀ ਨੂੰ ਉਬਲਦੇ ਲਾਹਣ ਵਿਚ ਸੁੱਟ ਕੇ ਅਤੇ ਪਕਾ ਕੇ ਖਾਣ ਦਾ ਅਲੱਗ ਹੀ ਅਨੰਦ ਹੈ।

ਇੱਕ ਵਾਰ ਦੇ ਲਾਹਣ ਵਿਚੋਂ 25 ਤੋਂ 30 ਕਿਲੋ ਗੁੜ ਬਣਦਾ ਹੈ। ਜੇ ਸ਼ੱਕਰ ਬਣਾਉਣੀ ਹੋਵੇ ਤਾਂ ਲਾਹਣ ਨੂੰ ਗੁੜ ਨਾਲੋਂ ਵੱਧ ਦੇਰ ਤਕ ਪਕਾਉਣਾ ਪੈਂਦਾ ਹੈ। ਪਰ ਕਈ ਲੋਕ ਇਸ ਨੂੰ ਵਪਾਰਕ ਨਜ਼ਰੀਏ ਤੋਂ ਬਣਾਉਣ ਲਈ ਇਸ ਵਿਚ ਰਸਾਇਣਕ ਪਦਾਰਥ ਪਾ ਕੇ ਇਸ ਦਾ ਰੰਗ ਅਤੇ ਸਵਾਦ ਬਦਲਦੇ ਹਨ, ਜੋ ਸਿਹਤ ਲਈ ਹਾਨੀਕਾਰਕ ਹੈ।

ਰੋਟੀ ਤੋਂ ਪਿੱਛੋਂ ਸ਼ੱਕਰ ਜਾਂ ਗੁੜ ਖਾਣ ਦਾ ਅਲੱਗ ਹੀ ਮਜ਼ਾ ਹੈ। ਵੈਦ ਹਕੀਮ ਅਤੇ ਡਾਕਟਰ ਵੀ ਰੋਟੀ ਪਿੱਛੋਂ ਗੁੜ ਖਾਣ ਦੀ ਸਲਾਹ ਦਿੰਦੇ ਹਨ, ਗੁੜ ਖਾਣ ਨਾਲ ਸ਼ੂਗਰ ਹੋਣ ਦੀ ਸੰਭਾਵਨਾ ਨਹੀਂ ਕਿਉਂਕਿ ਗੁੜ ਬਣਾਉਣ ਲਈ ਕਿਸੇ ਰਸਾਇਣਕ ਪਦਾਰਥ ਦੀ ਵਰਤੋਂ ਨਹੀਂ ਹੁੰਦੀ, ਜਦਕਿ ਚੀਨੀ ਬਣਾਉਣ ਲਈ ਸਲਫਰ ਰਸਾਇਣਕ ਪਦਾਰਥ ਵਰਤਿਆ ਜਾਂਦਾ ਹੈ। ਕਈ ਵਾਰ ਲੋਕ ਵਿਸ਼ੇਸ਼ ਤੌਰ 'ਤੇ ਖਾਣ ਲਈ ਗੁੜ ਦੀ ਟਿੱਕੀ ਬਣਵਾ ਲੈਂਦੇ ਹਨ ਅਤੇ ਆਪਣੀ ਹੈਸੀਅਤ ਤੇ ਲੋੜ ਅਨੁਸਾਰ ਉਸ ਵਿਚ ਕਾਜੂ, ਬਦਾਮ, ਦਾਖਾਂ ਆਦਿ ਸੁੱਕੇ ਮੇਵੇ ਪਾ ਕੇ ਹੋਰ ਸਵਾਦਲਾ ਬਣਾ ਲੈਂਦੇ ਹਨ।

ਅੱਜ ਕਲ੍ਹ ਲੋਕਾਂ ਵਿਚ ਸ਼ੱਕਰ ਜਾਂ ਗੁੜ ਦੀ ਚਾਹ ਪੀਣ ਦਾ ਰੁਝਾਨ ਵੀ ਕਾਫੀ ਵਧ ਗਿਆ ਹੈ। ਸੜਕਾਂ ਕਿਨਾਰੇ ਚਲਦੀਆਂ ਘਲਾੜੀਆਂ 'ਤੇ ਲੋਕ ਸ਼ੱਕਰ, ਗੁੜ ਖਰੀਦਦੇ ਆਮ ਦੇਖੇ ਜਾ ਸਕਦੇ ਹਨ। ਚੀਨੀ ਦੀ ਚਾਹ ਹੁਣ ਚੰਗੀ ਨਹੀਂ ਲੱਗਦੀ ਕਹਿ ਕੇ ਜਾਂ ਸ਼ੂਗਰ ਦੇ ਰੋਗੀ ਸ਼ੱਕਰ, ਗੁੜ ਦੀ ਚਾਹ ਨੂੰ ਤਰਜੀਹ ਦੇਣ ਲੱਗ ਪਏ ਹਨ। ਚਾਹੇ ਕੁਝ ਵੀ ਹੋਵੇ ਤੱਤੇ ਤੱਤੇ ਗੁੜ ਦਾ ਮੁਕਾਬਲਾ ਦੁਨੀਆਂ ਦੀ ਕੋਈ ਵੀ ਮਠਿਆਈ ਨਹੀਂ ਕਰ ਸਕਦੀ।

# ਗਠੜੀ ਚੋਰ

*ਮਹਾਰਾਸ਼ਟਰ ਵਿਚ 1956 ਨੂੰ ਜਨਮੇ ਲਕਸ਼ਮਣ ਗਾਇਕਵਾੜ ਨੇ ਨਿਵੇਕਲੇ ਵੇਰਵਿਆਂ ਵਾਲੀ ਆਪਣੀ ਸਵੈ-ਜੀਵਨੀ 'ਗਠੜੀ ਚੋਰ' ਲਿਖੀ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਸੰਸਾਰ ਦਾ ਮੋਹਰੀ ਬਣਨ ਦਾ ਦਾਅਵਾ ਕਰਨ ਵਾਲਾ ਭਾਰਤ ਅਜੇ ਵੀ ਕਿਥੇ ਖੜ੍ਹਾ ਹੈ ਅਤੇ ਲੋਕ ਕਿਸ ਤਰ੍ਹਾਂ ਦਾ ਜੀਵਨ ਬਤੀਤ ਕਰ ਰਹੇ ਹਨ। ਬਲਬੀਰ ਚੰਦ ਲੌਂਗੋਵਾਲ ਵੱਲੋਂ ਅਨੁਵਾਦ ਕੀਤੀ ਗਈ ਇਸ ਕਿਤਾਬ ਦਾ ਇਕ ਅਧਿਆਏ ਪਾਠਕਾਂ ਦੀ ਨਜ਼ਰ ਹੈ। -ਸੰਪਾਦਕ*

**ਲਕਸ਼ਮਣ ਗਾਇਕਵਾੜ**
**ਅਨੁਵਾਦ: ਬਲਬੀਰ ਚੰਦ ਲੌਂਗੋਵਾਲ**

ਜਿਸ ਬਿਰਾਦਰੀ ਕੋਲ ਆਪਣਾ ਕੋਈ ਪਿੰਡ ਨਹੀਂ, ਨਾ ਖੇਤ ਹੈ, ਨਾ ਕੋਈ ਜਾਤ, ਨਾ ਜਨਮ ਦਿਨ, ਨਾ ਹਿਸਾਬ ਕਿਤਾਬ ਰੱਖਣ ਦੀ ਵਿਧੀ; ਅਜਿਹੀ ਬਿਰਾਦਰੀ ਵਿਚ ਮੈਂ ਜਨਮਿਆ। ਲਾਤੂਰ ਤਹਿਸੀਲ (ਮਹਾਂਰਾਸ਼ਟਰ) ਦੇ ਧਨੇਗਾਂਵ ਪਿੰਡ ਦੀ ਗਠੜੀਚੋਰ ਜਾਤ ਵਿਚ। ਜਦੋਂ ਮੈਂ ਛੋਟਾ ਸੀ ਤਾਂ ਮੇਰੇ ਘਰ 'ਤੇ ਘਾਹ ਫੂਸ ਦਾ ਛੱਪਰ ਸੀ। ਇਹ ਛੱਪਰ ਮੈਨੂੰ ਚਿੜੀਆਂ ਦੇ ਆਲ੍ਹਣੇ ਵਰਗਾ ਲੱਗਦਾ। ਸਾਨੂੰ ਸਾਰਿਆਂ ਨੂੰ ਜ਼ਮੀਨ 'ਤੇ ਬੈਠ ਕੇ ਰੀਂਗਦੇ ਹੋਏ ਅੰਦਰ ਜਾਣਾ ਪੈਂਦਾ। ਦਾਦੀ ਤਰਸਾ ਬਾਈ ਘਰ ਦਾ ਖਰਚਾ ਚਲਾਉਂਦੀ ਸੀ। ਬਾਬਾ ਬੇਕਾਰ ਹੋ ਚੁਕਾ ਸੀ। ਉਸ ਨੂੰ ਦਿਨ ਵਿਚ ਦੋ ਵਾਰ ਥਾਣੇ ਹਾਜ਼ਰੀ ਲਵਾਉਣੀ ਪੈਂਦੀ ਸੀ। ਬਹੁਤ ਪਹਿਲਾਂ ਸਾਡਾ ਸਾਰਾ ਘਰ ਬਾਬਾ ਲਿੰਗੱਪਾ ਹੀ ਚਲਾਉਂਦਾ ਸੀ। ਦੂਰ ਦੂਰ ਫੈਲੇ ਪਿੰਡਾਂ ਵਿਚ ਉਹ ਜੇਬਾਂ ਕੱਟਣ, ਗਠੜੀਆਂ ਚੋਰੀ ਕਰਨ ਜਾਂਦਾ। ਉਨ੍ਹੀਂ ਦਿਨੀਂ ਉਹ ਪੂਰੇ ਇਲਾਕੇ ਵਿਚ ਮਸ਼ਹੂਰ ਸੀ। ਨਿਜ਼ਾਮ ਸਰਕਾਰ ਲਈ ਉਹ ਮੁਖ ਗਠੜੀ ਚੋਰ ਸੀ।



ਇਕ ਵਾਰ ਸ਼ਰਾਬ ਦੇ ਨਸ਼ੇ ਵਿਚ ਉਹ ਚੋਰੀ ਕਰਨ ਗਿਆ। ਬਲੇਡ ਲੈ ਕੇ ਉਹ ਬਾਜ਼ਾਰ ਵਿਚ ਸ਼ਿਕਾਰ ਦੀ ਭਾਲ ਵਿਚ ਘੁੰਮ ਰਿਹਾ ਸੀ। ਧੋਤੀ ਵਿਚ ਬਹੁਤ ਇਹਤਿਆਤ ਨਾਲ ਰੱਖੇ ਪੈਸੇ ਉਡਾਉਣ ਲਈ ਉਹ ਸ਼ਿਕਾਰ ਕੋਲ ਗਿਆ, ਪਰ ਨਸ਼ੇ ਦੀ ਹਾਲਤ ਵਿਚ ਬਲੇਡ ਗਲਤ ਥਾਂ ਚੱਲ ਗਿਆ। ਨਤੀਜੇ ਵਜੋਂ ਉਸ ਆਦਮੀ ਦਾ ਪੱਟ ਬੁਰੀ ਤਰ੍ਹਾਂ ਚੀਰਿਆ ਗਿਆ। ਤੇਜ਼ ਖੂਨ ਵਹਿਣ ਲੱਗਾ। ਉਹ ਆਦਮੀ ਚੀਕ ਰਿਹਾ ਸੀ। ਪੁਲਿਸ ਵਾਲਿਆਂ ਨੇ ਬਾਬੇ ਨੂੰ ਮੌਕੇ 'ਤੇ ਫੜ ਲਿਆ ਅਤੇ ਬਹੁਤ ਕੁੱਟਿਆ। ਫਿਰ ਉਸ ਨੂੰ ਲੈ ਕੇ ਉਹ ਘਰੇ ਤਲਾਸ਼ੀ ਲੈਣ ਆਏ। ਕਤੂਰੇ ਵਾਂਗ ਘਾਹ ਫੂਸ ਦੀ ਝੌਂਪੜੀ ਵਿਚ ਮੈਂ ਉਪਰ ਕੰਬਲ ਲੈ ਕੇ ਲਾਸ਼ ਵਾਂਗ ਪਿਆ ਸੀ। ਬਾਬੇ ਦੇ ਹੱਥਾਂ ਵਿਚ ਹੱਥਕੜੀਆਂ ਸਨ। ਪੁਲਿਸ ਵਾਲੇ ਪੁੱਛ ਰਹੇ ਸਨ, "ਦੱਸੋ, ਕਿਥੇ ਰੱਖੇ ਹਨ ਪੈਸੇ। ਸੋਨਾ ਕਿਥੇ ਹੈ, ਦੱਸ ਨਹੀਂ ਤਾਂ ਬਹੁਤ ਕੁੱਟ ਪਵੇਗੀ।" ਬਾਬਾ ਕਹਿ ਰਿਹਾ ਸੀ, "ਦੇਖੋ ਸਾਹਿਬ, ਘਰੇ ਕੁਝ ਨਹੀਂ ਹੈ।" ਪੁਲਿਸ ਵਾਲਿਆਂ ਕਿਹਾ, "ਤੇਰੀ ਰੰਡੀ ਨੂੰ ਪਤਾ ਹੋਵੇਗਾ।" ਤੇ ਉਹ ਦਾਦੀ ਨੂੰ ਵਾਲਾਂ ਤੋਂ ਖਿੱਚ ਕੇ ਕੁੱਟਣ ਲੱਗੇ। ਮੇਰੀ ਮਾਂ ਧੋਂਡਾ ਬਾਈ 'ਪੁਲਿਸ ਆਈ ਹੈ' ਸੁਣ ਕੇ ਹੀ ਜੰਗਲ ਵੱਲ ਭੱਜ ਗਈ।

ਝੌਂਪੜੀ ਵਿਚ ਜੋ ਵੀ ਇਸਤਰੀ, ਪੁਰਸ਼ ਅਤੇ ਬੱਚੇ ਦਿਖਾਈ ਦਿੱਤੇ, ਪੁਲਿਸ ਵਾਲੇ ਉਨ੍ਹਾਂ ਨੂੰ ਬੇਤਹਾਸ਼ਾ ਕੁੱਟਣ ਲੱਗੇ। "ਘਰ ਵਿਚ ਕੀ ਹੈ, ਦੱਸ?" ਦਾਦੀ ਤੋਂ ਪੁੱਛਦੇ ਹੋਏ ਪੁਲਿਸ ਵਾਲੇ ਦਾਦੀ ਨੂੰ ਛਾਤੀਆਂ ਤੋਂ ਫੜ ਕੇ ਕੁੱਟਣ ਲੱਗੇ। ਕਾਫੀ ਚਿਰ ਬਾਅਦ, ਉਹ ਸਾਰਿਆਂ ਨੂੰ ਕੁੱਟ-ਫੈਂਟ ਕੇ ਬਾਬੇ ਨੂੰ ਲੈ ਗਏ। ਕਈ ਮਹੀਨੇ ਜੇਲ੍ਹ ਵਿਚ ਰੱਖਿਆ। ਬਾਬਾ ਜਿਸ ਦਿਨ ਜੇਲ੍ਹ ਵਿਚੋਂ ਕੱਢਿਆ, ਉਸ ਦਿਨ ਉਸ ਉਤੇ ਇਹ ਸ਼ਰਤ ਲਾਈ ਕਿ ਉਹ ਦਿਨ ਵਿਚ ਦੋ ਵਾਰ, ਸਵੇਰੇ-ਸ਼ਾਮ ਥਾਣੇ ਹਾਜ਼ਰੀ ਲਈ ਆਵੇਗਾ।

ਪੁਲਿਸ ਵਾਲਿਆਂ ਨੇ ਬਾਬੇ ਨੂੰ ਮੁਖਬਰ ਬਣਾ ਲਿਆ ਸੀ। ਸਾਡੀ ਬਿਰਾਦਰੀ ਵਿਚੋਂ ਕੌਣ ਕੌਣ ਚੋਰੀ ਕਰਦੇ ਹਨ, ਉਹ ਉਨ੍ਹਾਂ ਦੇ ਨਾਮ ਪੁੱਛਦੇ ਅਤੇ ਫਿਰ ਇਨਾਮ ਵੀ ਦਿੰਦੇ। ਕਈ ਵਾਰ ਪੁਲਿਸ ਚੋਰਾਂ ਦਾ ਪਤਾ ਲਾਉਣ ਲਈ ਬਾਬੇ ਨੂੰ ਨਾਲ ਵੀ ਲੈ ਜਾਂਦੀ। ਜੇ ਕਿਸੇ ਦਿਨ ਕਿਸੇ ਕਾਰਨ ਬਾਬਾ ਥਾਣੇ ਨਾ ਜਾਂਦਾ ਤਾਂ ਪੁਲਿਸ ਘਰ ਆ ਜਾਂਦੀ, ਤੇ ਘਰ ਵਿਚ ਹਾਜ਼ਰ ਸਾਰਿਆਂ ਨੂੰ ਬੁਰੀ ਤਰ੍ਹਾਂ ਕੁੱਟਦੀ। ਇਸ ਕਾਰਨ ਬਾਬਾ ਚੋਰੀਆਂ ਕਰਨੀਆਂ ਛੱਡ ਕੇ ਹਾਜ਼ਰੀ ਲਈ ਥਾਣੇ ਜਾਣ ਲੱਗਾ, ਨਿਜ਼ਾਮ ਸਰਕਾਰ ਦਾ ਮੁਖਬਰ ਬਣਾ ਕੇ ਕੰਮ ਕਰਨ ਲੱਗਾ। ਇਸੇ ਕਾਰਨ ਬਿਰਾਦਰੀ ਦੇ ਕਈ ਆਦਮੀ ਫੜ੍ਹੇ ਜਾਣ ਲੱਗੇ।

ਮੇਰੇ ਪਿਤਾ ਮਾਰਤੰਡ ਨੂੰ 'ਇਹ ਗਠੜੀ ਚੋਰ ਜਾਤ ਵਿਚੋਂ ਹੈ' ਕਹਿ ਕੇ ਲੋਕ ਮਜ਼ਦੂਰੀ ਦਾ ਕੰਮ ਨਾ ਦਿੰਦੇ। ਮਾਂ ਧੋਂਡਾ ਬਾਈ ਨੂੰ ਵੀ ਖੇਤਾਂ ਵਿਚ ਕੰਮ ਨਾ ਦਿੱਤਾ ਜਾਂਦਾ। ਇਸ ਕਰ ਕੇ ਦਾਦੀ ਚੋਰੀ ਕਰਨ ਮੇਲਿਆਂ ਵਿਚ ਜਾਣ ਲੱਗੀ। ਛੋਟੇ ਬੱਚਿਆਂ ਅਤੇ ਔਰਤਾਂ ਦੇ ਗਲੇ ਦੇ ਸੋਨੇ ਦੇ ਲਾਕਟ, ਵੱਖ ਵੱਖ ਤਰ੍ਹਾਂ ਦੇ ਸੋਨੇ ਚਾਂਦੀ ਦੇ ਹਾਰ, ਕਦੇ ਦੰਦਾਂ ਨਾਲ ਅਤੇ ਕਦੇ ਬਲੇਡ ਨਾਲ ਉਹ ਕੱਟ ਲੈਂਦੀ। ਸ਼ਾਹੂਕਾਰ ਕੋਲ ਮਿੱਟੀ ਦੇ ਭਾਅ ਵੇਚਦੀ ਅਤੇ ਕੰਮ ਚਲਾਉਂਦੀ। ਕਦੇ ਕਦੇ ਪਿੰਡ ਵਿਚ ਗਠੜੀ ਚੋਰਾਂ ਦੀ ਭਾਲ ਵਿਚ ਪੁਲਿਸ ਆਉਂਦੀ। ਫਿਰ ਜਿਸ ਸ਼ਾਹੂਕਾਰ ਕੋਲ ਦਾਦੀ ਚੋਰੀ ਦਾ ਸਾਰਾ ਮਾਲ ਵੇਚਦੀ ਸੀ, ਉਹ ਅਤੇ ਪਿੰਡ ਦਾ ਮੁਖੀ ਪੁਲਿਸ ਵਾਲਿਆਂ ਨੂੰ ਪੈਸੇ ਦੇ ਕੇ ਵਾਪਸ ਭੇਜ ਦਿੰਦੇ। ਸਾਡੇ ਘਰ ਦੇ ਕਿਸੇ ਮੈਂਬਰ ਜਾਂ ਬਿਰਾਦਰੀ ਦੇ ਕਿਸੇ ਬੰਦੇ ਨੇ ਜੇ ਪਿੰਡ ਤੋਂ ਬਾਹਰ ਜਾਣਾ ਹੁੰਦਾ ਤਾਂ ਪੁਲਿਸ ਮੁਖੀ ਤੋਂ ਆਗਿਆ ਪੱਤਰ ਲੈਣਾ ਪੈਂਦਾ ਸੀ। ਪੁਲਿਸ ਮੁਖੀ ਇਸ ਕੰਮ ਲਈ ਕਾਫੀ ਰਿਸ਼ਵਤ ਲੈਂਦਾ ਸੀ। ਬਿਨਾ ਪ੍ਰਮਾਣ ਪੱਤਰ ਤੋਂ ਅਸੀਂ ਲੋਕ ਘੁੰਮ ਨਹੀਂ ਸੀ ਸਕਦੇ। ਜੇ ਕੋਈ ਜਾਨਵਰ ਵੇਚਣਾ ਹੁੰਦਾ, ਜਾਂ ਇਕ ਥਾਂ ਤੋਂ ਦੂਸਰੀ ਥਾਂ ਲਿਜਾਣਾ ਹੁੰਦਾ, ਤਾਂ ਉਸ ਲਈ ਵੀ ਪ੍ਰਮਾਣ ਪੱਤਰ ਲੈਣਾ ਪੈਂਦਾ। ਇਹ ਪ੍ਰਮਾਣ ਪੱਤਰ ਹੋਣ 'ਤੇ ਹੀ ਕਿਸੇ ਦੂਸਰੇ ਪਿੰਡ ਦਾ ਪੁਲਿਸ ਮੁਖੀ ਸਾਨੂੰ ਉਸ ਪਿੰਡ ਵਿਚ ਠਹਿਰਨ ਦਿੰਦਾ, ਉਹ ਵੀ ਤਿੰਨ ਦਿਨ ਲਈ। ਪ੍ਰਮਾਣ ਪੱਤਰ ਨਾ ਹੋਣ 'ਤੇ ਉਸ ਪਿੰਡ ਦਾ ਮੁਖੀ ਸਾਨੂੰ ਬਿਨਾ ਕਿਸੇ ਅਪਰਾਧ ਤੋਂ ਚੋਰ ਗਰਦਾਨ ਕੇ ਅੰਦਰ ਕਰ ਦਿੰਦਾ। ਪ੍ਰਮਾਣ ਪੱਤਰ ਨਾ ਹੋਵੇ ਤਾਂ ਕੁੱਟ-ਮਾਰ ਹੁੰਦੀ, ਕੋਲ ਜੋ ਕੁਝ ਹੁੰਦਾ, ਖੋਹ ਲਿਆ ਜਾਂਦਾ। ਇਸ ਕਰ ਕੇ ਚੋਰਾਂ ਦੇ ਘਰਾਂ ਵਿਚ ਇਸ ਪ੍ਰਮਾਣ ਪੱਤਰ ਦਾ ਬਹੁਤ ਮਹੱਤਵ ਸੀ। ਜੇਬ ਕੱਟਣ ਲਈ ਵਰਤਿਆ ਜਾਂਦਾ ਬਲੇਡ ਤਾਂ ਘਰ ਦੀ ਸਭ ਤੋਂ ਵੱਡੀ ਜਾਇਦਾਦ ਸਮਝਿਆ ਜਾਂਦਾ ਸੀ।




ਲਕਸ਼ਮਣ ਗਾਇਕਵਾੜ ਦੀ ਸਵੈ-ਜੀਵਨੀ ਦੇ ਪੰਜਾਬੀ, ਮਰਾਠੀ ਅਤੇ ਅੰਗਰੇਜ਼ੀ ਅਡੀਸ਼ਨਾਂ ਦੇ ਮੁਖੜੇ।

ਚੋਰੀ ਕਰਨ ਲਈ ਬਾਹਰ ਜਾਣ ਸਮੇਂ ਅਸੀਂ ਮੁਰਗਾ ਖਰੀਦ ਲੈਂਦੇ ਅਤੇ ਬਲੇਡ ਨਾਲ ਉਸ ਨੂੰ ਕੱਟਦੇ। ਉਸ ਮੁਰਗੇ ਦਾ ਖੂਨ ਬਲੇਡ ਅਤੇ ਪ੍ਰਮਾਣ ਪੱਤਰ 'ਤੇ ਛਿੜਕ ਕੇ ਅਸੀਂ ਜਸ ਮਿਲਣ ਅਤੇ ਪੁਲਿਸ ਤੋਂ ਬਚਾ ਲਈ ਪ੍ਰਾਰਥਨਾ ਕਰਦੇ। ਮੂਰਤੀਆਂ ਅੱਗੇ ਝੁਕ ਕੇ ਪ੍ਰਾਰਥਨਾ ਕਰਨ ਵਾਂਗ ਅਸੀਂ ਸਾਰੇ ਬਲੇਡ ਅਤੇ ਪ੍ਰਮਾਣ ਪੱਤਰ ਨੂੰ ਝੁਕ ਕੇ ਵਾਰ ਵਾਰ ਪ੍ਰਣਾਮ ਕਰਦੇ।

ਘਰ ਦੀ ਤਲਾਸ਼ੀ ਲੈਣ ਜਦੋਂ ਪੁਲਿਸ ਆਉਂਦੀ, ਘਰ ਦੇ ਮੈਂਬਰਾਂ ਨੂੰ ਕੁੱਟਦੀ ਤਾਂ ਇਹ ਕੁੱਟ-ਮਾਰ ਦੇਖ ਕੇ ਮੈਂ ਕਈ ਵਾਰ ਨਿੱਕਰ ਵਿਚ ਪੇਸ਼ਾਬ ਕਰ ਚੁਕਾ ਹਾਂ, ਹੱਗ ਚੁਕਾ ਹਾਂ। ਪੁਲਿਸ ਵਾਲਿਆਂ ਦੀ ਕੁੱਟ ਤੋਂ ਡਰ ਕੇ ਬਾਬਾ ਮੁਖਬਰ ਬਣ ਗਿਆ ਸੀ ਅਤੇ ਉਸ ਤੋਂ ਬਾਅਦ ਸਾਡੀ ਬਿਰਾਦਰੀ ਦੇ ਜ਼ਿਆਦਾ ਲੋਕ ਸਾਡੇ ਨਾਲ ਖਾਰ ਖਾਣ ਲੱਗ ਪਏ ਸਨ। ਇਕ ਵਾਰ ਬਿਰਾਦਰੀ ਦੀ ਪੰਚਾਇਤ ਬੈਠੀ ਅਤੇ ਤੈਅ ਕੀਤਾ ਕਿ ਲਿੰਗੱਪਾ ਗਾਇਕਵਾੜ (ਮੇਰਾ ਬਾਬਾ) ਮੁਖਬਰ ਬਣ ਗਿਆ ਹੈ, ਇਸ ਕਰ ਕੇ ਹੁਣ ਧੰਦਾ ਕਰਨਾ ਮੁਸ਼ਕਿਲ ਹੋ ਗਿਆ ਹੈ। ਚੋਰੀ ਛੱਡ ਕੇ ਮਿਹਨਤ ਮਜ਼ਦੂਰੀ ਕਰਨ ਦੀ ਸਾਰਿਆਂ ਦੀ ਇੱਛਾ ਹੈ, ਪਰ ਚੋਰ ਕਹਿ ਕੇ ਕੋਈ ਕੰਮ ਨਹੀਂ ਸੀ ਦਿੰਦਾ। ਬਾਲ ਬੱਚੇ ਭੁੱਖ ਨਾਲ ਪ੍ਰੇਸ਼ਾਨ ਹੋ ਰਹੇ ਹਨ। ਇਸ ਕਰ ਕੇ ਪੰਚਾਇਤ ਨੇ ਤੈਅ ਕੀਤਾ ਕਿ ਲਿੰਗੱਪਾ ਨੂੰ ਖਤਮ ਕਰਨਾ ਜ਼ਰੂਰੀ ਹੈ। ਬੁਢਾਪੇ ਵਿਚ ਪੁਲਿਸ ਵਾਲਿਆਂ ਦੀ ਕੁੱਟ ਉਸ ਤੋਂ ਝੱਲੀ ਨਹੀਂ ਜਾਂਦੀ। ਇਸ ਲਈ ਉਸ ਦਾ ਬੰਦੋਬਸਤ ਜ਼ਰੂਰੀ ਹੈ। ਇਕ ਭਿਆਨਕ ਰਾਤ ਨੂੰ ਸਾਡੀ ਝੌਂਪੜੀ ਦਾ ਛੱਪਰ ਤੋੜ ਕੇ ਕੁਝ ਲੋਕ ਅੰਦਰ ਆਏ, ਬਾਬੇ ਦੇ ਮੂੰਹ ਵਿਚ ਕੱਪੜਾ ਤੁੰਨਿਆ ਤੇ ਕੁਹਾੜੀ ਨਾਲ ਉਸ ਦੇ ਟੁਕੜੇ ਕਰ ਦਿੱਤੇ। ਕੇਸ ਥਾਣੇ ਨਾ ਜਾਣ ਦਿੱਤਾ ਗਿਆ। ਬਿਰਾਦਰੀ ਦੇ ਫੈਸਲੇ ਖਿਲਾਫ ਸਾਡਾ ਕੋਈ ਆਦਮੀ ਥਾਣੇ ਨਾ ਜਾਂਦਾ। ਹੁਣ ਘਰ ਦੀ ਸਾਰੀ ਜ਼ਿੰਮੇਵਾਰੀ ਦਾਦੀ ਦੇ ਮੋਢਿਆਂ 'ਤੇ ਆ ਗਈ।

ਬਾਬੇ ਦੀ ਮੌਤ ਤੋਂ ਬਾਅਦ ਬਿਰਾਦਰੀ ਦੇ ਆਦਮੀ ਨਿਡਰ ਹੋ ਕੇ ਚੋਰੀਆਂ ਕਰਨ ਲੱਗੇ। 'ਸੰਤਾ ਮੁੱਚਰ' ਨਾਮੀ ਸਾਡੀ ਇਸ ਜਾਤ ਨੂੰ ਪੂਰੇ ਦੇਸ਼ ਵਿਚ ਪਛਾਣ ਮਿਲ ਚੁੱਕੀ ਹੈ। ਤੇਲਗੂ ਵਿਚ ਸਾਡੀ ਜਾਤ ਨੂੰ 'ਸੰਤਾ ਮੁੱਚਰ' ਕਿਹਾ ਜਾਂਦਾ ਹੈ। ਸਾਡੀ ਜਾਤ ਦੀ ਭਾਸ਼ਾ ਤੇਲਗੂ ਹੈ। ਸੰਤਾ ਸ਼ਬਦ ਦਾ ਅਰਥ ਹੈ, ਬਾਜ਼ਾਰ; ਮੁੱਚਰ ਦਾ ਅਰਥ ਹੈ, ਚੋਰੀ ਕਰਨ ਵਾਲਾ। ਸੰਤਾ ਮੁੱਚਰ ਦਾ ਅਰਥ ਹੋਇਆ, ਹਰ ਹਫਤੇ ਭਰਨ ਵਾਲੇ ਬਾਜ਼ਾਰ ਵਿਚ ਚੋਰੀ ਕਰਨ ਵਾਲਾ। ਸਾਡੀ ਅਸਲੀ ਜਾਤ ਕੀ ਹੈ, ਇਹ ਮੈਨੂੰ ਨਹੀਂ ਪਤਾ। ਸਾਡੀ ਜਾਤ ਦੇ ਦੋ ਹੀ ਗੋਤ ਹਨ-ਜਾਧਵ ਅਤੇ ਗਾਇਕਵਾੜ। ਵਿਆਹ ਲਈ ਜਾਧਵ, ਗਾਇਕਵਾੜ ਨੂੰ ਲੜਕਾ ਜਾਂ ਲੜਕੀ ਦੇਣਗੇ ਜਾਂ ਗਾਇਕਵਾੜ, ਜਾਧਵ ਨੂੰ। ਜਾਧਵ-ਜਾਧਵ ਜਾਂ ਗਾਇਕਵਾੜ-ਗਾਇਕਵਾੜ ਵਿਚ ਰਿਸ਼ਤੇ ਨਹੀਂ ਹੁੰਦੇ। ਇਹ ਦੋ ਗੋਤ ਮੁੱਖ ਹਨ। ਅੱਗੇ ਇਨ੍ਹਾਂ ਦੇ ਕਈ ਉਪ ਗੋਤ ਹਨ। ਗਾਇਕਵਾੜਾਂ ਵਿਚ ਉਡੇਨੋਰ, ਬੁਸੇਨੋਰ, ਕਾਕਪੀਟਨੋਰ; ਜਾਧਵਾਂ ਦੇ ਕਾਸਕੋਨੋਰ, ਪਪੋਨੋਰ, ਇਲੇਨੋਰ ਆਦਿ ਉਪ ਗੋਤ ਹਨ। ਇਨ੍ਹਾਂ ਸਾਰੀਆਂ ਬਾਰੀਕੀਆਂ ਦੀ ਚਰਚਾ ਬਾਅਦ ਹੀ ਵਿਆਹ ਤੈਅ ਕੀਤੇ ਜਾਂਦੇ ਹਨ। ਵੈਸੇ ਸਾਡੀ ਜਾਤ ਨੂੰ ਮਹਾਂਰਾਸ਼ਟਰ ਵਿਚ ਇਕ ਨਹੀਂ, ਅਨੇਕ ਨਾਮ ਦਿੱਤੇ ਗਏ ਹਨ-ਪਾਥਰੂਟ, ਟਕਾਰੀ, ਭਾਮਟਾ, ਉਚਲੇ, ਗੀਰਨੇਵਡਾਰ, ਕਾਮਾਟੀ, ਘੰਟੀ ਚੋਰ, ਵਡਾਰ ਆਦਿ। ਵੱਖ ਵੱਖ ਨਾਂਵਾਂ ਨਾਲ ਸਾਡੀ ਪਛਾਣ ਹੈ। ਵੱਖ ਵੱਖ ਜ਼ਿਲ੍ਹਿਆਂ ਤੇ ਵਿਭਾਗਾਂ ਵਿਚ ਵੱਖ ਵੱਖ ਨਾਂਵਾਂ ਨਾਲ ਅਸੀਂ ਜਾਣੇ ਜਾਂਦੇ ਹਾਂ।

ਮਾਂ-ਬਾਪ ਤੋਂ ਬਿਨਾ ਦੂਸਰੇ ਰਿਸ਼ਤੇਦਾਰਾਂ ਬਾਰੇ ਮੈਨੂੰ ਕੋਈ ਜਾਣਕਾਰੀ ਨਹੀਂ। ਸਾਡੀਆਂ ਜੜ੍ਹਾਂ ਕਿਥੇ ਹਨ, ਅਸੀਂ ਕਿਥੋਂ ਆਏ, ਇਸ ਦਾ ਕੋਈ ਇਤਿਹਾਸ ਮੈਨੂੰ ਪਤਾ ਨਹੀਂ। ਮਾਮਾ, ਮਾਸੀ, ਚਾਚਾ, ਤਾਇਆ ਕੁਝ ਵੀ ਨਹੀਂ ਪਤਾ।

ਚੋਰੀ ਕਰਨ ਵਾਲੇ ਸਾਡੇ ਪੁਰਖਿਆਂ ਨੂੰ ਫੜ੍ਹ ਫੜ੍ਹ ਕੇ ਨਿਜ਼ਾਮ ਸਰਕਾਰ ਨੇ ਕਦੇ ਬੇਜੇਪੱਲੀ ਦਾ ਸਭ ਤੋਂ ਵੱਡਾ ਤਲਾਬ ਬਣਵਾਇਆ ਸੀ। ਤਲਾਬ ਪੁੱਟਣ ਲਈ ਸਾਡੀ ਬਿਰਾਦਰੀ ਦੇ ਹਜ਼ਾਰਾਂ ਲੋਕਾਂ ਨੂੰ ਲਾਰੀ ਵਿਚ ਬਿਠਾ ਕੇ ਜ਼ਬਰਦਸਤੀ ਤਲਾਬ ਦੇ ਕੰਮ 'ਤੇ ਲਾਇਆ ਗਿਆ ਸੀ। ਉਸ ਸਥਾਨ 'ਤੇ ਉਨ੍ਹਾਂ ਦਿਨਾਂ ਵਿਚ ਪੁਲਿਸ ਦਿਨ ਰਾਤ ਹਾਜ਼ਰੀ ਲੈਂਦੀ ਸੀ। ਬਾਵਜੂਦ ਇੰਨੇ ਪ੍ਰਬੰਧ ਦੇ ਮੇਰੀ ਦਾਦੀ ਅਤੇ ਮਾਂ-ਬਾਪ ਭੱਜ ਕੇ ਧਨੇਗਾਂਵ ਆ ਗਏ ਤੇ ਇਥੇ ਵਸ ਗਏ। ਦਾਦੀ ਚੋਰੀ ਕਰਦੀ ਫੜ੍ਹੀ ਜਾਂਦੀ ਤਾਂ ਪੁਲਿਸ ਉਸ ਨੂੰ 2-3 ਮਹੀਨੇ ਜੇਲ੍ਹ ਵਿਚ ਸੁੱਟ ਦਿੰਦੀ। ਫਿਰ ਕੀ? ਘਰ ਵਿਚ ਫਾਕੇ ਕੱਟਦੇ।

ਮਾਨਿਕ ਨੂੰ ਚੋਰੀ ਕਰਨਾ ਸਿਖਾਉਣ ਲਈ ਮੇਰਾ ਜੀਜਾ, ਨੇਵਲੀ ਵਾਲਾ ਸੰਤ ਰਾਮ ਇਕ ਦਿਨ ਧਨੇਗਾਂਵ ਆਇਆ। ਮਾਨਿਕ ਨੂੰ ਉਸ ਨੇ ਭਾਡ ਪਿੰਡ ਦੇ ਸਖਾ ਰਾਮ ਦੇ ਗਰੋਹ ਵਿਚ ਭਰਤੀ ਕਰਵਾ ਦਿੱਤਾ। ਸੰਤ ਰਾਮ ਤੇ ਸਖਾ ਰਾਮ ਮਾਨਿਕ ਨੂੰ ਚੋਰੀ ਸਿਖਾਉਣ ਲੱਗੇ। ਗਰੋਹ ਦੇ ਸਾਰੇ ਮੈਂਬਰ ਮਾਨਿਕ ਨੂੰ ਜੁੱਤੀਆਂ ਨਾਲ ਕੁੱਟਦੇ। ਇਹ ਕੁੱਟ ਉਸ ਤੋਂ ਝੱਲੀ ਨਾ ਜਾਂਦੀ। ਮਾਨਿਕ ਜਦੋਂ ਘਰ ਆਉਂਦਾ ਤਾਂ ਦੱਸਦਾ ਕਿ ਉਹ, ਉਸ ਨੂੰ ਗਠੜੀਆਂ ਅਤੇ ਚੱਪਲਾਂ ਚੋਰੀ ਕਰਨ ਲਈ ਆਖਦੇ ਹਨ। ਜਦੋਂ ਉਹ ਇਸ ਤਰ੍ਹਾਂ ਨਹੀਂ ਕਰਦਾ ਤਾਂ ਉਸ ਨੂੰ ਬੇਤਹਾਸ਼ਾ ਕੁੱਟਦੇ ਹਨ।

ਕੁੜੀ ਹੋਵੇ ਜਾਂ ਮੁੰਡਾ, ਅੱਠ ਨੌਂ ਸਾਲ ਦੀ ਉਮਰ ਵਿਚ ਹੀ ਉਸ ਨੂੰ ਬੇਤਹਾਸ਼ਾ ਕੁੱਟਿਆ ਜਾਂਦਾ ਹੈ; ਕੇਵਲ ਇਸ ਉਦੇਸ਼ ਨਾਲ ਕਿ ਅੱਗੇ ਚੱਲ ਕੇ, ਚੋਰੀ ਕਰਦੇ ਸਮੇਂ ਜਾਂ ਬਾਅਦ ਵਿਚ ਜੇ ਪੁਲਿਸ ਵਾਲੇ ਉਸ ਨੂੰ ਫੜ ਲੈਣ ਤੇ ਕੁੱਟਣ, ਤਾਂ ਉਸ ਦੀ ਜ਼ੁਬਾਨ ਵਿਚੋਂ ਕਿਸੇ ਦਾ ਨਾਮ ਨਾ ਨਿਕਲੇ।

ਇਕ ਵਾਰ ਮਾਨਿਕ ਨੂੰ ਰੇਣਾਪੁਰ ਦੇ ਬਾਜ਼ਾਰ ਵਿਚ ਲੋਕਾਂ ਨੇ ਚੋਰੀ ਕਰਦਿਆਂ ਫੜ੍ਹ ਲਿਆ। ਕੁਟਾਪਾ ਸ਼ੁਰੂ ਹੋ ਗਿਆ। ਜ਼ਿਆਦਾ ਕੁੱਟ ਕਾਰਨ ਉਹਦੀ ਜ਼ੁਬਾਨ ਖੁੱਲ੍ਹ ਗਈ। ਸੰਤ ਰਾਮ ਤੇ ਤੁਕਾ ਰਾਮ ਪਹਿਲਾਂ ਹੀ ਭੱਜ ਗਏ ਸਨ। ਕਿਵੇਂ ਨਾ ਕਿਵੇਂ, ਮਾਨਿਕ ਵੀ ਨਿਕਲ ਆਇਆ। ਦੂਜੇ ਦਿਨ ਉਹ ਉਸ ਨੂੰ ਮੱਛੀਆਂ ਫੜ੍ਹਨ ਦੇ ਬਹਾਨੇ ਨਦੀ ਕੰਢੇ ਲੈ ਗਏ। ਗਰੋਹ ਦੇ ਹੋਰ ਮੈਂਬਰ ਮੱਛੀਆਂ ਫੜ੍ਹ ਰਹੇ ਸਨ। ਕਾਫੀ ਮੱਛੀਆਂ ਇਕੱਠੀਆਂ ਹੋ ਗਈਆਂ। ਦੁਪਹਿਰ ਤੱਕ ਕਾਫੀ ਧੁੱਪ ਚੜ੍ਹ ਆਈ। ਰੇਤਾ ਗਰਮ ਹੋ ਗਿਆ। ਹੁਣ ਸੰਤ ਰਾਮ ਤੇ ਤੁਕਾ ਰਾਮ, ਮਾਨਿਕ ਨੂੰ ਗਾਲ੍ਹਾਂ ਕੱਢਣ ਲੱਗੇ, "ਬਾਹਮਣਾਂ-ਲਾਲਿਆਂ ਵਾਂਗ ਕੁੱਟ ਤੋਂ ਘਬਰਾਉਣ ਲੱਗ ਪਿਆਂ ਤੂੰ, ਚੋਰੀ ਕਰਦੇ ਸਮੇਂ ਫੜ੍ਹੇ ਜਾਣ 'ਤੇ, ਗਰੋਹ ਦੇ ਹੋਰ ਮੈਂਬਰਾਂ ਦੇ ਨਾਮ ਦੱਸਦਾ ਹੈਂ। ਆਪਣੀ ਜਾਤ ਦੀ ਬੇਇੱਜ਼ਤੀ ਕਰਦਾ ਹੈਂ ਤੂੰ... ਤੇਰੀ...।" ਭੁੱਖ ਤਾਂ ਸਾਰਿਆਂ ਨੂੰ ਲੱਗ ਹੀ ਚੁਕੀ ਸੀ। ਮਾਨਿਕ ਨੂੰ ਮੱਛੀਆਂ ਭੁੰਨਣ ਲਈ ਕਿਹਾ ਗਿਆ। ਉਸ ਨੇ ਘਾਹ ਫੂਸ ਇਕੱਠਾ ਕੀਤਾ। ਚਾਰ ਪੱਥਰ ਰੱਖ ਕੇ ਅੰਗੀਠੀ ਜਲਾਈ। ਭੋਜਨ ਲਈ ਹੌਲੀ ਹੌਲੀ ਸਾਰੇ ਇਕੱਠੇ ਹੋ ਗਏ।

ਮਾਨਿਕ ਨੂੰ ਵੀ ਕਾਫੀ ਭੁੱਖ ਲੱਗ ਚੁਕੀ ਸੀ। ਖਾਣਾ ਖਾਣ ਲਈ ਉਹ ਹੱਥ ਵਿਚ ਰੋਟੀ ਲੈ ਚੁਕਾ ਸੀ, ਭੁੰਨੀ ਮੱਛੀ ਖਾਣ ਬਾਰੇ ਉਹ ਅਜੇ ਸੋਚ ਹੀ ਰਿਹਾ ਸੀ ਕਿ ਜੀਜੇ ਸੰਤ ਰਾਮ ਅਤੇ ਤੁਕਾ ਰਾਮ ਨੇ ਉਸ ਨੂੰ ਆਪਣੇ ਕੋਲ ਸੱਦਿਆ ਅਤੇ ਪੁੱਛਣ ਲੱਗੇ, "ਹੁਣ ਦੱਸ, ਫੜ੍ਹੇ ਜਾਣ 'ਤੇ ਆਪਣਾ ਅਤੇ ਸਾਡਾ ਸਹੀ ਨਾਮ ਕਿਉਂ ਦੱਸਿਆ? ਇੰਨਾ ਸਮਾਂ ਤੂੰ ਉਥੇ ਕੀ ਕਰਦਾ ਰਿਹਾ? ਤੂੰ ਚੋਰੀ ਕਿਉਂ ਨਹੀਂ ਕੀਤੀ?"

ਮਾਨਿਕ ਦੱਸਣ ਲੱਗਾ, "ਉਨ੍ਹਾਂ ਅੱਖਾਂ ਵਿਚ ਮਿਰਚਾ ਪਾ ਕੇ ਕੁੱਟਿਆ, ਇਹ ਮੈਂ ਝੱਲ ਨਾ ਸਕਿਆ। ਇਸ ਕਰ ਕੇ ਸਾਰਿਆਂ ਦੇ ਨਾਮ ਦੱਸ ਦਿੱਤੇ।" ਫਿਰ ਸੰਤ ਰਾਮ ਨੇ ਮਾਨਿਕ ਦੇ ਸਾਰੇ ਕੱਪੜੇ ਉਤਾਰ ਦਿੱਤੇ। ਸੰਤ ਰਾਮ ਬੂਟਾਂ ਵਾਲੇ ਪੈਰਾਂ ਨਾਲ ਮਾਨਿਕ ਦੇ ਨੰਗੇ ਸਰੀਰ 'ਤੇ ਨੱਚਣ ਲੱਗਾ। ਦੁਪਹਿਰ ਦੀ ਕਰੜੀ ਧੁੱਪ, ਹੇਠਾਂ ਤਪਦੀ ਰੇਤ। ਉਸ ਦਾ ਪੇਟ ਅਤੇ ਪਿੱਠ ਲਾਲ ਹੋ ਗਏ। ਤੁਕਾ ਰਾਮ ਨੇ ਕਿਹਾ, "ਉਨ੍ਹਾਂ ਨੇ ਤੇਰੀਆਂ ਅੱਖਾਂ ਵਿਚ ਮਿਰਚਾਂ ਸੁੱਟੀਆਂ ਸਨ, ਤੇ ਤੂੰ ਨਾਮ ਦੱਸ ਦਿੱਤੇ?" ਇਹ ਪੁੱਛਦੇ ਹੋਏ ਤੁਕਾ ਰਾਮ ਨੇ ਰੋਟੀ 'ਤੇ ਰੱਖੀ ਪੀਸੀ ਹੋਈ ਲਾਲ ਮਿਰਚ ਚੁੱਕੀ ਅਤੇ ਮਾਨਿਕ ਦੀ ਧੂੰਨੀ ਅਤੇ ਅੱਖਾਂ ਵਿਚ ਸੁੱਟ ਦਿੱਤੀ।

ਆਖਿਰ ਕੁੱਟ ਰੁਕ ਗਈ। ਜਾਲ ਵਿਚ ਫਸਿਆ ਖਰਗੋਸ਼ ਜਿਵੇਂ ਮੌਕਾ ਤਾੜ ਕੇ ਭੱਜਦਾ ਹੈ, ਉਵੇਂ ਮਾਨਿਕ ਨੇ ਧੂਰਲੀ ਮਾਰੀ ਅਤੇ ਨਦੀ ਦੇ ਪਾਣੀ ਵਿਚ ਜਾ ਡਿੱਗਿਆ। ਉਸ ਦਾ ਪੂਰਾ ਪਿੰਡਾ ਜਲ ਰਿਹਾ ਸੀ। ਥੋੜ੍ਹੇ ਸਮੇਂ ਬਾਅਦ ਉਸ ਨੂੰ ਆਵਾਜ਼ ਪੈ ਗਈ। ਉਹ ਘਬਰਾ ਕੇ ਉਨ੍ਹਾਂ ਕੋਲ ਗਿਆ। ਉਨ੍ਹਾਂ ਕਿਹਾ, "ਕੱਲ੍ਹ ਪਰਲੀ ਦਾ ਬਾਜ਼ਾਰ ਹੈ। ਉਥੇ ਜਾਵੇਂਗਾ?" ਉਸ ਦੇ ਹਾਂ ਕਹਿਣ ਉਤੇ ਉਸ ਨੂੰ ਇਕ ਰੋਟੀ ਅਤੇ ਭੁੰਨੀ ਮੱਛੀ ਦਿੱਤੀ ਗਈ। ਉਸ ਰਾਤ ਮਾਨਿਕ ਘਰੇ ਰਿਹਾ। ਅਗਲੇ ਦਿਨ ਉਹ ਬਾਜ਼ਾਰ ਵਿਚ ਸੀ।

ਕੁੱਟ ਦੇ ਡਰੋਂ ਮਾਨਿਕ ਨੇ ਅੱਧੇ ਥੈਲੇ ਤੋਂ ਜ਼ਿਆਦਾ ਚੱਪਲਾਂ ਚੋਰੀ ਕੀਤੀਆਂ ਅਤੇ ਪੰਜ ਗਠੜੀਆਂ ਵੀ ਲੈ ਆਇਆ। ਫਿਰ ਕੀ ਸੀ? ਇਸ ਖੁਸ਼ੀ ਵਿਚ ਸੰਤ ਰਾਮ ਨੇ ਉਸ ਨੂੰ ਕਿਲੋ ਜਲੇਬੀਆਂ ਖੁਆਈਆਂ। ਮਾਨਿਕ ਹੁਣ ਖੂਬ ਕਮਾਈ ਕਰਨ ਲੱਗਿਆ। ਦਾਦੀ ਕਾਫੀ ਥੱਕ ਚੁਕੀ ਸੀ। ਪੁਲਿਸ ਦੀ ਕੁੱਟ ਝੱਲਣ ਦੀ ਉਸ ਵਿਚ ਹਿੰਮਤ ਨਹੀਂ ਸੀ। ਉਹ ਕਹਿੰਦੀ, "ਪੁਲਿਸ ਜਦੋਂ ਫੜ੍ਹ ਲੈਂਦੀ ਹੈ ਤਾਂ ਉਲਟਾ ਟੰਗ ਦਿੰਦੀ ਹੈ। ਹੰਟਰ ਨਾਲ ਕੁੱਟਦੀ ਹੈ। ਜਲਦੀ ਹੋਈ ਸਿਗਰਟ ਨਾਲ ਧੂੰਨੀ ਦਾਗਦੀ ਹੈ। ਚੋਰੀ ਨਾ ਮੰਨੀਏ ਤਾਂ ਮੂੰਹ ਦੇ ਸਾਹਮਣੇ ਗੂੰਹ ਲਿਆ ਕੇ, ਉਸ ਨੂੰ ਮੂੰਹ ਵਿਚ ਤੁੰਨਣ ਦੀ ਕੋਸ਼ਿਸ਼ ਕਰਦੀ ਹੈ। ਹੁਣ ਨਹੀਂ ਝੱਲ ਹੁੰਦਾ।" ਕੁਝ ਦਿਨਾਂ ਬਾਅਦ ਕਿਸੇ ਬਿਮਾਰੀ ਕਾਰਨ ਦਾਦੀ ਮਰ ਗਈ ਅਤੇ ਮਾਨਿਕ ਘਰ ਚਲਾਉਣ ਲੱਗਾ।

ਮੇਰਾ ਨਾਨਾ ਸਾਇਬੂ ਨੇੜੇ ਹੀ ਝੌਂਪੜੀ ਵਿਚ ਰਹਿੰਦਾ ਸੀ। ਉਹ ਸ਼ਿਕਾਰ ਲਈ ਜਾਂਦਾ। ਮੱਛੀ, ਖਰਗੋਸ਼, ਹਿਰਨ, ਗਿੱਦੜ, ਜੰਗਲੀ ਬਿੱਲੇ, ਚੂਹੇ, ਕੇਕੜੇ, ਕੱਛੂ, ਨਿਉਲੇ ਆਦਿ ਦਾ ਸ਼ਿਕਾਰ ਕਰਦਾ। ਘਰ ਵਿਚ ਦੋ ਵੱਡੇ ਸ਼ਿਕਾਰੀ ਕੁੱਤੇ ਸਨ ਜੋ ਸ਼ਿਕਾਰ ਲਈ ਨਾਨੇ ਦੀ ਮਦਦ ਕਰਦੇ। ਨਾਨਾ ਭਾਵੇਂ ਬੁੱਢਾ ਸੀ, ਪਰ ਸੀ ਬਹੁਤ ਹੁਸ਼ਿਆਰ, ਚਲਾਕ ਅਤੇ ਬੁੱਧੀਮਾਨ। ਉਸ ਦੀ ਚੋਰੀ ਮਾਨਿਕ ਤੇ ਦਾਦੀ ਜਾਂ ਹੋਰਾਂ ਨਾਲੋਂ ਵੱਖਰੀ ਸੀ। ਮੈਂ ਅਤੇ ਨਾਨਾ ਚੂਹੇ ਫੜ੍ਹਦੇ। ਇਨ੍ਹਾਂ ਦੀ ਵਰਤੋਂ ਨਾਨਾ ਚੋਰੀ ਕਰਨ ਲਈ ਕਰਦਾ। ਉਹ ਫੜ੍ਹੇ ਹੋਏ ਚੂਹੇ ਲੈ ਕੇ ਹਨੇਰੀ ਰਾਤ ਸਮੇਂ ਨਿਕਲਦਾ। ਜਿਸ ਕਿਸਾਨ ਦੇ ਖੇਤਾਂ ਵਿਚ ਕਣਕ ਪੱਕ ਗਈ ਹੁੰਦੀ, ਉਥੇ ਛੱਡ ਦਿੰਦਾ। ਕਣਕ ਦੀਆਂ ਬੱਲੀਆਂ ਨੂੰ ਕੁਤਰ ਕੁਤਰ ਕੇ ਇਹ ਚੂਹੇ ਉਨ੍ਹਾਂ ਨੂੰ ਜ਼ਮੀਨ ਦੇ ਅੰਦਰ, ਖੁੱਡਾਂ ਵਿਚ ਲੁਕਾਉਂਦੇ। ਕਣਕ ਦੀ ਕਟਾਈ ਬਾਅਦ ਨਾਨਾ ਖੇਤ ਦੇ ਮਾਲਕ ਕੋਲ ਪਹੁੰਚਦਾ ਤੇ ਕਹਿੰਦਾ ਕਿ ਚੂਹਿਆਂ ਦੀਆਂ ਖੁੱਡਾਂ ਖੋਦ ਕੇ ਸਾਫ ਕਰ ਦੇਵਾਂਗਾ। ਮਾਲਕ ਤਿਆਰ ਹੋ ਜਾਂਦਾ। ਮੈਂ ਅਤੇ ਨਾਨਾ ਚੂਹਿਆਂ ਦੀਆਂ ਖੁੱਡਾਂ ਲੱਭਦੇ ਤੇ ਖੋਦਦੇ। ਉਨ੍ਹਾਂ ਵਿਚੋਂ ਵਾਹਵਾ ਬੱਲੀਆਂ ਨਿਕਲਦੀਆਂ। ਕਿਸਾਨਾਂ ਨੂੰ ਕੋਈ ਇਤਰਾਜ਼ ਨਾ ਹੁੰਦਾ। ਉਹ ਤਾਂ ਸਗੋਂ ਉਲਟਾ ਆਖਦੇ, "ਚਲੋ ਚੰਗਾ ਹੋਇਆ, ਚੂਹਿਆਂ ਨੂੰ ਫੜ੍ਹ ਕੇ ਇਹ ਲੋਕ ਭੁੰਨ ਕੇ ਖਾਂਦੇ ਹਨ, ਚੂਹਿਆਂ ਦੇ ਦੰਦਾਂ ਵਾਲੀਆਂ ਬੱਲੀਆਂ ਲੈ ਜਾਂਦੇ ਹਨ ਅਤੇ ਜ਼ਮੀਨ ਸਾਫ ਕਰਦੇ ਹਨ। ਅਗਲੀ ਫਸਲ ਚੂਹਿਆਂ ਤੋਂ ਬਚੀ ਰਹੇਗੀ।"

ਮੈਂ ਬੱਲੀਆਂ ਦੀ ਗਠੜੀ ਬੰਨ੍ਹ, ਸਿਰ 'ਤੇ ਰੱਖ ਕੇ ਝੌਂਪੜੀ ਵੱਲ ਦੌੜਦਾ। ਖੁੱਡਾਂ ਵਿਚੋਂ ਜਿਹੜੇ ਚੂਹੇ ਨਿਕਲਦੇ, ਉਨ੍ਹਾਂ ਦਾ ਸ਼ਿਕਾਰ ਕਰ ਕੇ ਉਨ੍ਹਾਂ ਨੂੰ ਵੀ ਨਾਲ ਲੈ ਆਉਂਦਾ। ਬਾਅਦ ਵਿਚ ਘਾਹ ਫੂਸ ਇਕੱਠਾ ਕਰਦਾ। ਨਾਨਾ ਅੱਗ ਬਾਲਦਾ। ਅਸੀਂ ਦੋਵੇਂ ਚੂਹੇ ਭੁੰਨ ਭੁੰਨ ਖਾਂਦੇ। ਜੋ ਬਚ ਜਾਂਦੇ ਤਾਂ ਮਾਂ ਨੂੰ ਦੇ ਦਿੰਦੇ। ਇਸ ਤਰ੍ਹਾਂ ਪ੍ਰਾਪਤ ਕਣਕ ਨਾਲ ਨਾਨੇ ਨੇ ਚਾਰ ਬੋਰੇ ਭਰੇ ਹੋਏ ਸਨ। ਇਸ ਕਣਕ ਨਾਲ ਨਾਨੇ ਨੇ ਮੇਰੇ ਦੋ ਭਰਾਵਾਂ ਦੇ ਵਿਆਹ ਕੀਤੇ। ਨਾਨੇ ਨਾਲ ਮੈਂ ਸ਼ਿਕਾਰ ਲਈ ਜਾਂਦਾ ਸਾਂ, ਇਸ ਲਈ ਹਰ ਜਾਨਵਰ ਦਾ ਮਾਸ ਖਾਣ ਲੱਗਿਆ।

# ਐਂਗਲੋ-ਅਫਗਾਨ ਜੰਗਾਂ

***ਅਫਗਾਨਿਸਤਾਨ ਸਦੀਆਂ ਤੋਂ ਜੰਗ ਦਾ ਮੈਦਾਨ ਬਣਿਆ ਰਿਹਾ ਹੈ। ਕਦੀ ਇਹ ਜੰਗ ਬਾਹਰੋਂ ਆਏ ਹਮਲਾਵਰਾਂ ਨਾਲ ਹੁੰਦੀ ਤੇ ਕਦੀ ਉਥੇ ਵਸਦੇ ਵੱਖ ਵੱਖ ਕਬੀਲਿਆਂ ਵਿਚ ਖਾਨਾਜੰਗੀ। ਭਾਰਤ ਉਤੇ ਬਰਤਾਨੀਆ ਦੇ ਕਬਜ਼ੇ ਪਿੱਛੋਂ ਗੋਰਿਆਂ ਨੇ ਅਫਗਾਨਿਸਤਾਨ ਨੂੰ ਵੀ ਆਪਣੇ ਕਬਜ਼ੇ ਵਿਚ ਲੈਣ ਦੀ ਕੋਸ਼ਿਸ਼ ਕੀਤੀ। ਜਿਸ ਖਾਤਰ ਬਰਤਾਨੀਆ ਅਤੇ ਅਫਗਾਨਿਸਤਾਨ ਵਿਚਾਲੇ ਤਿੰਨ ਵੱਡੀਆਂ ਜੰਗਾਂ ਹੋਈਆਂ ਜਿਨ੍ਹਾਂ ਨੂੰ ਐਂਗਲੋ-ਅਫਗਾਨ ਜੰਗਾਂ ਵਜੋਂ ਜਾਣਿਆ ਜਾਂਦਾ ਹੈ। ਜੰਗ ਦਾ ਇਹ ਸਿਲਸਿਲਾ ਅਗਸਤ 1919 ਵਿਚ ਉਦੋਂ ਖਤਮ ਹੋਇਆ ਜਦੋਂ ਬਰਤਾਨਵੀ ਹਕੂਮਤ ਨੇ ਅਫਗਾਨਿਸਤਾਨ ਨੂੰ ਇਕ ਆਜ਼ਾਦ ਮੁਲਕ ਵਜੋਂ ਮਾਨਤਾ ਦੇ ਦਿੱਤੀ।***

***ਇਸ ਲੰਮੇ ਲੇਖ ਵਿਚ ਲੇਖਕ ਹਰਮੋਹਿੰਦਰ ਚਾਹਲ ਨੇ ਭਾਰਤ ਵਿਚਲੀ ਬਰਤਾਨਵੀ ਹਕੂਮਤ ਅਤੇ ਅਫਗਾਨਿਸਤਾਨ ਵਿਚਾਲੇ ਹੋਈਆਂ ਜੰਗਾਂ ਦੇ ਪੱਤਰੇ ਤਫਸੀਲ ਨਾਲ ਫਰੋਲੇ ਹਨ। ਪਾਠਕ 2013 ਵਿਚ ਛਪਿਆ ਚਾਹਲ ਦਾ 'ਆਫੀਆ ਸਦੀਕੀ ਦਾ ਜਹਾਦ' ਨਾਂ ਦਾ ਲੇਖ ਪੜ੍ਹ ਚੁਕੇ ਹਨ ਜਿਸ ਵਿਚ ਉਸ ਨੇ ਦਹਿਸ਼ਤਪਸੰਦੀ ਦੇ ਵਰਤਾਰੇ ਦਾ ਸ਼ਿਕਾਰ ਬਣੀ ਇਕ ਪਾਕਿਸਤਾਨੀ ਔਰਤ ਦੀ ਗਾਥਾ ਬਹੁਤ ਮਾਰਮਿਕ ਢੰਗ ਨਾਲ ਬਿਆਨੀ ਸੀ। ਉਹ ਲੇਖ ਅਜੇ ਵੀ ਪਾਠਕਾਂ ਦੇ ਚੇਤੇ ਵਿਚ ਜਿਉਂ ਦਾ ਤਿਉਂ ਉਕਰਿਆ ਹੋਇਆ ਹੈ। ਉਮੀਦ ਹੈ, ਪਾਠਕ ਚਾਹਲ ਦੇ ਇਸ ਲੇਖ ਤੋਂ ਵੀ ਉਸੇ ਤਰ੍ਹਾਂ ਪ੍ਰਭਾਵਿਤ ਹੋਣਗੇ। -ਸੰਪਾਦਕ***

ਅਫਗਾਨਿਸਤਾਨ ਅਤੇ ਬ੍ਰਿਟਿਸ਼ ਇੰਡੀਆ ਵਿਚਾਲੇ ਤਿੰਨ ਜੰਗਾਂ ਹੋਈਆਂ। ਇਨ੍ਹਾਂ ਨੂੰ ਐਂਗਲੋ-ਅਫਗਾਨ ਵਾਰਜ਼ ਕਿਹਾ ਜਾਂਦਾ ਹੈ। ਪਹਿਲੀ ਜੰਗ 1839 ਵਿਚ ਸ਼ੁਰੂ ਹੋਈ। ਤੀਜੀ ਅਤੇ ਆਖਰੀ ਅਫਗਾਨ-ਐਂਗਲੋ ਜੰਗ 1910 ਵਿਚ ਹੋਈ। 1839 ਤੋਂ ਪਹਿਲਾਂ ਅੰਗਰੇਜ਼ਾਂ ਦੇ ਕੁਝ ਗਲਤ ਫੈਸਲੇ ਇਸ ਜੰਗ ਦਾ ਕਾਰਨ ਬਣੇ। ਉਸ ਵੇਲੇ ਦੋਸਤ ਮੁਹੰਮਦ ਅਫਗਾਨਿਸਤਾਨ ਦਾ ਬਾਦਸ਼ਾਹ ਸੀ। ਉਸ ਦਾ ਪੁੱਤਰ ਅਕਬਰ ਖਾਂ ਬੜਾ ਕਾਬਲ ਜਨਰੈਲ ਸੀ। ਪਹਿਲੀ ਜੰਗ ਦਾ ਮੁੱਖ ਕਾਰਨ ਤਿੰਨ ਧਿਰੀ ਸੰਧੀ ਸੀ ਜੋ ਮਹਾਰਾਜਾ ਰਣਜੀਤ ਸਿੰਘ, ਬ੍ਰਿਟਿਸ਼ ਇੰਡੀਆ ਅਤੇ ਅਫਗਾਨਿਸਤਾਨ ਦੇ ਪਹਿਲਾਂ ਰਹਿ ਚੁਕੇ ਬਾਦਸ਼ਾਹ ਸ਼ੌਜਾ ਸ਼ਾਹ ਵਿਚ ਹੋਈ ਸੀ। ਇਹ ਸੰਧੀ ਲਾਗੂ ਕਰਦਿਆਂ ਹੀ ਅਫਗਾਨਿਸਤਾਨ ਬਲਦੀ ਦੇ ਬੁੱਥੇ ਆ ਗਿਆ। ਸਭ ਕੁਝ ਉਲਟ ਪੁਲਟ ਹੋ ਗਿਆ। ਇਸ ਦੌਰਾਨ ਖਰਾਬ ਹੋਏ ਹਾਲਾਤ ਕਾਰਨ ਹੀ ਪਹਿਲੀ ਜੰਗ ਸ਼ੁਰੂ ਹੋਈ। ਉਸ ਜੰਗ ਦੀ ਗੱਲ ਚਰਚਾ ਕਰਨ ਤੋਂ ਪਹਿਲਾਂ ਸਾਨੂੰ ਇਤਿਹਾਸ ਫਰੋਲਦਿਆਂ ਗੱਲ ਥੋੜ੍ਹੀ ਪਿੱਛੋਂ ਸ਼ੁਰੂ



**ਹਰਮੋਹਿੰਦਰ ਚਾਹਲ**
**E-mail: chahals57@yahoo.com**

ਕਰਨੀ ਪਵੇਗੀ।

ਮੌਜੂਦਾ ਅਫਗਾਨਿਸਤਾਨ ਨੂੰ ਮੁਕੰਮਲ ਤੌਰ 'ਤੇ ਇਕੱਠਾ ਕਰਕੇ ਇੱਕ ਦੇਸ਼ ਦੇ ਰੂਪ ਵਿਚ ਸਥਾਪਤ ਕਰਨ ਦਾ ਸਿਹਰਾ ਅਹਿਮਦ ਸ਼ਾਹ ਅਬਦਾਲੀ ਨੂੰ ਜਾਂਦਾ ਹੈ। ਅਹਿਮਦਸ਼ਾਹ ਦਾ ਜਨਮ ਅਬਦਾਲੀ ਕਬੀਲੇ ਦੇ ਮੁਖੀ ਜਾਮਨ ਸ਼ਾਹ ਦੇ ਘਰ 1722 ਵਿਚ ਹੋਇਆ। ਉਸ ਦਾ ਪਿਤਾ ਹੈਰਾਤ ਸੂਬੇ ਦਾ ਗਵਰਨਰ ਸੀ। ਅਹਿਮਦ ਸ਼ਾਹ ਬੜਾ ਬਹਾਦਰ ਲੜਾਕਾ ਸੀ। ਸ਼ੁਰੂ ਵਿਚ ਉਹ ਇਰਾਨੀ ਬਾਦਸ਼ਾਹ ਨਾਦਰਸ਼ਾਹ ਦਾ ਖਾਸਮ-ਖਾਸ ਜਨਰੈਲ ਸੀ ਤੇ ਉਸ ਦੀ ਨਿਜੀ ਫੌਜ ਦਾ ਮੁਖੀ ਸੀ। ਉਸ ਵੇਲੇ ਅਫਗਾਨਿਸਤਾਨ ਦਾ ਕਾਫੀ ਹਿੱਸਾ ਨਾਦਰਸ਼ਾਹ ਦੇ ਕਬਜ਼ੇ ਹੇਠ ਸੀ। 1747 ਵਿਚ ਨਾਦਰਸ਼ਾਹ ਦਾ ਕਤਲ ਹੋ ਗਿਆ ਤਾਂ ਅਹਿਮਦਸ਼ਾਹ ਨੇ ਵੱਡਾ ਕਦਮ ਚੁੱਕਦਿਆਂ ਨਾਦਰਸ਼ਾਹ ਦੇ ਕਬਜ਼ੇ ਹੇਠਲੇ ਅਫਗਾਨ ਇਲਾਕਿਆਂ 'ਤੇ ਕਬਜਾ ਕਰ ਲਿਆ। ਇਸ ਦੇ ਨਾਲ ਹੀ ਉਸ ਨੇ ਆਲੇ ਦੁਆਲੇ ਦੇ ਅਫਗਾਨ ਕਬੀਲਿਆਂ ਦੇ ਵਡੇਰਿਆਂ ਨੂੰ ਇਕੱਠੇ ਕਰਕੇ 'ਲੋਇਆ ਜਿਰਗਾ' ਭਾਵ ਵੱਡਿਆਂ ਦਾ ਇਕੱਠ ਕੀਤਾ। ਸਭ ਉਸ ਦੀ ਬਹਾਦਰੀ ਤੋਂ ਖੁਸ਼ ਸਨ। ਅਹਿਮਦ ਸ਼ਾਹ ਨੇ ਸਾਰੇ ਇਲਾਕੇ ਮਿਲਾ ਕੇ ਇਕ ਮਜ਼ਬੂਤ ਰਾਜਸ਼ਾਹੀ ਅਫਗਾਨਿਸਤਾਨ ਦੀ ਤਜਵੀਜ਼ ਰੱਖੀ ਜੋ ਸਭ ਨੇ ਮੰਨ ਲਈ ਅਤੇ ਨਾਲ ਹੀ ਉਸ ਨੂੰ ਇਸ ਨਵੇਂ ਸਥਾਪਤ ਕੀਤੇ ਅਫਗਾਨਿਸਤਾਨ ਦਾ ਬਾਦਸ਼ਾਹ ਬਣਾ ਦਿੱਤਾ। ਅਬਦਾਲੀ ਨੇ ਅਗਲੇ ਪੰਝੀ ਛੱਬੀ ਸਾਲ ਰਾਜ ਕੀਤਾ।

ਜਦੋਂ 1773 ਵਿਚ ਉਸ ਦੀ ਮੌਤ ਹੋਈ ਤਾਂ ਅਫਗਾਨਿਸਤਾਨ ਇਕ ਸਥਾਪਤ ਰਾਜ ਬਣ ਚੁਕਾ ਸੀ। ਉਸ ਪਿੱਛੋਂ ਉਸ ਦਾ ਪੁੱਤਰ ਤੈਮੂਰ ਸ਼ਾਹ ਬਾਦਸ਼ਾਹ ਬਣਿਆ। ਕੁਝ ਸਾਲ ਬਾਅਦ ਹੀ ਤੈਮੂਰ ਸ਼ਾਹ ਚੱਲ ਵਸਿਆ ਤਾਂ ਉਸ ਦਾ ਪੁੱਤਰ ਜਾਮਨਸ਼ਾਹ ਅਫਗਾਨਿਸਤਾਨ ਦਾ ਬਾਦਸ਼ਾਹ ਬਣ ਗਿਆ। ਉਹ ਕੋਈ ਬਹੁਤ ਮਕਬੂਲ ਬਾਦਸ਼ਾਹ ਨਹੀਂ ਸੀ। ਉਸ ਦੇ ਭਰਾਵਾਂ ਦੀ ਵੱਡੀ ਗਿਣਤੀ ਉਸ ਨੂੰ ਲਾਹ ਕੇ ਆਪ ਰਾਜਗੱਦੀ ਹਥਿਆਉਣਾ ਚਾਹੁੰਦੀ ਸੀ। ਇਸ ਤੋਂ ਇਲਾਵਾ ਅਬਦਾਲੀ ਦਾ ਵਿਰੋਧੀ ਬਰਕਜ਼ੀ ਕਬੀਲਾ ਆਪਣਾ ਹੱਕ ਮੰਗ ਰਿਹਾ ਸੀ। ਇਨ੍ਹਾਂ ਦਾ ਮੁਖੀ ਪੈਂਦੇ ਖਾਂ ਸੀ। ਪਰ ਜਾਮਨਸ਼ਾਹ ਨੇ ਚਾਲ ਚੱਲਦਿਆਂ ਪੈਂਦੇ ਖਾਂ ਨੂੰ ਕਤਲ ਕਰਵਾ ਦਿੱਤਾ। ਪੈਂਦੇ ਖਾਂ ਦੇ ਪੁੱਤਰ, ਫਤਿਹ ਖਾਂ ਅਤੇ ਦੋਸਤ ਮੁਹੰਮਦ ਨੇ ਆਪਣੀਆਂ ਜਾਨਾਂ ਬਚਾ ਕੇ ਇਰਾਨ ਜਾ ਸ਼ਰਨ ਲਈ।

ਖੈਰ! ਜਾਮਨਸ਼ਾਹ ਤੋਂ ਗੱਦੀ ਹਥਿਆ ਕੇ ਉਸ ਦਾ ਭਰਾ ਮਹਿਮੂਦ ਸ਼ਾਹ ਬਾਦਸ਼ਾਹ ਬਣਿਆ। ਉਸ ਲਈ ਰਾਜ ਕਰਨਾ ਬਹੁਤ ਔਖਾ ਸੀ ਕਿਉਂਕਿ ਉਸ ਦੇ ਭਰਾਵਾਂ ਯਾਨਿ ਤੈਮੂਰ ਸ਼ਾਹ ਦੇ ਪੁੱਤਰਾਂ ਦੀ ਗਿਣਤੀ ਬਹੁਤ ਸੀ ਅਤੇ ਹਰ ਕੋਈ ਰਾਜਸੱਤਾ ਭਾਲਦਾ ਸੀ। ਛੇਤੀ ਹੀ ਮਹਿਮੂਦ ਸ਼ਾਹ ਤੋਂ ਸੱਤਾ ਸ਼ੌਜਾ ਸ਼ਾਹ ਨੇ ਹਾਸਲ ਕੀਤੀ। ਸ਼ੌਜਾ ਸ਼ਾਹ ਨੇ 1803 ਤੋਂ 1809 ਤੱਕ ਰਾਜ ਚਲਾਇਆ। ਇਸ ਸਮੇਂ ਦੌਰਾਨ ਹੀ ਸ਼ੌਜਾ ਸ਼ਾਹ ਨੇ ਬ੍ਰਿਟਿਸ਼ (ਬਰਤਾਨਵੀ) ਇੰਡੀਆ ਨਾਲ ਸੰਧੀ ਕੀਤੀ। ਜਿਸ ਦੀ ਮੁੱਖ ਮੱਦ ਇਹ ਸੀ ਕਿ ਸ਼ੌਜਾ ਸ਼ਾਹ ਕਿਸੇ ਵੀ ਬਾਹਰੀ ਤਾਕਤ ਨੂੰ ਅਫਗਾਨਿਸਤਾਨ ਵਿਚੋਂ ਦੀ ਲਾਂਘਾ ਨਹੀਂ ਦੇਵੇਗਾ। ਮੁੱਖ ਡਰ ਅੰਗਰੇਜ਼ਾਂ ਨੂੰ ਇਹ ਸੀ ਕਿ ਕਿਤੇ ਇਧਰ ਦੀ ਕੋਈ ਹੋਰ ਦੇਸ਼ ਬ੍ਰਿਟਿਸ਼ ਇੰਡੀਆ 'ਤੇ ਹਮਲਾ ਨਾ ਕਰ ਦੇਵੇ। ਇਸੇ ਕਰਕੇ ਇੱਧਰ ਵੱਲ ਦਾ ਰਾਹ ਉਨ੍ਹਾਂ ਨੇ ਸ਼ੌਜਾ ਸ਼ਾਹ ਨਾਲ ਸੰਧੀ ਕਰਕੇ ਬੰਦ ਕਰ ਦਿੱਤਾ। ਪਰ ਇਸ ਸੰਧੀ ਤੋਂ ਕੁਝ ਹਫਤੇ ਬਾਅਦ ਹੀ, ਪਹਿਲਾਂ ਬਾਦਸ਼ਾਹ ਰਹਿ ਚੁਕੇ ਮਹਿਮੂਦ ਸ਼ਾਹ ਨੇ ਪਲਟ ਵਾਰ ਕੀਤਾ ਤੇ ਉਹ ਫਿਰ ਬਾਦਸ਼ਾਹ ਬਣ ਬੈਠਾ। ਉਸ ਦੀ ਮਦਦ ਬਰਕਜ਼ਈ ਕਬੀਲੇ ਦੇ ਕਤਲ ਹੋ ਚੁਕੇ ਮੁਖੀ ਪੈਂਦੇ ਖਾਂ ਦੇ ਪੁੱਤਰਾਂ, ਫਤਿਹ ਖਾਂ ਤੇ ਦੋਸਤ ਮੁਹੰਮਦ ਨੇ ਕੀਤੀ ਸੀ ਪਰ ਬਾਦਸ਼ਾਹ ਬਣਦਿਆਂ ਹੀ ਮਹਿਮੂਦ ਸ਼ਾਹ ਨੇ ਉਨ੍ਹਾਂ ਨੂੰ ਰਾਹ 'ਚੋਂ ਪਾਸੇ ਕਰਨ ਦੀ ਸੋਚੀ। ਇਸ ਵਿਚ ਫਤਿਹ ਖਾਂ ਤਾਂ ਮਾਰਿਆ ਗਿਆ ਪਰ ਦੋਸਤ ਮੁਹੰਮਦ ਨੇ ਭੱਜ ਕੇ ਜਾਨ ਬਚਾਈ। ਦੋਸਤ ਮੁਹੰਮਦ ਇਰਾਨ ਜਾ ਬੈਠਾ ਅਤੇ ਅਬਦਾਲੀਆਂ ਤੋਂ ਹਕੂਮਤ ਹਥਿਆਉਣ ਲਈ ਆਪਣੀ ਫੌਜ ਤਿਆਰ ਕਰਨ ਲੱਗਾ।

ਇੱਧਰ ਦੂਸਰੀ ਵਾਰ ਬਾਦਸ਼ਾਹ ਬਣੇ ਮਹਿਮੂਦ ਸ਼ਾਹ ਨੇ 1818 ਤੱਕ ਰਾਜ ਕੀਤਾ। ਇਸ ਤੋਂ ਬਾਅਦ ਵਾਰੀ ਆਉਂਦੀ ਹੈ ਸੁਲਤਾਨ ਅਲੀ ਸ਼ਾਹ ਦੀ। ਉਸ ਨੇ 1818 ਵਿਚ ਆਪਣੇ ਭਰਾ ਮਹਿਮੂਦ ਸ਼ਾਹ ਨੂੰ ਪਾਸੇ ਕਰਕੇ ਹਕੂਮਤ ਆਪਣੇ ਕਬਜ਼ੇ 'ਚ ਕਰ ਲਈ, ਪਰ ਬਹੁਤਾ ਵਕਤ ਨਾ ਕੱਢ ਸਕਿਆ। ਅਗਲੇ ਸਾਲ 1819 ਵਿਚ ਹੀ, ਸੁਲਤਾਨ ਅਲੀ ਸ਼ਾਹ ਦੇ ਇਕ ਹੋਰ ਭਰਾ ਅਯੂਬ ਸ਼ਾਹ ਨੇ ਉਸ ਨੂੰ ਗੱਦੀਉਂ ਲਾਹ ਕੇ ਬਾਦਸ਼ਾਹਤ ਹਾਸਲ ਕਰ ਲਈ ਜੋ 1823 ਤੱਕ ਬਾਦਸ਼ਾਹ ਬਣਿਆ ਰਿਹਾ। ਇੱਧਰ ਇਹ ਘਰੋਗੀ ਜੰਗ ਚੱਲ ਰਹੀ ਸੀ। ਤੈਮੂਰ ਦਾ ਕਦੇ ਕੋਈ ਪੁੱਤਰ ਅੱਗੇ ਆ ਜਾਂਦਾ ਤੇ ਕਦੇ ਕੋਈ। ਉਧਰ ਬਰਕਜ਼ਾਈ ਕਬੀਲੇ ਵਾਲੇ ਪੈਂਦੇ ਖਾਂ ਦਾ ਖਾਨਦਾਨ ਵੀ ਚੁੱਪ ਨਾ ਬੈਠਾ। ਉਪਰ ਦੱਸੇ ਅਨੁਸਾਰ ਦੋਸਤ ਮੁਹੰਮਦ ਇਰਾਨ ਵਿਚ ਬੈਠਾ ਫੌਜੀ ਤਿਆਰੀ ਕਰ ਰਿਹਾ ਸੀ। ਆਖਰ ਮੌਕਾ ਮਿਲ ਗਿਆ ਤੇ ਉਸ ਨੇ ਆਪਣੀਆਂ ਫੌਜਾਂ ਅੱਗੇ ਵਧਾਉਂਦਿਆਂ ਰਾਜਧਾਨੀ ਕਾਬਲ ਘੇਰ ਲਈ। ਕੁਝ ਹੀ ਦਿਨਾਂ 'ਚ ਅਯੂਬ ਸ਼ਾਹ ਨੂੰ ਕੈਦ ਕਰ ਕੇ ਦੋਸਤ ਮੁਹੰਮਦ ਅਫਗਾਨਿਸਤਾਨ ਦਾ ਬਾਦਸ਼ਾਹ ਬਣ ਬੈਠਾ। ਭਾਵੇਂ ਉਦੋਂ ਤੱਕ ਅਫਗਾਨਿਸਤਾਨ ਖਿੰਡਣ ਪੁੰਡਣ ਲੱਗ ਪਿਆ ਸੀ, ਕਈ ਆਪੋ ਆਪਣੇ ਸੂਬਿਆਂ ਦੇ ਹਾਕਮ ਬਣ ਬੈਠੇ ਸਨ, ਪਰ ਮੁਲਕ ਦਾ ਵੱਡਾ ਭਾਗ ਦੋਸਤ ਮੁਹੰਮਦ ਦੇ ਕਬਜ਼ੇ ਹੇਠ ਸੀ। ਕੁਝ ਸਾਲ ਬਾਅਦ ਉਸ ਨੇ ਕਾਬਲ ਵੀ ਗਜ਼ਨੀ ਨਾਲ ਮਿਲਾ ਲਿਆ। ਕਿਉਂਕਿ ਰਾਜਧਾਨੀ ਕਾਬਲ ਇਸ ਕੋਲ ਸੀ, ਅਫਗਾਨਿਸਤਾਨ ਦਾ ਬਾਦਸ਼ਾਹ ਵੀ ਦੋਸਤ ਮੁਹੰਮਦ ਕਹਾਉਂਦਾ ਸੀ। ਅੱਗੇ 1803 ਤੋਂ 1809 ਤੱਕ ਬਾਦਸ਼ਾਹ ਰਹੇ ਸ਼ੌਜਾ ਸ਼ਾਹ ਨੇ ਇਕ ਵਾਰ ਫਿਰ ਤੋਂ ਹਕੂਮਤ ਹਾਸਲ ਕਰਨ ਲਈ ਮੁਹਿੰਮ ਵਿੱਢੀ। ਉਹ ਲੜਦਾ ਕੰਧਾਰ ਤੱਕ ਜਾ ਪਹੁੰਚਿਆ। ਅੱਗੇ ਉਸ ਦੀ ਦੋਸਤ ਮੁਹੰਮਦ ਦੀਆਂ ਫੌਜਾਂ ਨਾਲ ਲਹੂ ਡੋਲਵੀਂ ਲੜਾਈ ਹੋਈ।

ਜਿੱਤ ਤਾਂ ਭਾਵੇਂ ਦੋਸਤ ਮੁਹੰਮਦ ਦੀ ਹੀ ਹੋਈ ਪਰ ਇਸ ਨਾਲ ਉਸ ਦਾ ਹੋਰ ਪਾਸੇ ਨੁਕਸਾਨ ਹੋ ਗਿਆ। ਉਸ ਦੀਆਂ ਫੌਜਾਂ ਕੰਧਾਰ ਦੇ ਬਾਹਰ ਸ਼ੌਜਾ ਸ਼ਾਹ ਨਾਲ ਲੜ ਰਹੀਆਂ ਸਨ ਤਾਂ ਉਧਰ ਮਹਾਰਾਜਾ ਰਣਜੀਤ ਸਿੰਘ ਨੂੰ ਮੌਕਾ ਮਿਲ ਗਿਆ। ਖਾਲਸਾ ਫੌਜ ਨੇ ਪੈਂਦੀ ਸੱਟੇ ਪੇਸ਼ਾਵਰ 'ਤੇ ਕਬਜ਼ਾ ਕਰ ਲਿਆ। ਸ਼ੌਜਾ ਸ਼ਾਹ ਵੱਲੋਂ ਵਿਹਲਾ ਹੁੰਦਿਆਂ ਹੀ ਦੋਸਤ ਮੁਹੰਮਦ ਨੇ ਖਾਲਸਾ ਫੌਜ ਨਾਲ ਲੜਨ ਲਈ ਆਪਣੇ ਪੁੱਤਰ ਅਕਬਰ ਖਾਂ ਦੀ ਅਗਵਾਈ 'ਚ ਫੌਜ ਭੇਜੀ। ਜਮਰੌਦ ਦੀ ਥਾਂ 'ਤੇ ਬੜਾ ਘਮਸਾਨ ਦਾ ਜੰਗ ਹੋਇਆ ਪਰ ਅਕਬਰ ਖਾਂ ਹਾਰ ਗਿਆ। ਫਿਰ ਦੋਸਤ ਮੁਹੰਮਦ ਨੇ ਆਪ ਹੱਲਾ ਬੋਲਿਆ। ਪਰ ਖੈਬਰ ਦੱਰੇ ਦੇ ਮੂਹਰੇ ਕਿਲਿਆਂ ਦੀ ਚੇਨ ਬਣਾਈ ਬੈਠੀ ਖਾਲਸਾ ਫੌਜ ਨੇ ਉਸ ਦੀ ਇਕ ਨਾ ਚੱਲਣ ਦਿੱਤੀ। ਕੰਵਰ ਨੌਨਿਹਾਲ ਸਿੰਘ ਅਤੇ ਖਾਲਸਾ ਫੌਜ ਦੇ ਮਹਾਨ ਜਰਨੈਲ ਹਰੀ ਸਿੰਘ ਨਲੂਆ ਅੱਗੇ ਕੰਧ ਵਾਂਗੂੰ ਖੜ੍ਹੇ ਸਨ। ਪਰ ਪਿੱਛੋਂ ਦੋਸਤ ਮੁਹੰਮਦ ਨੂੰ ਉਦੋਂ ਮੌਕਾ ਮਿਲ ਗਿਆ ਜਦੋਂ ਕੰਵਰ ਨੌਨਿਹਾਲ ਸਿੰਘ ਦਾ ਵਿਆਹ ਹੋ ਰਿਹਾ ਸੀ ਤੇ ਬਹੁਤੀ ਫੌਜ ਅਤੇ ਜਰਨੈਲ ਲਾਹੌਰ ਵਿਆਹ ਗਏ ਸਨ। ਉਸ ਨੇ ਭਰਵਾਂ ਹੱਲਾ ਬੋਲਿਆ। ਉਸ ਵੇਲੇ ਜਮਰੌਦ ਕਿਲੇ ਦੇ ਕਿਲੇਦਾਰ ਮਹਾਂ ਸਿੰਘ ਨੇ ਬਹੁਤ ਹੀ ਥੋੜ੍ਹੀ ਫੌਜ ਨਾਲ ਚਾਰ ਦਿਨ ਉਨ੍ਹਾਂ ਨੂੰ ਨੇੜੇ ਨਾ ਢੁੱਕਣ ਦਿੱਤਾ। ਉਦੋਂ ਨੂੰ ਪੇਸ਼ਾਵਰ ਬੈਠਾ ਹਰੀ ਸਿੰਘ ਨਲੂਆ ਆਪਣੀਆਂ ਫੌਜਾਂ ਲੈ ਕੇ ਪਹੁੰਚ ਗਿਆ। ਦੋਸਤ ਮੁਹੰਮਦ ਨੂੰ ਭਾਵੇਂ ਹਾਰ ਕੇ ਪਿਛੇ ਭੱਜਣਾ ਪਿਆ ਪਰ ਖਾਲਸਾ ਫੌਜ ਦਾ ਮਹਾਨ ਜਰਨੈਲ, ਹਰੀ ਸਿੰਘ ਨਲੂਆ ਇਸ ਲੜਾਈ ਵਿਚ ਮਾਰਿਆ ਗਿਆ। ਇੰਨੇ ਨੂੰ ਬ੍ਰਿਟਿਸ਼ ਇੰਡੀਆ, ਮਹਾਰਾਜਾ ਰਣਜੀਤ ਸਿੰਘ ਅਤੇ ਸ਼ੌਜਾ ਸ਼ਾਹ ਵਿਚਾਲੇ ਤਿੰਨ ਧਿਰੀ ਸੰਧੀ ਹੋ ਗਈ ਜਿਸ ਮੁਤਾਬਕ ਬ੍ਰਿਟਿਸ਼ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਮਿਲ ਕੇ ਸ਼ੌਜਾ ਸ਼ਾਹ ਨੂੰ ਅਫਗਾਨਿਸਤਾਨ ਦਾ ਰਾਜ ਭਾਗ ਵਾਪਸ ਦਿਵਾਉਣਾ ਸੀ। ਵੱਡੀਆਂ ਤਾਕਤਾਂ ਦੀ ਦਖਲਅੰਦਾਜ਼ੀ ਨਾਲ ਸ਼ੌਜਾ ਸ਼ਾਹ 1839 ਵਿਚ ਮੁੜ ਅਫਗਾਨਿਸਤਾਨ ਦਾ ਬਾਦਸ਼ਾਹ ਬਣ ਗਿਆ। ਸ਼ੌਜਾ ਸ਼ਾਹ ਕੋਈ ਬਹੁਤਾ ਯੋਗ ਸਾਬਤ ਨਾ ਹੋਇਆ। ਸਗੋਂ ਉਸ ਨੂੰ ਹਕੂਮਤ ਦਿਵਾਉਣ ਲਈ ਜੋ ਜੋ ਪਾਪੜ ਬ੍ਰਿਟਿਸ਼ ਨੇ ਵੇਲੇ, ਉਸ ਦਾ ਉਨ੍ਹਾਂ ਨੂੰ ਬੜਾ ਮਹਿੰਗਾ ਖਮਿਆਜ਼ਾ ਭੁਗਤਣਾ ਪਿਆ। ਇੱਥੋਂ ਹੀ ਪਹਿਲੀ ਐਂਗਲੋ-ਅਫਗਾਨ ਜੰਗ ਸ਼ੁਰੂ ਹੁੰਦੀ ਹੈ।



*ਦੂਜੀ ਐਂਗਲੋ-ਅਫਗਾਨ ਜੰਗ ਦਾ ਇਕ ਦ੍ਰਿਸ਼*

ਉਨੀਵੀਂ ਸਦੀ ਦੇ ਸ਼ੁਰੂ ਤੋਂ ਮੱਧ ਏਸ਼ੀਆ ਵਿਚ ਬਾਹਰੀ ਮੁਲਕਾਂ ਦੀ ਸਿਆਸੀ ਖੇਡ ਚੱਲਦੀ ਰਹੀ ਜਿਸ ਨੂੰ ਗਰੇਟ ਗੇਮ ਵੀ ਕਿਹਾ ਜਾਂਦਾ ਹੈ, ਇਕ ਪਾਸੇ ਰੂਸ ਸੀ ਤੇ ਦੂਜੇ ਪਾਸੇ ਬ੍ਰਿਟਿਸ਼ ਇੰਡੀਆ ਦਾ ਮਹਾਨ ਸਾਮਰਾਜ। ਇਨ੍ਹਾਂ ਦੋਨਾਂ ਦੇ ਸੰਨ ਪੈਂਦੇ ਛੋਟੇ ਮੁਲਕ, ਖਾਸ ਕਰਕੇ ਅਫਗਾਨਿਸਤਾਨ, ਇਸ ਗਰੇਟ ਗੇਮ ਦਾ ਸ਼ਿਕਾਰ ਸਨ। ਰੂਸ ਚਾਹੁੰਦਾ ਸੀ ਕਿ ਇਹ ਮੁਲਕ ਉਸ ਦੇ ਗਲਬੇ ਹੇਠ ਰਹਿਣ ਤੇ ਬ੍ਰਿਟਿਸ਼ ਚਾਹੁੰਦੇ ਸਨ ਕਿ ਉਨ੍ਹਾਂ ਦਾ ਬੋਲਬਾਲਾ ਹੋਵੇ। ਛੋਟੇ ਮੁਲਕਾਂ ਤੋਂ ਅਗਾਂਹ ਵਧਦਾ ਰੂਸ ਹੌਲੀ ਹੌਲੀ ਅੱਗੇ ਅਫਗਾਨਿਸਤਾਨ ਵੱਲ ਜਾ ਰਿਹਾ ਸੀ। ਬ੍ਰਿਟਿਸ਼ ਇੰਡੀਆ ਨੂੰ ਡਰ ਸੀ ਕਿ ਇਕ ਦਿਨ ਰੂਸ, ਅਫਗਾਨਿਸਤਾਨ ਨੂੰ ਆਪਣੇ ਪੰਜੇ ਹੇਠ ਲੈ ਲਵੇਗਾ ਅਤੇ ਉਸ ਪਿੱਛੋਂ ਉਸ ਨੂੰ ਇੰਡੀਆ ਵੱਲ ਵਧਣ ਤੋਂ ਕੋਈ ਨਹੀਂ ਰੋਕ ਸਕੇਗਾ। ਸੋ ਦੋਹਾਂ ਵੱਡੇ ਮੁਲਕਾਂ ਦੀ ਨਜ਼ਰ ਹਮੇਸ਼ਾ ਅਫਗਾਨਿਸਤਾਨ 'ਤੇ ਰਹਿੰਦੀ ਸੀ। ਅਫਗਾਨਿਸਤਾਨ ਨੂੰ ਆਪਣੇ ਕਬਜ਼ੇ ਹੇਠ ਕਰਨ ਲਈ ਦੋਨੋਂ ਮੁਲਕ ਭਾਂਤ ਭਾਂਤ ਦੀਆਂ ਚਾਲਾਂ ਚੱਲਦੇ ਰਹਿੰਦੇ। ਇਨ੍ਹਾਂ ਚਾਲਾਂ ਕਰਕੇ ਹੀ ਅਫਗਾਨਿਸਤਾਨ ਵਿਚ ਕਦੇ ਵੀ ਕੋਈ ਬਾਦਸ਼ਾਹਤ ਪੱਕੇ ਪੈਰੀਂ ਨਾ ਹੋ ਸਕੀ। ਕਦੇ ਇਕ ਮੁਲਕ ਕਿਸੇ ਬਾਦਸ਼ਾਹ ਨੂੰ ਮਰਵਾ ਕੇ ਉਸ ਦੇ ਭਰਾ ਨੂੰ ਬਾਦਸ਼ਾਹ ਬਣਾ ਦਿੰਦਾ ਤੇ ਕਦੇ ਦੂਜਾ ਮੁਲਕ ਦੂਜੇ ਭਰਾ ਨੂੰ ਮਰਵਾ ਕੇ ਕਿਸੇ ਹੋਰ ਭਰਾ ਨੂੰ ਗੱਦੀ ਦਿਵਾ ਦਿੰਦਾ।

1830ਵਿਆਂ ਵਿਚ ਬ੍ਰਿਟਿਸ਼ ਇੰਡੀਆ ਦਾ ਇਹ ਡਰ ਇਕਦਮ ਵਧ ਗਿਆ ਕਿ ਰੂਸ ਅਫਗਾਨਿਸਤਾਨ 'ਚੋਂ ਦੀ ਹੁੰਦਾ ਹੋਇਆ ਬ੍ਰਿਟਿਸ਼ ਇੰਡੀਆ 'ਤੇ ਹਮਲਾ ਕਰੇਗਾ। ਇਸ ਦਾ ਇਕ ਕਾਰਨ ਤਾਂ ਉਸ ਵੇਲੇ ਅਫਗਾਨਿਸਤਾਨ ਅੰਦਰ ਮੱਚੀ ਉਥਲ ਪੁਥਲ ਸੀ। ਦੂਜਾ ਸੀ, ਮਹਾਰਾਜਾ ਰਣਜੀਤ ਸਿੰਘ ਦਾ ਦਿਨੋਂ ਦਿਨ ਤਾਕਤਵਰ ਹੁੰਦਾ ਜਾ ਰਿਹਾ ਖਾਲਸਾ ਰਾਜ। ਥੋੜ੍ਹਾ ਸਮਾਂ ਪਹਿਲਾਂ ਹੀ ਖਾਲਸਾ ਰਾਜ ਨੇ ਅਫਗਾਨਿਸਤਾਨ ਦੇ ਬਾਦਸ਼ਾਹ ਦੋਸਤ ਮੁਹੰਮਦ ਨੂੰ ਹਰਾ ਕੇ ਪੇਸ਼ਾਵਰ 'ਤੇ ਕਬਜ਼ਾ ਕਰ ਲਿਆ ਸੀ। ਉਦੋਂ ਦੋਸਤ ਮੁਹੰਮਦ ਨੇ ਪੇਸ਼ਾਵਰ ਵਾਪਸ ਲੈਣ ਲਈ ਬ੍ਰਿਟਿਸ਼ ਹਕੂਮਤ ਤੋਂ ਫੌਜੀ ਮਦਦ ਮੰਗੀ ਤਾਂ ਬ੍ਰਿਟਿਸ਼ ਨੇ ਇਸ ਮਾਮਲੇ 'ਚ ਦਖਲ ਦੇਣ ਤੋਂ ਕੋਰਾ ਜੁਆਬ ਦੇ ਦਿੱਤਾ। ਇਸ ਤੋਂ ਬਿਨਾ ਅਫਗਾਨਿਸਤਾਨ ਦਾ ਹੈਰਾਤ ਸੂਬੇ ਵੱਲ ਪਰਸ਼ੀਆ ਨਾਲ ਵੀ ਝਗੜਾ ਚੱਲ ਰਿਹਾ ਸੀ। ਦੋਸਤ ਮੁਹੰਮਦ ਨੂੰ ਇਸ ਮਾਮਲੇ ਵਿਚ ਵੀ ਬਾਹਰੀ ਮਦਦ ਦੀ ਲੋੜ ਸੀ।

ਸਬੱਬੀਂ ਉਨ੍ਹੀਂ ਦਿਨੀਂ ਹੀ ਰੂਸ ਦਾ ਸਫੀਰ ਆਪਣੀ ਟੀਮ ਨਾਲ ਆਮ ਗੱਲਬਾਤ ਲਈ ਅਫਗਾਨਿਸਤਾਨ ਆਇਆ। ਬ੍ਰਿਟਿਸ਼ ਨੂੰ ਲੱਗਾ ਕਿ ਉਨ੍ਹਾਂ ਵੱਲੋਂ ਪੇਸ਼ਾਵਰ ਮਸਲੇ 'ਚ ਦਖਲ ਨਾ ਦੇਣ ਇਹ ਪਿੱਛੋਂ ਸ਼ਾਇਦ ਦੋਸਤ ਮੁਹੰਮਦ, ਰੂਸੀ ਮਦਦ ਲੈਣ ਦੀ ਸੋਚ ਰਿਹਾ ਹੈ। ਭਾਵੇਂ ਇਹ ਇਕ ਆਮ ਗੱਲ ਸੀ, ਪਰ ਵਾਇਸਰਾਏ ਲਾਰਡ ਔਕਲੈਂਡ ਦੇ ਸਲਾਹਕਾਰਾਂ ਨੇ ਇਸ ਗੱਲ ਨੂੰ ਵਧਾ ਚੜ੍ਹਾ ਕੇ ਪੇਸ਼ ਕੀਤਾ ਤੇ ਉਸ ਨੂੰ ਦੁਬਿਧਾ 'ਚ ਪਾ ਦਿੱਤਾ। ਇਸ ਦਾ ਕੋਈ ਸਿੱਧਾ ਢੰਗ ਲੱਭਣ ਦੀ ਥਾਂ ਲਾਰਡ ਔਕਲੈਂਡ ਨੇ ਕੋਈ ਕੂਟਨੀਤਕ ਚਾਲ ਚੱਲਣ ਦੀ ਸੋਚੀ। ਹੱਲ ਇਹ ਕੱਢਿਆ ਕਿ ਕਿਉਂ ਨਾ ਦੋਸਤ ਮੁਹੰਮਦ ਨੂੰ ਗੱਦੀਉਂ ਲਾਹ ਕੇ ਸ਼ੌਜਾ ਸ਼ਾਹ ਨੂੰ ਬਾਦਸ਼ਾਹ ਬਣਾ ਦਿੱਤਾ ਜਾਵੇ। ਇਸ ਸੋਚ ਨੂੰ ਅਮਲੀ ਜਾਮਾ ਪਹਿਨਾਉਣ ਲਈ ਔਕਲੈਂਡ ਨੇ ਜੋ ਕਦਮ ਚੁੱਕਿਆ, ਇਤਿਹਾਸ ਉਸ ਨੂੰ ਕਾਹਲ 'ਚ ਚੁੱਕਿਆ ਮੂਰਖਤਾ ਭਰਿਆ ਕਦਮ ਦੱਸਦਾ ਹੈ।

ਲਾਰਡ ਔਕਲੈਂਡ ਨੇ ਗੋਰਿਆਂ ਅਤੇ ਭਾਰਤੀਆਂ ਦੀ ਰਲਵੀਂ ਮਿਲਵੀਂ ਵੀਹ ਹਜ਼ਾਰ ਤੋਂ ਵੀ ਉਪਰ ਵੱਡੀ ਫੌਜ ਦੀ ਅਗਵਾਈ ਕਰ ਰਹੇ ਜਨਰਲ ਅਲਫਿਨਸਟੋਨ ਨੂੰ ਅਫਗਾਨਿਸਤਾਨ 'ਤੇ ਹਮਲੇ ਦਾ ਹੁਕਮ ਦਿੱਤਾ। ਸਾਲ 1839 ਦੇ ਸ਼ੁਰੂ 'ਚ ਬ੍ਰਿਟਿਸ਼ ਫੌਜ ਪੰਜਾਬ 'ਚੋਂ ਲੰਘਦਿਆਂ ਅਫਗਾਨਿਸਤਾਨ ਵੱਲ ਨੂੰ ਤੁਰ ਪਈ। ਮਾਰਚ ਦੇ ਆਖਰੀ ਹਫਤੇ ਬੋਲਨ ਦੱਰਾ ਪਾਰ ਕਰਦਿਆਂ ਫੌਜ ਬਲੋਚ ਸ਼ਹਿਰ ਕੋਇਟਾ ਜਾ ਪਹੁੰਚੀ। ਉਥੋਂ ਇਸ ਨੇ ਕਾਬਲ ਵੱਲ ਨੂੰ ਚਾਲੇ ਪਾ ਦਿੱਤੇ, ਬੜਾ ਔਖਾ ਤੇ ਖਤਰਨਾਕ ਰਾਹ ਸੀ। ਉਬੜ-ਖਾਬੜ ਰਸਤੇ, ਮਾਰੂਥਲ ਅਤੇ ਚਾਰ ਹਜ਼ਾਰ ਮੀਟਰ ਉਚੇਰੇ ਦੱਰੇ ਪਾਰ ਕਰਦਿਆਂ ਆਖਰ ਇਸ ਫੌਜ ਨੇ 25 ਅਪਰੈਲ 1839 ਨੂੰ ਕੰਧਾਰ ਜਾ ਡੇਰੇ ਲਾਏ। 22 ਜੁਲਾਈ 1839 ਨੂੰ ਇਸ ਫੌਜ ਨੇ ਅਚਾਨਕ ਹਮਲਾ ਕਰ ਕੇ ਗਜ਼ਨੀ ਦੇ ਕਿਲੇ 'ਤੇ ਕਬਜ਼ਾ ਕਰ ਲਿਆ ਜਿਸ ਉਪਰੰਤ ਭੂਤਰੀ ਬ੍ਰਿਟਿਸ਼ ਫੌਜ ਨੇ ਸ਼ਹਿਰ ਦੇ ਮੁੱਖ ਦਰਵਾਜੇ ਤੋੜ ਸੁੱਟੇ। ਸ਼ਹਿਰ 'ਚ ਘੁੰਮਦਿਆਂ ਇਸ ਫੌਜ ਨੇ ਹੰਕਾਰੀ ਹੋਈ ਫੌਜ ਦਾ ਵਿਖਾਵਾ ਕੀਤਾ। ਇਥੇ ਮੁਕਾਮ ਕਰਦਿਆਂ ਬ੍ਰਿਟਿਸ਼ ਫੌਜ ਨੇ ਆਪਣੀ ਸਪਲਾਈ ਲਾਈਨ ਦਾ ਵਧੀਆ ਪ੍ਰਬੰਧ ਕਰ ਲਿਆ। ਇਸ ਪਿੱਛੋਂ ਫੌਜ ਅੱਗੇ ਵਧੀ ਤਾਂ ਉਸ ਦਾ ਦੋਸਤ ਮੁਹੰਮਦ ਦੀਆਂ ਫੌਜਾਂ ਨਾਲ ਬੜਾ ਫਸਵਾਂ ਮੁਕਾਬਲਾ ਹੋਇਆ। ਦੋਸਤ ਮੁਹੰਮਦ ਦੇ ਪੁੱਤਰ ਅਕਬਰ ਖਾਂ ਵੀ ਬਹੁਤ ਬਹਾਦਰੀ ਨਾਲ ਲੜਿਆ। ਪਰ ਉਨ੍ਹਾਂ ਦੀ ਬ੍ਰਿਟਿਸ਼ ਫੌਜ ਮੂਹਰੇ ਇਕ ਨਾ ਚੱਲੀ ਤੇ ਉਨ੍ਹਾਂ ਨੂੰ ਪਿਛੇ ਹਟਣਾ ਪਿਆ। ਇਥੋਂ ਸਭ ਕੁਝ ਛੱਡ ਛਡਾ ਕੇ ਦੋਸਤ ਮੁਹੰਮਦ ਤੇ ਅਕਬਰ ਖਾਂ ਬਾਮੀਆਨ ਵੱਲ ਨਿਕਲ ਗਏ ਤੇ ਅੱਗੋਂ ਸੁਰੱਖਿਅਤ ਥਾਂ ਬੁਖਾਰੇ ਜਾ ਪਹੁੰਚੇ। ਪਿਛੇ ਅਫਗਾਨਿਸਤਾਨ ਦਾ ਤਖਤ ਖਾਲੀ ਹੋ ਗਿਆ ਤਾਂ ਬ੍ਰਿਟਿਸ਼ ਹਕੂਮਤ ਨੇ ਤੀਹ ਸਾਲ ਪਹਿਲਾਂ ਗੱਦੀਉਂ ਲਾਹੇ ਸ਼ੌਜਾ ਸ਼ਾਹ ਨੂੰ ਬਾਦਸ਼ਾਹ ਬਣਾ ਦਿੱਤਾ। ਇਹੀ ਔਕਲੈਂਡ ਦਾ ਨਿਸ਼ਾਨਾ ਸੀ।

ਇਸ ਨਿਸ਼ਾਨੇ ਦੀ ਪ੍ਰਾਪਤੀ ਉਪਰੰਤ ਬਹੁਤੀ ਫੌਜ ਵਾਪਸ ਹਿੰਦੋਸਤਾਨ ਮੁੜ ਗਈ। ਪਰ ਕਰੀਬ ਅੱਠ ਹਜ਼ਾਰ ਫੌਜ ਸ਼ੌਜਾ ਸ਼ਾਹ ਦੀ ਮਦਦ ਲਈ ਕੁਝ ਦੇਰ ਲਈ ਉਥੇ ਰੁਕ ਗਈ। ਸ਼ੌਜਾ ਸ਼ਾਹ ਦੀ ਕਮਜ਼ੋਰ ਸਰਕਾਰ ਨੇ ਇਹ ਗੱਲ ਬੜੀ ਜਲਦੀ ਸਾਬਤ ਕਰ ਦਿੱਤੀ ਕਿ ਬਾਹਰੀ ਮਦਦ ਤੋਂ ਬਿਨਾ ਉਸ ਨੂੰ ਚੱਲਣ ਨਹੀਂ ਦਿੱਤਾ ਜਾਵੇਗਾ। ਬ੍ਰਿਟਿਸ਼ ਹਕੂਮਤ ਨੂੰ ਮਹਿਸੂਸ ਹੋਇਆ ਕਿ ਸ਼ੌਜਾ ਸ਼ਾਹ ਦੀ ਮਦਦ ਲਈ ਉਸ ਦੀ ਫੌਜ ਨੂੰ ਲਗਾਤਾਰ ਉਥੇ ਰਹਿਣਾ ਪਵੇਗਾ, ਨਹੀਂ ਤਾਂ ਕੋਈ ਨਾ ਕੋਈ ਉਸ ਦਾ ਤਖਤਾ ਪਲਟ ਦੇਵੇਗਾ। ਸੋ ਪਿਛੇ ਰਹੀ ਫੌਜ ਦੇ ਪੱਕੇ ਤੌਰ 'ਤੇ ਉਥੇ ਹੀ ਰਹਿਣ ਦਾ ਇੰਤਜ਼ਾਮ ਕਰਦਿਆਂ, ਉਨ੍ਹਾਂ ਨੂੰ ਆਪਣੇ ਪਰਿਵਾਰ ਵੀ ਇਥੇ ਲਿਆਉਣ ਦੀ ਇਜਾਜ਼ਤ ਦੇ ਦਿੱਤੀ ਗਈ। ਹੌਲੀ ਹੌਲੀ ਗੋਰੇ ਫੌਜੀ ਸਿਪਾਹੀਆਂ ਅਤੇ ਅਫਸਰਾਂ ਦੇ ਪਰਿਵਾਰ ਉਥੇ ਪਹੁੰਚ ਗਏ ਤਾਂ ਅਫਗਾਨ ਲੋਕ ਸਮਝ ਗਏ ਕਿ ਬ੍ਰਿਟਿਸ਼ ਇੱਥੇ ਪੱਕੇ ਅੱਡੇ ਲਾਉਣ ਦਾ ਇੰਤਜ਼ਾਮ ਕਰੀ ਜਾ ਰਹੇ ਹਨ। ਅਫਗਾਨ ਲੋਕ ਸ਼ੌਜਾ ਸ਼ਾਹ ਨੂੰ ਪਸੰਦ ਨਹੀਂ ਸੀ ਕਰਦੇ, ਫਿਰ ਉਨ੍ਹਾਂ ਗੋਰਿਆਂ ਨੂੰ ਪਸੰਦ ਕੀ ਕਰਨਾ ਸੀ? ਲੋਕਾਂ ਵਿਚ ਗੁੱਸਾ ਵਧਣ ਲੱਗਾ। ਉਧਰੋਂ ਦੋਸਤ ਮੁਹੰਮਦ ਵੀ ਬੁਖਾਰੇ ਵੱਲੋਂ ਵਾਪਸ ਆਉਂਦਿਆਂ ਲੜਾਈ ਦੀ ਤਿਆਰੀ ਕਰਨ ਲੱਗਾ। ਆਖਰ ਕਾਫੀ ਮਜ਼ਬੂਤ ਹੁੰਦਿਆਂ ਉਸ ਨੇ 1840 ਵਿਚ ਹੀ ਬ੍ਰਿਟਿਸ਼ ਫੌਜ 'ਤੇ ਹੱਲਾ ਬੋਲ ਦਿੱਤਾ। ਜਿੱਤ ਤਾਂ ਭਾਵੇਂ ਨਾ ਸਕਿਆ ਪਰ ਉਸ ਦੀ ਇਸ ਲੜਾਈ ਨੇ ਅਫਗਾਨ ਲੋਕਾਂ ਵਿਚ ਇਕ ਉਮੀਦ ਜਗਾ ਦਿੱਤੀ। ਲੋਕਾਂ 'ਚ ਭੜਕ ਰਹੀ ਚਿੰਗਾੜੀ ਹੋਰ ਤੇਜ਼ ਹੋ ਗਈ। ਉਂਜ ਦੋਸਤ ਮੁਹੰਮਦ ਇਸ ਲੜਾਈ 'ਚ ਫੜ੍ਹਿਆ ਗਿਆ ਤੇ ਬ੍ਰਿਟਿਸ਼ ਹਕੂਮਤ ਨੇ ਉਸ ਨੂੰ ਜਲਾਵਤਨ ਕਰਦਿਆਂ ਇੰਡੀਆ 'ਚ ਕੈਦ ਕਰ ਦਿੱਤਾ।

ਬ੍ਰਿਟਿਸ਼ ਫੌਜ ਨੇ ਬਾਲਾ ਹਿਸਾਰ ਦਾ ਕਿਲਾ ਖਾਲੀ ਕਰਕੇ ਕਾਬਲ ਦੇ ਚੜ੍ਹਦੇ ਵੱਲ ਬਾਹਰਵਾਰ ਛਾਉਣੀ ਬਣਾ ਲਈ। ਇਸ ਦਾ ਉਲਟਾ ਅਸਰ ਹੋਇਆ। ਇਕ ਤਾਂ ਇਹ ਛਾਉਣੀ ਬੜੀ ਨੀਵੀਂ ਜਗ੍ਹਾ 'ਤੇ ਸੀ ਤੇ ਦੂਸਰਾ ਇਹ ਲੋੜ ਨਾਲੋਂ ਬਹੁਤ ਵੱਡੀ ਸੀ। ਵੱਡੀ ਛਾਉਣੀ ਦੀ ਰਾਖੀ ਕਰਨਾ ਫੌਜ ਲਈ ਔਖਾ ਸੀ। ਉਧਰ ਦੋਸਤ ਮੁਹੰਮਦ ਦੇ ਫੜ੍ਹੇ ਜਾਣ ਪਿੱਛੋਂ ਉਸ ਦਾ ਪੁੱਤਰ ਅਕਬਰ ਖਾਂ ਅਗਲੀ ਲੜਾਈ ਦੀ ਤਿਆਰੀ ਕਰਨ ਲੱਗਾ ਹੋਇਆ ਸੀ। ਬਾਗੀ ਲੋਕ ਉਸ ਦੀ ਫੌਜ ਵਿਚ ਧੜਾਧੜ ਸ਼ਾਮਲ ਹੋ ਰਹੇ ਸਨ। ਅਸਲ 'ਚ ਉਸ ਵੇਲੇ ਹਰ ਕੋਈ ਬ੍ਰਿਟਿਸ਼ ਫੌਜ ਤੋਂ ਔਖਾ ਸੀ। ਸੋ ਬਗਾਵਤ ਦਿਨੋ ਦਿਨ ਵਧਦੀ ਜਾ ਰਹੀ ਸੀ। ਉਂਜ ਤਾਂ ਹਰ ਪਾਸੇ ਚੁੱਪ ਚਾਂ ਸੀ ਪਰ ਲੱਗ ਰਿਹਾ ਸੀ ਜਿਵੇਂ ਕੋਈ ਤੂਫਾਨ ਆਉਣ ਵਾਲਾ ਹੋਵੇ। ਫਿਰ ਨਵੰਬਰ 1841 ਵਿਚ ਇਸ ਦੀ ਸ਼ੁਰੂਆਤ ਹੋ ਗਈ। ਬ੍ਰਿਟਿਸ਼ ਫੌਜ

(ਬਾਕੀ ਅਗਲੇ ਸਫੇ 'ਤੇ)

ਦੇ ਇਕ ਵੱਡੇ ਅਫਸਰ ਅਲੈਗਜੈਂਡਰ ਬਰਨਜ਼ ਤੇ ਉਸ ਦੀ ਫੌਜੀ ਟੁਕੜੀ ਨੂੰ ਕਾਬਲ ਦੇ ਬਜ਼ਾਰਾਂ 'ਚ ਹੀ ਲੋਕਾਂ ਦੀ ਭੀੜ ਨੇ ਕੁੱਟ ਕੁੱਟ ਕੇ ਮਾਰ ਦਿੱਤਾ।

ਇਸ ਨਾਲ ਬ੍ਰਿਟਿਸ਼ ਫੌਜ 'ਚ ਦਹਿਸ਼ਤ ਫੈਲ ਗਈ ਤੇ ਉਸ ਦਾ ਇਸ ਪ੍ਰਤੀ ਕੋਈ ਵੀ ਕਦਮ ਚੁੱਕਣ ਦਾ ਹੌਂਸਲਾ ਨਾ ਪਿਆ। ਲੋਕਾਂ ਦਾ ਹੌਂਸਲਾ ਹੋਰ ਵਧ ਗਿਆ ਤੇ ਉਨ੍ਹਾਂ ਬ੍ਰਿਟਿਸ਼ ਫੌਜ ਦੇ ਸਾਜੋ ਸਾਮਾਨ ਵਾਲੀ ਇਕ ਛਾਉਣੀ ਉਪਰ ਹੀ ਹਮਲਾ ਬੋਲ ਦਿੱਤਾ। ਇਨ੍ਹਾਂ ਹੱਲਿਆਂ ਨਾਲ ਬ੍ਰਿਟਿਸ਼ ਫੌਜ ਦੇ ਹੌਂਸਲੇ ਪਸਤ ਹੁੰਦੇ ਜਾ ਰਹੇ ਸਨ ਅਤੇ ਅਕਬਰ ਖਾਂ ਦੀ ਦਿਨੋ ਦਿਨ ਚੜ੍ਹਾਈ ਹੋ ਰਹੀ ਸੀ। ਇਸ ਦੌਰਾਨ ਬ੍ਰਿਟਿਸ਼ ਫੌਜੀ ਅਫਸਰਾਂ ਨੇ ਅਕਬਰ ਖਾਂ ਨਾਲ ਕਿਸੇ ਗੱਲਬਾਤ ਦਾ ਰਾਹ ਕੱਢਿਆ। ਕਮਾਂਡਰ ਮੈਕਨਾਘਟਨ ਨੇ ਗੁਪਤ ਤੌਰ 'ਤੇ ਉਸ ਨਾਲ ਸਮਝੌਤਾ ਵਾਰਤਾ ਚਲਾਈ ਕਿ ਜੇ ਉਹ ਬ੍ਰਿਟਿਸ਼ ਫੌਜ ਨੂੰ ਇਥੇ ਇਵੇਂ ਹੀ ਰਹਿਣ ਦੇ ਦੇਵੇ ਤਾਂ ਉਸ ਨੂੰ ਸ਼ੌਜਾ ਸ਼ਾਹ ਦੀ ਸਰਕਾਰ 'ਚ ਵਜ਼ੀਰ ਦਾ ਅਹੁਦਾ ਦੁਆਇਆ ਜਾ ਸਕਦਾ ਹੈ। ਗੱਲ ਅੱਗੇ ਵਧਣ ਲੱਗੀ। ਮੈਕਨਾਘਟਨ ਨੇ ਅਕਬਰ ਖਾਂ ਨਾਲ ਮਿਲਣ ਲਈ ਥਾਂ ਤੈਅ ਕਰ ਲਈ ਜਿਥੇ ਕਿ ਅੱਗੇ ਦੀ ਗੱਲਬਾਤ ਹੋਣੀ ਸੀ। ਪਰ ਅਸਲ 'ਚ ਮੈਕਨਾਘਟਨ ਸਮਝੌਤਾ ਵਾਰਤਾ ਦੀ ਆੜ 'ਚ ਇਕ ਹੋਰ ਭੱਦੀ ਚਾਲ ਚੱਲ ਰਿਹਾ ਸੀ। ਉਸ ਨੇ ਅਕਬਰ ਖਾਂ ਦੇ ਨੇੜਲਿਆਂ ਵਿਚੋਂ ਹੀ ਕੁਝ ਨੂੰ ਵੱਡੀਆਂ ਰਕਮਾਂ ਦੇ ਕੇ ਖਰੀਦ ਲਿਆ। ਉਸ ਦਾ ਮੁੱਖ ਮੰਤਵ ਅਕਬਰ ਖਾਂ ਨੂੰ ਕਿਸੇ ਸਮਝੌਤੇ ਵਾਲੀ ਥਾਂ 'ਤੇ ਬੁਲਾ ਕੇ ਕਤਲ ਕਰਵਾਉਣਾ ਸੀ। ਪਰ ਇਸ ਸਕੀਮ ਦਾ ਅਕਬਰ ਖਾਂ ਨੂੰ ਸਮੇਂ ਤੋਂ ਪਹਿਲਾਂ ਹੀ ਪਤਾ ਲੱਗ ਗਿਆ। ਇਸ ਲਈ ਉਹ ਸਮਝੌਤਾ ਵਾਰਤਾ ਵਾਲੀ ਥਾਂ 'ਤੇ ਪਹੁੰਚ ਤਾਂ ਗਿਆ ਅਤੇ ਉਥੇ ਕਤਲੋਗਾਰਤ ਵੀ ਹੋਈ ਜਿਸ ਵਿਚ ਅਕਬਰ ਖਾਂ ਨਹੀਂ ਸਗੋਂ ਮੈਕਨਾਘਟਨ ਖੁਦ ਅਤੇ ਉਸ ਦੇ ਬ੍ਰਿਟਿਸ਼ ਅਫਸਰ ਮਾਰੇ ਗਏ। ਇਸ ਉਪਰੰਤ ਅਕਬਰ ਖਾਂ ਦੇ ਲੋਕਾਂ ਨੇ ਇਨ੍ਹਾਂ ਫੌਜੀ ਅਫਸਰਾਂ ਦੀਆਂ ਲਾਸ਼ਾਂ ਨੂੰ ਕਾਬਲ ਦੇ ਗਲੀ ਬਾਜ਼ਾਰਾਂ 'ਚ ਘੜੀਸਿਆ।

ਇਸ ਘਟਨਾ ਨਾਲ ਬ੍ਰਿਟਿਸ਼ ਫੌਜ ਦੇ ਮੋਢੀ ਅਲਫਿਨਸਟੋਨ ਦੇ ਹੌਂਸਲੇ ਬਿਲਕੁਲ ਪਸਤ ਹੋ ਗਏ ਤੇ ਉਸ ਦੀ ਕਮਾਂਡ ਬੁਰੀ ਤਰ੍ਹਾਂ ਪ੍ਰਭਾਵਤ ਹੋਈ। ਦੂਰ ਅੰਦੇਸ਼ ਅਲਫਿਨਸਟੋਨ ਸਮਝ ਗਿਆ ਕਿ ਜੇ ਛੇਤੀ ਕੋਈ ਪ੍ਰਬੰਧ ਨਾ ਕੀਤਾ ਗਿਆ ਤਾਂ ਅਫਗਾਨ ਬ੍ਰਿਟਿਸ਼ ਫੌਜ ਦਾ ਜਿਉਣਾ ਦੁੱਭਰ ਕਰ ਦੇਣਗੇ। ਸੋ ਉਹ ਇਥੋਂ ਜਾਣ ਦਾ ਕੋਈ ਰਾਹ ਕੱਢਣ ਲੱਗਾ। ਉਸ ਨੇ ਅਕਬਰ ਖਾਂ ਨਾਲ ਸਮਝੌਤਾ ਕਰ ਲਿਆ ਜਿਸ ਤਹਿਤ ਬ੍ਰਿਟਿਸ਼ ਫੌਜ ਨੇ ਇਥੋਂ ਜਾਣਾ ਸੀ ਤੇ ਅਕਬਰ ਖਾਂ ਨੇ ਸੁਰੱਖਿਅਤ ਰਾਹ ਦੇਣਾ ਸੀ। ਇਸ ਦੇ ਕੁਝ ਦਿਨ ਬਾਅਦ ਹੀ ਬ੍ਰਿਟਿਸ਼ ਫੌਜ ਨੇ ਤੰਬੂ ਪੱਟ ਲਏ। ਬ੍ਰਿਟਿਸ਼ ਫੌਜ ਦਾ ਇਹ ਕਾਫਲਾ ਵਾਪਸ ਹਿੰਦੋਸਤਾਨ ਵੱਲ ਨੂੰ ਤੁਰ ਪਿਆ। ਇਸ ਕਾਫਲੇ ਦੀ, ਫੌਜੀਆਂ ਤੋਂ ਇਲਾਵਾ ਉਨ੍ਹਾਂ ਦੇ ਪਰਿਵਾਰ ਅਤੇ ਹੋਰ ਸੇਵਾ ਸੰਭਾਲ ਵਾਲੇ ਲੋਕਾਂ ਨੂੰ ਮਿਲਾ ਕੇ ਗਿਣਤੀ ਸੋਲਾਂ ਹਜ਼ਾਰ ਤੋਂ ਵੱਧ ਸੀ। ਜਿਉਂ ਹੀ ਕਾਫਲਾ ਬਰਫ ਨਾਲ ਢਕੇ ਪਹਾੜੀ ਲਾਂਘਿਆਂ 'ਚ ਦਾਖਲ ਹੋਇਆ ਤਾਂ ਪਾਸਿਆਂ ਤੋਂ ਉਨ੍ਹਾਂ 'ਤੇ ਅਫਗਾਨ ਲੜਾਕਿਆਂ ਨੇ ਹਮਲੇ ਸ਼ੁਰੂ ਕਰ ਦਿੱਤੇ। ਹਮਲਾਵਰਾਂ ਦੀ ਗਿਣਤੀ ਵਧਦੀ ਗਈ ਤੇ ਉਹ ਬਿਨਾ ਕਿਸੇ ਤਰਸ ਭਾਵਨਾ ਦੇ ਇਨ੍ਹਾਂ ਕਾਫਲੇ ਵਾਲਿਆਂ ਦਾ ਕਤਲੇਆਮ ਕਰਦੇ ਗਏ। ਬਰਫੀਲੇ ਊਬੜ-ਖਾਬੜ ਰਸਤੇ, ਦੋ ਦੋ ਫੁੱਟ ਬਰਫ ਨਾਲ ਢਕਿਆ ਰਾਹ, ਬਹੁਤ ਹੀ ਔਖਾ ਪੈਂਡਾ ਸੀ। ਉਦੋਂ ਨੂੰ ਰਾਸ਼ਣ ਅਤੇ ਪਾਣੀ-ਧਾਣੀ ਸਭ ਕੁਝ ਖਤਮ ਹੋ ਗਿਆ। ਲੰਬਾ ਹੁੰਦਾ ਗਿਆ ਵਕਤ ਤੇ ਉਪਰੋਂ ਆਲੇ ਦੁਆਲਿਉਂ ਹੁੰਦੇ ਹਮਲੇ, ਇਹ ਔਖਾ ਪੰਧ ਬ੍ਰਿਟਿਸ਼ ਫੌਜਾਂ ਲਈ ਕਬਰਿਸਤਾਨ ਬਣ ਗਿਆ। ਜਿੱਧਰ ਨੂੰ ਉਹ ਜਾ ਰਹੇ ਸਨ, ਉਧਰ ਅੱਗੇ ਜਲਾਲਾਬਾਦ ਸ਼ਹਿਰ ਵਿਚ ਬ੍ਰਿਟਿਸ਼ ਫੌਜ ਦੀ ਵੱਡੀ ਛਾਉਣੀ ਸੀ। ਪਰ ਉਥੇ ਪਹੁੰਚਣਾ ਮੁਸ਼ਕਿਲ ਹੋ ਚੁੱਕਾ ਸੀ। ਆਖਰ ਅਫਗਾਨ ਹਮਲਾਵਰਾਂ ਨੇ ਫੌਜੀ, ਉਨ੍ਹਾਂ ਦੇ ਪਰਿਵਾਰ, ਔਰਤਾਂ, ਬੱਚੇ, ਸੇਵਾਦਾਰ ਅਤੇ ਨੌਕਰ ਵਗੈਰਾ ਸਭ ਮਾਰ ਮੁਕਾਏ। ਸਾਢੇ ਸੋਲਾਂ ਹਜ਼ਾਰ ਦੇ ਕਾਫਲੇ 'ਚੋਂ ਸਿਰਫ ਇਕੋ ਵਿਅਕਤੀ ਜਲਾਲਬਾਦ ਛਾਉਣੀ ਪਹੁੰਚ ਸਕਿਆ, ਉਹ ਸੀ ਡਾਕਟਰ ਵਿਲੀਅਮ ਬਰੈਡਨ। ਇਤਿਹਾਸ ਗਵਾਹ ਹੈ ਕਿ ਬ੍ਰਿਟਿਸ਼ ਹਕੂਮਤ ਨੂੰ ਇੱਡੀ ਵੱਡੀ ਸੱਟ ਕਿਧਰੇ ਵੀ ਨਹੀਂ ਸੀ ਵੱਜੀ। ਸ਼ਾਇਦ ਇਸੇ ਸੱਟ ਕਰਕੇ ਹੀ ਲੌਰਡ ਔਕਲੈਂਡ ਨੂੰ ਦਿਲ ਦਾ ਦੌਰਾ ਪੈ ਗਿਆ।

ਇਸ ਪਿਛੋਂ ਬ੍ਰਿਟਿਸ਼ ਹਕੂਮਤ ਨੇ ਆਪਣੀ ਨੀਤੀ ਬਦਲ ਲਈ। ਭਾਵੇਂ ਮੌਸਮ ਬਦਲਦਿਆਂ ਹੀ ਬ੍ਰਿਟਿਸ਼ ਫੌਜ ਨੇ ਵੱਡੇ ਹਮਲੇ ਕਰਦਿਆਂ ਕਾਬਲ ਕੰਧਾਰ ਵਰਗੇ ਸ਼ਹਿਰ ਫਿਰ ਤੋਂ ਜਿੱਤ ਲਏ ਤੇ ਅਕਬਰ ਖਾਂ ਹਾਰ ਕੇ ਭੱਜ ਗਿਆ। ਪਰ ਨਵੀਂ ਨੀਤੀ ਮੁਤਾਬਕ ਬ੍ਰਿਟਿਸ਼ ਹਕੂਮਤ ਨੇ ਅਫਗਾਨਿਸਤਾਨ ਤੋਂ ਦੂਰ ਰਹਿਣ ਦਾ ਕੰਮ ਸ਼ੁਰੂ ਕਰ ਦਿੱਤਾ। ਜੋ ਕਿਧਰੇ ਬਚੇ ਖੁਚੇ ਬਰਤਾਨਵੀ ਫਸੇ ਹੋਏ ਸਨ, ਉਹ ਇਨ੍ਹਾਂ ਜਿੱਤਾਂ ਦੌਰਾਨ ਕੱਢ ਲਏ ਗਏ। ਸਾਲ 1842 'ਚ ਜਾ ਕੇ ਦੋਸਤ ਮੁਹੰਮਦ ਨੂੰ ਜਲਾਵਤਨੀ 'ਚੋਂ ਛੱਡ ਦਿੱਤਾ ਗਿਆ ਤੇ ਉਹ ਵਾਪਸ ਜਾ ਕੇ ਫਿਰ ਤੋਂ ਅਫਗਾਨਿਸਤਾਨ ਦਾ ਬਾਦਸ਼ਾਹ ਬਣ ਗਿਆ। 1863 ਵਿਚ ਆਪਣੀ ਮੌਤ ਤੱਕ ਉਹ ਅਫਗਾਨਿਸਤਾਨ ਦਾ ਬਾਦਸ਼ਾਹ ਰਿਹਾ। ਉਸ ਪਿਛੋਂ ਉਸ ਦਾ ਤੀਸਰਾ ਪੁੱਤਰ ਸ਼ੇਰ ਅਲੀ ਖਾਨ ਰਾਜਭਾਗ ਦਾ ਵਾਰਿਸ ਬਣਿਆ।

ਜਿਸ ਵਜ੍ਹਾ ਕਰਕੇ ਪਹਿਲੀ ਐਂਗਲੋ-ਅਫਗਾਨ ਜੰਗ ਹੋਈ, ਉਹ ਉਸ ਮੌਕੇ ਤਾਂ ਭਾਵੇਂ ਨਾ ਵਾਪਰੀ ਪਰ ਰੂਸ ਹੌਲੀ ਹੌਲੀ ਆਪਣੀ ਖੇਡ ਖੇਡਦਾ ਰਿਹਾ। ਇਕ ਇਕ ਛੋਟੇ ਦੇਸ਼ ਨੂੰ ਕਬਜ਼ੇ 'ਚ ਲੈਂਦਿਆਂ ਉਹ ਅਗਾਂਹ ਵਧਦਾ ਰਿਹਾ ਤੇ ਆਖਰ ਅਫਗਾਨਿਸਤਾਨ ਦੀ ਹੱਦ 'ਤੇ ਪੈਂਦੇ ਅਮੂ ਦਰਿਆ ਤੱਕ ਆ ਪਹੁੰਚਿਆ। 1878 'ਚ ਜਾ ਕੇ ਬਰਤਾਨੀਆ ਲਈ ਉਹੀ ਖਤਰਾ ਫਿਰ ਖੜ੍ਹਾ ਹੋ ਗਿਆ ਜਿਸ ਦਾ ਡਰ ਉਸ ਨੂੰ ਪਹਿਲੀ ਐਂਗਲੋ-ਅਫਗਾਨ ਜੰਗ ਵੇਲੇ ਸੀ। ਉਸ ਨੂੰ ਲੱਗਾ ਕਿ ਇਸ ਵੇਲੇ ਰੂਸ ਪਿਛਾਂਹ ਨਹੀਂ ਹਟੇਗਾ, ਸਗੋਂ ਅਗਾਂਹ ਵਧ ਕੇ ਉਹ ਬ੍ਰਿਟਿਸ਼ ਫੌਜ ਨਾਲ ਲੜਾਈ ਜ਼ਰੂਰ ਲੜੇਗਾ। ਉਸ ਵੇਲੇ ਸ਼ੇਰ ਅਲੀ ਖਾਨ ਅਫਗਾਨਿਸਤਾਨ ਦਾ ਬਾਦਸ਼ਾਹ ਸੀ।

ਰੂਸ ਨੇ ਪਹਿਲਾਂ ਦੀ ਤਰ੍ਹਾਂ ਹੀ ਆਪਣਾ ਗਲਬਾ ਕਾਇਮ ਕਰਨ ਲਈ ਸਿਫਾਰਤੀ ਮਿਸ਼ਨ ਭੇਜਿਆ। ਉਂਜ ਸ਼ੇਰ ਅਲੀ ਖਾਨ ਇਸ ਮਿਸ਼ਨ ਦੇ ਆਉਣ ਦੇ ਹੱਕ 'ਚ ਨਹੀਂ ਸੀ। ਉਸ ਨੇ ਬੜੀ ਕੋਸ਼ਿਸ਼ ਕੀਤੀ ਕਿ ਮਿਸ਼ਨ ਇਥੇ ਨਾ ਆਵੇ ਪਰ ਉਹ ਕਿਵੇਂ ਨਾ ਕਿਵੇਂ ਆ ਹੀ ਪਹੁੰਚੇ। ਇਸ ਤੋਂ ਬਰਤਾਨਵੀ ਚਿੜ੍ਹ ਗਏ ਤੇ ਉਨ੍ਹਾਂ ਨੇ ਸ਼ੇਰ ਅਲੀ ਖਾਨ ਨੂੰ ਸੁਨੇਹਾ ਭੇਜਿਆ ਕਿ ਹੁਣ ਉਨ੍ਹਾਂ ਦਾ ਮਿਸ਼ਨ ਵੀ ਆ ਰਿਹਾ ਹੈ। ਪਰ ਸ਼ੇਰ ਅਲੀ ਖਾਨ ਨੇ ਜੁਆਬ ਦੇ ਦਿੱਤਾ। ਜੁਆਬ ਦੇ ਬਾਵਜੂਦ ਬ੍ਰਿਟਿਸ਼ ਹਕੂਮਤ ਨੇ ਮਿਸ਼ਨ ਤਿਆਰ ਕਰ ਦਿੱਤਾ ਜਿਸ ਨੇ ਅਫਗਾਨਿਸਤਾਨ ਜਾਣਾ ਸੀ। ਸ਼ੇਰ ਅਲੀ ਖਾਨ ਨੇ ਧਮਕੀ ਦਿੱਤੀ ਕਿ ਜੇ ਬ੍ਰਿਟਿਸ਼ ਹਕੂਮਤ ਨੇ ਰੋਕਣ ਦੇ ਬਾਵਜੂਦ ਅਫਗਾਨਿਸਤਾਨ 'ਚ ਪੈਰ ਪਾਇਆ ਤਾਂ ਉਹ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਵੇਗਾ। ਭੂਤਰੇ ਬ੍ਰਿਟਿਸ਼ ਲੋਕਾਂ ਨੇ ਉਸ ਦੀ ਧਮਕੀ ਦੀ ਪ੍ਰਵਾਹ ਕੀਤੇ ਬਿਨਾ ਆਪਣਾ ਮਿਸ਼ਨ ਉਧਰ ਨੂੰ ਤੋਰ ਦਿੱਤਾ।

ਇਹ 1878 ਦੇ ਸਤੰਬਰ ਮਹੀਨੇ ਦੀ ਗੱਲ ਹੈ। ਜਿਉਂ ਹੀ ਇਹ ਸਿਫਾਰਤੀ ਮਿਸ਼ਨ ਖੈਬਰ ਦੱਰੇ ਦੇ ਪੂਰਬੀ ਦਾਖਲੇ 'ਤੇ ਪਹੁੰਚਿਆ ਤਾਂ ਅਫਗਾਨ ਫੌਜਾਂ ਨੇ ਉਸ ਨੂੰ ਉਥੋਂ ਵਾਪਸ ਭਜਾ ਦਿੱਤਾ। ਇਥੋਂ ਹੀ ਦੂਸਰੀ ਐਂਗਲੋ-ਅਫਗਾਨ ਜੰਗ ਸ਼ੁਰੂ ਹੁੰਦੀ ਹੈ। ਬ੍ਰਿਟਿਸ਼ ਮਿਸ਼ਨ ਨੂੰ ਅਫਗਾਨਿਸਤਾਨ 'ਚ ਦਾਖਲਾ ਤਾਂ ਨਾ ਮਿਲਿਆ ਪਰ ਬਰਤਾਨੀਆ ਦੀ ਚਾਲੀ ਹਜ਼ਾਰ ਤੋਂ ਉਪਰ ਫੌਜ ਨੇ ਉਧਰ ਨੂੰ ਕੂਚ ਕਰ ਦਿੱਤਾ। ਸ਼ੇਰ ਅਲੀ ਖਾਨ ਬਹੁਤੀ ਦੇਰ ਅੜ ਨਾ ਸਕਿਆ ਤੇ ਜਾਨ ਬਚਾਉਂਦਾ ਮਜ਼ਾਰ-ਏ-ਸ਼ਰੀਫ ਵੱਲ ਨੂੰ ਭੱਜ ਗਿਆ। ਪਿੱਛੇ ਬ੍ਰਿਟਿਸ਼ ਫੌਜਾਂ ਨੇ ਮੁਲਕ ਦਾ ਬਹੁਤਾ ਭਾਗ ਆਪਣੇ ਕਬਜ਼ੇ ਹੇਠ ਲੈ ਲਿਆ। ਹੁਣ ਬਾਜੀ ਬ੍ਰਿਟਿਸ਼ ਹਕੂਮਤ ਦੇ ਹੱਥ ਸੀ। ਮੁਲਕ ਨੂੰ ਹੋਰ ਬਰਬਾਦੀ ਤੋਂ ਬਚਾਉਣ ਲਈ ਸ਼ੇਰ ਅਲੀ ਖਾਨ ਦੇ ਪੁੱਤਰ ਮੁਹੰਮਦ ਯਾਕੂਬ ਖਾਨ ਨੇ ਸਮਝੌਤਾ ਦਾ ਰਾਹ ਕੱਢਿਆ। ਉਸ ਨੇ ਬ੍ਰਿਟਿਸ਼ ਹਕੂਮਤ ਦੀਆਂ ਬਹੁਤ ਸਾਰੀਆਂ ਸ਼ਰਤਾਂ ਮੰਨ ਲਈਆਂ।

ਸਮਝੌਤੇ ਵਿਚ ਮੁੱਖ ਤੌਰ 'ਤੇ ਇਹ ਸਭ ਸੀ, 'ਬਾਹਰੀ ਹਮਲੇ ਵੇਲੇ ਅਫਗਾਨਿਸਤਾਨ ਬ੍ਰਿਟਿਸ਼ ਫੌਜ ਦੀ ਮਦਦ ਕਰੇਗਾ, ਬ੍ਰਿਟਿਸ਼ ਏਜੈਂਟ ਪੱਕੇ ਤੌਰ 'ਤੇ ਅਫਗਾਨਿਸਤਾਨ 'ਚ ਰਹੇਗਾ ਅਤੇ ਵਿਦੇਸ਼ ਵਿਭਾਗ ਦੇ ਫੈਸਲੇ ਬ੍ਰਿਟਿਸ਼ ਹਕੂਮਤ ਦੀ ਸਲਾਹ ਨਾਲ ਲਏ ਜਾਣਗੇ। ਇਸ ਤੋਂ ਬਿਨਾ ਬ੍ਰਿਟਿਸ਼ ਹਕੂਮਤ ਨੇ ਅਫਗਾਨਿਸਤਾਨ ਕੋਲੋਂ ਖੈਬਰ, ਨਾਰਥ ਵੈਸਟ ਫਰੰਟੀਅਰ ਪਰੋਵਿੰਸ ਏਰੀਆ ਅਤੇ ਕੋਇਟਾ ਇਲਾਕੇ ਖੋਹ ਕੇ ਪੱਕੇ ਤੌਰ 'ਤੇ ਆਪਣੇ ਕਬਜ਼ੇ ਹੇਠ ਕਰ ਲਏ।' ਇਸ ਸਭ ਪਿੱਛੋਂ ਸਮਝੌਤੇ 'ਤੇ ਦਸਤਖਤ ਹੋਏ ਤੇ ਮੁਹੰਮਦ ਯਾਕੂਬ ਖਾਨ ਨੂੰ ਅਫਗਾਨਿਸਤਾਨ ਦਾ ਬਾਦਸ਼ਾਹ ਬਣਾ ਦਿੱਤਾ ਗਿਆ। ਪਰ ਇਹ ਕਹਾਣੀ ਇਥੇ ਹੀ ਨਾ ਰੁਕੀ।

ਅਗਲੇ ਹੀ ਸਾਲ ਸਤੰਬਰ 1879 ਵਿਚ ਅਫਗਾਨ ਲੋਕਾਂ ਵੱਲੋਂ ਬਗਾਵਤ ਸ਼ੁਰੂ ਹੋ ਗਈ। ਕਾਬਲ ਦੇ ਲੋਕਾਂ ਨੇ ਬ੍ਰਿਟਿਸ਼ ਸਿਫਾਰਤਖਾਨੇ ਦੇ ਮੁਖੀ ਸਰ ਲੂਈਸ ਕਾਵਗਨਰੀ ਅਤੇ ਉਸ ਦੇ ਸਟਾਫ ਨੂੰ ਮਾਰ ਮੁਕਾਇਆ। ਇਸ ਦੇ ਨਾਲ ਹੀ ਅਗਲੀ ਲੜਾਈ ਸ਼ੁਰੂ ਹੋ ਗਈ। ਸਰ ਫਰੈਡਿਕ ਰੋਬਰਟਸ ਦੀ ਕਮਾਂਡ 'ਚ ਵੱਡੀ ਫੌਜ ਨੇ ਕਾਬਲ 'ਤੇ ਹਮਲਾ ਬੋਲ ਦਿੱਤਾ। ਦੋ ਦਿਨਾਂ 'ਚ ਹੀ ਉਸ ਨੇ ਕਾਬਲ ਸ਼ਹਿਰ ਕਬਜ਼ੇ 'ਚ ਕਰ ਲਿਆ। ਉਧਰੋਂ ਗਾਜ਼ੀ ਮੁਹੰਮਦ ਖਾਨ ਵਾਰਡਕ ਨੇ ਦਸ ਹਜ਼ਾਰ ਬਾਗੀਆਂ ਦੀ ਫੌਜ ਨਾਲ ਕਾਬਲ ਨੇੜਲੀ ਸ਼ੇਰਪੁਰ ਛਾਉਣੀ 'ਤੇ ਹਮਲਾ ਕਰ ਦਿੱਤਾ। ਕੁਝ ਹੀ ਦੇਰ 'ਚ ਛਾਉਣੀ ਨੂੰ ਚਾਰੋਂ ਪਾਸਿਉਂ ਘੇਰ ਲਿਆ। ਪਰ ਇਸ ਤੋਂ ਅੱਗੇ ਉਹ ਗਲਤ ਫੈਸਲਾ ਲੈ ਗਿਆ। ਛਾਉਣੀ ਘੇਰਨ ਪਿੱਛੋਂ ਉਸ ਨੇ ਦੂਸਰੇ ਪਾਸੇ ਫਰੈਡਿਕ ਰੋਬਰਟਸ ਦੀ ਫੌਜ 'ਤੇ ਹੱਲਾ ਬੋਲ ਦਿੱਤਾ। ਦੋ ਮੋਰਚੇ ਖੁੱਲ੍ਹ ਜਾਣ ਨਾਲ ਗਾਜ਼ੀ ਖਾਨ ਦੀ ਬਗਾਵਤ ਫੇਲ੍ਹ ਹੋ ਗਈ। ਸਾਰੀ ਬਾਜੀ ਫਿਰ ਬ੍ਰਿਟਿਸ਼ ਹਕੂਮਤ ਦੇ ਹੱਥ ਆ ਗਈ ਤੇ ਉਨ੍ਹਾਂ ਆਪਣੇ ਢੰਗ ਦਾ ਸਮਝੌਤਾ ਕਰਨ ਦੀ ਸੋਚੀ। ਇਸੇ ਸੋਚ ਤਹਿਤ ਉਨ੍ਹਾਂ ਮੁਲਕ ਨੂੰ ਕਈ ਹਿੱਸਿਆਂ 'ਚ ਵੰਡਣ ਦਾ ਇਰਾਦਾ ਕਰ ਲਿਆ। ਨਾਲ ਹੀ ਯਾਕੂਬ ਖਾਨ ਨੂੰ ਗੱਦੀਉਂ ਲਾਹ ਕੇ ਉਸ ਦੇ ਚਚੇਰੇ ਭਰਾ ਅਬਦਰ ਰਹਿਮਾਨ ਖਾਨ ਨੂੰ ਅਫਗਾਨਿਸਤਾਨ ਦਾ ਬਾਦਸ਼ਾਹ ਬਣਾ ਦਿੱਤਾ।

ਸਮਝੌਤੇ ਦੀਆਂ ਸਭ ਮੱਦਾਂ ਅਜੇ ਲਾਗੂ ਵੀ ਨਹੀਂ ਸਨ ਹੋਈਆਂ ਕਿ ਹੈਰਾਤ ਵੱਲੋਂ ਯਾਕੂਬ ਖਾਨ ਦੇ ਭਰਾ ਅਯੂਬ ਖਾਨ ਨੇ ਬਗਾਵਤ ਕਰ ਦਿੱਤੀ। ਉਹ ਅਗਾਂਹ ਵਧਿਆ ਤੇ ਮੈਵੰਡ ਦੀ ਲੜਾਈ 'ਚ ਬ੍ਰਿਟਿਸ਼ ਫੌਜ ਨੂੰ ਹਰਾਉਂਦਿਆਂ ਕੰਧਾਰ 'ਤੇ ਕਬਜ਼ਾ ਕਰ ਲਿਆ। ਇਕ ਵਾਰ ਤਾਂ ਅਯੂਬ ਖਾਨ ਦਾ ਹੱਥ ਉਪਰ ਹੋ ਗਿਆ ਸੀ ਪਰ ਉਦੋਂ ਹੀ ਕਾਬਲ ਵੱਲੋਂ ਸਰ ਫਰੈਡਰਿਕ ਰੋਬਰਟਸ ਆਪਣੀਆਂ ਫੌਜਾਂ ਲੈ ਕੇ ਆ ਪਹੁੰਚਿਆ। ਕੰਧਾਰ ਦੇ ਬਾਹਰ ਦੋਨਾਂ ਧਿਰਾਂ ਵਿਚਾਲੇ ਬੜੀ ਲਹੂ ਡੋਲਵੀਂ ਲੜਾਈ ਹੋਈ। ਅਯੂਬ ਖਾਨ ਦੀਆਂ ਫੌਜਾਂ ਬੜੀ ਬਹਾਦਰੀ ਨਾਲ ਲੜੀਆਂ ਪਰ ਆਖਰ ਨੂੰ ਹਾਰ ਗਈਆਂ। ਇਸ ਵੇਲੇ ਮੌਕੇ ਦਾ ਬਾਦਸ਼ਾਹ ਅਬਦਰ ਰਹਿਮਾਨ ਖਾਨ, ਬ੍ਰਿਟਿਸ਼ ਹਕੂਮਤ ਦੇ ਹੱਕ 'ਚ ਖੜੋਤਾ। ਇਸ ਤਰ੍ਹਾਂ ਬਗਾਵਤ ਖਤਮ ਹੋ ਗਈ। ਇਸ ਪਿਛੋਂ ਨੇੜ ਭਵਿੱਖ 'ਚ ਬਗਾਵਤ ਦਾ ਕੋਈ ਖਤਰਾ ਨਾ ਰਿਹਾ ਤਾਂ ਸਮਝੌਤੇ ਦੀਆਂ ਸਭ ਮੱਦਾਂ ਮੰਨਵਾ ਕੇ ਬ੍ਰਿਟਿਸ਼ ਫੌਜਾਂ ਵਾਪਸ ਮੁੜ ਗਈਆਂ। ਮੁਲਕ ਨੂੰ ਹੋਰ ਕਮਜ਼ੋਰ ਕਰਨ ਦੇ ਇਰਾਦੇ ਨਾਲ ਅੱਗੇ ਚੱਲ ਕੇ ਬ੍ਰਿਟਿਸ਼ ਨੇ ਡੁਰੈਂਡ ਲਾਈਨ ਵੀ ਖਿੱਚ ਦਿੱਤੀ।

ਡੁਰੈਂਡ ਲਾਈਨ 1893 ਵਿਚ ਹੋਂਦ 'ਚ ਆਈ। ਬ੍ਰਿਟਿਸ਼ ਰਾਜਦੂਤ ਸਰ ਮੋਰਟੀਮਰ ਡੁਰੈਂਡ ਅਤੇ ਅਫਗਾਨ ਬਾਦਸ਼ਾਹ ਅਬਦਰ ਰਹਿਮਾਨ ਖਾਨ ਵਿਚਾਲੇ ਸੰਧੀ ਹੋਈ ਜਿਸ ਅਨੁਸਾਰ ਅਫਗਾਨਿਸਤਾਨ ਦੇ ਹਿੰਦੋਸਤਾਨ ਨਾਲ ਲੱਗਦੇ ਕਾਫੀ ਸਾਰੇ ਇਲਾਕੇ ਅਫਗਾਨਿਸਤਾਨ ਨਾਲੋਂ ਤੋੜ ਕੇ ਬ੍ਰਿਟਿਸ਼ ਇੰਡੀਆ ਨਾਲ ਜੋੜ ਦਿੱਤੇ ਗਏ। ਅਸਲ 'ਚ ਇਕੋ ਫਿਰਕੇ ਦੇ ਲੋਕਾਂ ਨੂੰ ਦੋ ਭਾਗਾਂ 'ਚ ਵੰਡਦਿਆਂ ਅੱਧਿਆਂ ਨੂੰ ਅਫਗਾਨਿਸਤਾਨ ਵਿਚ ਛੱਡ ਦਿੱਤਾ ਤੇ ਅੱਧਿਆਂ ਨੂੰ ਹਿੰਦੋਸਤਾਨ ਦਾ ਭਾਗ ਬਣਾ ਦਿੱਤਾ। ਇਹ ਡੁਰੈਂਡ ਲਾਈਨ ਕਰੀਬ 22 ਸੌ ਕਿਲੋਮੀਟਰ ਲੰਬੀ ਹੈ ਜੋ ਅਫਗਾਨਿਸਤਾਨ ਦੇ ਇਕ ਸਿਰੇ ਤੋਂ ਲੈ ਕੇ ਦੂਜੇ ਸਿਰੇ ਜਾ ਲੱਗਦੀ ਹੈ। ਇਸ ਲਾਈਨ ਨਾਲ ਬਲੋਚਿਸਤਾਨ, ਖੈਬਰ ਪਖਤੂਨਵਾ, ਫਾਤਾ ਇਲਾਕੇ, ਗਿਲਗਿਟ ਅਤੇ ਬਾਲਤਿਸਤਾਨ ਵਰਗੇ ਸੂਬੇ ਦੋ ਹਿੱਸਿਆਂ 'ਚ ਵੰਡੇ ਗਏ। ਉਸ ਵੇਲੇ ਇਕ ਪਾਸੇ ਅਫਗਾਨਿਸਤਾਨ ਸੀ ਤੇ ਦੂਜੇ ਪਾਸੇ ਬ੍ਰਿਟਿਸ਼ ਇੰਡੀਆ।

ਅਗਲੇ ਕੋਈ ਚਾਲੀ ਸਾਲ ਬ੍ਰਿਟਿਸ਼ ਅਤੇ ਅਫਗਾਨ ਬਾਦਸ਼ਾਹ ਵਿਚਾਲੇ ਕੋਈ ਸਮੱਸਿਆ ਨਾ ਆਈ। ਭਾਵੇਂ ਬ੍ਰਿਟਿਸ਼ ਨੇ ਅਫਗਾਨਿਸਤਾਨ ਦਾ ਵਿਦੇਸ਼ ਵਿਭਾਗ ਆਪਣੇ ਕੋਲ ਰੱਖਿਆ ਹੋਇਆ ਸੀ ਤੇ ਇਸ ਕਰਕੇ ਅਫਗਾਨਿਸਤਾਨ ਦੀ ਦੁਨੀਆਂ ਨਾਲੋਂ ਸਾਂਝ ਟੁੱਟ ਚੁਕੀ ਸੀ। ਬ੍ਰਿਟਿਸ਼ ਹਕੂਮਤ ਨੇ ਅਫਗਾਨਿਸਤਾਨ ਦਾ ਦਰਜਾ ਇਕ ਦੇਸ਼ ਤੋਂ ਘਟਾ ਕੇ ਇਕ ਸੂਬੇ ਦਾ ਕਰ ਦਿੱਤਾ। ਪਰ ਫਿਰ ਵੀ ਦੋਨਾਂ ਵਿਚਕਾਰ ਸਬੰਧ ਠੀਕ ਰਹੇ। ਸਾਲ 1901 ਵਿਚ ਅਬਦਰ ਰਹਿਮਾਨ ਖਾਨ ਦੀ ਮੌਤ ਹੋ ਗਈ। ਇਸ ਪਿਛੋਂ ਅਸਿੱਧੇ ਤੌਰ 'ਤੇ ਬ੍ਰਿਟਿਸ਼ ਤੇ ਅਫਗਾਨਾਂ ਵਿਚ ਤਲਖੀ ਪੈਦਾ ਹੋ ਗਈ ਜੋ 18 ਸਾਲਾਂ ਪਿਛੋਂ ਜਾ ਕੇ ਜੰਗ 'ਚ ਤਬਦੀਲ ਹੋਈ। ਉਸ ਨੂੰ ਤੀਜੀ ਐਂਗਲੋ-ਅਫਗਾਨ ਜੰਗ ਵੀ ਕਿਹਾ ਜਾਂਦਾ ਹੈ।

ਖੈਰ! ਅਬਦਰ ਰਹਿਮਾਨ ਖਾਨ ਤੋਂ ਬਾਅਦ ਉਸ ਦਾ ਪੁੱਤਰ ਹਬੀਬਉਲਾ ਖਾਨ ਅਫਗਾਨਿਸਤਾਨ ਦਾ ਬਾਦਸ਼ਾਹ ਬਣ ਗਿਆ। ਹਬੀਬਉਲਾ ਖਾਨ ਬੜਾ ਸਮਝਦਾਰ ਲੀਡਰ ਗਿਣਿਆ ਜਾਂਦਾ ਹੈ। ਉਸ ਨੇ ਮੌਕੇ ਅਨੁਸਾਰ ਕਦੇ ਰੂਸ ਦੀ ਹਮਾਇਤ ਲਈ ਅਤੇ ਕਦੇ ਬ੍ਰਿਟਿਸ਼ ਹਕੂਮਤ ਦੀ। ਹਬੀਬਉਲਾ ਇਕ ਸੁਲਝਿਆ ਤੇ ਨਵੀਂ ਪੀੜ੍ਹੀ ਦਾ ਅਗਾਂਹਵਧੂ ਨੇਤਾ ਸੀ। ਉਸ ਨੇ ਬਹੁਤ ਸਾਰੇ ਸੁਧਾਰ ਕਰਦਿਆਂ ਮੁਲਕ ਨੂੰ ਮਾਡਰਨ ਬਣਾਉਣ ਦੀ ਕੋਈ ਕਸਰ ਨਾ ਛੱਡੀ। ਉਸ ਨੇ ਆਪਣੇ ਵਕਤ ਵਿਚ ਅਫਗਾਨਿਸਤਾਨ ਵਿਚ ਨਵੀਂ ਟੈਕਨਾਲੋਜੀ ਲਿਆਂਦੀ, ਸਕੂਲ-ਕਾਲਜ ਖੋਲ੍ਹੇ, ਮਿਲਟਰੀ ਅਕੈਡਮੀਆਂ ਖੋਲ੍ਹੀਆਂ। ਉਸ ਨੇ ਮੁਲਕ ਨੂੰ ਤਰੱਕੀ ਦੇ ਰਾਹ ਪਾਉਣ ਲਈ ਹਰ ਉਪਰਾਲਾ ਕੀਤਾ। ਸਭ ਤੋਂ ਵੱਡੀ ਗੱਲ ਉਸ ਨੇ ਪਹਿਲੀ ਸੰਸਾਰ ਜੰਗ ਦੌਰਾਨ ਕਿਸੇ ਵੀ ਧਿਰ ਦੀ ਹਮਾਇਤ ਨਾ ਕੀਤੀ ਤੇ ਨਿਰਪੱਖ ਰਿਹਾ। ਭਾਵੇਂ ਉਸ ਨੂੰ ਆਟੋਮਨ ਐਂਪਾਇਰ ਭਾਵ ਤੁਰਕੀ ਅਤੇ ਇੰਪੀਰੀਅਲ ਜਰਮਨੀ ਨੇ ਨਾਲ ਰਲਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਉਹ ਕਿਸੇ ਧਿਰ ਨਾਲ ਨਾ ਰਲਿਆ। ਉਸ ਨੇ ਬ੍ਰਿਟਿਸ਼ ਇੰਡੀਆ ਨਾਲ ਸਬੰਧ ਸੁਧਾਰਨ ਲਈ 1905 ਵਿਚ ਇਕ ਦੋਸਤਾਨਾ ਸੰਧੀ ਵੀ ਕੀਤੀ। ਉਸ ਦੇ ਚੰਗੇ ਕੰਮਾਂ ਕਰਕੇ ਅੱਜ ਤੱਕ ਉਸ ਦਾ ਅਫਗਾਨ ਸਮਾਜ ਵਿਚ ਬਹੁਤ ਸਤਿਕਾਰ ਹੈ। ਇੰਨੀਆਂ ਖੂਬੀਆਂ ਦੇ ਬਾਵਜੂਦ ਉਸ ਦਾ 1919 ਵਿਚ ਕਤਲ ਹੋ ਗਿਆ।

ਹੁਣ ਗੱਲ ਤੀਸਰੀ ਐਂਗਲੋ-ਅਫਗਾਨ ਲੜਾਈ ਦੀ ਕਰਦੇ ਹਾਂ। ਪਹਿਲਾਂ ਕੀਤੇ ਜ਼ਿਕਰ ਅਨੁਸਾਰ ਹਬੀਬਉਲਾ ਖਾਨ ਪਹਿਲੀ ਸੰਸਾਰ ਜੰਗ ਵਿਚ ਨਿਰਪੱਖ ਰਿਹਾ ਸੀ। ਜਦੋਂ ਪਹਿਲੀ ਸੰਸਾਰ ਜੰਗ ਖਤਮ ਹੋਈ ਤਾਂ ਹਬੀਬਉਲਾ ਖਾਨ ਨੇ ਬ੍ਰਿਟਿਸ਼ ਹਕੂਮਤ ਨੂੰ ਕਿਹਾ ਕਿ ਉਸ ਨੇ ਸੰਸਾਰ ਜੰਗ ਵਿਚ ਉਨ੍ਹਾਂ ਦੀ ਵਿਰੋਧਤਾ ਨਹੀਂ ਕੀਤੀ, ਇਸ ਕਰਕੇ ਉਸ ਨੂੰ ਇਸ ਦੇ ਇਵਜ਼ 'ਚ ਕੋਈ ਰਿਆਇਤ ਦਿੱਤੀ ਜਾਵੇ। ਖਾਸ ਤੌਰ 'ਤੇ ਉਹ ਚਾਹੁੰਦਾ ਸੀ ਕਿ ਅਫਗਾਨਿਸਤਾਨ ਦੇ ਸੰਸਾਰ ਵਿਚ ਵਿਚਰਨ ਲਈ ਪਹਿਲਾਂ ਹੋਏ ਸਮਝੌਤੇ 'ਚ ਤਬਦੀਲੀ ਕੀਤੀ ਜਾਵੇ ਤੇ ਅਫਗਾਨਿਸਤਾਨ ਨੂੰ ਆਜ਼ਾਦ ਮੁਲਕ ਦਾ ਰੁਤਬਾ ਦਿੱਤਾ ਜਾਵੇ। ਉਂਜ ਭਾਵੇਂ ਅਫਗਾਨਿਸਤਾਨ ਆਜ਼ਾਦ ਹੀ ਸੀ ਪਰ ਉਸ ਦਾ ਵਿਦੇਸ਼ ਵਿਭਾਗ ਬ੍ਰਿਟਿਸ਼ ਹਕੂਮਤ ਕੋਲ ਹੋਣ ਕਰਕੇ ਉਹ ਸਿਰਫ ਨਾਂ ਦਾ ਹੀ ਆਜ਼ਾਦ ਸੀ। ਖੈਰ! ਹਬੀਬ ਉਲਾ ਦੇ ਪੱਲੇ ਨਿਰਾਸ਼ਾ ਹੀ ਪਈ ਕਿਉਂਕਿ ਬ੍ਰਿਟਿਸ਼ ਹਕੂਮਤ ਨੇ ਉਸ ਦੀ ਬੇਨਤੀ ਠੁਕਰਾ ਦਿੱਤੀ। ਇਥੋਂ ਉਸ ਦੇ ਮਨ 'ਚ ਬ੍ਰਿਟਿਸ਼ ਹਕੂਮਤ ਪ੍ਰਤੀ ਵਿਰੋਧ ਪਨਪਣ ਲੱਗਾ। ਲੇਕਿਨ ਇਸ ਤੋਂ ਪਹਿਲਾਂ ਕਿ ਉਹ ਕੁਝ ਕਰ ਸਕਦਾ, ਉਸ ਦਾ ਕਤਲ ਹੋ ਗਿਆ। ਉਸ ਪਿੱਛੋਂ ਉਸ ਦਾ ਭਰਾ ਨਸਰ ਉਲਾ ਖਾਨ ਬਾਦਸ਼ਾਹ ਬਣਿਆ, ਪਰ ਉਹ ਸਿਰਫ ਇਕ ਹਫਤਾ ਹੀ ਬਾਦਸ਼ਾਹ ਰਹਿ ਸਕਿਆ। ਉਸ ਨੂੰ ਉਸ ਦੇ ਭਤੀਜੇ ਅਤੇ ਹਬੀਬ ਉਲਾ ਦੇ ਪੁੱਤਰ ਅਮਾਨ ਉਲਾ ਖਾਨ ਨੇ ਗੱਦੀਉਂ ਲਾਹ ਕੇ ਹਕੂਮਤ ਹਥਿਆ ਲਈ। ਲੋਕਾਂ ਨੇ ਇਸ ਗੱਲ ਦਾ ਬਹੁਤ ਬੁਰਾ ਮਨਾਇਆ। ਨਸਰ ਉਲਾ ਖਾਨ ਦੀ ਲੋਕਾਂ 'ਚ ਬਹੁਤ ਇੱਜਤ ਸੀ ਜਦਕਿ ਅਮਾਨ ਉਲਾ ਖਾਨ ਦਾ ਲੋਕਾਂ 'ਚ ਕੋਈ ਚੰਗਾ ਅਕਸ ਨਹੀਂ ਸੀ। ਬਹੁਤੇ ਲੋਕ ਤਾਂ ਇਹ ਵੀ ਸੋਚਦੇ ਸਨ ਕਿ ਹਬੀਬ ਉਲਾ ਨੂੰ ਕਤਲ ਕਰਨ ਵਾਲਾ ਵੀ ਉਸ ਦਾ ਖੁਦ ਦਾ ਪੁੱਤਰ ਅਮਾਨ ਉਲਾ ਖਾਨ ਹੀ ਸੀ। ਲੋਕਾਂ ਦਾ ਧਿਆਨ ਪਾਸੇ ਹਟਾਉਣ ਲਈ ਅਮਾਨ ਉਲਾ ਖਾਨ ਨੇ ਬਹੁਤ ਲੁਭਾਉਣੇ ਵਾਅਦੇ ਕੀਤੇ ਪਰ ਉਸ ਦਾ ਅਕਸ ਸੁਧਰ ਨਾ ਸਕਿਆ। ਸਗੋਂ ਇਹ ਉਦੋਂ ਹੋਰ ਵੀ ਮਾੜਾ ਹੋ ਗਿਆ ਜਦੋਂ ਅਮਾਨ ਉਲਾ ਖਾਨ ਨੇ ਆਪਣੇ ਪਿਉ ਦੇ ਕਤਲ ਦੇ ਜੁਰਮ ਵਿਚ ਨਸਰ ਉਲਾ ਖਾਨ ਨੂੰ ਹੀ ਉਮਰ ਭਰ ਦੀ ਸਜ਼ਾ ਸੁਣਾ ਕੇ ਜੇਲ੍ਹ ਡੱਕ ਦਿੱਤਾ। ਇਸ ਨਾਲ ਲੋਕਾਂ ਦੀ ਨਾਰਾਜ਼ਗੀ ਹੋਰ ਵੀ ਵਧ ਗਈ।

ਉਸ ਵੇਲੇ ਹਿੰਦੋਸਤਾਨ 'ਚ ਆਜ਼ਾਦੀ ਦੀ ਜੰਗ ਜ਼ੋਰ ਸ਼ੋਰ ਨਾਲ ਚੱਲ ਰਹੀ ਸੀ। ਇਹ ਸਾਲ 1919 ਦੀ ਗੱਲ ਹੈ। ਉਨ੍ਹੀਂ ਦਿਨੀਂ ਜੱਲਿਆਂ ਵਾਲੇ ਬਾਗ ਦਾ ਸਾਕਾ ਹੋਣ ਕਾਰਨ ਲੋਕ ਬੜੇ ਹੀ ਗੁੱਸੇ 'ਚ ਸਨ ਤੇ ਮੁਲਕ 'ਚ ਅਰਾਜਕਤਾ ਵਾਲਾ ਮਾਹੌਲ ਸੀ। ਅਮਾਨ ਉਲਾ ਖਾਨ ਨੇ ਹਿੰਦੋਸਤਾਨ ਦੇ ਇਸ ਹਾਲਾਤ ਦਾ ਫਾਇਦਾ ਲੈਣ ਦੀ ਸੋਚੀ। ਉਸ ਨੂੰ ਲੱਗਾ ਕਿ ਬਰਤਾਨਵੀ ਇਸ ਵੇਲੇ ਹਿੰਦੋਸਤਾਨੀਆਂ ਦੀ ਆਜ਼ਾਦੀ ਦੀ ਜੰਗ 'ਚ ਉਲਝੇ ਹੋਏ ਹਨ ਤੇ ਹੋਰ ਪਾਸੇ ਲੜਨ ਦਾ ਉਨ੍ਹਾਂ ਕੋਲ ਵਕਤ ਨਹੀਂ ਹੈ। ਸੋ, ਆਪਣੇ ਲੋਕਾਂ ਦਾ ਧਿਆਨ ਵੰਡਾਉਣ ਲਈ ਉਸ ਨੇ ਬ੍ਰਿਟਿਸ਼ ਹਕੂਮਤ ਨਾਲ ਜੰਗ ਛੇੜਨ ਦੀ ਸਕੀਮ ਬਣਾ ਲਈ। ਹਾਲਾਂਕਿ ਅਫਗਾਨ ਫੌਜ ਉਸ ਵੇਲੇ ਦੀ ਬ੍ਰਿਟਿਸ਼ ਫੌਜ ਦੇ ਬਰਾਬਰ ਦੀ ਨਹੀਂ ਸੀ ਪਰ ਅਮਾਨ ਉਲਾ ਖਾਨ ਨੇ ਹਾਲਾਤ ਦਾ ਜਾਇਜ਼ਾ ਲਏ ਬਿਨਾ ਹੀ ਲੜਾਈ ਦਾ ਬਿਗਲ ਵਜਾ ਦਿੱਤਾ।

ਲੜਾਈ ਦੀ ਸ਼ੁਰੂਆਤ 3 ਮਈ 1919 ਨੂੰ ਉਦੋਂ ਹੋਈ, ਜਦੋਂ ਅਫਗਾਨ ਫੌਜਾਂ ਨੇ ਪੱਛਮ ਵੱਲ ਦੀ ਸਰਹੱਦ ਲੰਘ ਕੇ ਬ੍ਰਿਟਿਸ਼ ਇੰਡੀਆ ਦੇ ਕਬਜ਼ੇ ਹੇਠਲੇ ਬਾਘ ਸ਼ਹਿਰ 'ਤੇ ਹੱਲਾ ਬੋਲ ਦਿੱਤਾ। ਅੰਦਰੇ ਅੰਦਰ ਅਮਾਨ ਉਲਾ ਖਾਨ ਨੇ ਪੇਸ਼ਾਵਰ ਵਿਚ ਆਪਣੇ ਲੋਕਾਂ ਨੂੰ ਬਗਾਵਤ ਲਈ ਵੀ ਤਿਆਰ ਕੀਤਾ ਹੋਇਆ ਸੀ। ਪਹਿਲਾਂ ਪਤਾ ਲੱਗ ਜਾਣ ਕਾਰਨ ਬ੍ਰਿਟਿਸ਼ ਹਕੂਮਤ ਨੇ ਬਗਾਵਤ ਤਾਂ ਉਠਣ ਤੋਂ ਪਹਿਲਾਂ ਹੀ ਦਬਾ ਦਿੱਤੀ ਪਰ ਅਮਾਨ ਉਲਾ ਖਾਨ ਵੱਲੋਂ ਸ਼ੁਰੂ ਕੀਤੀ ਗਈ ਲੜਾਈ ਦਾ ਉਨ੍ਹਾਂ ਨੂੰ ਕੋਈ ਕਾਰਨ ਸਮਝ 'ਚ ਨਾ ਆਇਆ। ਜਦੋਂ ਉਨ੍ਹਾਂ ਨੂੰ ਅਮਾਨ ਉਲਾ ਖਾਨ ਦੀ ਸਕੀਮ ਦੀ ਪੂਰੀ ਸਮਝ ਪਈ ਤਾਂ ਉਹ ਗੰਭੀਰ ਹੋ ਗਏ। ਉਨ੍ਹਾਂ ਨੂੰ ਪਤਾ ਲੱਗ ਚੁਕਾ ਸੀ ਕਿ ਇਕ ਹੱਦ 'ਤੇ ਆ ਕੇ ਅਫਗਾਨਿਸਤਾਨੀ ਫੌਜ ਤੋਂ ਬਿਨਾ ਉਥੇ ਦੇ ਸਭ ਕਬੀਲੇ ਵੀ ਅਮਾਨ ਉਲਾ ਖਾਨ ਦੇ ਨਾਲ ਆ ਖੜ੍ਹੇ ਹੋਣਗੇ। ਇਹ ਸਭ ਵਿਚਾਰਦਿਆਂ ਬ੍ਰਿਟਿਸ਼ ਹਕੂਮਤ ਨੇ ਅਫਗਾਨਿਸਤਾਨ ਦੇ ਖਿਲਾਫ ਪੂਰੀ ਵੱਡੀ ਜੰਗ ਦਾ ਐਲਾਨ ਕਰ ਦਿੱਤਾ। ਬ੍ਰਿਟਿਸ਼ ਫੌਜ ਨੇ ਬਾਘ ਸ਼ਹਿਰ ਵਾਪਸ ਲੈਣ ਲਈ ਭਰਵਾਂ ਹੱਲਾ ਬੋਲਿਆ ਪਰ ਕਾਮਯਾਬੀ ਨਾ ਮਿਲੀ। ਇਸ ਤੋਂ ਥੋੜ੍ਹਾ ਅੱਗੇ ਜਾਂਦਿਆਂ ਬ੍ਰਿਟਿਸ਼ ਫੌਜ ਨੇ ਹਵਾਈ ਜਹਾਜਾਂ ਦੀ ਵਰਤੋਂ ਕਰਦਿਆਂ ਅਸਮਾਨ 'ਚੋਂ ਅਫਗਾਨ ਫੌਜਾਂ 'ਤੇ ਬੰਬ ਵਰਸਾਏ। ਇਸ ਨਾਲ ਅਫਗਾਨ ਲੋਕ ਭੜਕ ਉਠੇ ਤੇ ਉਹ ਆਪਣੇ ਬਾਦਸ਼ਾਹ ਦੇ ਹੱਕ 'ਚ ਆ ਖੜੋਤੇ। ਇਹੀ ਸਭ ਕੁਝ ਅਮਾਨ ਉਲਾ ਖਾਨ ਚਾਹੁੰਦਾ ਸੀ। ਖੈਰ! ਬ੍ਰਿਟਿਸ਼ ਫੌਜ ਨੇ ਕੁਝ ਦਿਨਾਂ ਬਾਅਦ ਫਿਰ ਤੋਂ ਬਾਘ ਸ਼ਹਿਰ 'ਤੇ ਹਮਲਾ ਕੀਤਾ ਤਾਂ ਇਸ ਵਾਰ ਉਨ੍ਹਾਂ ਨੂੰ ਕਾਮਯਾਬੀ ਮਿਲੀ। ਬਹੁਤ ਸਾਰੇ ਅਫਗਾਨ ਫੌਜੀ ਮਾਰੇ ਗਏ ਤੇ ਬਚਦੇ ਆਪਣੀਆਂ ਹੱਦਾਂ ਅੰਦਰ ਚਲੇ ਗਏ।

ਇਸ ਮੌਕੇ ਅਮਾਨ ਉਲਾ ਖਾਨ ਨੇ ਬਥੇਰਾ ਕਿਹਾ ਕਿ ਉਸ ਦਾ ਜੰਗ ਨੂੰ ਅੱਗੇ ਵਧਾਉਣ ਦਾ ਕੋਈ ਇਰਾਦਾ ਨਹੀਂ। ਪਰ ਬ੍ਰਿਟਿਸ਼ ਫੌਜੀ ਅਫਸਰ ਇਸ ਨੂੰ ਕਿਸੇ ਹੋਰ ਨਜ਼ਰੀਏ ਤੋਂ ਵੇਖ ਰਹੇ ਸਨ। ਉਹ ਜਾਣਦੇ ਸਨ ਕਿ ਅਮਾਨ ਉਲਾ ਖਾਨ ਨੇ ਇਹ ਲੜਾਈ ਸ਼ੁਰੂ ਕਿਉਂ ਕੀਤੀ ਸੀ। ਇਸ ਲਈ ਉਹ ਇਸ ਨੂੰ ਇਕ ਪਾਸੇ ਲਾਉਣਾ ਚਾਹੁੰਦੇ ਸਨ। ਇਸ ਕਰਕੇ ਉਨ੍ਹਾਂ ਨੇ ਅਫਗਾਨਿਸਤਾਨ ਦੇ ਅੰਦਰ ਜਾਣ ਦਾ ਮਨ ਬਣਾ ਲਿਆ। ਕੁਝ ਹੀ ਦਿਨਾਂ ਬਾਅਦ ਖੈਬਰ ਦੱਰਾ ਲੰਘ ਕੇ ਸਟੋਨਹੈਂਗ ਰਿੱਝ 'ਤੇ ਹਮਲਾ ਕੀਤਾ। ਪਰ ਇਥੇ ਅਫਗਾਨ ਫੌਜ ਦਾ ਬਹੁਤ ਤਕੜਾ ਗੜ੍ਹ ਸੀ। ਬ੍ਰਿਟਿਸ਼ ਫੌਜ ਨੂੰ ਵਾਰ ਵਾਰ ਵਾਪਸ ਮੁੜਨਾ ਪਿਆ। ਆਖਰ ਬ੍ਰਿਟਿਸ਼ ਕਮਾਂਡਰ ਰੋਜ਼ ਕੈਪਲ ਆਪਣੀ ਸਿੱਖ ਬਟਾਲੀਅਨ ਨਾਲ ਅੱਗੇ ਆਇਆ ਤੇ ਉਸ ਨੇ ਹਮਲਾ ਕਰਨ ਦੀ ਤਿਆਰੀ ਸ਼ੁਰੂ ਕਰ ਦਿੱਤੀ। ਉਹ ਖੁਦ ਬਹੁਤ ਚੰਗਾ ਫੌਜੀ ਜਰਨੈਲ ਸੀ ਤੇ ਨਾਲ ਹੀ ਉਹ ਸਿੱਖ ਫੌਜੀਆਂ ਦੇ ਬਹਾਦਰੀ ਨਾਲ ਲੜਨ ਤੋਂ ਬੜਾ ਪ੍ਰਭਾਵਤ ਸੀ। ਉਸ ਨੂੰ ਕੁਝ ਸਾਲ ਪਹਿਲਾਂ ਸਾਰਾਗੜ੍ਹੀ ਦੀ ਲੜਾਈ ਦਰਮਿਆਨ ਸਿੱਖ ਫੌਜੀਆਂ ਵੱਲੋਂ ਵਿਖਾਏ ਜੌਹਰ ਯਾਦ ਸਨ।

ਖੈਰ! ਰੋਜ਼ ਕੈਪਲ ਨੇ ਸਿੱਖ ਬਟਾਲੀਅਨ ਨਾਲ ਹੱਲਾ ਬੋਲਿਆ ਤੇ ਦੁਸ਼ਮਣ ਨੂੰ ਖਦੇੜਦਾ ਅਗਾਂਹ ਲੰਘ ਗਿਆ। ਪਰ ਹੁਣ ਲੜਾਈ ਘਟਣ ਦੀ ਥਾਂ ਵਧ ਗਈ। ਥਾਂ ਥਾਂ ਤੋਂ ਕਬੀਲਿਆਂ ਵਾਲੇ ਬ੍ਰਿਟਿਸ਼ ਦੇ ਖਿਲਾਫ ਉਠ ਖੜੋਤੇ। ਨਾਰਥ ਵੈਸਟ ਫਰੰਟੀਅਰ ਜਾਂ ਖੈਬਰ ਦੇ ਆਲੇ ਦੁਆਲੇ, ਜਿੱਥੇ ਕਿਤੇ ਵੀ ਬ੍ਰਿਟਿਸ਼ ਫੌਜ ਦਾ ਕਬਜ਼ਾ ਸੀ, ਹਰ ਥਾਂ ਲੜਾਈ ਸ਼ੁਰੂ ਹੋ ਗਈ। ਕਦੇ ਕਿਧਰੇ ਅਫਗਾਨ ਜਿੱਤ ਜਾਂਦੇ ਤੇ ਕਦੇ ਬ੍ਰਿਟਿਸ਼ ਫੌਜ। ਇਹ ਲੜਾਈ ਕੋਈ ਚਾਰ ਮਹੀਨੇ ਚੱਲੀ ਤੇ ਅਗਸਤ 1919 ਦੇ ਅਖੀਰ 'ਚ ਜਾ ਕੇ ਜੰਗਬੰਦੀ ਹੋਈ। ਆਖਰ ਦੋਨਾਂ ਧਿਰਾਂ ਵਿਚਾਲੇ ਸੰਧੀ ਹੋਈ ਤੇ ਦੋਨਾਂ ਨੇ ਸਮਝੌਤੇ 'ਤੇ ਸਹੀ ਪਾ ਦਿੱਤੀ।

ਇਸ ਸੰਧੀ ਨਾਲ ਦੋਨਾਂ ਧਿਰਾਂ ਨੂੰ ਕੁਝ ਫਾਇਦਾ ਹੋਇਆ ਤੇ ਕੁਝ ਨੁਕਸਾਨ। ਅਮਾਨ ਉਲਾ ਖਾਨ ਨੂੰ ਫਾਇਦਾ ਇਹ ਹੋਇਆ ਕਿ ਉਸ ਦੇ ਖਿਲਾਫ ਹੋ ਚੁਕੀ ਜਨਤਾ ਉਸ ਦੇ ਹੱਕ 'ਚ ਹੋ ਗਈ ਤੇ ਉਸ ਦਾ ਅੰਦਰੂਨੀ ਵਿਰੋਧ ਘਟ ਗਿਆ। ਇਸ ਦੇ ਨਾਲ ਹੀ ਇਸ ਸੰਧੀ 'ਚ ਅਫਗਾਨਿਸਤਾਨ ਨੂੰ ਇਕ ਆਜ਼ਾਦ ਦੇਸ਼ ਐਲਾਨਦਿਆਂ ਬ੍ਰਿਟਿਸ਼ ਹਕੂਮਤ ਨੇ ਉਸ ਦੇ ਸਾਰੇ ਹੱਕ ਉਸ ਨੂੰ ਸੌਂਪ ਦਿੱਤੇ। ਸੋ 1919 ਵਿਚ ਪਹਿਲੀ ਵਾਰ ਦੁਨੀਆਂ ਵਿਚ ਅਫਗਾਨਿਸਤਾਨ ਨੂੰ ਇਕ ਆਜ਼ਾਦ ਦੇਸ਼ ਵਜੋਂ ਮਾਨਤਾ ਪ੍ਰਾਪਤ ਹੋਈ। ਇਸ ਤੋਂ ਪਹਿਲਾਂ ਕੁਝ ਮਹਿਕਮੇ ਬ੍ਰਿਟਿਸ਼ ਹਕੂਮਤ ਕੋਲ ਹੋਣ ਕਾਰਨ ਬਰਤਾਨਵੀ ਅਫਗਾਨਿਸਤਾਨ ਦੀ ਮਾਲੀ ਮਦਦ ਕਰਦੇ ਸਨ। ਇਸ ਸੰਧੀ ਪਿਛੋਂ ਉਨ੍ਹਾਂ ਦਾ ਇਸ ਮਦਦ ਤੋਂ ਖਹਿੜਾ ਛੁੱਟ ਗਿਆ। ਇਸ ਦੇ ਨਾਲ ਹੀ ਬ੍ਰਿਟਿਸ਼ ਹਕੂਮਤ ਨੇ ਡੁਰੈਂਡ ਲਾਈਨ ਨੂੰ ਉਵੇਂ ਜਿਵੇਂ ਰਹਿਣ ਦੀ ਗੱਲ ਇਸ ਸੰਧੀ 'ਚ ਮੰਨਵਾ ਲਈ।

ਤੀਸਰੀ ਜੰਗ ਦਾ ਸਭ ਤੋਂ ਵੱਡਾ ਫਾਇਦਾ ਇਸ ਜੰਗ ਨੂੰ ਸ਼ੁਰੂ ਕਰਨ ਵਾਲੇ ਯਾਨਿ ਮੌਕੇ ਦੇ ਅਫਗਾਨ ਬਾਦਸ਼ਾਹ ਅਮਾਨ ਉਲਾ ਖਾਨ ਨੂੰ ਹੀ ਹੋਇਆ। ਉਸ ਨੇ ਬਿਨਾ ਕਿਸੇ ਵੱਡੀ ਅੜਚਣ ਦੇ ਅਗਲੇ ਦਸ ਸਾਲ ਤੱਕ ਰਾਜ ਕੀਤਾ। ਉਂਜ ਅਮਾਨ ਉਲਾ ਖਾਨ ਨੇ ਆਪਣੇ ਪਿਉ ਹਬੀਬ ਉਲਾ ਖਾਨ ਦੀ ਤਰ੍ਹਾਂ ਹੀ ਦੇਸ਼ ਨੂੰ ਮਾਡਰਨ ਬਣਾਉਣ ਅਤੇ ਤਰੱਕੀ ਦੇ ਰਾਹ ਤੋਰਨ ਦੀ ਪੂਰੀ ਪੂਰੀ ਕੋਸ਼ਿਸ਼ ਕੀਤੀ। ਇਸ ਤੋਂ ਅੱਗੇ ਅਫਗਾਨਿਸਤਾਨ ਅਤੇ ਬ੍ਰਿਟਿਸ਼ ਹਕੂਮਤ ਵਿਚਾਲੇ ਸਬੰਧ ਠੀਕ ਰਹੇ। ਸਾਲ 1947 ਵਿਚ ਬਰਤਾਨਵੀ ਇਸ ਖਿੱਤੇ ਵਿਚੋਂ ਸਦਾ ਲਈ ਚਲੇ ਗਏ।

###

**ਯਾਦ ਝਰੋਖਾ**

# ਮੁਰੱਬਾਬੰਦੀ

**ਇਹ ਗੱਲਾਂ ਆਜ਼ਾਦੀ ਤੋਂ ਪੰਜ ਸਾਲ ਬਾਅਦ ਦੀਆਂ ਹਨ। ਹੁਣ ਮਾਲੇਰਕੋਟਲੇ ਵੱਸਦੇ ਲੇਖਕ ਜਸਦੇਵ ਸਿੰਘ ਧਾਲੀਵਾਲ ਨੇ ਉਦੋਂ ਮਈ 1953 'ਚ ਦਸਵੀਂ ਕੀਤੀ ਸੀ ਜਦੋਂ 'ਹਿੰਦ' ਸਾਈਕਲ 85 ਰੁਪਏ ਦਾ ਆਇਆ ਸੀ। ਦਸਵੀਂ ਵਿਚੋਂ ਉਨ੍ਹਾਂ ਦੇ ਨਾਲ ਦੇ ਕੁੱਲ 26 ਮੁੰਡਿਆਂ ਵਿਚੋਂ 10 ਹੀ ਪਾਸ ਹੋਏ। ਇਸ ਪਿਛੋਂ ਦਾ ਹਾਲ ਇਸ ਲੇਖ ਵਿਚ ਸੁਣਾਇਆ ਗਿਆ ਹੈ। ਇਹ ਉਹ ਸਮਾਂ ਸੀ ਜਿਸ ਨੂੰ ਅੱਜ ਲੋਕ 'ਭਲੇ ਵੇਲੇ' ਕਹਿ ਕੇ ਯਾਦ ਕਰਦੇ ਹਨ। -ਸੰਪਾਦਕ**

ਗੁਰੂਸਰ ਸੁਧਾਰ ਨਵਾਂ ਨਵਾਂ ਕਾਲਜ ਬਣਿਆ ਸੀ। ਗਿਣਤੀ ਦੇ ਮੁੰਡੇ ਹੀ ਉਥੇ ਪੜ੍ਹਦੇ ਸਨ। ਇਕ ਦਿਨ ਮੈਨੂੰ ਤੇ ਹਰਚਰਨ ਨੂੰ ਕਾਲਜ ਵਲੋਂ ਪੋਸਟ ਕਾਰਡ ਆਇਆ ਜਿਸ ਵਿਚ ਹੋਰ ਗੱਲਾਂ ਦੇ ਨਾਲ ਲਿਖਿਆ ਸੀ: ਨੋ ਨੌਲੇਜ ਵਿਦਾਊਟ ਕੌਲੇਜ (No knowledge without College). ਮੈਂ ਸਾਰੀ ਗੱਲ ਬਾਪੂ ਨੂੰ ਦੱਸੀ। ਉਨ੍ਹਾਂ ਕਿਹਾ, "ਤੈਨੂੰ ਆਪਣੇ ਘਰ ਦੀ ਹਾਲਤ ਦਾ ਪਤਾ ਹੀ ਹੈ, ਬੀਬੀ ਦੇ ਵਿਆਹ ਵੇਲੇ ਦੀ ਖੂਹ ਵਾਲੀ ਜਮੀਨ ਗਹਿਣੇ ਪਈ ਹੈ। ਆੜ੍ਹਤੀਏ ਦੇ ਵਿਆਜੂ ਪੈਸੇ ਖੜ੍ਹੇ ਹਨ। ਜਮੀਨ ਵਿਚੋਂ ਕੁਝ ਬਚਦਾ ਨਹੀਂ। ਕੋਈ ਨੌਕਰੀ ਮਿਲ ਜਾਏ ਤਾਂ ਚੰਗਾ।" ਮੈਨੂੰ ਪਤਾ ਸੀ, ਭੈਣ ਦੇ ਵਿਆਹ ਵੇਲੇ ਦਾਜ ਦੇ 1100



ਜਸਦੇਵ ਸਿੰਘ ਧਾਲੀਵਾਲ

ਰੁਪਏ ਤੋਂ ਇਲਾਵਾ ਉਨ੍ਹਾਂ ਮੌਕੇ 'ਤੇ ਜੋੜੀ ਘੋੜੀ ਦੇ 1500 ਰੁਪਏ ਦੀ ਮੰਗ ਰੱਖ ਦਿੱਤੀ ਸੀ। ਫਿਰ ਜਦੋਂ ਭੈਣ ਦੇ ਪਲੇਠੀ ਦਾ ਲੜਕਾ ਹੋਇਆ, ਉਨ੍ਹਾਂ ਸ਼ੂਸ਼ਕ ਵਿਚ ਕੜਿਆਂ ਦੀ ਜੋੜੀ ਦੀ ਮੰਗ ਕੀਤੀ ਸੀ। ਕੋਰਸ ਬਿਨਾ ਕੋਈ ਨੌਕਰੀ ਮਿਲਦੀ ਨਹੀਂ ਸੀ। ਅਹਿਮਦਗੜ੍ਹ ਦੇ ਗਾਂਧੀ ਸਕੂਲ ਵਿਚ ਫਸਟ ਡਿਵੀਜ਼ਨ ਤੋਂ ਘੱਟ ਜੇ.ਬੀ.ਟੀ. ਦਾ ਦਾਖਲਾ ਨਹੀਂ ਮਿਲਦਾ ਸੀ। ਸਾਡੇ ਨੰਬਰ ਘੱਟ ਸਨ।

ਅਸੀਂ ਕਾਰਡਾਂ ਦਾ ਕੋਈ ਜਵਾਬ ਨਹੀਂ ਦਿੱਤਾ। ਇਕ ਦਿਨ ਕਾਲੇ ਰੰਗ ਦੀ ਕਾਰ ਵਿਚ ਪ੍ਰਿੰਸੀਪਲ ਨਾਲ ਕੁਝ ਮੈਂਬਰ ਸਾਡੇ ਬਾਹਰਲੇ ਘਰ ਆ ਗਏ। ਚਾਹ ਪਾਣੀ ਪਿਛੋਂ ਗੱਲਬਾਤ ਸ਼ੁਰੂ ਹੋਈ। ਉਦੋਂ ਨੂੰ ਚਾਚਾ ਹੌਲਦਾਰ ਅਤੇ ਹਰਚਰਨ ਵੀ ਆ ਗਏ। ਪ੍ਰਿੰਸੀਪਲ ਕਾਲਜ ਦੀ ਪੜ੍ਹਾਈ ਦਾ ਗੁਣਗਾਣ ਕਰਨ ਲੱਗਾ। ਪ੍ਰਿੰਸੀਪਲ ਲਾਹੌਰ ਪੜ੍ਹਨ ਪਿਛੋਂ ਇੰਗਲੈਂਡ ਤੋਂ ਪੀਐਚ.ਡੀ. ਕਰ ਕੇ ਆਇਆ ਸੀ। ਨਾਂ ਇਕਬਾਲ ਸਿੰਘ ਦਿਓਲ। ਲੰਮਾ ਕੱਦ, ਚਿੱਟੀ ਦਾੜ੍ਹੀ।

"ਪ੍ਰਿੰਸੀਪਲ ਸਾਹਬ, ਤੁਹਾਡੀਆਂ ਸਭ ਗੱਲਾਂ ਠੀਕ ਨੇ, ਇਉਂ ਦਸੋ, ਮਹੀਨੇ ਦਾ ਖਰਚਾ ਕਿੰਨਾ ਆਊ?" ਚਾਚੇ ਨੇ ਮਤਲਬ ਦੀ ਗੱਲ ਛੇੜੀ।

"ਸਣੇ ਬੋਰਡਿੰਗ ਦੇ ਵੀਹ ਪੱਚੀ ਰੁਪਏ ਮਹੀਨਾ ਤਾਂ ਵੱਧ ਨਹੀਂ ਆਉਂਦਾ।"

"ਥੋਨੂੰ ਮੈਂ ਦੱਸਾਂ, ਹਾੜ੍ਹੀ ਸੌਣੀ ਰੌਅ ਕਰ ਕੇ ਮਾਰੀ ਜਾਂਦੀ ਐ। ਬਟਾਈਆਂ ਬੰਦ ਹੋ ਗਈਆਂ। ਵੱਡੇ ਮੁੰਡੇ ਨੂੰ ਓਹਦੇ ਨਾਨਕਿਆਂ ਨੇ ਖੰਨੇ ਕੌਲਜ ਪੜ੍ਹਨ ਲਾਇਆ ਸੀ। ਕੋਟ ਪੈਂਟ, ਟਾਈ ਲਾਉਣ ਲੱਗਾ। ਅੰਗਰੇਜ਼ਾਂ ਆਂਗੂੰ ਪਿਉ ਨੂੰ ਡੈਡੀ, ਮਾਂ ਨੂੰ ਮੰਮੀ ਕਹਿੰਦਾ। ਬਾਰ੍ਹਵੀਂ 'ਚੋਂ ਫੇਲ੍ਹ ਹੋ ਗਿਆ, ਨਾ ਘਰ ਦਾ ਰਿਹਾ, ਨਾ ਘਾਟ ਦਾ। ਗੁੱਸਾ ਨਾ ਕਰਿਉ। ਸਾਡੇ ਵਿਚ ਕਾਲਜ ਪੜ੍ਹਾਉਣ ਦੀ ਪਰੋਖੋ ਨਹੀਂ...।"

ਚਾਚੇ ਦੀਆਂ ਖਰੀਆਂ ਖਰੀਆਂ ਸੁਣ ਕੇ ਉਹ ਭੈਅਮਾਨ ਹੋ ਗਏ। ਅੱਧੀ ਫੀਸ ਮੁਆਫ ਕਰਨ ਦਾ ਦਾਣਾ ਪਾ ਕੇ ਚਲੇ ਗਏ।

ਮੈਂ ਸ਼ਸ਼ੋਪੰਜ 'ਚ ਸਾਂ। ਅੱਗੇ ਪੜ੍ਹਨ ਦਾ ਕੋਈ ਰਾਹ ਨਹੀਂ ਸੀ। ਮਾੜਾ ਸਰੀਰ ਕਰ ਕੇ ਖੇਤੀ ਮੈਥੋਂ ਹੋਣੀ ਨਹੀਂ ਸੀ। ਕਰਾਂ ਤਾਂ ਕੀ ਕਰਾਂ? ਕੁਝ ਦਿਨ ਮਗਰੋਂ ਘੁਡਾਣੀ ਤੋਂ ਹਰਚਰਨ ਦਾ ਮਾਮਾ ਮਿਲਣ ਆਇਆ। ਉਹ ਮੁਰੱਬਾਬੰਦੀ ਦੇ ਮਹਿਕਮੇ ਵਿਚ ਦੁਰਾਹੇ ਏ.ਸੀ.ਓ. ਲੱਗਾ ਹੋਇਆ ਸੀ। ਗੁਰਚਰਨ ਸਿੰਘ ਨੂੰ ਮੁਰੱਬਾਬੰਦੀ ਮਹਿਕਮੇ ਵਿਚ ਉਸ ਨੇ ਭਰਤੀ ਕਰਵਾਇਆ ਸੀ। ਉਸ ਨੇ ਦੱਸਿਆ: ਅਗਲੇ ਮਹੀਨੇ ਮਾਲੇਰਕੋਟਲੇ ਮੁਰੱਬਾਬੰਦੀ ਦੇ ਮਹਿਕਮੇ ਵਿਚ ਭਰਤੀ ਹੋਣੀ ਹੈ। ਇੰਟਰਵਿਊ ਕੋਈ ਖਾਸ ਨਹੀਂ ਹੁੰਦੀ। ਪਿੰਡਾਂ ਦੇ ਮੁੰਡਿਆਂ ਨੂੰ ਤਰਜੀਹ ਦਿੰਦੇ ਹਨ। ਬੱਸ ਦਸਵੀਂ ਪਾਸ ਦੇ ਸਰਟੀਫਿਕੇਟ ਹੀ ਦੇਖਦੇ ਹਨ। ਪੋਸਟ ਦਾ ਨਾਂ ਤਾਂ ਸਬ ਇੰਸਪੈਕਟਰ ਸੀ, ਪਰ ਲੋਕ ਇਸ ਨੂੰ ਪਟਵਾਰੀ ਹੀ ਕਹਿੰਦੇ ਸਨ। ਨੌਂ ਕੁ ਮਹੀਨੇ ਦਾ ਕੋਰਸ ਕਰਨ ਮਗਰੋਂ ਨਾਲ ਦੀ ਨਾਲ ਨੌਕਰੀ ਮਿਲ ਜਾਂਦੀ ਸੀ। ਇੰਟਰਵਿਊ ਬਾਦਲ ਸਿੰਘ ਐਸ.ਓ. ਨੇ ਕਰਨੀ ਸੀ ਜਿਸ ਨੂੰ ਪਿੱਠ ਪਿਛੇ ਮਾਤਹਿਤ 'ਕਲਾਊਡ' ਸਿੰਘ ਕਹਿੰਦੇ ਸਨ।

ਮਿਥੇ ਦਿਨ ਮੈਂ ਤੇ ਹਰਚਰਨ ਮਾਲੇਰਕੋਟਲੇ ਠੰਢੀ ਸੜਕ 'ਤੇ ਨੌਂ ਵੱਜਦੇ ਨੂੰ ਪੀਲੀ ਕੋਠੀ ਪਹੁੰਚ ਗਏ। ਤੁਰਨ ਤੋਂ ਪਹਿਲਾਂ ਬੇਜੀ ਨੇ ਅਰਦਾਸ ਕੀਤੀ ਸੀ, ਗੁੜ ਦੀ ਰੋੜੀ ਨਾਲ ਸਾਡਾ ਮੂੰਹ ਜੁਠਾ ਲਿਆ। ਸਾਡੇ ਪਹੁੰਚਣ ਤੋਂ ਪਹਿਲਾਂ ਹੀ ਕਈ ਮੁੰਡੇ ਪਹੁੰਚੇ ਹੋਏ ਸਨ ਤੇ ਜਾਮਣ ਦੀ ਛਾਂ ਹੇਠ ਖੜ੍ਹੇ ਗੱਲਾਂ ਕਰ ਰਹੇ ਸਨ। ਸੁਣਿਆ, ਅਫਸਰ ਬਹੁਤ ਸਖਤ ਹੈ। ਕਿਸੇ ਦੀ ਮੰਨਦਾ ਨਹੀਂ। ਜਿੰਨੇ ਮੂੰਹ ਓਨੀਆਂ ਗੱਲਾਂ। ਮੇਰੇ ਮਨ ਵਿਚ ਇੰਟਰਵਿਊ ਦਾ ਫਿਕਰ ਸੀ। ਉਚੇ ਬਰਾਂਡੇ ਵਿਚ ਮੇਜ਼ 'ਤੇ ਨੀਲੇ ਰੰਗ ਦੇ ਮੇਜ਼-ਪੋਸ਼ 'ਤੇ ਪਏ ਕਾਗਜ਼ ਪੱਖੇ ਦੀ ਹਵਾ ਨਾਲ ਪੰਛੀ ਦੇ ਪਰਾਂ ਵਾਂਗ ਫੜ-ਫੜਾ ਰਹੇ ਸਨ। ਐਨਕਾਂ ਵਾਲਾ ਬਾਬੂ ਟਾਈਪ ਮਸ਼ੀਨ 'ਤੇ ਖਟ ਖਟ ਕਰਨ ਲੱਗਾ ਤੇ ਮੁੰਡਿਆਂ ਦੇ ਸਰਟੀਫਿਕੇਟ ਦੇਖਣ ਮਗਰੋਂ ਲਿਸਟ ਅੰਦਰ ਬੈਠੇ ਸਾਹਿਬ ਨੂੰ ਪੇਸ਼ ਕਰ ਦਿੱਤੀ।

ਦਸ ਵਜੇ ਉਚੇ ਲੰਮੇ ਕੱਦ ਅਤੇ ਲਾਲ ਸੂਹੇ ਚਿਹਰੇਵਾਲਾ ਅਫਸਰ ਬਰਾਂਡੇ ਵਿਚ ਆਇਆ। ਗੁੱਟੀ ਕਰ ਕੇ ਬੰਨ੍ਹੀ ਦਾੜ੍ਹੀ, ਚਿੱਟੀ ਕਮੀਜ਼, ਖਾਕੀ ਪੈਂਟ। ਸਿਰ 'ਤੇ ਚਿੱਟੀ ਮਲਮਲ ਦੀ ਨੁੱਕਦਾਰ ਪੱਗ; ਸ਼ਖਸੀਅਤ ਰੋਹਬਦਾਰ ਅਤੇ ਜਜ਼ਬੇ ਵਾਲੀ ਸੀ। ਬਾਬੂ ਨਾਲ ਕੁਝ ਗੱਲਾਂ ਕਰਨ ਮਗਰੋਂ ਸਾਰੇ ਮੁੰਡਿਆਂ ਨੂੰ ਲਾਈਨ ਵਿਚ ਖੜ੍ਹੇ ਹੋਣ ਨੂੰ ਕਿਹਾ।

"ਪਿੰਡਾਂ ਵਾਲੇ ਮੁੰਡੇ ਅੱਗੇ ਆ ਜਾਓ।" ਚਾਲੀ ਪੰਤਾਲੀ ਮੁੰਡੇ ਅੱਗੇ ਆ ਗਏ। ਮੇਰਾ ਦਿਲ ਡੁਬਕੂੰ ਡੁਬਕੂੰ ਕਰ ਰਿਹਾ ਸੀ। ਕੀ ਪਤਾ, ਅੱਗੇ ਕੀ ਹੋਊ? ਹਰ ਚਿਹਰੇ 'ਤੇ ਹੈਰਾਨੀ ਦੀ ਝਲਕ ਸੀ।

"ਠੀਕ ਹੈ, ਤੁਸੀਂ ਸਾਰੇ ਸਿਲੈਕਟ ਹੋ। ਸੋਮਵਾਰ ਨੂੰ ਨਾਭੇ ਮਹਿੰਦਰ ਸਿੰਘ ਦਿਓਲ, ਏ.ਸੀ.ਓ ਕੋਲ ਟਰੇਨਿੰਗ ਲਈ ਹਾਜ਼ਰ ਹੋ ਜਾਓ।"

ਇੰਟਰਵਿਊ ਖਤਮ। ਇਹੋ ਜਿਹੇ ਇੰਟਰਵਿਊ ਅਤੇ ਚੋਣ ਮੁੜ ਮੈਂ ਸਾਰੀ ਜ਼ਿੰਦਗੀ ਕਦੇ ਨਹੀਂ ਦੇਖੀ। ਇਕ ਸ਼ਹਿਰੀ ਮੁੰਡੇ ਨੇ ਹੌਸਲਾ ਕਰ ਕੇ ਪੁੱਛਿਆ, "ਜਨਾਬ ਅਸੀਂ ਸ਼ਹਿਰਾਂ ਵਾਲੇ ਕਿਧਰ ਜਾਈਏ?"

"ਤੁਸੀਂ ਪਿਤਾ ਪੁਰਖੀ ਕੰਮ ਕਰੋ, ਤੱਕੜੀ-ਵੱਟੇ ਨਾਲ ਲੋਕਾਂ ਨੂੰ ਲੁੱਟੋ।" ਉਹ ਮਾਯੂਸ ਹੋ ਕੇ ਘਰਾਂ ਨੂੰ ਮੁੜ ਗਏ।

ਹੁਣ ਨਾਭੇ ਰਹਿਣ ਦਾ ਮਸਲਾ ਖੜ੍ਹਾ ਹੋ ਗਿਆ। ਬਾਪੂ ਦਾ ਵੱਡੇਲੀ ਵਾਲਾ ਫੁੱਫੜ ਰਿਆਸਤ ਪਟਿਆਲਾ ਵਿਚ ਐਸ.ਪੀ. ਹੁੰਦਾ ਸੀ। ਸ਼ਾਹੀ ਖਰਚ ਹੋਣ ਕਰ ਕੇ ਉਹ ਕਰਜ਼ਈ ਹੋ ਗਏ ਸਨ, ਜਮੀਨ ਮੁਜਾਰਿਆਂ ਨੇ ਦੱਬ ਲਈ। ਮਹਾਰਾਜਾ ਭੁਪਿੰਦਰ ਸਿੰਘ ਨੇ ਉਨ੍ਹਾਂ ਦੀ ਅੱਯਾਸ਼ੀ ਦੀਆਂ ਸ਼ਿਕਾਇਤਾਂ ਅਤੇ ਅਫਸਰਾਂ ਦੀ ਗੁਟਬੰਦੀ ਕਰ ਕੇ ਨੌਕਰੀ ਤੋਂ ਡਿਸਮਿਸ ਕਰ ਦਿੱਤਾ। ਸ਼ਾਹੂਕਾਰਾਂ ਦੇ ਕਰਜ਼ੇ ਤੋਂ ਬਚਣ ਲਈ ਉਹ ਦੂਸਰੀ ਰਿਆਸਤ, ਨਾਭਾ ਵਿਚ ਕਿਰਾਏ ਦੇ ਮਕਾਨ ਵਿਚ ਰਹਿਣ ਲੱਗਾ। ਉਦੋਂ ਦੇ ਕਾਨੂੰਨ ਅਨੁਸਾਰ, ਦੂਸਰੀ ਰਿਆਸਤ ਵਿਚ ਕੋਈ ਡਿਗਰੀ ਕਰਨੀ ਔਖੀ ਹੁੰਦੀ ਸੀ। ਬਾਬੇ ਦੀ ਮੌਤ ਪਿਛੋਂ ਹੁਣ ਬਾਪੂ ਹੀ ਉਨ੍ਹਾਂ ਨਾਲ ਮਿਲਦੇ-ਵਰਤਦੇ ਸਨ। ਭੂਆ ਕੋਲ ਕਾਫੀ ਪੁਰਾਣਾ ਜੇਵਰ ਸੀ ਜਿਸ ਨੂੰ ਭੋਰ ਭੋਰ ਕੇ ਉਹ ਗੁਜ਼ਾਰਾ ਕਰ ਰਹੇ ਸਨ।

ਐਤਵਾਰੀ ਬਾਪੂ ਸਾਨੂੰ ਲੈ ਕੇ ਨਾਭੇ ਪਹੁੰਚ ਗਏ। ਭੂਆ ਬੜੇ ਚਾਅ ਨਾਲ ਮਿਲੀ। ਰੋਟੀ ਖਾਣ ਮਗਰੋਂ ਬਾਪੂ ਨੇ ਗੱਲ ਛੇੜੀ, "ਭੂਆ ਜੀ, ਜਸਦੇਵ ਨੂੰ ਤਾਂ ਤੁਸੀਂ ਜਾਣਦੇ ਹੀ ਹੋ, ਦੂਜਾ ਹਰਚਰਨ ਸਿਉਂ ਸੁਖਮਿੰਦਰ ਸਿਉਂ ਦਾ ਲੜਕਾ, ਦਲੀਪ ਸਿੰਘ ਪੋਤਾ... ਇਨ੍ਹਾਂ ਨੇ ਨੌਂ ਮਹੀਨੇ ਦਾ ਮੁਰੱਬਾਬੰਦੀ ਦਾ ਕੋਰਸ ਕਰਨਾ। ਸਾਡੀ ਹਾਲਤ ਦਾ ਥੋਨੂੰ ਪਤਾ ਈ ਐ। ਮਤੇਰ ਸਭ ਕੁਝ ਲੁਟ-ਪੁਟ ਕੇ ਲੈ ਗਈ ਸੀ।"

"ਪੁੱਤ ਗੁਰਦਿਆਲ ਸਿਆਂ, ਮੈਥੋਂ ਕੀ ਭੁੱਲਾ। ਖੁਰਦ ਵਾਲਿਆਂ ਨੇ ਡਿਗਰੀਆਂ ਲੈ ਕੇ ਕਿਹੜੀ ਕਸਰ ਛੱਡੀ ਸੀ। ਸ਼ਾਬਾਸ਼ੇ ਪੁੱਤਰ ਤੇਰੀ ਬਹੂ ਦੇ, ਉਜੜਿਆ ਘਰ ਦੁਬਾਰਾ ਬੰਨ੍ਹ ਲਿਆ।"

"ਜੇ ਕਹੋ ਤਾਂ ਮੈਂ ਹਾੜ੍ਹੀ ਸੌਣੀ ਕਣਕ ਮੱਕੀ ਛੱਡ ਜਾਇਆ ਕਰੂੰ।"

"ਵਾਹ ਪੁੱਤ ਵਾਹ, ਹਾਅ ਤੂੰ ਕੀ ਗੱਲ ਕਹੀ? ਕੀ ਹੋਇਆ ਜੇ ਸਾਡੀ ਨੌਕਰੀ ਜਾਇਦਾਤ ਜਾਂਦੀ ਰਹੀ। ਮੈਂ ਬਾਬਾ ਦਸੌਂਧਾ ਸਿੰਘ ਦੀ ਪੜਪੋਤੀ, ਸਰਦਾਰ ਫਤਿਹ ਸਿੰਘ ਦੀ ਧੀ ਆਂ। ਚੰਗੇ ਮਾੜੇ ਦਿਨ, ਰਾਜਿਆਂ ਮਹਾਰਾਜਿਆਂ 'ਤੇ ਕਿਹੜਾ ਨਹੀਂ ਆਉਂਦੇ? ਸੁੱਖ ਨਾਲ ਮੇਰਾ ਦੋਹਤਾ, ਕਾਕਾ ਮਹਿੰਦਰ ਸਿੰਘ ਵੀ ਮੇਰੇ ਕੋਲ ਪੜ੍ਹਦੈ। ਚੁੱਲ੍ਹੇ ਪੱਕਦੀ ਇਹ ਖਾਈ ਜਾਣਗੇ। ਉਪਰਲਾ ਚੁਬਾਰਾ ਖਾਲੀ ਪਿਆ। ਬੀਰ ਸਿਉਂ ਬਚਾਰਾ ਬਥੇਰੀ ਸੇਵਾ ਕਰਦੈ। ਸਰਦਾਰ ਜੀ ਨੂੰ ਉਹੀ ਸਾਂਭਦੈ ਜਦੋਂ ਦਾ ਅਧਰੰਗ ਹੋਇਆ। ਅੱਗੇ ਤੋਂ ਪੁੱਤ ਘਿਉ ਨਹੀਂ ਲਿਆਉਣਾ। ਦੁਖ ਸੁਖ ਤਾਂ ਪੁੱਤ ਆਉਂਦੇ ਜਾਂਦੇ ਰਹਿੰਦੇ ਆ।" ਭੂਆ ਦਾ ਬਾਕਮਾਲ ਹੌਸਲਾ ਦੇਖ ਕੇ ਮੈਂ ਹੈਰਾਨ ਹੋ ਗਿਆ। ਮੁਸੀਬਤਾਂ ਵੀ ਉਨ੍ਹਾਂ ਦੇ ਇਰਾਦੇ ਨੂੰ ਤੋੜ ਨਹੀਂ ਸਕੀਆਂ ਸਨ। ਧੀ ਜਵਾਨੀ ਪਹਿਰੇ ਵਿਧਵਾ ਹੋ ਗਈ। ਭਰ ਜਵਾਨੀ ਵਿਚ ਇਕੋ ਇਕ ਪੁੱਤਰ ਚਲਾ ਗਿਆ, ਤਾਂ ਵੀ ਅਡੋਲ ਸਨ।

ਅਗਲੀ ਸਵੇਰ ਬਾਪੂ ਪਿੰਡ ਨੂੰ ਮੁੜ ਗਿਆ। ਅਸੀਂ ਮਹਿਸ ਗੇਟ ਦੇ ਬਾਹਰਵਾਰ ਟਰੇਨਿੰਗ ਸਕੂਲ ਪਹੁੰਚ ਗਏ। ਮਹਿੰਦਰ ਸਿੰਘ ਦਿਓਲ ਟਰੇਨਿੰਗ ਸਕੂਲ ਦਾ ਇੰਚਾਰਜ ਸੀ, ਜੋ ਸਮਰਾਲੇ ਵਾਲੇ ਮਾਲ ਮੰਤਰੀ ਅਜਮੇਰ ਸਿੰਘ ਦਾ ਜਵਾਈ ਹੋਣ ਕਰ ਕੇ ਪਿਛੋਂ ਪੀ.ਸੀ.ਐਸ. ਹੋ ਗਿਆ ਸੀ।

ਟਰੇਨਿੰਗ ਲਈ ਇਕ ਕਾਨੂੰਗੋ, ਦੋ ਪੁਰਾਣੇ ਪਟਵਾਰੀ ਸਨ। ਰਿਕਾਰਡ ਤਿਆਰ ਕਰਨ ਬਾਰੇ ਉਹ ਦੱਸਦੇ ਰਹਿੰਦੇ। ਫੀਲਡ ਟਰੇਨਿੰਗ ਲਈ ਅਸੀਂ ਪਿੰਡ ਦੇ ਨੇੜੇ ਮਾਂਗੇਵਾਲ ਆ ਗਏ, ਜਿਥੇ ਪੈਮਾਇਸ਼ ਹੋ ਰਹੀ ਸੀ। ਗਰਦਾਵਰੀ ਦੀ ਟਰੇਨਿੰਗ ਅਸੀਂ ਪਿੰਡ ਦੇ ਪਟਵਾਰੀ ਚਰੰਜੀ ਲਾਲ ਤੋਂ ਲਈ। ਪਰਚੇ ਹੋਏ। ਅਸੀਂ ਪਿੰਡ ਆ ਗਏ।



ਚੰਡੀਗੜ੍ਹ ਵਿਚ ਪੰਜਾਬ ਸਰਕਾਰ ਦਾ ਕੰਮ-ਕਾਜ ਚਲਾਉਣ ਲਈ 1952 ਵਿਚ ਬਣਾਏ ਆਰਜ਼ੀ ਦਫਤਰ

ਮਹੀਨੇ ਕੁ ਬਾਅਦ ਪਾਸ ਹੋਣ ਪਿਛੋਂ ਸਾਨੂੰ ਬਠਿੰਡੇ ਐਸ.ਓ. (ਸੈਟਲਮੈਂਟ ਅਫਸਰ) ਦੇ ਦਫਤਰ ਹਾਜ਼ਰ ਹੋਣ ਦਾ ਹੁਕਮ ਮਿਲ ਗਿਆ। 50-3-80 ਦਾ ਗਰੇਡ ਸੀ। ਤਨਖਾਹ 85 ਰੁਪਏ ਮਹੀਨਾ। ਸਾਡੇ ਜਾਣ ਤੋਂ ਪਹਿਲਾਂ ਇਕ ਸ਼ਾਮ ਬਾਪੂ ਨੇ ਦੋ ਬੋਤਲਾਂ ਅਤੇ ਮੀਟ ਮੰਗਵਾ ਕੇ ਭਾਈਚਾਰੇ ਨੂੰ ਪਾਰਟੀ ਦਿੱਤੀ। ਵੀਹ ਰੁਪਈਏ ਮੈਂ ਤਾਏ ਕਿਸ਼ਨ ਸਿੰਘ ਤੋਂ ਲੈ ਕੇ ਆਇਆ ਸੀ। ਪਾਰਟੀ ਬੈਠਕ ਦੀ ਛੱਤ ਉਪਰ ਹੋਈ ਸੀ। ਮੈਂ ਤੇ ਹਰਚਰਨ ਗਈ ਰਾਤ ਤਾਈਂ ਉਨ੍ਹਾਂ ਦੀ ਸੇਵਾ ਵਿਚ ਹਾਜ਼ਰ ਰਹੇ।

---

ਮੈਂ ਪਿੰਡ ਦੇ ਨੇੜੇ ਕੁਰੜ ਲੱਗ ਗਿਆ। ਅਸੀਂ ਤਿੰਨ ਜਣੇ ਸਾਂ। ਪੰਡਿਤ ਜਗਨ ਨਾਥ ਮੈਥੋਂ ਦੋ ਸਾਲ ਸੀਨੀਅਰ ਸੀ। ਦੂਜਾ ਦਰਸ਼ਨ ਸਿੰਘ ਮੇਰਾ ਹਾਣੀ ਸੀ, ਉਹ ਛੀਨੀਵਾਲ ਕਲਾਂ ਤੋਂ ਸੀ। ਪਿੰਡ ਵਾਲਿਆਂ ਨੇ ਸਾਡੇ ਰਹਿਣ ਲਈ ਆਦੋਆਲ ਪੱਤੀ ਦੀ ਪੱਕੀ ਹਥਾਈ ਦੇ ਦਿੱਤੀ। ਦੋ ਕਮਰਿਆਂ ਅੱਗੇ ਪੱਕਾ ਬਰਾਂਡਾ ਸੀ। ਇਕ ਪਾਸੇ ਕਿਚਨ ਅਤੇ ਗੁਸਲਖਾਨਾ ਬਣਿਆ ਹੋਇਆ ਸੀ।

ਗਰਮੀ ਕਰ ਕੇ ਅਸੀਂ ਰਿਕਾਰਡ ਤਿਆਰ ਕਰਨ ਲਈ ਬਰਾਂਡੇ ਵਿਚ ਹੀ ਬੈਠਦੇ। 15000 ਬਿੱਘੇ ਰਕਬੇ ਦਾ ਪਿੰਡ ਹੋਣ ਕਰ ਕੇ ਕੰਮ ਕਾਫੀ ਸੀ। ਪੈਮਾਇਸ਼ ਹਾੜ੍ਹੀ ਬੀਜਣ ਮਗਰੋਂ ਸ਼ੁਰੂ ਹੋਣੀ ਸੀ। ਪਿੰਡ ਵਾਲਿਆਂ ਹਰ ਇਕ ਪੱਤੀ ਵਿਚੋਂ ਇਕ ਮੈਂਬਰ ਚੁਣ ਕੇ ਕਮੇਟੀ ਚੁਣ ਲਈ ਜਿਸ ਦਾ ਪ੍ਰਧਾਨ ਅਨਪੜ੍ਹ 'ਗੂਠਾ ਛਾਪ 200 ਬਿੱਘੇ ਦਾ ਮਾਲਕ ਬਣਾਇਆ ਗਿਆ ਸੀ। ਪਿੰਡ ਵਾਲਿਆਂ ਉਪਰਲੇ ਖਰਚੇ ਲਈ ਬਾਛ ਇਕੱਠੀ ਕਰ ਲਈ। ਰੋਟੀ-ਟੁੱਕ ਲਈ ਹਰੀਜਨਾਂ ਦਾ ਮੁੰਡਾ ਗੁਰਨਾਮ ਸਿੰਘ ਰੱਖ ਦਿੱਤਾ। ਰਾਸ਼ਨ ਪਿੰਡ ਦੀ ਹੱਟੀ ਤੋਂ ਉਹ ਲੈ ਆਉਂਦਾ, ਪੈਸੇ ਕਮੇਟੀ ਦਾ ਖਜ਼ਾਨਚੀ ਦੇਈ ਜਾਂਦਾ। ਦੁੱਧ ਲੋਕ ਆਪੇ ਦੇ ਜਾਂਦੇ। ਅਸੀਂ ਦੁੱਧ ਵਿਚ ਪੱਤੀ ਪਾ ਕੇ ਪੀਂਦੇ। ਹਰ ਤੀਜੇ ਦਿਨ ਖੀਰ ਬਣਦੀ। ਪੰਡਿਤ ਦਾ ਇਹ ਮਨ ਭਾਉਂਦਾ ਖਾਜਾ ਸੀ। ਵਾਧੂ ਦੁੱਧ ਦਾ ਗੁਰਨਾਮ ਖੋਆ ਅਤੇ ਘਿਉ ਬਣਾ ਲੈਂਦਾ ਜੋ ਪੰਡਿਤ ਜੀ ਪਿੰਡ (ਬਾਗੜੀਆ) ਦੇ ਆਉਂਦੇ।

ਮੇਰਾ ਦੂਸਰਾ ਸਾਥੀ ਸਾਹ ਦਾ ਮਰੀਜ਼ ਹੋਣ ਕਰ ਕੇ ਸਾਈਕਲ ਘੱਟ ਚਲਾਉਂਦਾ। ਪੰਡਿਤ ਨੇ ਸਾਈਕਲ ਚਲਾਉਣਾ ਸਿਖਿਆ ਹੀ ਨਾ। ਅਤਿ ਲੋੜ ਵੇਲੇ ਉਹ ਕਿਸੇ ਦੇ ਮਗਰ ਬੈਠ ਕੇ ਜਾਂਦਾ। ਬੱਸ ਆਥਣ ਸਵੇਰ ਹੀ ਚਲਦੀ ਸੀ। ਬਰਨਾਲੇ ਏ. ਸੀ. ਓ. ਤੇ ਸੀ. ਓ. ਦਾ ਦਫਤਰ ਡੇਰਾ ਬਾਬਾ ਗਾਂਧਾ ਸਿੰਘ ਦੇ ਡੇਰੇ ਵਿਚ ਸੀ। ਐਸ.ਓ. ਕਿਲੇ ਵਿਚ ਬੈਠਦਾ ਸੀ। ਬਰਨਾਲੇ ਦਾ ਕੋਈ ਦਫਤਰੀ ਕੰਮ ਹੁੰਦਾ, ਉਹ ਮੈਨੂੰ ਭੇਜਦਾ, "ਲੈ ਕਾਕਾ ਜੀ, ਆਹ ਕਾਗਜ਼ ਦਫਤਰ ਦੇ ਕੇ ਸਿਲਮਾ ਦੇਖ ਆਇਓ।" ਸੂਏ ਦੀ ਪਟੜੀ ਵਜੀਦਕਿਆਂ ਤੱਕ ਅੱਜ ਦੀਆਂ ਸੜਕਾਂ ਤੋਂ ਕਿਤੇ ਵਧੀਆ ਸੀ। ਅੱਗੇ ਕੱਚੇ ਰਾਹ ਵਿਚ ਝੰਡੀਆਂ ਹੋਣ ਕਰ ਕੇ ਮੈਂ ਇਕ ਘੰਟੇ ਵਿਚ ਦਫਤਰ ਪਹੁੰਚ ਜਾਂਦਾ। ਜੋਗਿੰਦਰ ਸਿੰਘ ਏ.ਸੀ.ਓ. ਬੀ.ਏ. ਪਾਸ ਸੀ। ਰਾੜੇ ਵਾਲੇ ਦੇ ਹਲਕੇ ਦਾ ਹੋਣ ਕਰ ਕੇ ਉਹ ਸਿੱਧਾ ਏ.ਸੀ.ਓ. ਭਰਤੀ ਹੋਇਆ ਸੀ। ਸ਼ਰੀਫ ਬੰਦਾ ਸੀ, ਰਿਸ਼ਵਤਖੋਰ ਨਹੀਂ ਸੀ। ਧੱਕੇ ਨਾਲ ਮੈਨੂੰ ਚਾਹ ਪਿਲਾਉਂਦਾ। ਕੰਮ ਬਾਰੇ, ਕਿਸੇ ਤਕਲੀਫ ਬਾਰੇ ਪੁੱਛਦਾ। ਉਥੋਂ ਵਿਹਲਾ ਹੋ ਕੇ ਮੈਂ ਸਾਧੂ ਰਾਮ ਮੁੱਛਾਂ ਵਾਲੇ ਹਲਵਾਈ ਦੀ ਦੁਕਾਨ 'ਤੇ ਲੱਸੀ ਪੀਣ ਚਲਾ ਜਾਂਦਾ। ਕਈ ਵਾਰ ਉਥੇ ਮੈਨੂੰ ਪ੍ਰੇਮ ਚੰਦ ਮਿਲ ਜਾਂਦਾ, ਉਸ ਨੂੰ ਵੇਤਵੀਆਂ ਖਾਣ ਦਾ ਸ਼ੌਕ ਸੀ, ਹਾਲ-ਚਾਲ ਪੁੱਛਦਾ, "ਸੁਣਾ ਕਾਕਾ ਜੀ, ਵਿਆਹ ਕਰਾਇਆ ਕਿ ਨਹੀਂ?"

"ਕਿਥੇ ਯਾਰ! ਦੇਖਣ ਵਾਲੇ ਤਾਂ ਕਈ ਆਉਂਦੇ ਰਹਿੰਦੇ ਨੇ...।" ਬਾਪੂ ਦੇ ਪੰਜ ਮੋਹਰਾਂ ਮੰਗਣ ਦੀ ਗੱਲ ਮੈਂ ਲੁਕੋ ਲੈਂਦਾ। ਆਮ ਬੰਦੇ ਮੋਹਰਾਂ ਦੀ ਮੰਗ ਸੁਣ ਕੇ ਤਿੱਤਰ ਹੋ ਜਾਂਦੇ। ਜਿਹੜੇ ਮੰਗਣੇ ਵੇਲੇ ਪੰਜ ਮੰਗਦੇ ਹਨ, ਵਿਆਹ ਵੇਲੇ ਪਤਾ ਨਹੀਂ ਕੀ ਮੰਗਣਗੇ?

"ਕਾਕਾ ਜੀ ਤੇਰਾ ਸੀਨੀਅਰ ਕੌਣ ਐ?"

"ਪੰਡਿਤ ਜਗਨ ਨਾਥ।"

"ਬਾਗੜੀਆਂ ਵਾਲਾ?"

"ਹਾਂ, ਤੂੰ ਜਾਣਦੈਂ ਉਹਨੂੰ?"

"ਮੈਂ ਤਾਂ ਓਹਦੇ ਪੋਤੜਿਆਂ ਨੂੰ ਵੀ ਜਾਣਦਾਂ। ਇਹਦਾ ਪਿਉ ਰਾਮ ਲਾਲ ਸਾਡੇ ਪਿੰਡ ਮਾਲ ਪਟਵਾਰੀ ਹੁੰਦਾ ਸੀ। ਓਹਦੇ ਮੁੱਛੇ ਹੋਏ ਰੁੱਖ ਅਜੇ ਤਾਈਂ ਹਰੇ ਨਹੀਂ ਹੋਏ। ਉਹ ਤੜਕੇ ਹੀ ਪਟਵਾਰਖਾਨੇ ਜਮ੍ਹਾਂਬੰਦੀ ਖੋਲ੍ਹ ਕੇ ਬੈਠ ਜਾਂਦਾ, ਜਿਵੇਂ ਗੀਤਾ ਦਾ ਪਾਠ ਕਰ ਰਿਹਾ ਹੋਵੇ। ਜਮ੍ਹਾਂਬੰਦੀ ਵਿਚ ਖਸਰਾ ਨੰਬਰਾਂ ਦੀਆਂ ਨਾਂਵਾਂ ਦੀਆਂ ਗਲਤੀਆਂ ਹੋਣਾ ਆਮ ਗੱਲ ਹੈ। ਉਹ ਚੌਕੀਦਾਰ ਨੂੰ ਭੇਜ ਕੇ ਜਿਮੀਂਦਾਰ ਨੂੰ ਸੱਦ ਲੈਂਦਾ, 'ਭਾਈ ਫਲਾਣਾਂ ਸਿਆਂ, ਤੇਰਾ ਤਾਂ ਖਾਤਾ ਹੀ ਖਰਾਬ ਹੋਇਆ ਪਿਆ, ਦਸ ਮੈਂ ਕੀ ਕਰਾਂ?' ਜਿਵੇਂ ਬਾਣੀਆਂ ਨੂੰ ਨਾਮਾ ਪਿਆਰਾ ਹੁੰਦਾ ਹੈ, ਜੱਟ ਨੂੰ ਜਮੀਨ ਪਿਆਰੀ ਹੁੰਦੀ। ਅਗਲਾ ਕੋਈ ਚਾਰਾਜੋਈ ਕਰਨ ਨੂੰ ਕਹਿੰਦਾ। 'ਦੇਖ ਭਾਈ, ਦਿਤੇ ਲਏ ਬਿਨਾ ਤਾਂ ਕੰਮ ਨਹੀਂ ਹੋਣਾ, ਦੇਣਾ ਲੈਣਾ ਤਾਂ ਚੰਦ ਸੂਰਜ ਨੇ ਵੀ ਹੈ। ਉਪਰ ਵੀ ਦੇਣਾ ਪਊ। ਪੰਜ ਸੌ ਤੋਂ ਘੱਟ ਨਹੀਂ ਸਰਨਾ।' ਉਸ ਨੇ ਸ਼ਾਇਦ ਹੀ ਕੋਈ ਘਰ ਮੁੱਛੇ ਬਿਨਾ ਛੱਡਿਆ ਹੋਵੇ।"

"ਕੋਈ ਸ਼ਿਕਾਇਤ ਨਹੀਂ ਸੀ ਕਰਦਾ?" ਨਾਲੇ ਕੌਣ ਕਰੇ? ਸਰਦਾਰ ਕਰਮਗੜ੍ਹੀਏ ਦੀ ਉਹ ਆਥਣ ਉਗਣ ਸਾਨੀ ਭਰਦਾ ਸੀ। ਰਿਟਾਇਰਮੈਂਟ ਮਗਰੋਂ ਉਹ ਸਰਦਾਰ ਦਾ ਮੁਖਤਿਆਰ ਹੈ। ਇਕ ਗੱਲ ਦੱਸਾਂ, ਜਦੋਂ ਮਲਾਈ ਲਾਹੁਣ ਦਾ ਮੌਕਾ ਆਇਆ, ਓਹਨੇ ਤੈਨੂੰ ਉਥੇ ਰਹਿਣ ਨਹੀਂ ਦੇਣਾ।"

"ਮਲਾਈ ਲਾਹੁਣ ਦਾ ਮਤਲਬ, ਮੈਂ ਸਮਝਿਆ ਨਹੀਂ...।"

"ਯਾਰ ਤੂੰ ਤਾਂ ਭੋਲਾ ਐਂ। ਜਦੋਂ ਤਕਸੀਮ ਹੁੰਦੀ ਆ, ਉਹ ਮੌਕਾ ਮਲਾਈ ਲਾਹੁਣ ਦਾ ਹੁੰਦਾ। ਮੈਂ ਕਿਸੇ ਪਿੰਡ ਦੀ ਪੈਮਾਇਸ਼ ਨਹੀਂ ਕੀਤੀ, ਨਾ ਰਿਕਾਰਡ ਤਿਆਰ ਕੀਤਾ, ਇਕ ਪਿੰਡ ਤਕਸੀਮ ਵੀ ਕਰ ਦਿੱਤਾ ਹੈ। ਤੂੰ ਹਰਚਰਨ ਵਾਂਗ ਕਿਸੇ ਛੋਟੇ ਪਿੰਡ ਵਿਚ ਲਗਣਾ ਸੀ।"

"ਤਕਸੀਮ ਤਾਂ ਏ.ਸੀ.ਓ. ਕਰਦਾ?"

"ਉਹ ਕਿਹੜਾ ਦੇਖਦੇ ਨੇ। ਮੇਰਾ ਏ.ਸੀ.ਓ. ਨਾਲ ਲੈਣ ਦੇਣ ਹੈ। ਜਿਵੇਂ ਕਹਿੰਦਾ ਹਾਂ, ਟੱਕ ਬਣਾ ਦਿੰਦਾ। ਕੋਟਲੇ ਕੰਨੀ ਲੋਕਾਂ ਕੋਲ ਜਮੀਨਾਂ ਥੋੜ੍ਹੀਆਂ ਨੇ, ਲੋਕ ਮੱਲੋ ਮੱਲੀ ਨਾਮਾ ਦੇ ਜਾਂਦੇ। ਮੈਂ ਕੱਚਾ ਕਾਲਜ ਰੋਡ 'ਤੇ ਪਲਾਟ ਵੀ ਲੈ ਲਿਐ।"

"ਗਲ ਸੁਣ ਪ੍ਰੇਮ, ਇਹ ਲੋਕ ਐਨਾ ਪੈਸਾ ਨਾਲ ਲੈ ਕੇ ਜਾਣਗੇ?"

"ਗੁੱਸਾ ਨਾ ਕਰੀਂ, ਜੱਟ ਨਾਮਾ ਨਹੀਂ ਸਾਂਭ ਸਕਦਾ। ਇਹ ਤੌਫੀਕ ਤਾਂ ਬਾਣੀਆਂ ਨੂੰ ਹੀ ਹੈ। ਤੇਰਾ ਤਾਂ ਐਸ. ਡੀ. ਐਮ. ਸੁਣਿਆ ਰਿਸ਼ਤੇਦਾਰ ਹੈ, ਤੂੰ ਹਰਚਰਨ ਵਾਂਗ ਕਿਸੇ ਛੋਟੇ ਪਿੰਡ ਲਗਣਾ ਸੀ।"

"ਉਹਨੇ ਤਾਂ ਯਾਰ ਸੂ-ਸਾਈਡ ਕਰ ਲਿਆ।"

"ਹੈਂ...! ਉਹ ਤਾਂ ਦੋ-ਚਾਰ ਸਾਲ ਨੂੰ ਡੀ.ਸੀ. ਲਗਣ ਵਾਲਾ ਸੀ, ਇਹ ਕਿਉਂ ਕੀਤਾ?"

"ਬਸ ਇਸ ਕਿਉਂ ਦਾ ਕੋਈ ਜਵਾਬ ਨਹੀਂ...।" ਗੱਲਾਂ ਕਰਦਿਆਂ ਨੂੰ ਸਟੇਸ਼ਨ ਵਾਲਾ ਚੌਕ ਆ ਗਿਆ ਸੀ।

"ਬੱਸ ਪੰਡਿਤ ਤੋਂ ਬਚ ਕੇ ਰਹੀਂ, ਸੀ.ਓ. ਨਾਲ ਓਹਦਾ ਸਿੱਧਾ ਲੈਣ ਦੇਣ ਹੈ। ਉਹ ਨਾਭੇ ਦਾ ਹੈ। ਇਸ ਦਾ ਮੁੰਡਾ ਰਾਜਿੰਦਰ ਆਪਣੇ ਨਾਲ ਪੜ੍ਹਦਾ ਹੁੰਦਾ ਸੀ ਜਿਹੜਾ ਸ਼ਰਾਬ ਪੀ ਕੇ ਮਰ ਗਿਆ ਸੀ।"

ਉਹ ਸੱਜੇ ਪਾਸੇ ਘਰ ਨੂੰ ਮੁੜ ਗਿਆ, ਮੈਂ ਖੱਬੇ ਪਾਸੇ ਸਿਨੇਮੇ ਪਹੁੰਚ ਗਿਆ। ਸ਼ੁਕਰਵਾਰ ਹੋਣ ਕਰ ਕੇ ਨਵੀਂ ਫਿਲਮ ਲੱਗੀ ਸੀ। ਮੈਂ ਬਾਲਕੋਨੀ ਦੀ ਟਿਕਟ ਲੈ ਕੇ ਅੰਦਰ ਜਾ ਬੈਠਾ। ਉਸ ਦੀਆਂ ਕਹੀਆਂ ਗੱਲਾਂ ਮੇਰੇ ਮਨ ਵਿਚ ਘੁੰਮਣ ਲੱਗੀਆਂ। ਮਨ ਵਿਚ ਪੈਸੇ ਦੇ ਲਾਲਚ ਦੀ ਥਾਂ ਪਿੰਡ ਦੇ ਨੇੜੇ ਰਹਿਣ ਦਾ ਲਾਲਚ ਸੀ। ਸਾਝਰੇ ਆਉਂਦਾ, ਹਨੇਰਾ ਹੋਏ ਜਾਂਦਾ।

ਰਿਕਾਰਡ ਤਿਆਰ ਹੋ ਗਿਆ। ਜਰੀਬ ਚੈਕ ਕਰਨ ਦਾ ਪੱਕਾ ਅੱਡਾ ਬਣ ਗਿਆ। ਕਣਕ ਬੀਜੀ ਗਈ। ਪੰਡਿਤ, ਪ੍ਰਧਾਨ ਨੂੰ ਲੈ ਕੇ ਦੁਗਣੇ ਭਾਅ ਜਰੀਬਾਂ, ਕਰਾਸ, ਝੰਡੀਆਂ ਤੋਂ ਹੋਰ ਰਿਕਾਰਡ ਵਗੈਰਾ ਕੋਟਲੇ ਤੋਂ ਲੈ ਆਏ ਸਨ। ਪ੍ਰਧਾਨ ਚੰਗੀ ਜਮੀਨ ਪਵਾਉਣ ਲਈ ਉਸ ਦੀ ਸਾਨੀ ਭਰਦਾ ਸੀ। ਦੂਜਾ, ਉਸ ਨੇ ਪਿੰਡ ਦੇ ਕਈ ਗਰੀਬ ਕਿਸਾਨਾਂ ਦੀ ਜਮੀਨ ਖਾਨਗੀ ਤੌਰ 'ਤੇ ਬਹੀ 'ਤੇ ਲਿਖਤ ਕਰ ਕੇ ਗਹਿਣੇ ਲਈ ਹੋਈ ਸੀ। ਰਿਕਾਰਡ ਮਾਲ ਵਿਚ ਰਹਿਨਾਮਿਆਂ ਦਾ ਇੰਦਰਾਜ ਨਹੀਂ ਸੀ। ਲਿਖਤ ਦੀ ਮਿਆਦ ਵੀ ਲੰਘ ਗਈ। ਕੀ ਪਤਾ, ਅਗਲਾ ਕਦੋਂ ਹੁਰਅ ਕਹਿ ਦੇਵੇ? ਇਸ ਦੇ ਇੰਤਕਾਲ ਕਰਵਾਉਣ ਬਦਲੇ ਪੰਡਿਤ ਨੇ ਗਧੇ ਦੇ ਕੰਨ ਵਰਗੇ ਦਸ ਨੋਟ ਲੈ ਲਏ। ਮੈਨੂੰ ਗੁਰਨਾਮ ਨੇ ਪਰਦੇ ਨਾਲ ਅੰਦਰਲੀ ਗੱਲ ਦੱਸ ਦਿੱਤੀ ਸੀ। ਮੈਂ ਇਹ ਗੱਲ ਇਕ ਦਿਨ ਏ.ਸੀ.ਓ. ਦੇ ਕੰਨ ਵਿਚ ਚੋਅ ਦਿੱਤੀ। ਉਹ ਪੈਸੇ ਨਹੀਂ ਸੀ ਲੈਂਦਾ। ਉਸ ਨੇ ਸਾਰੇ ਇੰਤਕਾਲ ਖਾਰਜ ਕਰ ਦਿੱਤੇ। ਪੰਡਿਤ ਨੂੰ ਪਿੱਸੂ ਪੈ ਗਏ। ਉਸ ਨੇ ਲਈ ਰਕਮ ਵਧੀਆ ਟੱਕ ਬਣਵਾਉਣ ਦੇ ਇਵਜ਼ ਵਿਚ ਰੱਖ ਲਈ। ਇਕ ਦਿਨ ਸੀ.ਓ. ਦੌਰੇ 'ਤੇ ਆਇਆ, ਕੁਦਰਤੀ ਉਸ ਦਿਨ ਮੈਂ ਛੁੱਟੀ 'ਤੇ ਸਾਂ। ਉਸ ਨੇ ਉਸ ਨੂੰ ਮੇਰੇ ਖਿਲਾਫ ਭੜਕਾ ਦਿਤਾ: 'ਉਹ ਹੈਡਕੁਆਰਟਰ 'ਤੇ ਨਹੀਂ ਰਹਿੰਦਾ। ਹਰ ਰੋਜ਼ ਪਿੰਡ ਚਲਾ ਜਾਂਦਾ। ਕੰਮ ਵਿਚ ਅੜਿੱਕਾ ਪਾਉਂਦਾ' ਨਾਲੇ ਏ.ਸੀ.ਓ. ਆਪਣੀ ਮਰਜ਼ੀ ਦਾ ਲਵਾਉਣ ਨੂੰ ਕਿਹਾ। ਕਈ ਪਿੰਡ ਤਕਸੀਮ ਦੇ ਨੇੜੇ ਆਏ ਹੋਏ ਹਨ। ਸੀ.ਓ. ਕਾਨੂੰਗੋ ਹੋਣ ਸਮੇਂ ਡਾਇਰੈਕਟਰ ਦੀ ਪੇਸ਼ੀ ਵਿਚ ਰਿਹਾ ਸੀ, ਉਸ ਨਾਲ ਗੱਲ ਕਰ ਕੇ ਏ.ਸੀ.ਓ. ਮਨਮਰਜ਼ੀ ਦਾ ਲਵਾ ਲਿਆ। ਐਸ.ਓ. ਨੂੰ ਕਹਿ ਕੇ ਮੇਰੀ ਬਦਲੀ ਘਨੌਰੀ ਕਲਾਂ ਦੀ ਕਰਵਾ ਦਿੱਤੀ। ਬਾਦਲ ਸਿੰਘ ਰਿਟਾਇਰ ਹੋ ਗਿਆ ਸੀ। ਬਾਪੂ ਕਰਮਗੜ੍ਹੀਏ ਐਮ. ਐਲ.ਏ. ਕੋਲ ਗਿਆ। ਉਸ ਨੇ ਲਾਰੇ ਤੋਂ ਬਿਨਾ ਕੁਝ ਪੱਲੇ ਨਾ ਪਾਇਆ। ਘਨੌਰੀ ਕਲਾਂ ਪਾਰਟੀਬਾਜ਼ੀ ਹੋਣ ਕਰ ਕੇ ਇਕ ਧੜੇ ਨੇ ਮੁਰੱਬਾਬੰਦੀ ਤੁੜਵਾਉਣ ਲਈ ਹਾਈਕੋਰਟ ਵਿਚ ਰਿੱਟ ਪਾਈ ਹੋਈ ਸੀ। ਬਹੁਤ ਸਾਰੀਆਂ ਅਪੀਲਾਂ ਉਪਰਲੇ ਅਫਸਰਾਂ ਕੋਲ ਚਲਦੀਆਂ ਸਨ। ਪੇਸ਼ੀਆਂ ਭੁਗਤਣ ਦਾ ਕੰਮ ਸੀ।

ਮੈਨੂੰ ਪ੍ਰੇਮ ਦੀ ਕਹੀ ਗੱਲ ਯਾਦ ਆਈ: ਇਥੇ ਕਾਰਗੁਜ਼ਾਰੀ, ਕੰਮ ਨੂੰ ਕੌਣ ਪੁੱਛਦੈ? ਨਾਮਾ ਚਾਹੀਦੈ। ਨਵੀਂ ਥਾਂ 'ਤੇ ਹਾਜ਼ਰ ਹੋਣ ਲਈ ਸੱਤ ਦਿਨ ਦਾ ਸਮਾਂ ਮਿਲਿਆ ਸੀ।

ਕਹਾਣੀ

# ਆਹ ਹੋਈ ਨਾ ਗੱਲ

***ਕਹਾਣੀਕਾਰ ਅਸ਼ੋਕ ਵਾਸਿਸ਼ਠ ਦਿੱਲੀ ਵਸਦਾ ਹੈ ਅਤੇ ਉਸ ਦੀਆਂ ਬਹੁਤੀਆਂ ਕਹਾਣੀਆਂ ਦਾ ਧਰਾਤਲ ਵੀ ਦਿੱਲੀ ਦੀ ਰੋਜ ਮੱਰ੍ਹਾ ਜ਼ਿੰਦਗੀ ਹੀ ਹੁੰਦੀ ਹੈ। ਕਹਾਣੀ ਬੜੇ ਸਹਿਜ ਭਾਅ ਤੁਰਦੀ ਅਜਿਹੇ ਮੋੜ 'ਤੇ ਆ ਖੜ੍ਹੀ ਹੁੰਦੀ ਹੈ ਜਿਥੇ ਪਾਠਕ ਨੂੰ ਇਕ ਤੁਣਕਾ ਜਿਹਾ ਲਾ ਜਾਂਦੀ ਹੈ। ਅਜਿਹਾ ਹੀ ਕੁਝ ਵਾਪਰਦਾ ਹੈ ਇਸ ਕਹਾਣੀ ਵਿਚ। ਲੋਕਲ ਬਸਾਂ ਦਾ ਸਫਰ ਕਰਦੇ ਦਿੱਲੀ ਦੇ ਆਮ ਸ਼ਹਿਰੀ ਦੋ ਅਣ ਵਿਆਹੇ ਜੋੜਿਆਂ ਦੀ ਬੱਸ ਇਹੋ ਕਹਾਣੀ ਹੈ, "ਆਹ ਹੋਈ ਨਾ ਗੱਲ।" -ਸੰਪਾਦਕ***

"ਮੇਰੇ ਵਰਗਾ ਗਧਾ ਹੋਰ ਨਹੀਂ ਹੋਣਾ ਦੁਨੀਆਂ ਵਿਚ!" ਇਕ ਜੋਸ਼ੀਲੇ ਨੌਜਵਾਨ ਨੇ ਛਿੱਥਾ ਪੈਂਦਿਆਂ ਅੰਦਰਲਾ ਗੁੱਸਾ ਬਾਹਰ ਕੱਢਿਆ। ਗੁੱਸੇ ਦੇ ਨਾਲ ਨਾਲ ਬੇਬਸੀ ਤੇ ਲਾਚਾਰੀ ਦੇ ਸੰਘਣੇ ਪਰਛਾਵਾਂ ਨੇ ਉਹਦੇ ਚਿਹਰੇ ਨੂੰ ਪੂਰੀ ਤਰ੍ਹਾਂ ਕੱਜ ਲਿਆ ਸੀ। ਉਹ ਵਾਰ ਵਾਰ ਘੜੀ ਵਾਲੀ ਬਾਂਹ ਉਪਰ ਚੁੱਕਦਾ, ਇਕ ਨਜ਼ਰ ਘੜੀ 'ਤੇ ਸੁੱਟਦਾ, ਸੱਜੇ ਪਾਸਿਓਂ ਆਉਣ ਵਾਲੇ ਟ੍ਰੈਫਿਕ ਨੂੰ ਗੌਰ ਨਾਲ ਦੇਖਦਾ, ਮੂਹਰਿਓਂ ਨਿਕਲਣ ਵਾਲੀਆਂ ਬੱਸਾਂ ਦੇ ਨੰਬਰ ਪੜ੍ਹਦਾ, ਤੇ ਸਿਰ ਝਟਕ ਕੇ ਬਸ ਸਟਾਪ ਦੇ ਪਿਛਲੇ ਬੰਨੇ ਉਗੇ ਝਾੜ ਅਤੇ ਦੂਜੇ ਬੂਟਿਆਂ 'ਤੇ ਕਹਿਰ ਭਰੀ ਨਜ਼ਰ ਸੁਟਦਾ। ਇਕ ਅੱਧ ਨੂੰ ਛੱਡ ਉਥੇ ਖਲੋਤੀਆਂ ਸਾਰੀਆਂ ਸਵਾਰੀਆਂ ਦੀ ਹਾਲਤ ਵੀ ਕੁਝ ਇਹੋ ਜਿਹੀ ਸੀ, ਗੁੱਸਾ ਘੱਟ ਵੱਧ ਹੋ ਸਕਦਾ ਹੈ। ਕੁਝ ਅਜਿਹੇ ਵੀ ਸਨ ਜੋ ਕਿਸੇ ਤਰ੍ਹਾਂ ਦਾ ਪ੍ਰਤੀਕਰਮ ਆਪਣੇ ਚਿਹਰੇ 'ਤੇ ਜ਼ਾਹਰ ਨਹੀਂ ਸਨ ਕਰ ਰਹੇ, ਪਰ ਅੰਦਰੋਂ ਅੰਦਰੀ ਕੁੜ੍ਹ ਉਹ ਵੀ ਰਹੇ ਸਨ।



ਅਸ਼ੋਕ ਵਾਸਿਸ਼ਠ
ਫੋਨ: 91-98106-28570

"ਭਾਈ ਸਾਹਿਬ, ਕਿਧਰ ਜਾਣੈਂ ਤੁਸੀਂ?"

"ਜਾਣਾ ਤਾਂ ਤਿਲਕ ਨਗਰ ਐ ਪਰ ਰਾਹ ਵਿਚ ਅਟਕ ਕੇ। ਕਨਾਟ ਪਲੇਸ ਵਿਚ ਇਕ ਕੰਮ ਸੀ, ਸੋਚਿਆ ਸੀ ਇਹ ਕੰਮ ਕਰਦਾ ਜਾਵਾਂ ਪਰ...।" ਕਹਿੰਦਾ ਕਹਿੰਦਾ ਉਹ ਰੁਕ ਗਿਆ।

"ਬਥੇਰਾ ਸਮਾਂ ਹੈ ਅਜੇ, ਬਸ ਆ ਜਾਂਦੀ ਹੈ ਤਾਂ ਠੀਕ ਨਹੀਂ ਤਾਂ ਆਟੋ ਕਰ ਲਈਂ।" ਕੋਲ ਖਲੋਤੇ ਇਕ ਸਿਆਣੇ ਨੇ ਬਿਨ ਮੰਗੀ ਸਲਾਹ ਦੇ ਦਿੱਤੀ।

"ਸਮਾਂ ਤਾਂ ਹੋਵੇ ਜੇ ਡੀ. ਟੀ. ਸੀ. ਦੀ ਬਸ ਆ ਜਾਵੇ ਤੇ ਉਹਦੇ ਆਸਾਰ ਘੱਟੋ ਘੱਟ ਐਸ ਵੇਲੇ ਤਾਂ ਦਿਖਾਈ ਨਹੀਂ ਦਿੰਦੇ!"

ਨੌਜਵਾਨ ਨੇ ਸਾਫਗੋਈ ਤੋਂ ਕੰਮ ਲੈਂਦਿਆਂ ਕਿਹਾ। ਕੁਝ ਹੋਰ ਲੋਕ ਉਥੇ ਆ ਗਏ। ਉਨ੍ਹਾਂ ਨੂੰ ਦੇਖ ਉਹ ਫਿਰ ਕੁੜ੍ਹਨ ਲੱਗਾ, ਉਹਦੇ ਮੂੰਹ ਵਿਚੋਂ ਹੌਲੀ ਜਿਹੀ ਨਿਕਲਿਆ, "ਲਓ, ਇਹ ਵੀ ਆ ਗਏ ਨੇ, ਬਸ ਇਨ੍ਹਾਂ ਦੀ ਕਮੀ ਸੀ।" ਉਸੇ ਵੇਲੇ ਸਾਹਮਣੇ ਵਾਲੀ ਸੜਕ ਵਲੋਂ ਦੋ ਮੁਟਿਆਰਾਂ ਕਾਹਲੇ ਕਦਮੀਂ ਸਟਾਪ ਵੱਲ ਆਉਂਦੀਆਂ ਦਿਸੀਆਂ ਤਾਂ ਉਹਦੇ ਚਿਹਰੇ ਦਾ ਤਣਾਓ ਪਤਾ ਨਹੀਂ ਕਿਧਰ ਲੋਪ ਹੋ ਗਿਆ, ਤੇ ਉਹ ਸੱਧਰਾਈਆਂ ਨਜ਼ਰਾਂ ਨਾਲ ਮੁਟਿਆਰਾਂ ਨੂੰ ਸੜਕ ਪਾਰ ਕਰਦਿਆਂ ਦੇਖਣ ਲੱਗਾ। ਮੁਟਿਆਰਾਂ ਨੇ ਸਟਾਪ 'ਤੇ ਪੁਜ ਕੇ ਸੁੱਖ ਦਾ ਸਾਹ ਲਿਆ। ਉਨ੍ਹਾਂ ਵਿਚੋਂ ਇਕ ਨੇ ਪੁਜਦਿਆਂ ਸਾਰ ਨੌਜਵਾਨ ਨੂੰ ਹਾਏ ਕਹੀ।

"ਹਾਏ ਤੁਸ਼ਾਰ, ਹਾਊ ਆਰ ਯੂ?"

"ਫਾਈਨ! ਤਾਨੀਆ ਤੇਰੇ ਮਿੱਠੇ ਬੋਲ ਸੁਣ ਜੇ ਠੀਕ ਨਹੀਂ ਸੀ ਤਾਂ ਵੀ ਸਮਝ ਲੈ ਹੌਲਾ ਫੁੱਲ ਹੋ ਗਿਆਂ!"

"ਓ ਥੈਂਕਸ, ਕਿੰਨੀ ਦੇਰ ਹੋ ਗਈ ਏ ਇਥੇ ਆਇਆਂ?"

"ਅੱਧਾ ਘੰਟਾ ਹੋ ਗਿਐ, ਬਸ ਉਡੀਕਦਿਆਂ, ਪਹਿਲਾਂ ਬਹੁਤ ਔਖਾ ਸੀ, ਹੁਣ ਸੋਚਦਾਂ ਚੰਗਾ ਈ ਹੋਇਆ, ਬਸ ਅਜੇ ਤਕ ਨਹੀਂ ਆਈ!" ਤੁਸ਼ਾਰ ਦੇ ਇਹ ਬੋਲ ਸੁਣ ਕੋਲ ਖੜ੍ਹੀਆਂ ਸਵਾਰੀਆਂ ਦੇ ਮੱਥਿਆਂ 'ਤੇ ਤਿਊੜੀਆਂ ਉਭਰ ਆਈਆਂ।

"ਚੰਗਾ ਬੰਦਾ ਏ, ਪਹਿਲਾਂ ਡੀ. ਟੀ. ਸੀ. ਵਾਲਿਆਂ ਨੂੰ ਗਾਲ੍ਹਾਂ ਕੱਢੀ ਜਾ ਰਿਹਾ ਸੀ ਤੇ ਹੁਣ ਮੁਟਿਆਰਾਂ ਨੂੰ ਦੇਖਦਿਆਂ ਹੀ ਇਹਦੀ ਸੁਰ ਬਦਲ ਗਈ, ਕਹਿ ਰਿਹੈ ਚੰਗਾ ਈ ਹੋਇਆ ਬਸ ਅਜੇ ਤਕ ਨਹੀਂ ਆਈ।" ਉਹਦੀ ਗੱਲ ਸੁਣ ਹੁਣ ਤਕ ਉਥੇ ਚੁਪਚਾਪ ਖਲੋਤਾ ਇਕ ਜਣਾ ਕੁੜ੍ਹਨ ਲੱਗਾ। ਉਹਦਾ ਰੋਸਾ ਜਾਇਜ਼ ਸੀ। ਉਹ ਆਪਣੇ ਨਾਲ ਖਲੋਤੇ ਇਕ ਹੋਰ ਜਣੇ ਦੇ ਕੰਨ ਵਿਚ ਕਹਿ ਰਿਹਾ ਸੀ, "ਸੌ ਕੰਮ ਹੁੰਦੇ ਨੇ, ਘਰ ਛੇਤੀ ਪੁਜਣਾ ਹੁੰਦਾ, ਕਿਸੇ ਨੂੰ ਮਿਲਣਾ ਹੁੰਦਾ, ਬਾਜਾਰੋਂ ਕੁਝ ਖਰੀਦਣਾ ਹੁੰਦਾ, ਜਾਂ ਫੇਰ ਦਫਤਰ ਦਾ ਕੋਈ ਕੰਮ ਛੇਤੀ ਤੋਂ ਛੇਤੀ ਖਤਮ ਕਰਨਾ ਹੁੰਦੈ, ਜੇ ਇਹਦੇ ਵਾਂਗ ਆਸ਼ਕੀ ਕਰਨ ਬਹਿ ਜਾਈਏ ਤਾਂ ਹੋ ਚੁਕੇ ਕੰਮ...।"

ਉਬਲਣ ਵਾਲਾ ਅੰਦਰੋ ਅੰਦਰੀ ਉਬਲਦਾ ਜਾ ਰਿਹਾ ਸੀ ਪਰ ਤੁਸ਼ਾਰ ਇਸ ਤੋਂ ਬੇਖਬਰ ਆਪਣੀ ਦੁਨੀਆਂ ਵਿਚ ਮਸਤ ਸੀ। ਮੁਟਿਆਰ ਦੇ ਮਿੱਠੇ ਬੋਲਾਂ ਨੇ ਉਹਦੇ ਤਪਦੇ ਚਿਹਰੇ ਨੂੰ ਠਾਰ ਦਿੱਤਾ। ਇਕ ਘੜੀ ਪਹਿਲਾਂ ਜਿਸ ਸੱਜਣ ਦੇ ਮੂੰਹੋਂ ਸ਼ਬਦਾਂ ਦੀ ਥਾਂ ਭਖਦੇ ਅੰਗਿਆਰ ਨਿਕਲਦੇ ਸਨ, ਉਹ ਅੱਖ ਝਪਦਿਆਂ ਹੀ ਖੁਸ਼ਦਿਲ ਬਣ ਗਿਆ।

"ਦੇਖ ਦੁਨੀਆਂ ਕਿੱਦਾਂ ਬਦਲਦੀ ਐ, ਤੇ ਉਹ ਵੀ ਪਲਕ ਝਪਕਦਿਆਂ, ਸਮਝਿਆ ਕੁਝ?" ਇਕ ਪਾਸੇ ਹਟ ਕੇ ਖਲੋਤਾ ਮੁੱਛ ਫੁਟ ਨੌਜਵਾਨ ਆਪਣੇ ਬੇਲੀ ਨੂੰ ਕਹਿ ਰਿਹਾ ਸੀ।

"ਇਹ ਆਸ਼ਕੀ ਦਾ ਰੰਗ ਹੈ ਪਿਆਰੇ, ਜੇ ਤੂੰ ਕੀਤੀ ਹੁੰਦੀ ਤਾਂ ਸਮਝਦਾ।"

"ਕਰਨੀ ਸੁਆਹ ਐ, ਸਾਡੇ ਕੰਨੀ ਕੋਈ ਝਾਕਦਾ ਤਾਂ ਇਹ ਰੰਗ ਦੇਖਦਾ, ਸਾਡੀ ਉਮਰ ਤਾਂ ਬਈ ਹਉਕੇ ਭਰਨ ਵਿਚ ਈ ਲੰਘ ਗਈ, ਜੇ ਮੈਂ ਉਹਦੀ ਥਾਂ ਹੁੰਦਾ ਤਾਂ ਛੜੱਪੇ ਨਾ ਮਾਰਦਾ ਹੁੰਦਾ।" ਮੁੱਛ ਫੁਟ ਨੌਜਵਾਨ ਕਹਿ ਰਿਹਾ ਸੀ।

"ਚਲ ਕੋਈ ਨਾ, ਛੜੱਪੇ ਵੀ ਮਾਰ ਲਈਂ, ਅਜੇ ਤੇਰੀ ਉਮਰ ਈ ਕੀ ਐ, ਇਹੋ ਕੋਈ...।"

"ਛੱਡ ਪਰੇ, ਉਮਰ ਵਾਲੀ ਕੋਈ ਗੱਲ ਨਹੀਂ, ਬੰਦੇ ਬੰਦੇ ਦੀ ਗੱਲ ਹੁੰਦੀ ਐ, ਕਈ ਲੋਕ ਤਾਂ ਸਿਆਣੇ-ਬਿਆਣੇ ਹੋ ਕੇ ਇਸ਼ਕ ਪੇਚੇ ਤੋਂ ਬਾਜ ਨਹੀਂ ਆਉਂਦੇ, ਉਨ੍ਹਾਂ ਦਾ ਮੁੱਲ ਵੀ ਪੈਂਦਾ, ਨਹੀਂ ਯਕੀਨ ਆਉਂਦਾ ਤਾਂ ਔਹ ਸਾਹਮਣੇ ਦੇਖ ਲਾ।" ਥੋੜ੍ਹੀ ਵਿੱਥ 'ਤੇ ਖਲੋਤੇ ਬਜ਼ੁਰਗ ਜੋੜੇ ਵੱਲ ਸੈਨਤ ਮਾਰਦਿਆਂ ਮੁੱਛ ਫੁਟ ਨੌਜਵਾਨ ਨੇ ਆਪਣੇ ਬੇਲੀ ਦੀ ਗੱਲ ਵਿਚੋਂ ਕੱਟੀ।

"ਲਓ ਬਈ ਬਸ ਆ ਗਈ।" ਸਟਾਪ 'ਤੇ ਖਲੋਤੀਆਂ ਸਵਾਰੀਆਂ ਵਿਚੋਂ ਇਕ ਦੇ ਮੂੰਹੋਂ ਆਪ ਮੁਹਾਰੇ ਨਿਕਲਿਆ। ਸਾਰੇ ਜਣੇ ਬਸ ਵੱਲ ਦੌੜਨ ਲੱਗੇ। ਤੁਸ਼ਾਰ ਤੇ ਤਾਨੀਆ ਵਿਚਕਾਰਲੀ ਖਾਲੀ ਸੀਟ ਮੱਲ ਕੇ ਬੈਠ ਗਏ ਅਤੇ ਉਸ ਦੀ ਸਹੇਲੀ ਸਾਹਮਣੇ ਵਾਲੀ ਸੀਟ 'ਤੇ ਬਿਰਾਜਮਾਨ ਹੋ ਗਈ।

"ਘਰ ਜਾਣ ਦੀ ਕਾਹਲੀ ਤਾਂ ਨਹੀਂ?"

"ਨਹੀਂ, ਕਾਹਲੀ ਤਾਂ ਕੋਈ ਨਹੀਂ ਤੇ ਉਹ ਵੀ ਤੁਹਾਡੇ ਹੁੰਦਿਆਂ, ਬਈ ਆਰਾਮ ਨਾਲ ਚਲਾਂਗੇ ਕਾਫੀ-ਸ਼ਾਫੀ ਪੀ ਕੇ।" ਤੁਸ਼ਾਰ ਚਹਿਕਦਾ ਕਹਿ ਰਿਹਾ ਸੀ।

"ਚਲ ਫੇਰ ਠੀਕ ਐ।" ਤਾਨੀਆ ਨੇ ਹੁੰਗਾਰਾ ਭਰਿਆ ਤੇ ਦੂਜੇ ਬੰਨੇ ਬੈਠੀ ਸਹੇਲੀ ਨੂੰ ਤੱਕਦਿਆਂ ਪੁੱਛਿਆ, "ਤੂੰ ਵੀ ਚਲੇਂਗੀ ਨਾ ਸਾਡੇ ਨਾਲ?"

"ਨਾ ਬਈ ਨਾ, ਸਾਨੂੰ ਕਬਾਬ 'ਚ ਹੱਡੀ ਬਣਨ ਦਾ ਸ਼ੌਕ ਨਹੀਂ, ਤੁਸੀਂ ਜਾਓ, ਮਜੇ ਲਓ, ਸਾਡੇ ਭਾਗੀਂ ਕਿਥੇ ਅਜਿਹੇ ਮਜੇ! ਉਂਜ ਵੀ ਅੱਜ ਘਰ ਜਲਦੀ ਪੁੱਜਣਾ।" ਸਹੇਲੀ ਨੇ ਟਕੋਰ ਕੀਤੀ।

---

"ਕਲ੍ਹ ਤਾਂ ਬਈ ਹੱਦ ਈ ਹੋ ਗਈ, ਪੂਰੇ ਸਾਢੇ ਅੱਠ ਵਜੇ ਘਰ ਪੁੱਜਾ।" ਬਸ ਸਟਾਪ 'ਤੇ ਖਲੋਤਾ ਇਕ ਜਣਾ ਆਪਣੇ ਨਾਲ ਖਲੋਤੇ ਦੂਜੇ ਬੰਦੇ ਨੂੰ ਕਹਿ ਰਿਹਾ ਸੀ।

"ਇਹ ਕਿਹੜੀ ਨਵੀਂ ਗੱਲ ਹੈ ਵੀਰ ਮੇਰੇ, ਸਵੇਰ ਤੋਂ ਧੱਕੇ ਖਾਣੇ ਸ਼ੁਰੂ ਕਰੀਦੇ ਆ, ਕਦੇ ਰਾਤ ਦੇ ਅੱਠ ਵਜੇ ਤੇ ਕਦੇ ਨੌਂ ਵਜੇ ਘਰ ਪੁੱਜੀਦਾ।" ਦੂਜਾ ਕਹਿ ਰਿਹਾ ਸੀ।

"ਸਾਡੀ ਤਾਂ ਬਈ ਏਦਾਂ ਈ ਨਿਕਲ ਜਾਣੀ ਆ, ਧੱਕੇ ਖਾਂਦਿਆਂ ਦੀ, ਕਦੇ ਬਸਾਂ ਵਿਚ ਤੇ ਕਦੇ ਉਂਜ।" ਕੋਲ ਖਲੋਤੇ ਇਕ ਹੋਰ ਸੱਜਣ ਨੇ ਉਦਾਸ ਹੁੰਦਿਆਂ ਕਿਹਾ।

"ਸਹੀ ਕਿਹੈ ਤੁਸੀਂ, ਅਜੇ ਕਲ੍ਹ ਪਰਸੋਂ ਦੀ ਗੱਲ ਐ, ਬਸ 'ਚ ਬੈਠਾ ਸਾਂ, ਮੇਰਾ ਸ਼ੂਗਰ ਲੈਵਲ ਘਟ ਗਿਆ। ਬੈਗ ਵਿਚ ਹੱਥ ਮਾਰਿਆ ਪਰ ਉਸ ਵੇਲੇ ਖਾਣ ਲਈ ਕੁਝ ਨਾ ਨਿਕਲਿਆ, ਮੈਂ ਕੁਝ ਨਾ ਕੁਝ ਜਰੂਰ ਰਖਦਾਂ ਇਹੋ ਜਿਹੇ ਸਮੇਂ ਲਈ।"

"ਕੋਈ ਪਤਾ ਨਹੀਂ ਹੁੰਦਾ ਵਕਤ ਦਾ। ਖਿਆਲ ਰੱਖਣਾ ਚਾਹੀਦਾ ਬਈ।" ਪਹਿਲੇ ਨੇ ਗੰਭੀਰ ਹੁੰਦਿਆਂ ਉਹਦੀ ਗੱਲ ਦਾ ਹੁੰਗਾਰਾ ਭਰਿਆ।

"ਸ਼ੂਗਰ ਲੈਵਲ ਘਟਣ 'ਤੇ ਮਹਿਸੂਸ ਕੀ ਹੁੰਦਾ?" ਕੋਲ ਖੜ੍ਹੇ ਇਕ ਹੋਰ ਸੱਜਣ ਨੇ ਪੁੱਛਿਆ।

"ਇਸ ਬਾਰੇ ਅਸਲ ਗੱਲ ਤਾਂ ਭਾਈ ਸਾਹਿਬ ਹੀ ਦਸਣਗੇ ਪਰ ਮੈਂ ਆਪ ਬੀਤੀ ਜਰੂਰ ਦਸ ਸਕਦਾਂ, ਇਕ ਦਿਨ ਸਵੇਰੇ ਬ੍ਰਸ਼ ਕਰਨ ਲੱਗਾ ਤਾਂ ਮੈਥੋਂ ਵਾਸ਼ ਬੇਸਨ ਅੱਗੇ ਖਲੋ ਹੀ ਨਾ ਹੋਇਆ, ਹੱਥਾਂ ਵਿਚ ਏਨੀ ਜਾਨ ਨਾ ਰਹੀ ਕਿ ਚੰਗੀ ਤਰ੍ਹਾਂ ਬ੍ਰਸ਼ ਫੜ ਸਕਦਾ, ਮਨ ਤਕੜਾ ਕਰਕੇ ਬ੍ਰਸ਼ ਕਰਨ ਦਾ ਯਤਨ ਇਕ ਨਹੀਂ ਦੋ ਤਿੰਨ ਵਾਰ ਕੀਤਾ ਪਰ ਨਹੀਂ, ਹੁਣ ਵੀ ਧੜਾਮ ਦੇ ਕੇ ਡਿੱਗਿਆ ਕਿ ਡਿੱਗਿਆ, ਇਹੋ ਜਾਪਦਾ ਸੀ। ਹਾਰ ਕੇ ਬ੍ਰਸ਼ ਉਥੇ ਛੱਡ ਮੈਂ ਬੈਡ 'ਤੇ ਲੇਟ ਗਿਆ, ਮੈਨੂੰ ਕੋਈ ਹੋਸ਼ ਨਹੀਂ, ਮੇਰੀ ਸ੍ਰੀਮਤੀ ਨੇ ਤਜਰਬੇਕਾਰ ਡਾਕਟਰ ਦੀ ਤਰ੍ਹਾਂ ਗੁਲੂਕੋਜ਼ ਦੇ ਦੋ ਤਿੰਨ ਚਮਚ ਪਾਣੀ ਵਿਚ ਘੋਲ ਕੇ ਮੇਰੇ ਮੂੰਹ ਵਿਚ ਪਾ ਦਿੱਤੇ, ਇਸ ਨਾਲ ਥੋੜ੍ਹੀ ਸੁਰਤ ਜਿਹੀ ਆਈ ਤਾਂ ਉਸ ਹੋਰ ਦੋ ਵਾਰ ਗੁਲੂਕੋਜ਼ ਦਾ ਪਾਣੀ ਪਿਲਾ ਦਿੱਤਾ, ਕੁਝ ਦੇਰ ਲੇਟਣ ਮਗਰੋਂ ਮੈਂ ਪੂਰੀ ਤਰ੍ਹਾਂ ਠੀਕ ਸਾਂ, ਕਈ ਵਾਰ ਸੋਚਦਾਂ ਜੇ ਉਸ ਦਿਨ ਘਰ ਨਾ ਹੁੰਦਾ ਤੇ ਮੇਰੀ ਸ੍ਰੀਮਤੀ ਕੋਲ ਨਾ ਹੁੰਦੀ ਤਾਂ ਖਬਰੇ ਕੀ ਹੋ ਜਾਂਦਾ, ਇਹੋ ਜਿਹੀ ਹਾਲਤ ਵਿਚ ਤਾਂ ਬੰਦਾ ਬੋਲਣ ਜੋਗਾ ਵੀ ਨਹੀਂ ਰਹਿੰਦਾ।"

"ਚੱਕਰ ਆਉਂਦੇ ਹਨ, ਸ਼ਰੀਰ ਵਿਚ ਸਾਹ ਸੱਤ ਨਹੀਂ ਰਹਿੰਦਾ, ਨੀਮ ਬੇਹੋਸ਼ੀ ਜਿਹੀ ਹਾਲਤ ਬਣ ਜਾਂਦੀ ਏ। ਹੁਣ ਤਾਂ ਗਿੱਝ ਗਏ ਆਂ, ਪਹਿਲਾਂ ਪਹਿਲ ਤਾਂ ਇਹੋ ਜਿਹੀ ਹਾਲਤ ਬਣਨ 'ਤੇ ਹੱਥਾਂ ਪੈਰਾਂ ਦੀ ਪੈ ਜਾਂਦੀ ਸੀ!" ਨਾਲ ਖਲੋਤੇ ਇਕ ਹੋਰ ਮੁਸਾਫਰ ਨੇ ਆਪਣੀ ਗੱਲ ਕਹਿ ਸੁਣਾਈ।

"ਭਾਈ ਸਾਹਿਬ, ਤਿੰਨ ਸੌ ਸਤਾਰਾਂ ਤਾਂ ਨਹੀਂ ਆਈ ਅਜੇ?" ਹੁਣੇ ਹੁਣੇ ਬਸ ਸਟਾਪ 'ਤੇ ਪੁੱਜੇ ਨੌਜਵਾਨ ਨੇ ਪੁੱਛਿਆ।




"ਜੇ ਆਈ ਹੁੰਦੀ ਤਾਂ ਅਸੀਂ ਇਥੇ ਖਲੋਤੇ ਰਹਿੰਦੇ, ਅੱਧਾ ਘੰਟਾ ਹੋ ਗਿਐ, ਹੁਣ ਤਕ ਤਾਂ ਕਨਾਟ ਪਲੇਸ ਦੇ ਦੋ ਚੱਕਰ ਲਾ ਆਉਂਦਾ, ਬਸ ਹੁਣ ਆਈ ਹੁਣ ਆਈ, ਇਸ ਚੱਕਰ ਵਿਚ ਏਨਾ ਸਮਾਂ ਹੋ ਗਿਆ।"

"ਕੋਈ ਗੱਲ ਨਹੀਂ, ਤੁਸੀਂ ਬਸ ਵਿਚ ਬਹਿ ਕੇ ਗੱਲਾਂ ਕਰੀਓ ਹੁਣ।" ਰੈਡ ਲਾਈਟ 'ਤੇ ਖਲੋਤੀ ਬਸ ਨੂੰ ਦੇਖ ਪਹਿਲਾ ਬਜ਼ੁਰਗ ਚਹਿਕ ਉਠਿਆ। ਬਸ ਸਟਾਪ 'ਤੇ ਰੁਕੀ ਵੀ ਨਹੀਂ ਸੀ ਕਿ ਇਕ ਦੂਜੇ ਤੋਂ ਕਾਹਲੇ ਮੁਸਾਫਰ ਦੌੜ ਕੇ ਅਗਲੇ ਪਿਛਲੇ ਦਰਵਾਜੇ ਵੱਲ ਉਲਰੇ, "ਮੇਰੀ ਸੀਟ ਰੱਖ ਲਈਂ, ਸਭ ਤੋਂ ਪਹਿਲਾਂ ਬਸ ਵਿਚ ਚੜ੍ਹੇ ਅਧੇੜ ਉਮਰ ਦੇ ਵਿਅਕਤੀ ਨੂੰ ਉਸ ਦਾ ਦੂਜਾ ਸਾਥੀ ਕਹਿ ਰਿਹਾ ਸੀ। ਇਕ ਨੌਜਵਾਨ ਜੋੜਾ ਬਸ ਨੂੰ ਦੇਖ ਦੂਰੋਂ ਨੱਸਾ ਆ ਰਿਹਾ ਸੀ। ਮੁਟਿਆਰ ਨੂੰ ਪਹਿਲਾਂ ਚੜ੍ਹਾ ਨੌਜਵਾਨ ਚਲਦੀ ਬਸ ਦਾ ਡੰਡਾ ਫੜ੍ਹ ਤੇਜੀ ਨਾਲ ਚੜ੍ਹ ਗਿਆ। ਦੋਵੇਂ ਪਿਛਲੀ ਸੀਟ 'ਤੇ ਪੱਸਰ ਕੇ ਬਹਿ ਗਏ। ਉਹ ਖੁਸ਼ ਸਨ ਕਿ ਸਟਾਪ 'ਤੇ ਪੁਜਣ ਤੋਂ ਪਹਿਲਾਂ ਹੀ ਬਸ ਮਿਲ ਗਈ।

"ਡੀ. ਟੀ. ਸੀ. ਵਾਲਿਆਂ ਦੀ ਪੰਕਚੂਐਲਟੀ ਦੇਖ ਮਜਾ ਆ ਗਿਆ!" ਏਧਰ ਨੌਜਵਾਨ ਨੇ ਮੁਟਿਆਰ ਨੂੰ ਕਿਹਾ ਤੇ ਹੱਸਣ ਲੱਗਾ। ਮੁਟਿਆਰ ਵੀ ਹੱਸ ਪਈ, ਤੇ ਦੋਵੇਂ ਇਕ ਦੂਜੇ ਨਾਲ ਗੱਲਾਂ ਵਿਚ ਰੁਝ ਗਏ, ਪਰ ਕੋਲ ਬੈਠੇ ਬਜ਼ੁਰਗ ਨੂੰ ਉਨ੍ਹਾਂ ਦੀ ਗੱਲ ਚੰਗੀ ਨਾ ਲੱਗੀ ਤੇ ਉਸ ਇਕ ਤਿਰਛੀ ਨਜ਼ਰ ਦੋਹਾਂ 'ਤੇ ਸੁੱਟੀ ਅਤੇ ਮਨ ਹੀ ਮਨ ਕੁੜ੍ਹਨ ਲੱਗਾ, "ਇਹਨੂੰ ਕਹਿੰਦੇ ਨੇ ਕਿਸੇ ਨੂੰ ਮਾਂਹ ਬਾਦੀ ਤੇ ਕਿਸੇ ਨੂੰ ਸੁਆਦੀ। ਸਾਡੀਆਂ ਲੱਤਾਂ ਦੀ ਟੈਂ ਬੋਲ ਗਈ ਖਲੋਤਿਆਂ ਤੇ ਏਧਰ...!"

---

'ਮਸਤ ਬਹਾਰੋਂ ਕਾ ਮੈਂ ਆਸ਼ਿਕ।'

"ਬਸ ਬਸ ਜਨਾਬ ਆਸ਼ਿਕ ਜੀ, ਇਥੇ ਕੋਈ ਬਹਾਰ ਨਹੀਂ ਆਈ ਤੇ ਮਸਤੀ ਦੀ ਤਾਂ ਗੱਲ ਈ ਨਾ ਕਰੋ। ਹਾਂ ਫਾਕਾ ਮਸਤੀ ਦਾ ਅਨੰਦ ਜਰੂਰ ਲਈਦਾ ਏ।" ਤਾਨੀਆ ਨੇ ਖੁਸ਼ੀ ਵਿਚ ਝੱਲੇ ਹੋਏ ਤੁਸ਼ਾਰ ਨੂੰ ਰੋਕਦਿਆਂ ਪੁੱਛਿਆ, "ਕੀ ਮੈਂ ਤੁਹਾਡੀ ਖੁਸ਼ੀ ਦਾ ਸਬਬ ਜਾਣ ਸਕਦੀ ਹਾਂ, ਸ੍ਰੀਮਾਨ?"

"ਸ੍ਰੀਮਾਨ ਤੁਸ਼ਾਰ।" ਉਹਦੀ ਗੱਲ ਵਿਚੋਂ ਕੱਟਦਿਆਂ ਤੁਸ਼ਾਰ ਨੇ ਤੁਣਕਾ ਮਾਰਿਆ, "ਪਹਿਲੀ ਗੱਲ ਤਾਂ ਇਹ ਕਿ ਸਾਡੀ ਖੁਸ਼ੀ ਦਾ ਕੋਈ ਸਬਬ ਨਹੀਂ, ਇਹੋ ਜਿਹੇ ਸਬਬ ਉਂਜ ਵੀ ਘੱਟ ਵੱਧ ਹੁੰਦੇ ਨੇ ਹਮਾਤੜ ਸਾਥ ਦੇ ਜੀਵਨ ਵਿਚ। ਦੂਜੀ ਗੱਲ ਇਹ ਕਿ ਰੋਜ ਰੋਜ ਦੇ ਝੱਖੜ ਝੇੜਿਆਂ ਨਾਲ ਹੈਰਾਨ ਪ੍ਰੇਸ਼ਾਨ ਇਹ ਮਨ ਜੇ ਕਦੇ ਭੁੱਲ ਭੁਲੇਖੇ ਮਸਤੀ ਵਿਚ ਆ ਵੀ ਜਾਵੇ ਤਾਂ ਕੀ ਗੁਨਾਹ ਹੋ ਗਿਆ। ਇਥੇ ਕਿਹੜਾ ਕੋਈ ਤਖਤੋ ਤਾਜ ਸਾਡੀ ਝੋਲੀ ਵਿਚ ਪਾ ਰਿਹੈ? ਸੱਚ ਤਾਂ ਇਹ ਹੈ ਕਿ ਭੁੱਖ, ਗਰੀਬੀ, ਕੰਗਾਲੀ, ਬੇਬਸੀ ਤੇ ਮਜਬੂਰੀਆਂ ਨਾਲ ਗ੍ਰਸਿਆ ਸਾਰਾ ਜਹਾਨ ਸਾਡੇ ਲਈ ਹੀ ਤਾਂ ਹੈ, ਅਮੀਰਾਂ ਇਹਤੋਂ ਕੀ ਲੈਣਾ!" ਤੁਸ਼ਾਰ ਦੇ ਰੁਮਾਨੀ ਸੰਸਾਰ ਵਿਚੋਂ ਨਿਕਲਦਿਆਂ ਆਲਾ ਦੁਆਲਾ ਦੇਖਿਆ। ਤਾਨੀਆ ਨੇ ਉਹਦੀ ਗੱਲ ਦਾ ਜਵਾਬ ਦੇਣਾ ਚਾਹਿਆ, ਪਰ ਉਹਦਾ ਧਿਆਨ ਦੂਜੇ ਪਾਸੇ ਲੱਗਾ ਦੇਖ ਉਹ ਚੁੱਪ ਕਰ ਗਈ। ਇਕ ਆਟੋ ਰਿਕਸ਼ਾ ਉਨ੍ਹਾਂ ਅੱਗੇ ਰੁਕੀ, "ਕਨਾਟ ਪਲੇਸ?" ਆਟੋ ਰਿਕਸ਼ਾ ਵਾਲੇ ਨੇ ਪੁੱਛਿਆ। ਤੁਸ਼ਾਰ ਦੇ ਮੂੰਹੋਂ ਆਪ ਮੁਹਾਰੇ ਨਿਕਲਿਆ, "ਨੋ!" ਉਸ ਕੁਝ ਸੋਚ ਤਾਨੀਆ ਵੱਲ ਰੁਖ ਕੀਤਾ। "ਬਸ ਨੇ ਅੱਜ ਧੋਖਾ ਦੇਣਾ ਲਗਦਾ। ਇਥੇ ਬੈਠਣ ਨਾਲੋਂ ਤਾਂ ਚੰਗਾ ਹੈ ਮੰਡੀ ਹਾਊਸ ਚਲਦੇ ਆਂ। ਪਹਿਲਾਂ ਚਾਹ ਪੀਵਾਂਗੇ, ਫੇਰ ਅੱਗੇ ਦੀ ਸੋਚਾਂਗੇ। ਵੈਸੇ ਕੀ ਖਿਆਲ ਹੈ ਤੁਹਾਡਾ!"

"ਖਿਆਲ ਨੇਕ ਐ, ਇਧਰੋਂ ਈ ਨਿਕਲ ਤੁਰਦੇ ਆਂ।" ਰਹਿੰਦੀਆਂ ਸਵਾਰੀਆਂ ਵੀ ਤੰਗ ਆ ਕੇ ਉਥੋਂ ਤੁਰ ਪਈਆਂ।

---

"ਤੁਹਾਨੂੰ ਚੰਗਾ ਭਲਾ ਪਤੈ, ਇਸ ਬਸ ਸਟਾਪ 'ਤੇ ਬਸ ਛੇਤੀ ਕਿਤੇ ਨਹੀਂ ਮਿਲਦੀ, ਤੁਸੀਂ ਫੇਰ ਵੀ ਮੈਨੂੰ ਇਥੇ ਸੱਦ ਲਿਐ, ਇਸ ਨਾਲੋਂ ਤਾਂ ਚੰਗਾ ਸੀ ਅਸੀਂ ਦਫਤਰ ਤੋਂ ਈ ਆਟੋ ਫੜ ਲੈਂਦੇ।" ਤੁਸ਼ਾਰ ਨੇ ਆਉਂਦਿਆਂ ਈ ਗਿਲਾ ਕੀਤਾ।

"ਸ਼ਾਂਤ, ਸ੍ਰੀਮਾਨ ਤੁਸ਼ਾਰ ਜੀ ਮਹਾਰਾਜ, ਸ਼ਾਂਤ! ਇਥੇ ਬਸ ਕਦੇ-ਕਦਾਈਂ ਆਉਂਦੀ ਏ ਤੇ ਜੇ ਆਉਂਦੀ ਵੀ ਏ ਤਾਂ ਉਹ ਮਿਲ ਹੀ ਜਾਵੇ, ਇਹ ਜਰੂਰੀ ਨਹੀਂ। ਇਹ ਗੱਲ ਮੈਂ ਚੰਗੀ ਤਰ੍ਹਾਂ ਜਾਣਦੀ ਹਾਂ, ਬਿਲਕੁਲ ਤੁਹਾਡੇ ਵਾਂਗ। ਇਸੇ ਲਈ ਤੁਹਾਨੂੰ ਇਥੇ ਸੱਦਿਆ ਤਾਂ ਜੋ ਇਸ ਮਹਾਪੁਰਸ਼ ਨਾਲ ਥੋੜ੍ਹੀ ਦੇਰ ਆਰਾਮ ਨਾਲ ਬਹਿ ਕੇ ਗੱਲਾਂ ਕਰ ਸਕਾਂ। ਭੀੜ ਵਾਲੇ ਬਸ ਸਟਾਪ 'ਤੇ ਇਹੋ ਜਿਹੇ ਮੌਕੇ ਮਿਲਦੇ ਨੇ ਕਿਤੇ! ਤੁਹਾਨੂੰ ਤਾਂ ਸਗੋਂ ਖੁਸ਼ ਹੋਣਾ ਚਾਹੀਦੈ!" ਤਾਨੀਆ ਨੇ ਠਰ੍ਹੰਮੇ ਨਾਲ ਸਾਰੀ ਸਥਿਤੀ ਬਿਆਨ ਕਰ ਦਿੱਤੀ। ਉਸ ਦੀ ਗੱਲ ਸੁਣ ਤੁਸ਼ਾਰ ਦਾ ਹਿਰਦਾ ਗਦਗਦ ਹੋ ਗਿਆ। ਉਹਦੇ ਮੂੰਹ 'ਚੋਂ ਬਸ ਏਨਾ ਈ ਨਿਕਲਿਆ, "ਇਰਾਦਾ ਕੀ ਏ ਜਨਾਬ ਦਾ, ਇਹ ਦੱਸਣ ਦੀ ਖੇਚਲ ਕਰੋਗੇ?"

"ਆਪਣੇ ਹਿੱਸੇ ਦੀ ਥੋੜ੍ਹੀ ਜਿੰਨੀ ਐਸ਼ ਕਰਨ ਦਾ, ਜੇ ਤੁਹਾਨੂੰ ਇਤਰਾਜ ਨਾ ਹੋਵੇ ਤਾਂ।"

"ਅਮੀਰ ਦਾ ਸਲਾਹੁਣਾ ਕੀ, ਗਰੀਬ ਦਾ ਨਿੰਦਣਾ ਕੀ! ਤੁਸੀਂ ਹੁਕਮ ਕਰੋ, ਜਿਧਰ ਕਹੋਗੇ ਧਾਵਾ ਬੋਲ ਦਿਆਂਗੇ।"

"ਇਹ ਹੋਈ ਨਾ ਗੱਲ!" ਤਾਨੀਆ ਨੇ ਖੁਸ਼ੀ ਵਿਚ ਤਾੜੀ ਵਜਾਈ।

"ਹੁਣ ਚੱਲਣ ਦੀ ਕਰੋ।" ਤੁਸ਼ਾਰ ਕਾਹਲਾ ਪੈ ਗਿਆ।

"ਥੋੜ੍ਹਾ ਸਬਰ ਕਰੋ, ਸਵਾਰੀ ਆ ਲੈਣ ਦਿਉ, ਫੇਰ ਚਲੇ ਵੀ ਜਾਵਾਂਗੇ!"

"ਪਰ ਐਸ ਵੇਲੇ ਕੋਈ ਸਕੂਟਰ ਵੀ ਤਾਂ ਨਹੀਂ ਮਿਲਣਾ।"

"ਕੋਈ ਗਲ ਨਹੀਂ ਜੀ, ਨਹੀਂ ਮਿਲਦਾ ਤਾਂ ਨਾ ਮਿਲੇ, ਅਸੀਂ ਕੋਈ ਸੁੱਖਿਆ ਤਾਂ ਨਹੀਂ ਜਰੂਰ ਸਕੂਟਰ 'ਤੇ ਈ ਜਾਣਾ।"

"ਜਿੱਦਾਂ ਤੁਹਾਡੀ ਮਰਜੀ, ਬੰਦਾ ਹਾਜ਼ਰ ਐ।" ਇਹ ਕਹਿ ਉਹ ਬੈਠਣ ਲਈ ਬੈਂਚ ਵੱਲ ਵਧਿਆ।

"ਬਹਿਣਾ ਨਹੀਂ, ਇਥੇ ਈ ਖਲੋ ਜਾਉ, ਮੇਰੇ ਕੋਲ।" ਉਹਦੀ ਬਾਂਹ ਫੜ੍ਹ ਤਾਨੀਆ ਸੜਕ ਕੰਢੇ ਖਲੋ ਗਈ। ਇਕ-ਦੋ ਕਾਰਾਂ ਆਈਆਂ ਤੇ ਲੰਘ ਗਈਆਂ। ਕੁਝ ਪਲ ਏਦਾਂ ਈ ਬੀਤ ਗਏ। ਏਨੇ ਵਿਚ ਲਾਲ ਬੱਤੀ ਦੇ ਦੂਜੇ ਪਾਸੇ ਸਲੇਟੀ ਰੰਗ ਦੀ ਕਾਰ ਖਲੋਤੀ ਦੇਖ ਤਾਨੀਆ ਖੁਸ਼ੀ ਨਾਲ ਉਛਲ ਪਈ, "ਆਹ ਹੋਈ ਨਾ ਗੱਲ!" ਉਹਦੇ ਮੂੰਹੋਂ ਨਿਕਲਿਆ। ਲਾਲ ਬੱਤੀ ਖਤਮ ਹੋਣ 'ਤੇ ਕਾਰ ਅੱਗੇ ਵਧੀ ਤੇ ਦੇਖਦਿਆਂ ਹੀ ਦੇਖਦਿਆਂ ਉਨ੍ਹਾਂ ਸਾਹਮਣੇ ਆ ਖੜ੍ਹੀ ਹੋਈ।

"ਹਾਏ ਰੀਮਾ, ਫੌਜੀਆਂ ਵਾਂਗ ਪੂਰੇ ਟਾਈਮ ਸਿਰ ਆਈ ਏਂ, ਥੈਂਕਸ।"

"ਥੈਂਕਸ ਮੇਰਾ ਨਹੀਂ, ਇਨ੍ਹਾਂ ਦਾ ਕਰ।" ਪਿਛਲੀ ਸੀਟ 'ਤੇ ਨਾਲ ਜੁੜ ਕੇ ਬੈਠੇ ਨੌਜਵਾਨ ਵੱਲ ਇਸ਼ਾਰਾ ਕਰਦਿਆਂ ਰੀਮਾ ਨੇ ਕਿਹਾ।

"ਥੈਂਕਸ।"

"ਰਮਨ!" ਉਸ ਨੂੰ ਚੁਪ ਹੁੰਦਿਆਂ ਦੇਖ ਨੌਜਵਾਨ ਨੇ ਆਪਣੀ ਜਾਣ ਪਛਾਣ ਕਰਾ ਦਿੱਤੀ।

"ਜੇ ਤੈਂ ਆਪਣੇ ਫਰੈਂਡ ਨਾਲ ਜੁੜ ਕੇ ਬਹਿਣਾ ਤਾਂ ਰਮਨ ਅੱਗੇ ਚਲਾ ਜਾਂਦਾ ਨਹੀਂ ਤਾਂ ਦੂਜੇ ਪਾਸਿਓਂ ਮੇਰੇ ਵੱਲ ਆ ਜਾ ਤੇ ਤੁਸ਼ਾਰ ਤੂੰ ਮੋਹਰਲੀ ਸੀਟ ਮੱਲ ਲੈ।"

"ਠੀਕ ਐ, ਮੈਂ ਮੋਹਰੇ ਬਹਿ ਜਾਨਾਂ।" ਤੁਸ਼ਾਰ ਡਰਾਈਵਰ ਨਾਲ ਬਹਿ ਗਿਆ।

ਕਾਰ ਤਾਲ ਕਟੋਰਾ ਗਾਰਡਨ ਅੱਗੇ ਖਲੋ ਗਈ। "ਬਈ ਅਸੀਂ ਤਾਂ ਥੋੜ੍ਹੀ ਦੇਰ ਇਥੇ ਬਿਤਾਉਣੀ ਏ, ਤੁਸੀਂ ਆਪਣੀ ਮਰਜੀ ਦੱਸੋ।"

"ਤੂੰ ਇਥੇ ਰਮਨ ਨਾਲ ਐਸ਼ ਕਰਨੀ ਏ ਤੇ ਮੈਂ ਕਿਹੜਾ ਰੱਬ ਦੇ ਮਾਂਹ ਮਾਰੇ ਨੇ, ਅਸੀਂ ਵੀ ਚਲਦੇ ਆਂ, ਫਿਕਰ ਨਾ ਕਰ, ਅਸੀਂ ਦੂਰ ਦੂਰ ਰਹਾਂਗੇ, ਡਿਸਟਰਬ ਨਹੀਂ ਕਰਦੇ।" ਤਾਨੀਆ ਨੇ ਹੱਸਦਿਆਂ ਕਿਹਾ ਤੇ ਦੋਵੇਂ ਜੋੜੇ ਇਕ-ਦੂਜੇ ਦਾ ਹੱਥ ਫੜ੍ਹੀ ਗਾਰਡਨ ਵਿਚ ਚਲੇ ਗਏ ਪਰ ਥੋੜ੍ਹੀ ਜਿੰਨੀ ਵਿੱਥ ਨਾਲ।

ਮੌਸਮੀ ਫੁੱਲਾਂ ਦੀਆਂ ਕਿਆਰੀਆਂ ਦੇ ਨਾਲ-ਨਾਲ ਤੁਰਦਿਆਂ ਦੋਵੇਂ ਜੋੜੇ ਆਪੋ ਆਪਣੇ ਰੁਮਾਨੀ ਸੰਸਾਰ ਵਿਚ ਗੁਆਚ ਜਿਹੇ ਗਏ ਸਨ। ਇਕ ਜੋੜਾ ਪੌੜੀਆਂ ਨਾਲ ਬਣੇ ਸੀਮੇਂਟ ਦੇ ਥੜ੍ਹੇ 'ਤੇ ਬੈਠ ਗਿਆ ਤੇ ਦੂਜਾ ਉਸ ਤੋਂ ਲਾਂਭੇ ਹੱਟ ਕੇ ਇਕ ਦਰਖਤ ਹੇਠ ਰੱਖੇ ਲੋਹੇ ਦੇ ਬੈਂਚ ਦੀ ਸ਼ੋਭਾ ਵਧਾ ਰਿਹਾ ਸੀ। ਦਿਨ ਦਾ ਚਾਨਣ ਬਹੁਤੀ ਦੇਰ ਉਨ੍ਹਾਂ ਦੇ ਰੰਗ ਵਿਚ ਭੰਗ ਨਾ ਪਾ ਸਕਿਆ। ਉਹ ਗਿਆ ਤੇ ਉਹਦੀ ਥਾਂ ਹੌਲੀ ਹੌਲੀ ਹਨੇਰਾ ਪਸਰ ਗਿਆ।

"ਬਈ, ਅੱਜ ਦੀ ਟਰਿੱਪ ਤਾਂ ਯਾਦਗਾਰੀ ਰਹੀ। ਮੈਨੂੰ ਨਹੀਂ ਸੀ ਪਤਾ ਤੈਂ ਏਨਾ ਹਸੀਨ ਪ੍ਰੋਗਰਾਮ ਬਣਾਇਆ ਹੋਇਆ। ਥੈਂਕਸ ਰੀਮਾ, ਇਸ ਸਭ ਲਈ ਇਕ ਵਾਰ ਫੇਰ ਥੈਂਕਸ।" ਬਾਹਰ ਨਿਕਲਦਿਆਂ ਤੁਸ਼ਾਰ ਕਹਿ ਰਿਹਾ ਸੀ।

"ਯਾਦਗਾਰੀ?" ਰੀਮਾ ਦੇ ਮੂੰਹੋਂ ਨਿਕਲਿਆ।

"ਤੁਸ਼ਾਰ ਠੀਕ ਕਹਿੰਦਾ ਏ ਰੀਮਾ, ਇਹੋ ਜਿਹੀ ਪਹਿਲੀ ਟਰਿਪ ਸਾਰਿਆਂ ਲਈ ਯਾਦਗਾਰੀ ਹੁੰਦੀ ਐ, ਭਾਵੇਂ ਤੇਰੇ-ਮੇਰੇ ਲਈ ਇਹ ਮਾਮੂਲੀ ਜਿਹੀ ਗੱਲ ਐ।" ਰਮਨ ਨੇ ਤੁਸ਼ਾਰ ਦੀ ਹਮਾਇਤ ਕੀਤੀ।

ਦੂਜੇ ਪਾਸੇ ਤੁਸ਼ਾਰ ਨਾਲ ਚੰਬੜੀ ਤਾਨੀਆ ਕਹਿ ਰਹੀ ਸੀ, "ਓ ਨੋ ਤੁਸ਼ਾਰ, ਥੈਂਕਸ ਤਾਂ ਤੇਰਾ ਕਰਨਾ ਬਣਦਾ ਏ। ਇਹਨੂੰ ਯਾਦਗਾਰੀ ਬਣਾਉਣ ਵਾਲਾ ਤੂੰ ਏਂ। ਤੇਰੇ ਨਿੱਘ ਤੇ ਤੇਰੇ ਪਿਆਰ ਨੇ ਇਹਨੂੰ ਯਾਦਗਾਰੀ ਟਰਿਪ ਬਣਾਇਐ, ਹਾਂ ਯਾਦਗਾਰੀ ਟਰਿਪ।"

# ਰਾਤ ਦੀਆਂ ਰਹਿਮਤਾਂ

## ਨਿਆਮਤਾਂ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਹ ਹੈ ਤਾਂ ਫਿਜ਼ੀਕਸ ਜਿਹੇ ਖੁਸ਼ਕ ਵਿਸ਼ੇ ਦੇ ਅਧਿਆਪਕ ਪਰ ਉਨ੍ਹਾਂ ਦੀ ਵਾਰਤਕ ਵਿਚ ਕਵਿਤਾ ਜਿਹੀ ਰਵਾਨਗੀ ਹੈ। ਉਹ ਸ਼ਬਦਾਂ ਦੀ ਅਜਿਹੀ ਜੁਗਤ ਵਰਤਦੇ ਹਨ ਕਿ ਪਾਠਕ ਦੇ ਮੂੰਹੋਂ ਸੁਤੇ ਸਿਧ ਨਿਕਲ ਜਾਂਦਾ ਹੈ, ਕਿਆ ਬਾਤ ਹੈ! ਹੁਣ ਨਵੀਂ ਸ਼ੁਰੂ ਕੀਤੀ ਲੇਖ ਲੜੀ ਵਿਚ ਉਨ੍ਹਾਂ ਕੁਦਰਤ ਦੀਆਂ ਨਿਆਮਤਾਂ ਨੂੰ ਸਲਾਮ ਕੀਤਾ ਹੈ ਅਤੇ ਮਨੁੱਖ ਦੀ ਇਨ੍ਹਾਂ ਪ੍ਰਤੀ ਅਕ੍ਰਿਤਘਣਤਾ ਉਤੇ ਅਫਸੋਸ ਜ਼ਾਹਰ ਕੀਤਾ ਹੈ। ਪਿਛਲੇ ਲੇਖ ਵਿਚ ਉਨ੍ਹਾਂ ਮਨੁੱਖ ਨੂੰ ਬਿਰਖ ਜਿਹਾ ਜੇਰਾ ਬਣਾਉਣ ਦੀ ਨਸੀਹਤ ਕਰਦਿਆਂ ਕਿਹਾ ਸੀ, "ਪੱਤਿਆਂ ਵਰਗਾ ਬਣਨ ਦਾ ਖਿਆਲ ਮਨ ਵਿਚ ਪੈਦਾ ਕਰ ਤਾਂ ਕਿ ਤੂੰ ਕਦੇ ਕਦਾਈਂ ਤਾਂ ਕਿਸੇ ਦੇ ਕੰਮ ਆ ਸਕੇਂ।" ਹਥਲੇ ਲੇਖ ਵਿਚ ਉਨ੍ਹਾਂ ਰਾਤ ਦੀਆਂ ਨਿਆਮਤਾਂ ਦੀ ਗੱਲ ਕਰਦਿਆਂ ਬੰਦੇ ਵੱਲੋਂ ਕੀਤੀਆਂ ਜਾ ਰਹੀਆਂ ਖਿਆਮਤਾਂ 'ਤੇ ਗਿਲਾ ਪ੍ਰਗਟਾਇਆ ਹੈ ਕਿ ਅੱਜ ਕੱਲ ਹਰ ਦਿਨ ਹੀ ਰਾਤ ਵਰਗਾ ਅਤੇ ਮਨੁੱਖ ਦਿਨ ਦੇ ਪਿੰਡੇ 'ਤੇ ਰਾਤ ਦੀ ਨਿਸ਼ਾਨਦੇਹੀ ਕਰਨ ਲੱਗਿਆਂ ਪਲ ਵੀ ਨਹੀਂ ਲਾਉਂਦਾ ਪਰ ਰਾਤ ਦੇ ਮੱਥੇ 'ਤੇ ਜਦ ਪੁੰਨਿਆਂ ਦੇ ਚੰਨ ਦਾ ਟਿੱਕਾ ਲਿਸ਼ਕੋਰਦਾ ਤਾਂ ਗਵਾਚੇ ਰਾਹਾਂ ਦੇ ਮੱਥਿਆਂ 'ਤੇ ਵੀ ਮੰਜ਼ਲਾਂ ਦਾ ਸਿਰਨਾਵਾਂ ਉਕਰਿਆ ਜਾਂਦਾ।...ਰਾਤ ਕਈ ਵਾਰ ਸਾਨੂੰ ਜਖਮ ਦਿੰਦੀ, ਪੀੜਤ ਕਰਦੀ, ਨਾ-ਮੁਕਣ ਵਾਲੀ ਉਡੀਕ ਦਾ ਹਸਤਾਖਰ ਬਣਦੀ ਅਤੇ ਰਾਤ ਵਿਚੋਂ ਰਾਤ ਨੂੰ ਮਨਫੀ ਕਰਦੀ। -ਸੰਪਾਦਕ***

ਰਾਤ, ਦਿਨ ਦਾ ਅੰਤਮ ਪੜਾਅ, ਦਿਨ ਭਰ ਦੀ ਥਕਾਵਟ ਲਈ ਅਰਾਮਗਾਹ, ਜੀਵਨੀ ਦੌੜਭੱਜ ਤੋਂ ਰਾਹਤ, ਇਕ ਪੜਾਅ ਦਾ ਸੰਪੂਰਨ ਸਫਰ ਅਤੇ ਬਹੁਤ ਕੁਝ ਚਾਹਿਆ ਤੇ ਅਣਚਾਹਿਆ ਇਸ ਦੀ ਝੋਲੀ 'ਚ ਪਾਉਣਾ। ਰਾਤ, ਆਪੇ ਸੰਗ ਰੂਬਰੂ ਹੋਣ ਦਾ ਸਮਾਂ, ਕੀਤੇ ਕਰਮਾਂ ਦਾ ਲੇਖਾ-ਜੋਖਾ ਅਤੇ ਕਿਰਤ ਵਿਚਲੀ ਭਲਿਆਈ ਤੇ ਕਮਾਈ ਦੇ ਅਨੁਪਾਤ ਦਾ ਨਿਰੀਖਣ।

ਰਾਤ, ਦਿਤੇ ਜਖ਼ਮਾਂ, ਸਹੀਆਂ ਪੀੜਾਂ, ਰਿਸਦੇ ਫੱਟਾਂ, ਰੱਖੇ ਫਹੇ ਅਤੇ ਕੀਤੀਆਂ ਮਰ੍ਹਮ-ਪੱਟੀਆਂ ਦੇ ਹਿਸਾਬ-ਕਿਤਾਬ ਦਾ ਸਮਾਂ।

ਰਾਤ, ਮਨੁੱਖ ਵਲੋਂ ਮਨੁੱਖ ਹੋਣ ਦੇ ਭਰਮ ਅਤੇ ਅਸਲੀਅਤ ਵਿਚਲੇ ਫਾਸਲੇ ਨੂੰ ਘਟਾਉਣ ਜਾਂ ਵਧਾਉਣ ਦੀ ਤਹਿਕੀਤਾਤ, ਮਨ-ਚੋਰ ਨੂੰ ਕਾਬੂ ਵਿਚ ਰੱਖਣ ਲਈ ਕੀਤੇ ਉਪਰਾਲੇ ਅਤੇ ਵਾਗਾਂ ਨੂੰ ਢਿੱਲਾ ਛੱਡਣ ਕਾਰਨ ਹੋਈਆਂ ਖੁਨਾਮੀਆਂ ਦੀ ਪਛਾਣ।

ਰਾਤ ਕਈ ਪਹਿਰਾਂ ਵਿਚ ਵੰਡੀ। ਹਰ ਪਹਿਰ ਦਾ ਆਪਣਾ ਮਹੱਤਵ, ਕਾਰਜ-ਖੇਤਰ, ਰਹਿਤਲ ਅਤੇ ਤਾਸੀਰ ਜਿਸ ਵਿਚੋਂ ਹੁੰਦੀ ਮਨੁੱਖੀ ਕਿਰਦਾਰ ਦੀ ਪਛਾਣ। ਰਾਤ ਦਾ ਪਹਿਲਾ ਪਹਿਰ ਥਕਾਵਟ ਭਰੇ ਜਿਸਮਾਂ ਨੂੰ ਅਰਾਮ ਦਾ ਸੱਦਾ, ਮਨ ਵਿਚ ਪੈਦਾ ਹੋਈਆਂ ਖਾਹਸ਼ਾਂ ਦਾ ਆਵੇਗ। ਜਿਸਮਾਨੀ ਲੋੜਾਂ ਦੀ ਪੂਰਤੀ ਦਾ ਖਿਆਲ ਅਤੇ ਜਾਹੋ-ਜਲਾਲ ਵਿਚ ਭਿਜਿਆ ਮਨੁੱਖੀ ਮਲਾਲ। ਅੱਧਿਓਂ ਟੱਪੀ ਰਾਤ ਵਿਚ ਉਮਡਦਾ ਸੁਪਨ-ਸੰਸਾਰ ਅਤੇ ਅੰਮ੍ਰਿਤ ਵੇਲਾ ਆਪੇ ਸੰਗ ਗੁਫਤਗੂ ਕਰਨ ਦਾ ਖਿਆਲ।

ਰਾਤ, ਕਦੇ ਮੱਸਿਆ ਨੂੰ ਤਨ 'ਤੇ ਹੰਢਾਉਂਦੀ, ਕਾਲੇ ਪਹਿਰਾਂ ਦੀ ਸੰਗਤ ਵਿਚੋਂ ਖੁਦ ਦਾ ਵਿਸਥਾਰ ਕਰਦੀ। ਕਈ ਵਾਰ ਕਾਲੀਆਂ ਰਾਤਾਂ ਯੁੱਗਾਂ ਵਾਂਗ ਲੰਮੇਰੀਆਂ ਹੋ ਜਾਂਦੀਆਂ ਜਦ ਕਿਸੇ ਦੇ ਨੈਣਾਂ ਵਿਚ ਉਤਰੀ ਉਡੀਕ, ਨੀਂਦ ਨੂੰ ਅਲਵਿਦਾ ਕਹਿ ਦੇਵੇ, ਸੰਦਲੀ ਰੁੱਤ ਵਿਚ ਤ੍ਰਿਹਾਈ ਨੀਝ ਨਾਲ ਸੱਖਣੇਪਨ ਦਾ ਸੰਤਾਪ ਹੰਢਾਉਣਾ ਪਵੇ ਜਾਂ ਪਰਦੇਸੀ ਪੁੱਤਰ ਨੂੰ ਉਡੀਕਦੇ ਮਾਪਿਆਂ ਦੀ ਅੱਖਾਂ ਦੀ ਲੋਅ, ਰਾਹਾਂ ਨਿਹਾਰਨ ਤੋਂ ਅਸਮਰਥ ਹੋ ਜਾਵੇ।

ਰਾਤ, ਪੜਾਕੂਆਂ ਲਈ ਵਰਦਾਨ। ਡੂੰਘੀ ਪਸਰੀ ਚੁੱਪ ਵਿਚ ਅੱਖਰਾਂ ਨਾਲ ਸੰਵਾਦ ਰਚਾਉਣਾ,

***ਰਾਤ ਆਪਣੇ ਰੰਗਾਂ ਵਿਚ ਰੰਗੀ ਖੁਦ ਦੀ ਪਛਾਣ ਸਿਰਜਦੀ: ਰਾਤ ਹਲੀਮੀ, ਰਾਤ ਰੰਗੀਲੀ, ਰਾਤ ਇਕ ਰਾਹਗੀਰ। ਰਾਤ ਕਾਲਾ ਚੋਲਾ ਪਹਿਨੀ, ਗਾਉਂਦਾ ਮਸਤ ਫਕੀਰ। ਰਾਤ ਅੰਬਰੋਂ ਲਹਿੰਦਾ ਆਵੇ, ਸ਼ਖਸ ਇਕ ਦਿਲਗੀਰ। ਰਾਤ ਦੀ ਵਹਿੰਗੀ ਢੋਂਦਾ, ਸਮੇਂ ਦਾ ਆਲਮਗੀਰ। ਰਾਤ ਦੇ ਪਿੰਡੇ 'ਤੇ ਲਿਸ਼ਕਦੀ, ਤਾਰਿਆਂ ਦੀ ਫੁਲਕਾਰੀ। ਰਾਤ ਦੀ ਚੱਕੀ ਝੋਂਦੇ ਝੋਂਦੇ, ਕੂੰਜਾਂ ਭਰਨ ਉਡਾਰੀ। ਰਾਤਾਂ ਨੂੰ ਗਾਉਂਦੇ ਜੁਗਨੂੰ, ਚਾਨਣ-ਰੱਤੇ ਰਾਗ। ਰਾਤ ਹੀ ਲਾਉਂਦੀ ਟਾਹਣੀਆਂ, ਫੁੱਲਾਂ ਰੱਤੜਾ ਭਾਗ। ਰਾਤ ਬਿਨਾ ਨਾ ਦਿਨ ਦੀ ਹੋਂਦ, ਨਾ ਹੀ ਚੰਨ ਦਾ ਵਾਸਾ। ਰਾਤ ਬਿਨਾ ਨਾ ਅੰਬਰ-ਜੂਹੇ, ਤਾਰਿਆਂ ਦਾ ਨਿਰਛੱਲ ਹਾਸਾ। ਰਾਤ ਨੂੰ ਰਾਤ ਦੇ ਵਿਹੜੇ, ਜਦ ਪੈਂਦੀ ਰਾਤ ਬਿਤਾਉਣੀ। ਤਾਂ ਰਾਤ ਵੀ ਕਿਸੇ ਦੇ ਸੋਚੀਂ, ਬਣ ਪ੍ਰਾਹੁਣੀ ਆਉਣੀ। ਰਾਤ ਦਾ ਨਗਮਾ ਜਿਸ ਨੇ, ਹੋਠੀਂ ਗੁਣਗਣਾਇਆ। ਉਸ ਨੇ ਰਾਤ-ਅਲਹਾਮ ਨੂੰ, ਖੁਦ ਵਿਚ ਰਮਾਇਆ। ਰਾਤ ਦੇ ਗੁੱਝੇ ਭੇਤਾਂ ਨੂੰ, ਜਿ ਸਨੇ ਸਮਝ ਲਿਆ। ਸਮਝੋ! ਉਸ ਨੇ ਆਪਣੇ ਵਿਚੋਂ, ਖੁਦਾ ਨੂੰ ਪਾ ਲਿਆ।***

ਗਿਆਨ-ਗੋਸ਼ਟ ਨੂੰ ਅੰਤਰੀਵ ਵਿਚ ਉਤਾਰਨਾ ਅਤੇ ਇਸ ਵਿਚੋਂ ਸੁਪਨਿਆਂ ਦੇ ਸੱਚ ਨੂੰ ਕਿਆਸਣਾ, ਰਾਤ ਦਾ ਸੁੱਚਾ ਸ਼ਰਫ।

ਰਾਤ ਦੇ ਮੱਥੇ 'ਤੇ ਜਦ ਪੁੰਨਿਆਂ ਦੇ ਚੰਨ ਦਾ ਟਿੱਕਾ ਲਿਸ਼ਕੋਰਦਾ ਤਾਂ ਗਵਾਚੇ ਰਾਹਾਂ ਦੇ ਮੱਥਿਆਂ 'ਤੇ ਵੀ ਮੰਜ਼ਲਾਂ ਦਾ ਸਿਰਨਾਵਾਂ ਉਕਰਿਆ ਜਾਂਦਾ। ਬੁੱਕਲ ਵਿਚਲੇ ਚੰਦ ਦੀ, ਅੰਬਰ ਦੇ ਚੰਨ ਨਾਲ ਕਲੋਲ ਕਰਦਿਆਂ, ਯੁੱਗਾਂ ਵਰਗੀ ਰਾਤ, ਪਲਾਂ 'ਚ ਬੀਤਦੀ ਅਤੇ ਰਾਤ ਦੇ ਨਿੱਕੀ ਜਿਹੀ ਹੋਣ ਦਾ ਉਲਾਂਭਾ ਰੱਬ ਦੀ ਝੋਲੀ 'ਚ ਧਰਦੀ।

ਚਾਨਣੀਆਂ ਰਾਤਾਂ ਵਿਚ ਚਾਨਣ ਨਾਲ ਭਰੀਆਂ ਬਾਤਾਂ, ਅਬੋਲ ਰਹਿ ਕੇ ਵੀ ਬਹੁਤ ਕੁਝ ਕਹਿ ਜਾਣ ਦਾ ਹੁਨਰ ਅਤੇ ਮਾਸੂਮ ਹਰਕਤਾਂ ਵਿਚਲਾ ਸੰਵਾਦ, ਜੀਵਨੀ ਧਰਾਤਲ ਦੀਆਂ ਅਮਿੱਟ ਯਾਦਾਂ ਦਾ ਅਮੁੱਕ ਖਜ਼ਾਨਾ ਜਿਸ ਨੂੰ ਕਦੇ ਵੀ ਖਰਚਿਆ ਜਾ ਸਕਦਾ।

ਰਾਤ, ਜਦ ਕੁਲਹਿਣੀ ਬਣ ਕੇ ਪਿੰਡ ਜਾਂ ਦਰ 'ਤੇ ਦਸਤਕ ਦੇਵੇ ਤਾਂ ਮੌਤ ਦੀ ਕੁਰਲਾਹਟ ਫਿਜ਼ਾ ਵਿਚ ਰੁਮਕਦੀ। ਅਜਿਹੇ ਪਹਿਰਾਂ ਹੇਠ ਬਿਤਾਈਆਂ ਕਾਲੀਆਂ ਰਾਤਾਂ ਦਾ ਚੇਤਾ, ਝੁਣਝੁਣੀ ਪੈਦਾ ਕਰਕੇ, ਇਕ ਕੰਬਣੀ ਮਨ ਦੀ ਜੂਹੇ ਧਰ ਜਾਂਦਾ ਜਿਸ ਨੂੰ ਮਸਾਂ ਹੀ ਚੇਤਿਆਂ ਦੀ ਚੰਗੇਰ ਵਿਚੋਂ ਮਨਫੀ ਕੀਤਾ ਹੁੰਦਾ ਏ।

ਰਾਤ, ਜਦ ਜਾਗਣ ਦੇ ਰਾਹ ਤੋਰ ਲਵੇ ਤਾਂ ਜੀਵਨੀ ਤੋਰ ਵਿਚ ਅਸਾਵਾਂਪਨ ਪੈਦਾ ਹੁੰਦਾ ਜੋ ਜੀਵਨ ਦੇ ਸਮਤੋਲ ਨੂੰ ਡਗਮਗਾਉਂਦਾ, ਸਰੀਰਕ ਅਤੇ ਮਾਨਸਿਕ ਜਰੂਰਤਾਂ ਤੇ ਕ੍ਰਿਆਵਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦਾ। ਅਜਿਹਾ ਅਜੋਕੀ ਜੀਵਨੀ ਸ਼ੈਲੀ 'ਚ ਵਾਪਰ ਰਿਹਾ ਏ ਕਿਉਂਕਿ ਅਸੀਂ ਕੁਦਰਤ ਦੀ ਅਵੱਗਿਆ ਕਰਕੇ, ਰਾਤ ਨੂੰ ਕੰਮ ਕਰਨ ਦਾ ਇਕ ਨਵਾਂ ਰੁਝਾਨ ਜੀਵਨ ਦੇ ਨਾਮ ਕੀਤਾ ਏ।

ਰਾਤ ਭਰ ਜਾਗਣ ਦਾ ਦਰਦ, ਪੀੜ ਵਿਚ ਕਰਾਹੁੰਦੇ ਰੋਗੀ, ਉਮਰਾਂ ਜਿਹੀ ਉਡੀਕ, ਸਾਥੀ ਦੇ ਟੁੱਟਦੇ ਸਾਹਾਂ ਦੀ ਗਿਣਤੀ ਜਾਂ ਮਿੱਟੀ ਬਣੇ ਪਿਆਰੇ ਕੋਲ ਬਹਿਣ ਨੂੰ ਕਿਆਸਣਾ। ਇਉਂ ਲੱਗਦਾ ਸਮਾਂ ਰੁਕ ਗਿਆ ਹੋਵੇ ਤੇ ਕੁਝ ਘੰਟਿਆਂ ਦੀ ਸੰਨਾਟੇ ਭਰੀ ਰਾਤ, ਚੀਸਾਂ ਤੇ ਲੇਰਾਂ ਨਾਲ ਬੁੜਬੜਾਉਂਦੀ, ਮੁੱਕਣ ਦਾ ਨਾਮ ਹੀ ਨਹੀਂ ਲੈਂਦੀ।

ਰਾਤ ਦੀ ਕੁੱਖ ਵਿਚੋਂ ਹੀ ਸੂਰਜ ਜਨਮਦਾ ਜੋ ਸਵੇਰ ਦੀ ਆਮਦ ਬਣਦਾ, ਹਨੇਰ ਦੇ ਪਿੰਡੇ 'ਤੇ ਚਾਨਣ ਤ੍ਰੌਂਕਦਾ ਅਤੇ ਸਿੱਲੇ ਸਿੱਲੇ ਮੌਸਮਾਂ ਵਿਚ ਕੋਸੇ ਕੋਸੇ ਚਾਨਣ ਦੀਆਂ ਕਾਤਰਾਂ ਵਰਤਾਉਂਦਾ, ਤ੍ਰੇਲ ਭਿੱਜੀਆਂ ਰਹਿਤਲਾਂ ਨੂੰ ਜਨਮ ਦਿੰਦਾ। ਰਾਤ, ਇਕ ਆਸ ਨੂੰ ਜਨਮ ਦਿੰਦੀ ਜਦ ਅਸੀਂ ਸਰਘੀ ਨੂੰ ਜੀ ਆਇਆਂ ਕਹਿੰਦੇ ਅਤੇ ਨਵੇਂ ਦਿਸਹੱਦਿਆਂ ਤੇ ਨਵੀਆਂ ਰਾਹਾਂ ਨੂੰ ਪੈੜਾਂ ਬਣਨ ਦਾ ਮਾਣ ਬਖਸ਼ਦੇ।

ਰਾਤ ਹੀ ਹੁੰਦੀ ਜਦ ਅਸੀਂ ਸੁਪਨਿਆਂ ਦੀ ਨਗਰੀ ਦੇ ਵਾਸੀ ਬਣ, ਸੁਪਨਿਆਂ ਦੀ ਤਸ਼ਬੀਹ ਸਿਰਜਦੇ, ਸੁਪਨਿਆਂ ਸੰਗ ਹੱਸਦੇ-ਖੇਡਦੇ, ਸੁਪਨਿਆਂ ਵਿਚੋਂ ਹੀ ਅਸੀਮ ਖੁਸ਼ੀਆਂ ਅਤੇ ਅਨੰਦ ਦੇ ਪਲ ਮਾਣਦੇ, ਜੀਵਨ-ਤਲੀ 'ਤੇ ਸੁੱਚੇ ਵੇਲਿਆਂ ਦੀ ਚੋਗ ਧਰਦੇ।

ਰਾਤ ਕਈ ਵਾਰ ਸਾਨੂੰ ਜਖ਼ਮ ਦਿੰਦੀ, ਪੀੜਤ ਕਰਦੀ, ਨਾ-ਮੁਕਣ ਵਾਲੀ ਉਡੀਕ ਦਾ ਹਸਤਾਖਰ ਬਣਦੀ ਅਤੇ ਰਾਤ ਵਿਚੋਂ ਰਾਤ ਨੂੰ ਮਨਫੀ ਕਰਦੀ।

ਰਾਤ, ਸੂਰਜ ਦਾ ਧਰਤੀ ਦੇ ਇਕ ਪਾਸੇ ਤੋਂ ਦੂਰ ਜਾਣਾ ਪਰ ਦੂਸਰੇ ਪਾਸੇ ਦੀ ਬੀਹੀ ਵਿਚ ਡੇਰਾ ਲਾਣਾ। ਰਾਤ ਸਮੇਂ ਛੁਪਿਆ ਸੂਰਜ ਨਿਰੰਤਰਤਾ ਦਾ ਨਾਮ। ਧਰਤੀ ਦਾ ਆਪਣੇ ਧੁਰੇ ਦੁਆਲੇ ਘੁੰਮਣ ਨਾਲ ਦਿਨ 'ਤੇ ਰਾਤ ਬਣਦੇ ਜਦ ਕਿ ਸੂਰਜ ਦੁਆਲੇ ਘੁੰਮਣ ਨਾਲ ਧਰਤੀ ਦੀ ਹਿੱਕ 'ਤੇ ਰੁੱਤਾਂ ਦਾ ਵਰਤਾਰਾ ਸਿਰਜਿਆ ਜਾਂਦਾ।

ਰਾਤ, ਰਾਹਾਂ, ਰਹਿਬਰਾਂ, ਰਹਿਤਲਾਂ ਅਤੇ ਰਾਮਰਾਜ਼ਾਂ ਨੂੰ ਆਪਣੇ ਸੀਨੇ ਵਿਚ ਸਮੋਈ, ਬਹੁ-ਪਰਤਾਂ ਫਰੋਲਦੀ, ਅਸੀਮਤ ਵਰਤਾਰਿਆਂ ਦੀ ਜਨਮ ਦਾਤੀ।

ਰਾਤ, ਰਾਤ ਦੇ ਹਨੇਰੇ ਵਿਚ ਹੁੰਦੀਆਂ ਘਟਨਾਵਾਂ, ਕ੍ਰਿਆਵਾਂ ਅਤੇ ਕਥਾਵਾਂ ਦੀ ਚਸ਼ਮਦੀਦ ਗਵਾਹ। ਸ਼ਹੀਦ ਭਗਤ ਸਿੰਘ ਦੀ ਰਾਤ ਵੇਲੇ ਹੋਈ ਸ਼ਹਾਦਤ ਅਤੇ ਸਤਲੁਜ ਦੇ ਪਾਣੀਆਂ ਵਿਚ ਅੱਧਸੜੇ ਜਿਸਮਾਂ ਨੂੰ ਵਹਾਉਣ ਦੀ ਯਾਦ, ਸਤਲੁਜ ਦੇ ਨੈਣਾਂ 'ਚੋਂ ਹੁਣ ਵੀ ਨੀਰ ਸਿੰਮਣ ਲਾ ਦਿੰਦੀ।

ਰਾਤ ਦੇ ਗਰਭ ਵਿਚ ਬਹੁਤ ਕੁਝ ਅਛੋਪਲੇ ਜਿਹੇ ਹੀ ਵਾਪਰ ਜਾਂਦਾ ਜਿਸ ਦਾ ਰਾਤ ਨੂੰ ਵੀ ਕਿਆਸ ਨਹੀਂ ਹੁੰਦਾ। ਪਰ ਅਜੋਕੇ ਸਮਿਆਂ ਦਾ ਕੇਹਾ ਵਰਤਾਰਾ ਕਿ ਅੱਜ ਕੱਲ ਹਰ ਦਿਨ ਹੀ ਰਾਤ ਵਰਗਾ ਅਤੇ ਮਨੁੱਖ ਦਿਨ ਦੇ ਪਿੰਡੇ 'ਤੇ ਰਾਤ ਦੀ ਨਿਸ਼ਾਨਦੇਹੀ ਕਰਨ ਲੱਗਿਆਂ ਪਲ ਵੀ ਨਾ ਲਾਉਂਦਾ।

ਰਾਤ, ਰੱਤ ਲਿਬੜੇ ਪਲਾਂ ਵਿਚ ਭਿਉਂਤੀ, ਆਪਣੇ ਆਪ ਤੋਂ ਵੀ ਸ਼ਰਮਸ਼ਾਰ ਹੁੰਦੀ ਜਦ ਕੋਈ ਜਾਬਰ, ਰਾਤ ਦੇ ਓਹਲੇ ਵਿਚ ਮਾਸੂਮ ਕਲੀ ਨੂੰ ਮਧੋਲਦਾ, ਚਿੱਟੀ ਚੁੰਨੀ ਨੂੰ ਦਾਗਦਾਰ ਕਰ ਲੀਰਾਂ ਕਰ ਦਿੰਦਾ ਅਤੇ ਰਾਤ ਦੀ ਹਿੱਕ ਵਿਚ ਇਕ ਸਦੀਵੀ ਹਉਕਾ ਧਰਿਆ ਜਾਂਦਾ।

ਰਾਤਾਂ ਜਦ ਲੰਮੀਆਂ ਹੋਣ ਲੱਗ ਪੈਣ ਤਾਂ ਮਨ ਕਿਸੇ ਅਦਿੱਖ ਡਰ ਨਾਲ ਆਪਣੇ ਚਾਵਾਂ ਦੇ ਖੰਭ ਕੁਤਰਦਾ, ਨੁੱਕਰ ਵਿਚ ਸੁੰਗੜਦਾ, ਖੁਦ ਤੋਂ ਵੀ ਸਹਿਮਣ ਲੱਗ ਪੈਂਦਾ।

ਰਾਤ ਦੀ ਇਲਾਹੀ ਚੁੱਪ ਵਿਚ ਮਨੁੱਖ ਆਪੇ ਨਾਲ ਇਕਸੁਰ ਤੇ ਇਕਸਾਰ ਅਤੇ ਇਸ ਵਿਚੋਂ ਹੀ ਉਪਜਦਾ ਏ ਨਾਦੀ ਰਾਗ, ਇਲਹਾਮੀ ਕਿਰਤ-ਕਰਮ ਅਤੇ ਅਨੂਠਾ ਸ਼ਬਦ-ਸੰਵਾਦ ਜੋ ਬਣਦਾ ਏ ਜੀਵਨ ਦੀਆਂ ਕਦਰਾਂ-ਕੀਮਤਾਂ ਦਾ ਮੁਹਾਂਦਰਾ। ਪਰ ਬਹੁਤ ਸੀਮਤ ਲੋਕ ਨੇ ਜੋ ਅਜਿਹੀ ਚੁੱਪ ਨੂੰ ਆਪਣੀ ਬੁੱਕਲ ਵਿਚ ਸਮੇਟ, ਆਪਣੇ ਸੰਗ ਸੰਵਾਦ ਕਰਨ ਨੂੰ ਤਰਜ਼ੀਹ ਦਿੰਦੇ।

ਰਾਤ ਦੀ ਜੂਹੇ ਜਦ ਹਰਫਾਂ ਦੇ ਦੀਪ ਜਗਮਗ ਕਰਦੇ, ਸੁਹਜ ਦੇ ਆਲ੍ਹੇ ਵਿਚ ਚਿਰਾਗ ਧਰੇ ਜਾਂਦੇ ਅਤੇ ਮਸਤਕ ਬਨੇਰਿਆਂ 'ਤੇ ਮੋਮਬੱਤੀ ਜਗਦੀਆਂ ਤਾਂ ਰਾਤ ਨੂੰ ਨਵੇਂ ਚਾਨਣ-ਰਾਹਾਂ ਦੀ ਸੂਹ ਮਿਲਦੀ।

ਰਾਤ, ਰਮਜ਼ਾਂ, ਰਹਿਮਤਾਂ ਅਤੇ ਰੰਗੀਨੀਆਂ ਦੀ ਸਮਤੋਲਤਾ ਵਿਚੋਂ ਜਦ ਆਪਣੇ ਆਪ ਨੂੰ ਕਿਆਸਦੀ ਤਾਂ ਇਸ ਦੀ ਜੂਹ ਵਿਚ ਨਵੇਂ ਕੀਰਤੀਮਾਨ, ਸੰਵੇਦਨਾਵਾਂ, ਸੰਭਾਵਨਾਵਾਂ ਅਤੇ ਸਾਰਥਕਤਾ ਦਾ ਵਿਸ਼ੇਸ਼ਣ ਹੁੰਦਾ ਅਤੇ ਮਨੁੱਖ ਇਨ੍ਹਾਂ ਵਿਚੋਂ ਆਪਣੀ ਸ਼ਨਾਖਤ ਸਿਰਜਦਾ।

ਰਾਤ, ਰੇਤੀਲੇ ਸਫਰਾਂ ਦੀ ਹਮਰਾਜ਼, ਤਿਲਕਦੇ ਰਾਹਾਂ 'ਚ ਹਮਜੋਲੀ ਅਤੇ ਤਿੜਕਦੇ ਵਿਸ਼ਵਾਸਾਂ ਤੇ ਆਸਾਂ ਵਿਚ ਨਵੀਂ ਆਸ ਤੇ ਧਰਵਾਸ ਦਾ ਨਾਮਕਰਨ।

ਰਾਤ ਦੀ ਬੀਹੀ ਵਿਚ ਚੁੱਪ ਦਾ ਰਾਗ ਸੁਣਨਾ ਅਤੇ ਆਪਣੇ ਇਕੱਲ ਨੂੰ ਇਸ ਰਾਗ ਸੰਗ ਭਰਨਾ। ਖੁਦ ਦੇ ਵਿਸਥਾਰ ਵਿਚੋਂ ਆਪਣੀਆਂ ਪੈੜਾਂ ਨੂੰ ਨਵੀਆਂ ਦਿਸ਼ਾਵਾਂ ਦੇਣ ਦਾ ਤਰੱਦਦ ਕਰਨਾ, ਤੁਹਾਨੂੰ ਖੁਦ ਵਿਚੋਂ ਖੁਦਾ ਨੂੰ ਪਹਿਚਾਨਣ ਦਾ ਹੁਨਰ ਆ ਜਾਵੇਗਾ।

ਰਾਤ ਆਪਣੇ ਰੰਗਾਂ ਵਿਚ ਰੰਗੀ ਖੁਦ ਦੀ ਪਛਾਣ ਸਿਰਜਦੀ: ਰਾਤ ਹਲੀਮੀ, ਰਾਤ ਰੰਗੀਲੀ, ਰਾਤ ਇਕ ਰਾਹਗੀਰ। ਰਾਤ ਕਾਲਾ ਚੋਲਾ ਪਹਿਨੀ, ਗਾਉਂਦਾ ਮਸਤ ਫਕੀਰ। ਰਾਤ ਅੰਬਰੋਂ ਲਹਿੰਦਾ ਆਵੇ, ਸ਼ਖਸ ਇਕ ਦਿਲਗੀਰ। ਰਾਤ ਦੀ ਵਹਿੰਗੀ ਢੋਂਦਾ, ਸਮੇਂ ਦਾ ਆਲਮਗੀਰ। ਰਾਤ ਦੇ ਪਿੰਡੇ 'ਤੇ ਲਿਸ਼ਕਦੀ, ਤਾਰਿਆਂ ਦੀ ਫੁਲਕਾਰੀ। ਰਾਤ ਦੀ ਚੱਕੀ ਝੋਂਦੇ ਝੋਂਦੇ, ਕੂੰਜਾਂ ਭਰਨ ਉਡਾਰੀ। ਰਾਤਾਂ ਨੂੰ ਗਾਉਂਦੇ ਜੁਗਨੂੰ, ਚਾਨਣ-ਰੱਤੇ ਰਾਗ। ਰਾਤ ਹੀ ਲਾਉਂਦੀ ਟਾਹਣੀਆਂ, ਫੁੱਲਾਂ ਰੱਤੜਾ ਭਾਗ। ਰਾਤ ਬਿਨਾ ਨਾ ਦਿਨ ਦੀ ਹੋਂਦ, ਨਾ ਹੀ ਚੰਨ ਦਾ ਵਾਸਾ। ਰਾਤ ਬਿਨਾ ਨਾ ਅੰਬਰ-ਜੂਹੇ, ਤਾਰਿਆਂ ਦਾ ਨਿਰਛੱਲ ਹਾਸਾ। ਰਾਤ ਨੂੰ ਰਾਤ ਦੇ ਵਿਹੜੇ, ਜਦ ਪੈਂਦੀ ਰਾਤ ਬਿਤਾਉਣੀ। ਤਾਂ ਰਾਤ ਵੀ ਕਿਸੇ ਦੇ ਸੋਚੀਂ, ਬਣ ਪ੍ਰਾਹੁਣੀ ਆਉਣੀ। ਰਾਤ ਦਾ ਨਗਮਾ ਜਿਸ ਨੇ, ਹੋਠੀਂ ਗੁਣਗਣਾਇਆ। ਉਸ ਨੇ ਰਾਤ-ਅਲਹਾਮ ਨੂੰ, ਖੁਦ ਵਿਚ ਰਮਾਇਆ। ਰਾਤ ਦੇ ਗੁੱਝੇ ਭੇਤਾਂ ਨੂੰ, ਜਿ ਸਨੇ ਸਮਝ ਲਿਆ। ਸਮਝੋ! ਉਸ ਨੇ ਆਪਣੇ ਵਿਚੋਂ, ਖੁਦਾ ਨੂੰ ਪਾ ਲਿਆ।

ਚਾਨਣੀਆਂ ਰਾਤਾਂ ਵਿਚ ਤਾਰਿਆਂ ਦੀ ਚਮਕ ਮਧਮ ਹੁੰਦੀ ਜਦ ਕਿ ਕਾਲੀਆਂ ਰਾਤਾਂ ਵਿਚ ਚਮਕਦੇ ਤਾਰੇ ਰੌਸ਼ਨੀ ਵੰਡਦੇ, ਜੀਵਨ ਰਾਹਾਂ ਨੂੰ ਰੁਸ਼ਨਾਉਂਦੇ, ਪੈੜਾਂ ਦੀ ਧਰਾਤਲ ਸਿਰਜ ਜਾਂਦੇ।

ਰਾਤ ਸਦਾ ਨਹੀਂ ਰਹਿੰਦੀ। ਆਖਰ ਰਾਤ ਨੇ ਅਲਵਿਦਾ ਹੋਣਾ ਹੁੰਦਾ ਅਤੇ ਸੂਰਜ ਨੇ ਧਰਤ ਦੇ ਵਿਹੜੇ ਦਸਤਕ ਦੇਣੀ ਹੁੰਦੀ। ਹਨੇਰਾ ਆਪਣੀ ਸਫ ਲਪੇਟ, ਅਗਲੀ ਰਾਤ ਦੇ ਮੁਸਾਫਰ ਬਣਨ ਦੀ ਲੋਚਾ ਮਨ ਵਿਚ ਪਾਲਣ ਲੱਗ ਪੈਂਦਾ।

ਰਾਤ ਕਿੰਨੀ ਵੀ ਡਰਾਉਣੀ ਹੋਵੇ। ਇਸ ਦੀ ਜੂਹੇ ਜਗਦੇ ਤਾਰੇ ਆਸ ਜਗਾਉਂਦੇ। ਤੁਹਾਡੀ ਚਾਲ-ਢਾਲ ਅਤੇ ਬੋਲਾਂ ਵਿਚ ਨਿਡਰਤਾ ਭਰਦੇ, ਦੁਸ਼ਵਾਰੀਆਂ ਦੇ ਰੂਬਰੂ ਹੋਣ ਦੀ ਹਿੰਮਤ ਦਿੰਦੇ। ਤਾਰੇ ਤਾਂ ਤਾਰੇ ਨੇ ਆਖਰ। ਇਕ ਜੁਗਨੂੰ ਵੀ ਰਾਤ ਅੱਗੇ ਹਿੱਕ ਡਾਹੁਣ ਦੀ ਹਿੰਮਤ ਰੱਖਦਾ ਏ।

ਕਦੇ ਕਦੇ ਰਾਤ ਹਰਫਾਂ ਦੀ ਸਰਦਲ 'ਤੇ ਕਾਮਨਾ ਧਰਦੀ: "ਮਨ ਕਰਦੈ ਸੁੰਨੀ ਰਾਤ ਨੂੰ, ਰੰਗੀਂ ਵੱਸਦੀ ਕਰ ਆਵਾਂ। ਇਸ ਦੀ ਸੱਖਣੀ ਝੋਲੀ 'ਚ, ਦਗਦਾ ਸੂਰਜ ਧਰ ਆਵਾਂ। ਰਾਤ ਦੀ ਜੂਨ ਵੀ ਕੇਹੀ ਏ ਜੋ ਚੁੱਪ ਦੀ ਚਰਖੀ ਚੜ੍ਹਦੀ, ਜੀਅ ਕਰਦੈ ਸੁੰਨ-ਸਮਾਧੀ 'ਤੇ, ਬੋਲ-ਸ਼ਗੂਫਾ ਧਰ ਆਵਾਂ। ਰਾਤ ਦਾ ਪਿੰਡਾ ਤਾਂਬੇ ਰੰਗਾ, ਨਿੱਤ ਹਨੇਰਾ ਗੱਭਣ ਕਰਦਾ, ਜੂਠੀ ਕੁੱਖ ਦੀ ਤਸਬੀ ਨੂੰ, ਪੂਰੇ ਚੰਨ ਨਾਲ ਭਰ ਆਵਾਂ। ਜਦ ਸੂਰਜ ਛਿਪੇ ਸ਼ਾਮਾਂ ਨੂੰ, ਤੇ ਹਨੇਰਾ ਉਗਦਾ ਰਾਤਾਂ ਨੂੰ, ਮਨ ਕਰੇ ਕਲਮਾਂ ਦੇ ਤਾਰੇ, ਰਾਤ-ਬਗੀਚੀ ਧਰ ਆਵਾਂ। ਰਾਤ ਦਾ ਰੋਣਾ ਰਾਤਾਂ ਨੂੰ, ਰਾਤਾਂ ਦੀ ਨੀਂਦ ਹੰਗਾਲਦਾ ਏ, ਵਾ-ਰੁਮਕਣੀ ਨਾਲ ਸਹਿਲਾ ਕੇ, ਲੋਰੀ ਹੋਠੀਂ ਕਰ ਆਵਾਂ। ਰਾਤ ਦੇ ਰਾਹੀਆਂ ਹਨੇਰਾ ਢੋਣਾ, ਆਸ ਚਾਨਣ ਦੀ ਰੱਖ ਕੇ, ਜੁਗਨੂੰਆਂ ਦੀ ਇਕ ਮੁੱਠੀ ਨੂੰ, ਰਾਤ ਦੇ ਨਾਵੇਂ ਕਰ ਆਵਾਂ।"



ਰਾਤ, ਸਿਰਫ ਸੌਣ ਜਾਂ ਅਰਾਮ ਕਰਨ ਲਈ ਹੀ ਨਹੀਂ ਹੁੰਦੀ। ਦਰਅਸਲ ਰਾਤ ਨਵੇਂ ਵਿਚਾਰਾਂ, ਸੁਪਨਿਆਂ ਅਤੇ ਸੰਭਾਵਨਾਵਾਂ ਨੂੰ ਕਿਆਸਣ, ਤਲਾਸ਼ਣ ਅਤੇ ਪ੍ਰਾਪਤ ਕਰਨ ਦੇ ਆਹਰ ਦਾ ਸ਼ੁਭ-ਆਗਮਨ।

ਰਾਤ ਦੀ ਜੂਹੇ ਜਾਣ ਤੋਂ ਪਹਿਲਾਂ ਅਸੀਂ ਆਉਣ ਵਾਲੀ ਸਵੇਰ ਨੂੰ ਤੁਸੱਵਰ ਕਰਦੇ ਹਾਂ। ਸਾਡੇ ਸੁਪਨਿਆਂ ਅਤੇ ਨੀਂਦ ਵਿਚ ਸਵੇਰ ਦੀ ਆਸ ਅੰਗੜਾਈਆਂ ਭਰਦੀ। ਅਸੀਂ ਸਵੇਰ ਦੀਆਂ ਬਰੂਹਾਂ ਵਿਚ ਤ੍ਰੇਲ-ਤੁਪਕੇ ਡੋਲ, ਰਾਤ ਨੂੰ ਅਲਵਿਦਾ ਕਹਿੰਦੇ।

## ਚੰਨ ਚਾਨਣੀ ਰਾਤ

ਪਿੰਡ ਦੀ ਬੁੱਢੀ ਨਿੰਮ 'ਤੇ ਬੈਠੇ
ਮੋਰ ਨੂੰ ਕਹਿ ਤੂੰ ਗਾ
ਚਾਰੇ ਰੁੱਤਾਂ ਵਿਚ ਖੁਸ਼ੀਆਂ ਦੀ
ਪੰਜਵੀਂ ਰੁੱਤ ਰਲਾ।
ਚੰਨ ਚਾਨਣੀ ਰਾਤ 'ਚ ਬਹਿ
ਕੋਈ ਐਸੀ ਬਾਤ ਸੁਣਾ
ਉਸ ਦੀ ਫੁਲਕਾਰੀ ਵਿਚ
ਅੰਬਰੋਂ ਤਾਰੇ ਤੋੜ ਕੇ ਲਾ।

ਧਰਤੀ ਸਾਰੀ ਅੰਬਰ ਸਾਰਾ
ਓਸ ਬਾਤ ਦਾ ਭਰੇ ਹੁੰਗਾਰਾ
ਉਸ ਨੂੰ ਸੁਣ ਕੇ ਨੱਚਣ ਤਾਰੇ
ਬਲਣ ਚਿਰਾਗ ਉਮਰ ਦੇ ਚਾਰੇ
ਓਸ ਬਾਤ ਵਿਚ ਸੱਤਾਂ ਰੰਗਾਂ ਨਾਲ
ਤੂੰ ਧਰਤ ਸਜਾ...।

ਸੰਗੀਨਾਂ ਦੀ ਛਾਂ ਨਾ ਹੋਵੇ
ਸੱਖਣੀ ਝੋਲੀ ਮਾਂ ਨਾ ਹੋਵੇ
ਪਿੰਡ ਦਾ ਪੈਹਾ ਵੀਰਾਨ ਨਾ ਹੋਵੇ
ਕੋਈ ਘਰ ਸੁੰਨਸਾਨ ਨਾ ਹੋਵੇ
ਓਸ ਬਾਤ ਵਿਚ ਕਾਲੀ ਰੁੱਤ ਨੂੰ
ਕਹਿ ਤੂੰ ਏਥੋਂ ਜਾਹ...।

ਕਾਲੇ ਸਿਆਹ ਅਖਬਾਰ ਨਾ ਹੋਵਣ
ਵਿਚ ਤਿੜਕੇ ਇਤਬਾਰ ਨਾ ਹੋਵਣ
ਓਸ ਬਾਤ ਵਿਚ ਦੁੱਖ ਨਾ ਹੋਵੇ
ਗਰਮੀ ਝੁਲਸਿਆ ਰੁੱਖ ਨਾ ਹੋਵੇ
ਰਾਗ ਮਲ੍ਹਾਰ ਨੂੰ ਓਸ ਬਾਤ ਦੀ
ਛਾਂ ਵਿਚ ਬਹਿ ਕੇ ਗਾ...।

ਬੱਚਿਆਂ ਵਰਗੀ ਮਸਤੀ ਹੋਵੇ
ਹਰ ਰੂਹ ਵਿਚ ਖਰਮਸਤੀ ਹੋਵੇ
ਸਰਘੀ ਹੋਵੇ ਲਾਲ-ਗੁਲਾਬੀ
ਹਰ ਆਥਣ ਦਾ ਰੰਗ ਮਤਾਬੀ
ਸਾਰੇ ਜੱਗ ਦੇ ਫੁੱਲਾਂ ਦੀ
ਖੁਸ਼ਬੋ ਉਸ ਬਾਤ 'ਚ ਪਾ...।

ਹੰਝੂਆਂ ਦੀ ਬਰਸਾਤ ਨਾ ਹੋਵੇ
ਬੇਦਰਦੀ ਕੋਈ ਰਾਤ ਨਾ ਹੋਵੇ
ਨਾ ਰਾਜਾ ਨਾ ਰਾਣੀ ਹੋਵੇ
ਤੇਰੀ ਮੇਰੀ ਕਹਾਣੀ ਹੋਵੇ
ਨਦੀ ਕਿਨਾਰੇ ਕੱਕੇ ਰੇਤੇ ਪੋਲੇ ਪੱਬੀਂ ਆ।
ਚੰਨ ਚਾਨਣੀ ਰਾਤ 'ਚ ਬਹਿ ਕੇ...।

*-ਕੰਵਲਜੀਤ ਸਿੰਘ ਢੁੱਡੀਕੇ*

# ਫਿਲਮਾਂ, ਅੰਨਾ ਕੌਮਵਾਦ ਅਤੇ ਆਰ. ਐਸ. ਐਸ. ਪੱਖੀ ਰੁਝਾਨ

ਭਾਰਤ ਵਿਚ ਅੰਨ੍ਹੇ ਕੌਮਵਾਦ (ਰਾਸ਼ਟਰਵਾਦ) ਦੀ ਸੁਰ ਦਿਨੋ-ਦਿਨ ਉਚੀ ਹੋ ਰਹੀ ਹੈ ਅਤੇ ਇਸ ਸੁਰ ਨੂੰ ਅਲਾਪਣ ਵਾਲ਼ਾ ਸੰਘੀ ਲਾਣਾ ਵੀ ਦਿਨੋ-ਦਿਨ ਆਪਣਾ ਆਧਾਰ ਮਜ਼ਬੂਤ ਕਰ ਰਿਹਾ ਹੈ। ਇਸ ਦਾ ਅੰਦਾਜ਼ਾ ਸੰਘ ਦੀਆਂ ਤੇਜ਼ੀ ਨਾਲ਼ ਫੈਲ ਰਹੀਆਂ ਸ਼ਾਖ਼ਾਵਾਂ ਤੋਂ ਲਾਇਆ ਜਾ ਸਕਦਾ ਹੈ। ਵਿਅੰਜਨਾ ਭਾਰਤੀ (ਵਿਗਿਆਨ ਤੇ ਖੋਜ ਖੇਤਰ ਵਿਚ ਸਰਗਰਮ ਰਾਸ਼ਟਰੀ ਸੋਇਮਸੇਵਕ ਸੰਘ ਦਾ ਵਿੰਗ ਜਿਸ ਦੀਆਂ 11 ਉਪ-ਸ਼ਾਖਾਵਾਂ ਹਨ ਜੋ ਦੇਸ਼ ਦੇ 24 ਸੂਬਿਆਂ ਵਿਚ ਸਰਗਰਮ ਹੈ), ਵਿੱਦਿਆ ਭਾਰਤੀ

ਕੁਲਦੀਪ

(ਸਿੱਖਿਆ ਖੇਤਰ ਦਾ ਵਿੰਗ; ਸ਼ਿਸ਼ੂ ਮੰਦਿਰ, ਸ਼ਿਸ਼ੂ ਵਾਟਿਕਾ, ਵਿੱਦਿਆ ਮੰਦਿਰ, ਸਰਸਵਤੀ ਵਿਦਿਆਲਯਾ ਆਦਿ ਸ਼ਾਖ਼ਾਵਾਂ), ਸੇਵਾ ਭਾਰਤੀ, ਵਣਵਾਸੀ ਕਲਿਆਣ ਆਸ਼ਰਮ (ਸਮਾਜਿਕ ਸੇਵਾ ਵਿੰਗ), ਦੁਰਗਾ ਵਾਹਿਣੀ, ਹਿੰਦੂ ਯੁਵਾ ਵਾਹਿਣੀ, ਬਜਰੰਗ ਦਲ, ਗਊ ਰਕਸ਼ਾ ਦਲ, ਹਿੰਦੂ ਤਖ਼ਤ, ਸ੍ਰੀਰਾਮ ਸੇਨਾ, ਵਿਸ਼ਵ ਹਿੰਦੂ ਪ੍ਰੀਸ਼ਦ, ਯੁਵਾ ਭਾਰਤੀ ਆਦਿ ਵਰਗੀਆਂ ਜਥੇਬੰਦੀਆਂ ਅਤੇ ਸਹਿ-ਜਥੇਬੰਦੀਆਂ ਰਾਹੀਂ ਸੰਘ ਨੇ ਦੇਸ਼ ਦੇ ਕੋਨੇ ਕੋਨੇ ਅਤੇ ਸਮਾਜ ਦੇ ਹਰ ਵਰਗ ਤੱਕ ਆਪਣੀ ਰਸਾਈ ਬਣਾ ਲਈ ਹੈ; ਪਰ ਹੁਣ ਫਿਲਮ ਖੇਤਰ ਵਿਚ ਵੀ ਸੰਘ ਦਾ ਏਜੰਡਾ ਫੈਲ ਰਿਹਾ ਹੈ। ਮੁਕੇਸ਼ ਖੰਨਾ, ਪਹਿਲਾਜ ਨਹਿਲਾਨੀ, ਅਨੁਪਮ ਖੇਰ, ਅਮਿਤਾਬ ਬਚਨ ਆਦਿ ਵਰਗੇ ਕਲਾਕਾਰ ਤਾਂ ਹੈ ਹੀ ਸੰਘ ਦੇ ਬੰਦੇ, ਪਰ ਉਸ ਦੀ ਵਿਚਾਰਧਾਰਾ ਦਾ ਫੈਲਾਅ ਫਿਲਮ ਖੇਤਰ ਵਿਚ ਪਿਛਲੇ ਸਮੇਂ ਤੋਂ ਬਹੁਤ ਵਧਿਆ ਹੈ। ਕੇਂਦਰੀ ਫਿਲਮ ਸਰਟੀਫਕੇਸ਼ਨ ਬੋਰਡ ਦਾ ਮੁਖੀ ਪਹਿਲਾਜ ਨਹਿਲਾਨੀ, ਫਿਲਮ ਤੇ ਟੈਲੀਵਿਜ਼ਨ ਇੰਸਟੀਟਿਊਟ ਆਫ ਇੰਡੀਆ ਦਾ ਮੁਖੀ ਗਜੇਂਦਰ ਚੌਹਾਨ ਅਤੇ ਬਾਲ ਫਿਲਮ ਸੁਸਾਇਟੀ ਦਾ ਮੁਖੀ ਮੁਕੇਸ਼ ਖੰਨਾ ਨੂੰ ਲਾਇਆ ਗਿਆ ਹੈ। ਬਾਅਦ ਵਿਚ ਪਹਿਲਾਜ ਨਹਿਲਾਨੀ ਦੀ ਥਾਂ ਪ੍ਰਸੂਨ ਜੋਸ਼ੀ ਨੂੰ ਕੇਂਦਰੀ ਫਿਲਮ ਸਰਟੀਫਕੇਸ਼ਨ ਬੋਰਡ ਦਾ ਮੁਖੀ ਲਾ ਦਿੱਤਾ ਗਿਆ। 2014 ਤੋਂ ਬਾਅਦ ਭਾਜਪਾ ਦੀ ਸਰਕਾਰ ਆਉਣ ਨਾਲ਼ ਕਲਾ ਦੇ ਖੇਤਰ ਵਿਚ ਸੰਘੀ ਰੁਝਾਨ ਵਧਣਾ ਸ਼ੁਰੂ ਹੋਇਆ ਹੈ।



‘ਬਜਰੰਗੀ ਭਾਈਜਾਨ’ ਦੇ ਇਕ ਦ੍ਰਿਸ਼ ਵਿਚ ਸਲਮਾਨ ਖਾਨ

ਵੈਸੇ ਤਾਂ ਭਾਰਤੀ ਸਿਨੇਮੇ ਵਿਚ ਅੰਨ੍ਹੀ ਦੇਸ਼ਭਗਤੀ ਦਾ ਜਨੂੰਨ ਕੋਈ ਨਵੀਂ ਗੱਲ ਨਹੀਂ ਹੈ, ਪਰ ਪਿਛਲੇ ਤਿੰਨ-ਚਾਰ ਸਾਲਾਂ ਵਿਚ ਇਸ ਵਿਚ ਜੋ ਵਾਧਾ ਹੋਇਆ ਹੈ, ਉਹ ਜ਼ਰੂਰ ਚਿੰਤਾਜਨਕ ਗੱਲ ਹੈ। ਇਸ ਦੀ ਤਸਵੀਰ 2014 ਤੋਂ ਲੈ ਕੇ ਹੁਣ ਤੱਕ ਬਣੀਆਂ ਫਿਲਮਾਂ ‘ਤੇ ਨਜ਼ਰ ਮਾਰਿਆਂ ਸਾਫ਼ ਹੋ ਜਾਵੇਗੀ। ਇਸ ਦੌਰ ਵਿਚ ਬਹੁਤ ਸਾਰੀਆਂ ਫਿਲਮਾਂ ਅਜਿਹੀਆਂ ਬਣੀਆਂ ਹਨ ਜਿਨ੍ਹਾਂ ਵਿਚ ਅੰਨ੍ਹਾ ਕੌਮਵਾਦ ਯਾਨੀ ਦੇਸ਼ ਦਾ ਅੰਨ੍ਹਾ ਗੁਣਗਾਨ, ਮੁਸਲਿਮ ਵਸੋਂ ਵਿਰੋਧੀ ਪਾਗਲਪਣ ਦੀ ਹੱਦ ਦਾ ਜਨੂੰਨ, ਪਾਕਿਸਤਾਨ ਵਿਰੋਧੀ ਅਤੇ ਸੰਘ ਪੱਖੀ ਰੁਝਾਨ ਸਿੱਧੇ ਜਾਂ ਅਸਿੱਧੇ ਢੰਗ ਨਾਲ਼ ਪੇਸ਼ ਹੋਇਆ ਦੇਖਿਆ ਜਾ ਸਕਦਾ ਹੈ। ਇਸ ਦੌਰ ਦੌਰਾਨ ਬਣੀਆਂ ਫਿਲਮਾਂ ਦੀ ਵੰਡ ਦੋ ਤਰ੍ਹਾਂ ਨਾਲ਼ ਕੀਤੀ ਜਾ ਸਕਦੀ ਹੈ: ਪਹਿਲੀ ਕਿਸਮ ਦੀਆਂ ਉਹ ਫਿਲਮਾਂ ਜਿਨ੍ਹਾਂ ਵਿਚ ਸਪਸ਼ਟ ਅੰਨ੍ਹਾ ਕੌਮਵਾਦ ਅਤੇ ਸੰਘੀ ਰੁਝਾਨ ਪੇਸ਼ ਹੋਇਆ ਹੈ ਅਤੇ ਦੂਜਾ ਜਿਨ੍ਹਾਂ ਫਿਲਮਾਂ ਵਿਚ ਕਿਸੇ ਡਾਇਲਾਗ, ਦ੍ਰਿਸ਼, ਨਾਅਰੇ, ਗੱਲਬਾਤ, ਬਿੰਬ, ਪ੍ਰਤੀਕ, ਰੂਪਕ ਆਦਿ ਰਾਹੀਂ ਅੰਨ੍ਹਾ ਕੌਮਵਾਦ, ਮੁਸਲਿਮ ਵਿਰੋਧ ਆਦਿ ਦੇਖਿਆ ਜਾ ਸਕਦਾ ਹੈ। ਪਹਿਲੀ ਕਿਸਮ ਦੀਆਂ ਫਿਲਮਾਂ ਜੋ 2014 ਤੋਂ ਬਾਅਦ ਬਣੀਆਂ, ਉਨ੍ਹਾਂ ਵਿਚ ‘ਗ਼ਾਜ਼ੀ ਅਟੈਕ’, ‘ਸਰਬਜੀਤ’, ‘ਬੇਬੀ’, ‘ਜੈ ਜਵਾਨ ਜੈ ਕਿਸਾਨ’, ‘ਫੈਂਟਮ’, ‘ਬਜਰੰਗੀ ਭਾਈਜਾਨ’ ਆਦਿ ਦੇ ਨਾਂ ਮੁੱਖ ਹਨ। ਦੂਜੀ ਕਿਸਮ ਦੀਆਂ ਫਿਲਮਾਂ ਵਿਚ ‘ਦੰਗਲ’, ‘ਸੁਲਤਾਨ’, ‘ਜੌਲੀ ਐਲ ਐਲ ਬੀ-2’, ‘ਡਿਸ਼ੂਮ’, ‘ਐਮ ਐਸ ਧੋਨੀ’, ‘ਸਚਿਨ: ਬਿਲੀਅਨ ਡਰੀਮਜ਼’, ‘ਮੈਰੀ ਕੋਮ’, ‘ਏਅਰ ਲਿਫਟ’ ਆਦਿ ਫਿਲਮਾਂ ਹਨ।

ਇਨ੍ਹਾਂ ਫਿਲਮਾਂ ਵਿਚ ਅੰਨ੍ਹੇ ਕੌਮਵਾਦੀ ਮਿੱਸ ਦੀਆਂ ਕੁਝ ਉਦਾਹਰਨਾਂ ਦੇਖਦੇ ਹਾਂ। ‘ਸਰਬਜੀਤ’ (2016) ਫਿਲਮ ਵਿਚ ਵੈਸੇ ਤਾਂ ਦ੍ਰਿਸ਼ਾਂ, ਗੱਲਾਂਬਾਤਾਂ



ਫਿਲਮ ਏਅਰ ਲਿਫਟ ਵਿਚ ਅਕਸ਼ੈ ਕੁਮਾਰ ਤੇ ਨਿਮਰਤ ਕੌਰ

ਵਿਚੋਂ ਅੰਨ੍ਹਾ ਕੌਮਵਾਦੀ ਜਨੂੰਨ ਦੇਖਿਆ ਜਾ ਸਕਦਾ ਹੈ, ਪਰ ਇੱਕ ਗੱਲਬਾਤ ਵਿਚ ਇੱਕ ਕਿਰਦਾਰ ਪਾਕਿਸਤਾਨ ਵਾਲਿਆਂ ਨੂੰ ਕਹਿੰਦਾ ਹੈ, “ਤੁਮ ਲੋਗੋਂ ਕੋ ਪੀਠ ਪੇ ਵਾਰ ਕਰਨਾ ਆਤਾ ਹੈ, ਪਰ ਹਮਨੇ ਸੀਖਾ ਹੀ ਨਹੀਂ”, ਤਾਂ ਇਹ ਡਾਇਲਾਗ ਫਿਲਮ ਦੇ ਪਾਕਿਸਤਾਨ ਵਿਰੋਧੀ ਜਨੂੰਨ ਨੂੰ ਸਿਰੇ ਲਾ ਦਿੰਦਾ ਹੈ। ‘ਬੇਬੀ’ (2015) ਫਿਲਮ ਦਾ ਸਾਰਤੱਤ ਘੋਰ ਮੁਸਲਿਮ ਵਿਰੋਧੀ ਹੈ ਜੋ ਦੇਸ਼ ਰੱਖਿਆ ਦੇ ਨਾਂ ‘ਤੇ ਮੁਸਲਮਾਨਾਂ ਨੂੰ ਦਹਿਸ਼ਤਗਰਦ ਮੰਨਦੀ ਹੋਈ ਜਨੂੰਨ ਦੀ ਹੱਦ ਤੱਕ ਉਨ੍ਹਾਂ ਨੂੰ ਖ਼ਤਮ ਕਰਨ ਦਾ ਸੰਦੇਸ਼ ਦਿੰਦੀ ਹੈ। ‘ਜੈ ਜਵਾਨ ਜੈ ਕਿਸਾਨ’(2015) ਭਾਵੇਂ ਗਾਂਧੀਵਾਦੀ ਅਹਿੰਸਾਵਾਦ ਨੂੰ ਵਾਜਬ ਠਹਿਰਾਉਂਦੀ ਹੋਈ ਉਸ ਰਾਹੀਂ ਆਜ਼ਾਦੀ ਆਉਣ ਦੀ ਗੱਲ ਕਰਦੀ ਹੈ, ਪਰ ਪਾਕਿਸਤਾਨ ਦਾ ਨਾਂ ਆਉਂਦੇ ਹੀ ਉਸ ਦੀ ਅਹਿੰਸਾ ਦਾ ਸਾਰਾ ਮੁਲੰਮਾ ਲਹਿ ਜਾਂਦਾ ਹੈ ਜਿਸ ਦੀ ਮਿਸਾਲ ਇਹ ਡਾਇਲਾਗ ਹੈ: “ਪਾਕਿਸਤਾਨ ਦੇ ਇਰਾਦੇ ਨੇਕ ਨਹੀਂ ਹਨ, ਪਰ ਅਸੀਂ ਉਨ੍ਹਾਂ ਨੂੰ ਘਰ ਵਿਚ ਘੁਸ ਕੇ ਮਾਰਾਂਗੇ।” 2015 ਵਿਚ ਆਈ ਸਲਮਾਨ ਖਾਨ ਦੀ ਫਿਲਮ ‘ਬਜਰੰਗੀ ਭਾਈਜਾਨ’ ਵਿਚ “ਸੱਚੇ-ਸੁੱਚੇ”, “ਸੰਵੇਦਨਸ਼ੀਲ” ਤੇ ਆਦਰਸ਼ ਹਿੰਦੂ ਦੇ ਬਿੰਬ ਰਾਹੀਂ ਦੱਸਿਆ ਗਿਆ ਹੈ ਕਿ ਹਿੰਦੂ ਬਹੁਤ ਚੰਗੇ, ਸੰਵੇਦਨਸ਼ੀਲ਼, ਮਦਦ ਕਰਨ ਵਾਲ਼ੇ ਹੁੰਦੇ ਹਨ, ਭਾਵੇਂ ਕਿਸੇ ਬੇਸਹਾਰੇ ਦੀ ਮਦਦ ਲਈ ਉਨ੍ਹਾਂ ਨੂੰ ਕਿੰਨਾ ਵੀ ਦੁੱਖ ਉਠਾਉਣਾ ਪਏ, ਉਹ ਦੂਜਿਆਂ ਦੀ ਮਦਦ ਕਰਦੇ ਹਨ; ਭਾਵੇਂ ਮੁਸਲਮਾਨ ਹੀ ਕਿਉਂ ਨਾ ਹੋਣ, ਉਨ੍ਹਾਂ ਦੀ ਵੀ ਮਦਦ ਕਰਦੇ ਹਨ। ਇਸ ਫਿਲਮ ਰਾਹੀਂ ਸੰਘੀ ਕੱਟੜਪੰਥੀਆਂ ਨੇ ਮੁਸਲਮਾਨ ਵਿਰੋਧੀ ਜਨੂੰਨ ਭੜਕਾ ਕੇ ਜੋ ਹਜ਼ਾਰਾਂ ਮੁਸਲਮਾਨਾਂ ਨੂੰ ਮਾਰਿਆ ਹੈ ਅਤੇ ਇਸ ਦੇਸ਼ ਦੀ ਮੁਸਲਿਮ ਆਬਾਦੀ ਨੂੰ ਖ਼ੌਫ਼ ਦੇ ਸਾਏ ਹੇਠ ਰਹਿਣ ਲਈ ਮਜਬੂਰ ਕੀਤਾ ਹੈ, ਉਸ ਉਤੇ ਠੰਢਾ ਪੋਚਾ ਮਾਰਨ ਦਾ ਕੰਮ ਕੀਤਾ ਹੈ। ਫਿਲਮ ਵਿਚ ਸੰਘ ਦੀ ਸ਼ਾਖ਼ ਦਾ ਦ੍ਰਿਸ਼ ਦਿਖਾਇਆ ਹੈ। ‘ਫੈਂਟਮ’ (2015) ਤਾਂ ਬਿਲਕੁਲ ਸਪਸ਼ਟ ਹੀ ਪਾਕਿਸਤਾਨ ਤੇ ਮੁਸਲਿਮ ਵਿਰੋਧੀ ਫਿਲਮ ਹੈ ਜੋ ਸੰਘੀਆਂ ਦੀ ਇਸ ਸੁਰ ਵਿਚ ਸੁਰ ਮਿਲਾਉਂਦੀ ਹੈ ਕਿ ਪਾਕਿਸਤਾਨ ਵਾਲਿਆਂ ਨੂੰ ਉਨ੍ਹਾਂ ਦੇ ਘਰ ਵਿਚ ਘੁਸ ਕੇ ਮਾਰਨਾ ਚਾਹੀਦਾ ਹੈ।

ਇਸ ਤੋਂ ਬਿਨਾਂ ਬਹੁਤ ਸਾਰੀਆਂ ਫਿਲਮਾਂ ਵਿਚ ਕਿਸੇ ਇਸ਼ਾਰੇ, ਤਨਜ਼, ਬਿੰਬ, ਤਸਵੀਰ, ਪ੍ਰਤੀਕ, ਰੂਪਕ, ਗੱਲਬਾਤ ਆਦਿ ਰਾਹੀਂ ਸੰਘੀ ਕੌਮਵਾਦ ਲੋਕਾਂ ਦੇ ਗਲਾਂ ਹੇਠ ਉਤਾਰਨ ਦਾ ਯਤਨ ਹੋਇਆ ਹੈ। ਜਿਵੇਂ ‘ਦੰਗਲ’ (2016) ਫਿਲਮ ਵਿਚ ਕੁਸ਼ਤੀ ਵਰਗੀ ਭਾਰਤੀ ਖੇਡ ਨਾਲ਼ ਜੁੜੀਆਂ ਲੋਕ ਭਾਵਨਾਵਾਂ ਨੂੰ ਵਰਤ ਕੇ ਗੀਤਾ ਫੋਗਾਟ ਦੀ ਕਹਾਣੀ ਰਾਹੀਂ ਭਾਰਤੀ ਸਰਮਾਏਦਾਰ ਜਮਾਤ ਦੀ ਉਤਮਤਾ ਦੀ ਕਹਾਣੀ ਬਿਆਨ ਕੀਤੀ ਹੈ, ਪਰ ਅਖ਼ੀਰ ਵਿਚ ‘ਭਾਰਤ ਮਾਤਾ ਦੀ ਜੈ’ ਦਾ ਨਾਅਰਾ ਲੁਆ ਕੇ ਸੰਘੀ ਵਿਚਾਰਧਾਰਾ ਲੋਕਾਂ ਨੂੰ ਹਜ਼ਮ ਕਰਾਉਂਦੀ ਹੈ। ਸੰਗ ਨੂੰ ਆਮੀਰ ਖਾਨ ਪਿਛਲੇ ਕਾਫ਼ੀ ਸਮੇਂ ਤੋਂ ਰੜਕ ਰਿਹਾ ਸੀ, ਪਰ ਇਸ ਫਿਲਮ ਨਾਲ਼ ਆਮੀਰ ਖਾਨ ਦੇ ਸੰਘ ਨਾਲ਼ ਸਬੰਧ ਸੁਖਾਵੇਂ ਹੋ ਗਏ। ਐਵੇਂ ਨਹੀਂ ਆਰ ਐਸ ਐਸ ਦੇ ਰਸਾਲੇ ‘ਪੰਚਜਨਯਾ’ ਤੇ ‘ਆਰਗੇਨਾਈਜ਼ਰ’ ਵਿਚ ਦੰਗਲ ਦੀ ਤਰੀਫ਼ ਹੋਈ ਅਤੇ ਪਿੱਛੇ ਜਿਹੇ ਮੋਹਨ ਭਾਗਵਤ ਨੇ ਅਮੀਰ ਖਾਨ ਨੂੰ ‘ਦੰਗਲ’ ਫਿਲਮ ਲਈ ਸਨਮਾਨਿਤ ਵੀ ਕੀਤਾ। ‘ਸੁਲਤਾਨ’ (2016) ਫਿਲਮ ਵੀ ਕੁਸ਼ਤੀ ਦੀ ਖੇਡ ਨੂੰ ਆਧਾਰ ਬਣਾ ਕੇ ਬਣੀ ਹੈ, ਪਰ ਇਸ ਵਿਚ ਵੀ ਇੱਕ ਛੋਟਾ ਜਿਹਾ ਦ੍ਰਿਸ਼ ਆਉਂਦਾ ਹੈ ਜਿਸ ਵਿਚ ਸੁਲਤਾਨ ਹਾਰਨ ਤੋਂ ਬਾਅਦ ਦੁਬਾਰਾ ਰਿੰਗ ਵਿਚ ਜਾਂਦਾ ਹੋਇਆ ਕਾਹਲੀ ਨਾਲ਼ ‘ਭਾਰਤ ਮਾਤਾ ਦੀ ਜੈ’ ਕਹਿ ਜਾਂਦਾ ਹੈ, ਤਾਂ ਇਸ ਵਾਰ ਉਹ ਜਿੱਤ ਜਾਂਦਾ ਹੈ। ‘ਜੌਲੀ ਐਲ ਐਲ ਬੀ-2’ (2017) ਵਰਗੀ ਫਿਲਮ ਭਾਵੇਂ ਹਲਕੀ ਕਮੇਡੀ ਵਾਲ਼ੀ ਫਿਲਮ ਹੈ, ਪਰ ਉਸ ਵਿਚ ਵੀ ਕੁਝ ਦ੍ਰਿਸ਼ਾਂ ਤੇ ਡਾਇਲਾਗਾਂ ਰਾਹੀਂ ਸੰਘੀ ਵਿਚਾਰਧਾਰਾ ਦੀਆਂ ਬੁੱਕਾਂ ਦਰਸ਼ਕ ਨੂੰ ਪਿਆਉਣ ਦਾ ਯਤਨ ਹੋਇਆ ਹੈ। ਫਿਲਮ ਵਿਚ ਮੁਸਲਮਾਨ ਨੌਜਵਾਨ ਜਦ ਝੂਠੇ ਪੁਲਿਸ ਮੁਕਾਬਲੇ ਵਿਚ ਮਾਰਿਆ ਜਾਂਦਾ ਹੈ ਤਾਂ ਉਸ ਦੌਰਾਨ ਇੱਕ ਸਿਪਾਹੀ ਨੂੰ ਜਖ਼ਮੀ ਕਰਨਾ ਪੈਂਦਾ ਹੈ, ਪਰ ਉਹ ਮਰ ਜਾਂਦਾ ਹੈ ਤਾਂ ਪੁਲਿਸ ਅਫ਼ਸਰ ਥਾਣੇਦਾਰ ਨੂੰ ਡਾਂਟਦਾ ਹੋਇਆ ਕਹਿੰਦਾ ਹੈ ਕਿ ਮੁਸਲਿਮ ਮੁੰਡਾ ਮਾਰਿਆ ਗਿਆ, ਇਹਦੀ ਤਾਂ ਕੋਈ ਗੱਲ ਨਹੀਂ, ਪਰ ਸਿਪਾਹੀ ਨਹੀਂ ਮਾਰਨਾ ਚਾਹੀਦਾ ਸੀ। ਫਿਰ ਬੁਰਕੇ ਵਾਲ਼ੀਆਂ ਔਰਤਾਂ ਅਤੇ ਸਾੜੀਆਂ ਵਾਲ਼ੀਆਂ ਔਰਤਾਂ ਦੇ ਕ੍ਰਿਕਟ ਮੈਚ ਵਿਚ ਬੁਰਕੇ ਵਾਲ਼ੀ ਜਦ ਸ਼ੌਟ ਮਾਰਦੀ ਹੈ ਤਾਂ ਸਾੜੀ ਵਾਲ਼ੀ ਬੌਂਡਰੀ ਲਾਇਨ ‘ਤੇ ਕੈਚ ਕਰ ਲੈਂਦੀ ਹੈ, ਧੋਤੀ ਵਾਲ਼ੇ ਜਸ਼ਨ ਮਨਾਉਂਦੇ ਆਉਂਦੇ ਹਨ ਅਤੇ ਮੁਸਲਮਾਨਾਂ ਨੂੰ ਉਦਾਸ ਦਿਖਾਇਆ ਗਿਆ ਹੈ। ਇਸੇ ਤਰ੍ਹਾਂ ‘ਡਿਸ਼ੂਮ’ ਵਰਗੀ ਹਲਕੀ ਜਿਹੀ ਫਿਲਮ ਵਿਚ ਵੀ ਸ਼ੇਖਰ ਧਵਨ ਦਾ ਡਾਇਲਾਗ “ਸੁਣਤਾ ਸਭ ਕੀ ਹੂੰ ਪਰ ਮਾਨਤਾ ਮੋਦੀ ਜੀ ਕੀ।” ਇਸ ਤੋਂ ਬਿਨਾਂ ਹਾਕੀ, ਕ੍ਰਿਕਟ, ਬਾਕਸਿੰਗ ਆਦਿ ਖੇਡਾਂ ਨਾਲ਼ ਜੁੜੀਆਂ ਲੋਕਾਂ ਦੀਆਂ ਭਾਵਨਾਵਾਂ ਨੂੰ ਅੰਨ੍ਹਾ ਕੌਮਵਾਦੀ ਏਜੰਡੇ ਲਈ ਵਰਤਣ ਦਾ ਕੰਮ ‘ਐਮ ਐਸ ਧੋਨੀ’, ‘ਸਚਿਨ: ਏ ਬਿਲੀਅਨ ਡਰੀਮਜ਼’, ‘ਮੈਰੀ ਕੋਮ’ ਆਦਿ ਵਰਗੀਆਂ ਫਿਲਮਾਂ ਰਾਹੀਂ ਕੀਤਾ ਗਿਆ ਹੈ। ‘ਨਾਮ ਸ਼ਬਾਨਾ’ ਫਿਲਮ ਵੀ ਆਪਣੇ ਢੰਗ



ਫਿਲਮ ਡਿਸ਼ੂਮ ਦਾ ਇਕ ਦ੍ਰਿਸ਼

ਨਾਲ਼ ਅੰਨਾ ਕੌਮੀ ਗੁਣਗਾਨ ਦਾ ਅਸਿੱਧਾ ਇਸ਼ਾਰਾ ਕਰਦੀ ਹੈ।

ਬਹੁਤ ਪਹਿਲਾਂ ਤੋਂ ਭਾਵੇਂ ਸੈਂਕੜੇ ਫਿਲਮਾਂ ਰਾਹੀਂ ਭਾਰਤੀ ਹਾਕਮ ਜਮਾਤ ਅੰਨ੍ਹਾ ਕੌਮਵਾਦੀ ਗੁਣਗਾਨ, ਪਾਕਿਸਤਾਨ ਤੇ ਮੁਸਲਿਮ ਵਿਰੋਧੀ ਪ੍ਰਾਪੇਗੰਡਾ ਕਰਦੀ ਆ ਰਹੀ ਹੈ, ਪਰ ਪਿਛਲੇ ਕੁਝ ਸਮੇਂ ਵਿਚ ਇਹ ਬਹੁਤ ਵਧਿਆ ਹੈ ਜਿਸ ਦਾ ਇਜ਼ਹਾਰ ਤਿੰਨ ਚਾਰ ਸਾਲਾਂ ਵਿਚ ਰਿਲੀਜ਼ ਹੋਈਆਂ ਫਿਲਮਾਂ ਵਿਚ ਦੇਖਿਆ ਜਾ ਸਕਦਾ ਹੈ। ਹਰ ਤੀਜੀ ਫਿਲਮ ਵਿਚ ਸੰਘੀ ਵਿਚਾਰਧਾਰਾ ਲੋਕਾਂ ਨੂੰ ਸੁਚੇਤ ਢੰਗ ਨਾਲ਼ ਹਜ਼ਮ ਕਰਵਾਈ ਜਾ ਰਹੀ ਹੈ। ਸਵਾਲ ਬਣਦਾ ਹੈ ਕਿ ਇਹ ਕਿਉਂ ਹੋ ਰਿਹਾ ਹੈ?

ਅੱਜ ਸਰਮਾਏਦਾਰਾ ਸੰਕਟ ਦੇ ਸਮੇਂ ਵਿਚ ਜਿਥੇ ਲੋਕ ਗ਼ਰੀਬੀ, ਭੁੱਖਮਰੀ, ਕੰਗਾਲੀ, ਬੇਰੁਜ਼ਗਾਰੀ ਨਾਲ਼ ਜਾਂ ਇਲਾਜ ਖੁਣੋਂ ਮਰ ਰਹੇ ਹਨ ਅਤੇ ਭਾਰਤੀ ਹਾਕਮ ਜਮਾਤ ਇਸ ਦਾ ਹੱਲ ਕਰਨ ਦੀ ਬਜਾਏ ‘ਊਠ ਦੇ ਮੂੰਹ ਵਿਚ ਜ਼ੀਰੇ ਸਮਾਨ’ ਲੋਕਾਂ ਨੂੰ ਮਿਲ਼ ਰਹੀਆਂ ਸਹੂਲਤਾਂ ਵੀ ਉਨ੍ਹਾਂ ਤੋਂ ਖੋਹ ਰਹੀ ਹੈ। ਅਜਿਹੇ ਸਮੇਂ ਮਿਥਕ ਦੁਸ਼ਮਣ ਖੜ੍ਹਾ ਕਰ ਕੇ ਅੰਨ੍ਹੇ ਕੌਮਵਾਦੀ ਤੀਰ ਨਾਲ਼ ਨਕਲੀ ਰਾਵਣ ਮਾਰਨ ਦੀ ਸਿਆਸਤ ਖੇਡੀ ਜਾ ਰਹੀ ਹੈ; ਪਰ ਇਹ ਅੰਨ੍ਹਾ ਕੌਮਵਾਦੀ ਤੀਰ ਅੱਗੇ ਤਿੰਨ ਸ਼ਿਕਾਰ ਕਰਦਾ ਹੈ। ਪਹਿਲਾ ਮੁਸਲਮਾਨਾਂ ਦਾ ਦਹਿਸ਼ਤਗਰਦ ਦਾ ਬਿੰਬ ਉਘੇੜਦਾ ਹੋਇਆ ਉਨ੍ਹਾਂ ‘ਤੇ ਪਹਿਲਾਂ ਤੋਂ ਹੋ ਰਹੇ ਸੰਘੀ ਜਾਂ ਫ਼ੌਜੀ ਜਬਰ ਨੂੰ ਵਾਜਬ ਠਹਿਰਾਉਂਦਾ ਹੈ (ਭਾਵੇਂ ਇਹ ਗੱਲ ਹੀ ਗ਼ਲਤ ਹੈ ਕਿ ਸਾਰੇ ਮੁਸਲਮਾਨ ਦਹਿਸ਼ਤਗਰਦ ਹਨ, ਸਗੋਂ ਬਹੁ-ਗਿਣਤੀ ਮੁਸਲਮਾਨ ਵਸੋਂ ਤਾਂ ਦਹਿਸ਼ਤਗਰਦੀ ਦੇ ਸਾਏ ਹੇਠ ਜਿਉਂ ਰਹੀ ਹੈ। ਤੇ ਜਦ ਇਹ ਸੋਚਦੇ ਹਾਂ ਕਿ ਜਿਹੜੇ ਮੁਸਲਮਾਨ ਦਹਿਸ਼ਤਗਰਦ ਹਨ, ਉਹ ਪੈਦਾ ਕਿਵੇਂ ਹੋਏ ਤਾਂ ਇਹ ਮੁੱਖ ਤੌਰ ‘ਤੇ ਭਾਰਤੀ ਰਾਜਸੱਤਾ ਦੇ ਜਬਰ ਦੀ ਪੈਦਾਵਾਰ ਹਨ ਜਿਸ ਦਾ ਲੰਬਾ ਇਤਿਹਾਸ ਹੈ)। ਦੂਜਾ ‘ਦੇਸ਼ ਦੀ ਮਹਾਨਤਾ’, ‘ਭਾਰਤ ਮਾਤਾ ਦੀ ਜੈ’, ‘ਮੇਰਾ ਭਾਰਤ ਮਹਾਨ’ ਵਰਗੇ ਫੋਕੇ ਅਤੇ ਹਵਾਈ ਨਾਅਰਿਆਂ ਦੇ ਚੀਕ-ਚੰਗਿਆੜੇ ਵਿਚ ਲੋਕਾਂ ਦੀਆਂ ਹੱਕੀ ਅਵਾਜ਼ਾਂ ਨੂੰ ਦਬਾਉਣ ਦਾ ਕੰਮ ਕਰਦਾ ਹੈ। ਤੀਜਾ ਦਹਿਸ਼ਤਗਰਦੀ ਦਹਿਸ਼ਤਗਰਦੀ ਦਾ ਰੌਲਾ ਪਾ ਕੇ ਲੋਕਾਂ ਦੇ ਹਰ ਹੱਕੀ ਸ਼ੰਘਰਸ਼ ਨੂੰ ਖ਼ੂਨ ਦੀਆਂ ਨਦੀਆਂ ਵਿਚ ਡੋਬਣ ਦੀ ਵਿਚਾਰਧਾਰਾ ਨੂੰ ਮਜ਼ਬੂਤੀ ਬਕਸ਼ਦਾ ਹੈ। ਅੱਜ ਜ਼ਮੀਨੀ ਪੱਧਰ ‘ਤੇ ਵੀ ਤਾਂ ‘ਦੇਸ਼ ਨੂੰ ਖ਼ਤਰਾ’, ‘ਅਤਿਵਾਦ’, ‘ਦਹਿਸ਼ਤਵਾਦ’, ‘ਨਕਸਲਵਾਦ’ ਆਦਿ ਦੇ ਨਾਂ ‘ਤੇ ਮੁਸਲਮਾਨਾਂ ਤੇ ਆਮ ਲੋਕਾਂ ਨੂੰ ਮਾਰਨ ਦੀ ਖੇਡ ਖੇਡੀ ਜਾ ਰਹੀ ਹੈ ਜਿਸ ਦੇ ਟਾਕਰੇ ਵਿਚੋਂ ਇਨ੍ਹਾਂ ਲੋਕਾਂ ਦਾ ਇੱਕ ਹਿੱਸਾ ਦਹਿਸ਼ਤਗਰਦੀ ਦਾ ਰਾਹ ਅਪਨਾਉਂਦਾ ਹੈ। ਹਰ ਮੁਲਕ ਆਪਣੀਆਂ ਵਿਸਥਾਰਵਾਦੀ ਨੀਤੀਆਂ ਦੇ ਚਲਦੇ, ਦੂਜੇ ਦੇਸ਼ ਵਿਚ ਪੈਂਦੇ ਰੌਲੇ-ਰੱਪੇ ਦਾ ਫਾਇਦਾ ਉਠਾਉਂਦਾ ਹੈ ਤਾਂ ਜਦ ਭਾਰਤ ਵਿਚ ਕੁਝ ਦਹਿਸ਼ਤੀ ਗਰੁਪ ਪੈਦਾ ਹੁੰਦੇ ਹਨ ਤਾਂ ਪਾਕਿਸਤਾਨ ਉਨ੍ਹਾਂ ਦੀ ਮਦਦ ਕਰਦਾ ਹੈ ਅਤੇ ਜਦ ਪਾਕਿਸਤਾਨ ਵਿਚ ਕੋਈ ਰੱਫੜ ਪੈਂਦਾ ਹੈ ਤਾਂ ਭਾਰਤ ਵੀ ਪਿਛੇ ਨਹੀਂ ਹਟਦਾ। ਨਾਲ ਹੀ ਸੰਘ ਆਪਣੀਆਂ ਫਿਰਕੂ ਕਵਾਇਦਾਂ ਨਾਲ਼ ਇਸ ਨੂੰ ਬਲ ਬਖਸ਼ਦਾ ਹੈ। ਮੁਸਲਮਾਨਾਂ ਦੇ ਪਹਿਰਾਵੇ, ਰਸਮਾਂ-ਰਿਵਾਜਾਂ, ਖਾਣੇ ਆਦਿ ਵਰਗੇ ਨਿੱਜੀ ਮਾਮਲਿਆਂ ਵਿਚ ਘੁਸਪੈਠ ਕੀਤੀ ਜਾ ਰਹੀ ਹੈ। ਫਿਲਮਾਂ ਵਿਚ ਵਧ ਰਿਹਾ ਇਹ ਰੁਝਾਨ ਜ਼ਮੀਨੀ ਪੱਧਰ ‘ਤੇ ਫਾਸ਼ੀਵਾਦੀ ਤਾਕਤਾਂ ਦੀ ਮਜ਼ਬੂਤੀ ਅਤੇ ਵਧਦੇ ਫਿਰਕੂ ਤਣਾਅ ਨੂੰ ਦਿਖਾਉਂਦਾ ਹੈ। ਕਲਾ ਯਥਾਰਥ ਦੀ ਕਲਾਤਮਕ ਮੁੜ-ਪੇਸ਼ਕਾਰੀ ਹੀ ਹੁੰਦੀ ਹੈ। ਕਿਸੇ ਸਮਾਜ ਵਿਚ ਸਮਾਜਿਕ-ਆਰਥਿਕ-ਸਿਆਸੀ ਪੱਧਰ ‘ਤੇ ਕੀ ਚੱਲ ਰਿਹਾ ਹੈ, ਉਸ ਸਮੇਂ ਦੀ ਕਲਾ ਵਿਚ ਇਸ ਦਾ ਇਜ਼ਹਾਰ ਹੁੰਦਾ ਹੀ ਹੈ। ਸਮਾਜਿਕ ਚੇਤਨਾ ਦਾ ਰੂਪ ਹੋਣ ਕਰ ਕੇ ਕਲਾ ਆਪਣੇ ਸਮੇਂ ਦੇ ਸਮਾਜਿਕ ਮਸਲਿਆਂ ਤੋਂ ਅਣਭਿੱਜ ਕਿਵੇਂ ਰਹਿ ਸਕਦੀ ਹੈ।





ਫਿਲਮ ਦੰਗਲ ਦਾ ਇਕ ਦ੍ਰਿਸ਼


PUNJABI STARLIVE EVENT MANAGEMENT PVT LTD.
PRESENTS
Vaisakhi Mela
D Cali
Nirmal Sidhu
Resham Anmol
Sara Gurpal
LIVE IN USA
2018
CONTACT FOR LIVE SHOW BOOKINGS ACROSS USA
+1 - 847-907-1074 | +1 - 847-258-9595 Ext : 429
www.punjabistarlive.com